*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ-8, ਅੰਕ-11, ਨਵੰਬਰ 2018
Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220
Registration No. 210836300

## ਕੈਨੇਡਾ ਦੀਆਂ ਮਿਉਂਸੀਪਲ ਚੋਣਾਂ ਤੇ ਦੇਸੀ ਰਾਜਨੀਤੀ



ਬਰੈਂਪਟਨ ਚੋਣਾਂ ਵਿਚ ਇਕੱਠੇ ਹੋਏ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ

ਪਿਛਲੇ ਦਿਨੀਂ ਕੈਨੇਡਾ ਦੇ ਦੋ ਵੱਡੇ ਸੂਬਿਆਂ ਓਨਟੇਰੀਉ ਤੇ ਬੀ ਸੀ ਵਿੱਚ ਮਿਊਂਸੀਪੈਲਟੀ ਚੋਣਾਂ ਹੋ ਕੇ ਹਟੀਆਂ ਹਨ ਤੇ ਅਗਲੇ ਕੁਝ ਮਹੀਨਿਆਂ ਵਿੱਚ ਨਾਰਥ ਵੈਸਟ ਟੈਰੀਟੌਰੀਜ਼, ਨੂਨਾਵਟ ਤੇ ਪ੍ਰਿੰਸ ਐਡਵਰਡ ਆਈਲੈਂਡ ਵਿੱਚ ਹੋਣ ਜਾ ਰਹੀਆਂ ਹਨ। ਕੈਨੇਡਾ ਵਿੱਚ ਤਕਰੀਬਨ ਬਹੁਤੇ ਰਾਜਾਂ (ਪ੍ਰੌਵਿੰਸ) ਵਿੱਚ ਇਹ ਚੋਣਾਂ ਹਰ ਚੌਥੇ ਸਾਲ ਹੁੰਦੀਆਂ ਹਨ, ਸਿਵਾਏ ਯੂਕੌਨ ਦੇ, ਜਿਥੇ ਇਹ ਚੋਣਾਂ ਹਰ ਤੀਜੇ ਸਾਲ ਹੁੰਦੀਆਂ ਹਨ। ਅਲਬਰਟਾ ਵਿੱਚ ਵੀ ਇਹ ਚੋਣਾਂ ਪਿਛਲ਼ੇ ਸਾਲ ਤੱਕ ਹਰ ਤੀਜੇ ਸਾਲ ਹੁੰਦੀਆਂ ਸਨ, ਪਰ ਪਿਛਲੀਆਂ ਚੋਣਾਂ ਤੋਂ ਬਾਅਦ ਇਸਨੂੰ ਚਾਰ ਸਾਲ ਬਾਅਦ ਕਰ ਦਿੱਤਾ ਗਿਆ ਸੀ। ਇਨ੍ਹਾਂ ਚੋਣਾਂ ਵਿੱਚ ਲੋਕ ਆਪਣੇ ਸ਼ਹਿਰਾਂ ਦੀਆਂ ਮਿਊਂਸੀਪੈਲਟੀ ਲਈ ਨੁਮਾਇੰਦਿਆਂ (ਕਾਊਂਸਲਰਾਂ) ਤੇ ਮੇਅਰਾਂ ਦੀ ਚੋਣ ਕਰਦੇ ਹਨ। ਇਥੇ ਯਾਦ ਰਹੇ ਕਿ ਪਹਿਲਾਂ 'ਇੰਗਲਿਸ਼ ਲਾਅ' ਅਧੀਨ ਕਾਊਂਸਲਰਾਂ ਨੂੰ 'ਐਲਡਰਮੈਨ' ਕਿਹਾ ਜਾਂਦਾ ਸੀ, ਕਿਉਂਕਿ ਰਾਜਨੀਤੀ ਵਿੱਚ ਔਰਤਾਂ ਨੂੰ ਨੁਮਇੰਦੇ ਬਣਨ ਤਾਂ ਦੂਰ, 100 ਸਾਲ ਪਹਿਲਾਂ ਤੱਕ ਵੋਟ ਪਾਉਣ ਦਾ ਵੀ ਹੱਕ ਨਹੀਂ ਸੀ। ਜਦੋਂ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਮਿਲਿਆ ਤਾਂ ਹੌਲੀ ਹੌਲੀ ਔਰਤਾਂ ਰਾਜਨੀਤੀ ਵਿੱਚ ਵੀ ਆਉਣ ਲੱਗੀਆਂ ਤਾਂ ਇਹ ਮੁੱਦਾ ਉਭਰਨ ਲੱਗਾ ਕਿ ਔਰਤਾਂ ਆਪਣੇ ਆਪ ਨੂੰ 'ਐਲਡਰਮੈਨ' ਦੀ ਥਾਂ 'ਐਲਡਰਲੇਡੀ' ਕਹਾਉਣ ਜਾਂ ਕੋਈ ਸਾਂਝਾ ਨਾਮ ਰੱਖਿਆ ਜਾਵੇ, ਫਿਰ ਹੌਲੀ-ਹੌਲੀ 'ਐਲਡਰਮੈਨ' ਦੀ ਥਾਂ ਸਭ ਨੂੰ ਕੌਂਸਲਰ ਕਿਹਾ ਜਾਣ ਲੱਗਾ। ਅਲਬਰਟਾ ਆਖਰੀ ਸੂਬਾ ਸੀ, ਜਿਸਨੇ ਪਿਛਲੀਆਂ ਚੋਣਾਂ ਤੋਂ ਪਹਿਲਾਂ 'ਐਲਡਰਮੈਨ' ਦੀ ਥਾਂ ਆਪਣੇ ਲੋਕਲ ਨੁਮਾਇੰਦਿਆਂ ਨੂੰ 'ਕਾਊਂਸਲਰ' ਕਹਿਣਾ ਸ਼ੁਰੂ ਕੀਤਾ ਸੀ। ਪਰ ਕਈ ਥਾਵਾਂ 'ਤੇ ਅਜੇ ਵੀ 'ਐਲਡਰਮੈਨ' ਨਾਮ ਪ੍ਰਚਲਤ ਹੈ। ਸਿਟੀ ਦੀ ਮਿਊਂਸੀਪੈਲਟੀ ਨੂੰ 'ਸਿਟੀ ਕੌਂਸਲ' ਵੀ ਕਿਹਾ ਜਾਂਦਾ ਹੈ, ਇਸੇ ਤੋਂ ਨੁਮਇੰਦਿਆਂ ਨੂੰ 'ਕਾਊਂਸਲਰ' ਕਿਹਾ ਜਾਂਦਾ ਹੈ। ਹਰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਨੂੰ ਪਾਪੂਲੇਸ਼ਨ ਦੇ ਹਿਸਾਬ ਨਾਲ ਵੰਡ ਕੇ 'ਵਾਰਡ' ਬਣਾਏ ਜਾਂਦੇ ਹਨ, ਜਿਨ੍ਹਾਂ ਦੀ 'ਕਾਊਂਸਲਰ' ਨੁਮਾਇੰਦਗੀ ਕਰਦੇ ਹਨ। ਸਾਰੇ ਸਿਟੀ ਦੇ ਹੈਡ ਨੂੰ 'ਮੇਅਰ'


ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਕਿਹਾ ਜਾਂਦਾ ਹੈ। ਆਮ ਤੌਰ 'ਤੇ ਕੈਨੇਡਾ ਵਿੱਚ ਮਿਊਂਸੀਪਲ ਸਿਆਸਤ ਨੂੰ ਪ੍ਰੋਵਿੰਸ਼ੀਅਲ ਤੇ ਫੈਡਰਲ ਸਿਆਸਤ ਵਿੱਚ ਜਾਣ ਲਈ ਪੌੜੀ ਦਾ ਪਹਿਲਾ ਡੰਡਾ ਸਮਝਿਆ ਜਾਂਦਾ ਹੈ। ਮੇਰੇ ਖਿਆਲ ਵਿੱਚ ਇਹ ਵਧੀਆ ਸਿਸਟਮ ਵੀ ਹੈ ਕਿ ਤੁਸੀਂ ਪਹਿਲਾਂ ਲੋਕਲ ਸਿਆਸਤ ਵਿੱਚ ਹਿੱਸਾ ਲੈ ਕੇ ਲੋਕਤੰਤਰੀ ਸੰਸਥਾਵਾਂ (ਸਿਟੀ ਕੌਂਸਲ, ਪ੍ਰੋਵਿੰਸ਼ੀਅਲ ਅਸੈਂਬਲੀ ਤੇ ਫੈਡਰਲ ਪਾਰਲੀਆਮੈਂਟ) ਵਿੱਚ ਕੰਮ-ਕਾਜ ਕਰਨ ਦਾ ਤੌਰ ਤਰੀਕਾ ਸਿੱਖ ਸਕਦੇ ਹੋ। ਪਰ ਸਾਰੇ ਇਸ ਤਰ੍ਹਾਂ ਨਹੀਂ ਕਰਦੇ, ਕਈ ਸਿੱਧੀ ਅਸੰਬਲੀ ਜਾਂ ਪਾਰਲੀਮੈਂਟ ਵਿੱਚ ਹੀ ਛਾਲ ਮਾਰਦੇ ਹਨ, ਫਿਰ

(ਬਾਕੀ ਸਫ਼ਾ 4 'ਤੇ)

CONGRATULATIONS
TEAM OVER 425 REALTORS
HomeLife Silvercity Realty Inc.,Brokerage
905-913-8500
11775 Bramalea Rd # 201, Brampton
GARCHA BROTHERS

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance,RRSP, RESP Etc.
For More Information Call
Harcharan Singh Parhar
403-681-8689

CAMBRIDGE
Call Rani - 403-612-7881
Amar - 403-470-2627

A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS

Call for your home BUYING & SELLING needs
BALJINDER SANGHA B.Com
Real Estate Associate
403-680-3212
baljindersangha@urban-realty.ca
REALTOR MLS urban Real Estate Services Ltd.

Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096


ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical illness • Disability Insurance • Car Loans
SAVE UPTO 35%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215 - 2323 32 Ave NE Calgary AB T2E 6Z3

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010


Si
SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.liangcommercial.ca


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
❖ Professional Services
❖ Free Home Evaluation
❖ Digital Marketing & Social Media
❖ Top Dollars in your Pocket
❖ Superb Negotiation Skills
❖ Team of 3 Realtors With Full Time Office Staff
SOLD
ROYAL LEPAGE
100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

Parminder Swaich
Surrey (BC)
604-760-4794

**Graphic Desinger**
Baljinder Singh
+91-98782-29598
+91-92167-29598
akashdeep.1064@gmail.com

**Honorary Advisory Board**

Sukhdev Singh Sandhu (Toronto)

Master Balbir Singh Gill (Toronto)
Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:

Practically in downtown

brand new 2300 sq ft townhouses with single garage

You can't beat these spectacular view

Priced to sell at $889,000

Call Rani - 403-612-7881
Amar - 403-470-2627



# ਕੈਨੇਡਾ ਦੀਆਂ ਮਿਊਂਸੀਪਲ ਚੋਣਾਂ ਤੇ ਦੇਸੀ ਰਾਜਨੀਤੀ

ਸਫ਼ਾ 1 ਦੀ ਬਾਕੀ

ਉਥੇ ਜਾ ਕੇ ਇੱਕ ਟਰਮ ਤਾਂ ਉਥੇ ਬੈਠਣ ਉਠਣ, ਸਿਸਟਮ ਨੂੰ ਸਮਝਣ ਵਿੱਚ ਹੀ ਲਗਾ ਦਿੰਦੇ ਹਨ, ਜਿਸ ਨਾਲ ਉਹ ਬੈਕ ਬੈਂਚਰ ਬਣ ਕੇ ਚਾਰ ਸਾਲ ਮੁਫਤ ਦੀ ਤਨਖਾਹ ਹੀ ਕੁੱਟਦੇ ਹਨ। ਕੈਨੇਡੀਅਨ ਲੋਕਤੰਤਰੀ ਸਿਸਟਮ ਵਿੱਚ ਇਹ ਇੱਕ ਬੜੀ ਚੰਗੀ ਪਿਰਤ ਹੈ ਕਿ ਤਕਰੀਬਨ ਸਾਰੇ ਕੈਨੇਡਾ ਵਿੱਚ ਲੋਕਲ ਸਿਟੀ ਕੌਂਸਲਾਂ ਦੀਆਂ ਚੋਣਾਂ ਕਿਤੇ ਵੀ ਸਿੱਧੇ ਤੌਰ 'ਤੇ ਕਿਸੇ ਰਾਜਨੀਤਕ ਪਾਰਟੀ ਦੇ ਪਲੇਟਫਾਰਮ ਤੋਂ ਨਹੀਂ ਲੜੀਆਂ ਜਾਂਦੀਆਂ। ਬੇਸ਼ੱਕ ਨੁਮਇੰਦਿਆਂ ਦੇ ਕਿਸੇ ਰਾਜਨੀਤਕ ਪਾਰਟੀ ਨਾਲ ਸਬੰਧ ਹੋ ਸਕਦੇ ਹਨ, ਕਿਉਂਕਿ ਅਸਲ ਵਿੱਚ ਤਾਂ ਇਹ ਵੀ ਰਾਜਨੀਤੀ ਦਾ ਹੀ ਇੱਕ ਹਿੱਸਾ ਹੈ। ਪਰ ਮੈਨੂੰ ਲਗਦਾ ਹੈ ਕਿ ਇਹ ਪਿਰਤ ਸਿਆਣੇ ਲੋਕਾਂ ਨੇ ਲੋਕਲ ਰਾਜਨੀਤੀ ਨੂੰ ਵੱਡੀ ਰਾਜਨੀਤੀ ਤੋਂ ਮੁਕਤ ਰਹਿ ਕੇ ਸਿਰਫ ਸ਼ਹਿਰ ਦੀ ਭਲਾਈ ਦੇ ਮੱਦੇਨਜ਼ਰ ਰੱਖੀ ਹੋਈ ਹੈ, ਜੋ ਕਿ ਬਹੁਤ ਸ਼ਲਾਘਯੋਗ ਹੈ। ਇਸ ਲਈ 'ਸਿਟੀ ਕੌਂਸਲ' ਦੇ ਨੁਮਇੰਦੇ (ਕਾਊਂਸਲਰ) ਸਿੱਧੇ ਤੌਰ 'ਤੇ ਕਿਸੇ ਵੀ ਰਾਜਨੀਤਕ ਪਾਰਟੀ ਦੀ ਨੁਮਾਇੰਦਿਗੀ ਨਹੀਂ ਕਰਦੇ ਤੇ ਨਾ ਹੀ ਉਹ ਕਿਸੇ ਪਾਰਟੀ ਦੇ ਕੋਈ ਅਹੁਦੇਦਾਰ ਹੀ ਹੁੰਦੇ ਹਨ। ਜਦੋਂ ਉਨ੍ਹਾਂ ਨੇ ਪ੍ਰੋਵਿੰਸ਼ੀਅਲ ਜਾਂ ਫੈਡਰਲ ਰਾਜਨੀਤੀ ਵਿੱਚ ਜਾਣਾ ਹੁੰਦਾ ਹੈ ਤਾਂ ਅਕਸਰ ਉਹ ਲੋਕਲ ਰਾਜਨੀਤੀ ਛੱਡ ਜਾਂਦੇ ਹਨ। ਮੇਰਾ ਇਹ ਮੰਨਣਾ ਹੈ ਕਿ ਲੋਕਤੰਤਰੀ ਸੰਸਥਾਵਾਂ ਤੇ ਕਦਰਾਂ ਕੀਮਤਾਂ ਨੂੰ ਹੋਰ ਮਜਬੂਤ ਕਰਨ ਲਈ ਇਹ ਜ਼ਰੂਰੀ ਬਣਾਇਆ ਜਾਣਾ ਚਾਹੀਦਾ ਹੈ ਕਿ ਸੂਬਾਈ ਜਾਂ ਫੈਡਰਲ ਰਾਜਨੀਤੀ ਵਿੱਚ ਜਾਣ ਤੋਂ ਪਹਿਲਾਂ ਤੁਹਾਡੇ ਕੋਲ ਲੋਕਲ ਰਾਜਨੀਤੀ, ਲੋਕਲ ਕੌਂਸਲ ਆਦਿ ਦਾ ਤਜ਼ੁਰਬਾ ਹੋਵੇ। ਕੈਨੇਡੀਅਨ ਰਾਜਨੀਤੀ ਵਿੱਚ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਬਹੁਤ ਰਾਜਨੀਤਕ ਲੋਕ ਸਿਟੀ ਕੌਂਸਲ ਵਿੱਚ ਜਾਣ ਤੋਂ ਪਹਿਲਾਂ ਵੱਖ-ਵੱਖ ਵਾਰਡਾਂ ਵਿਚਲੇ ਵੱਖ-ਵੱਖ ਇਲਾਕਿਆਂ ਦੇ ਸਕੂਲ ਬੋਰਡਾਂ, ਕਮਿਊਨਿਟੀ ਐਸੋਸੀਏਸ਼ਨਾਂ ਆਦਿ ਵਿੱਚੋਂ ਕੰਮ ਕਰਦੇ ਅੱਗੇ ਜਾਂਦੇ ਹਨ ਤੇ ਇਸੇ ਤਰ੍ਹਾਂ ਉਹ ਵੱਖ-ਵੱਖ ਪਾਰਟੀਆਂ ਦੇ ਲੋਕਲ ਚੈਪਟਰਾਂ ਵਿੱਚ ਕੰਮ ਕਰਦੇ ਹਨ, ਉਨ੍ਹਾਂ ਦੇ ਲੋਕਲ ਅਹੁਦਿਆਂ ਤੇ ਕੰਮ ਕਰਦੇ ਹਨ, ਪਰ ਜਦੋਂ ਮੌਕਾ ਲੱਗੇ, ਸਿਟੀ, ਪ੍ਰੋਵਿੰਸ਼ੀਅਲ ਜਾਂ ਫੈਡਰਲ ਰਾਜਨੀਤੀ ਵਿੱਚ ਜਾਂਦੇ ਹਨ। ਮੈਂ ਅਨੇਕਾਂ ਅਜਿਹੇ ਗੋਰੇ ਦੇਖੇ ਹਨ, ਜੋ ਸਾਰੀ ਉਮਰ ਲੋਕਲ ਸੰਸਥਾਵਾਂ ਵਿੱਚ ਹੀ ਵਲੰਟੀਅਰ ਕੰਮ ਕਰਦੇ ਰਹਿੰਦੇ ਹਨ, ਪਰ ਕਦੇ ਕਿਸੇ ਐਕਟਿਵ ਰਾਜਨੀਤੀ ਵਿੱਚ ਨਹੀਂ ਜਾਂਦੇ। ਅੱਜ ਤੋਂ 40-50 ਸਾਲ ਪਹਿਲਾਂ ਤੱਕ ਦੀ ਕੈਨੇਡੀਅਨ ਰਾਜਨੀਤੀ ਵਿੱਚ ਅਜਿਹੇ ਰੁਝਾਨ ਆਮ ਮਿਲਦੇ ਸਨ। ਜੋ ਕਿ ਹੁਣ ਵੱਡੇ ਪੱਧਰ 'ਤੇ ਬਦਲਦੇ ਨਜ਼ਰ ਆ ਰਹੇ ਹਨ।

ਜਿਸ ਤਰ੍ਹਾਂ ਆਰਥਿਕ ਤੌਰ 'ਤੇ ਬਹੁਤ ਸਾਰੇ ਲੋਕ ਦਿਨਾਂ ਵਿੱਚ ਹੀ ਅਮੀਰ ਬਣਨਾ ਚਾਹੁੰਦੇ ਹਨ ਤੇ ਕਈ ਤਰ੍ਹਾਂ ਦੇ ਸ਼ਾਰਟ ਕੱਟ ਲੱਭਦੇ ਹਨ। ਨਸ਼ਿਆਂ ਸਮੇਤ ਕਈ ਤਰ੍ਹਾਂ ਦੇ ਗੈਰ ਕਨੂੰਨੀ ਧੰਦਿਆਂ ਵਿੱਚ ਜਾ ਫਸਦੇ ਹਨ। ਇਸੇ ਤਰ੍ਹਾਂ ਸਵਾਰਥੀ ਤੇ ਮੌਕਾਪ੍ਰਸਤ ਲੋਕ ਵੀ ਰਾਜਨੀਤੀ ਵਿੱਚ ਆ ਕੇ ਸ਼ਾਰਟ ਕੱਟ ਭਾਲਦੇ ਹਨ ਤਾਂ ਕਿ ਉਹ ਸਿੱਧੇ ਪਾਰਲੀਮੈਂਟ ਤੱਕ ਪਹੁੰਚ ਜਾਣ। ਵੈਸੇ ਤਾਂ ਦੁਨੀਆਂ ਭਰ ਵਿੱਚ ਪਿਛਲੇ 4-5 ਦਹਾਕਿਆਂ ਵਿੱਚ ਲੋਕਤੰਤਰੀ ਰਾਜਨੀਤੀ ਲੋਕ ਸੇਵਾ ਦੀ ਥਾਂ ਧੰਦਾ ਬਣਦੀ ਜਾ ਰਹੀ ਹੈ, ਜਿਥੇ ਤੁਸੀਂ ਵੱਧ ਪੈਸਾ ਖਰਚ ਕੇ ਇੱਕ ਵਾਰ ਕਾਬਿਜ ਹੋ ਜਾਉ, ਫਿਰ ਵਾਰੇ ਨਿਆਰੇ ਹਨ। ਮਨੁੱਖਤਾ ਦੇ ਇਤਿਹਾਸ ਵਿੱਚ ਜੰਗਲੀ ਜੀਵਨ ਤੋਂ 21ਵੀਂ ਸਦੀ ਦੇ ਵਿਗਿਆਨਕ ਯੁੱਗ ਤੱਕ ਰਾਜਨੀਤੀ ਵਿੱਚ ਵੀ ਕਬੀਲਾ, ਜਗੀਰਦਾਰੀ, ਰਜਵਾੜਾਸ਼ਾਹੀ, ਤਾਨਾਸ਼ਾਹੀ ਆਦਿ ਅਨੇਕਾਂ ਤਰ੍ਹਾਂ ਦੇ ਸਿਸਟਮ ਆਏ, ਪਰ ਲੋਕਤੰਤਰ ਕਾਫੀ ਪੱਖਾਂ ਤੋਂ ਅਜੇ ਵੀ ਵਧੀਆ ਸਿਸਟਮ ਬਣ ਕੇ ਉਭਰਿਆ ਹੈ। ਬੇਸ਼ੱਕ ਇਸ ਵਿੱਚ ਵੀ ਅਨੇਕਾਂ ਵਿਗਾੜ ਆ ਚੁੱਕੇ ਹਨ, ਸਰਮਾਏਦਾਰੀ ਦਾ ਹਰ ਪਾਸੇ ਲੋਕਤੰਤਰੀ ਸੰਸਥਾਵਾਂ ਤੇ ਕੰਟਰੋਲ ਹੁੰਦਾ ਜਾ ਰਿਹਾ ਹੈ। ਸਰਮਾਏਦਾਰ ਕੋਸ਼ਿਸ਼ ਕਰਦੇ ਹਨ ਕਿ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਨ ਜਾਂ ਉਨ੍ਹਾਂ ਹਿੱਤਾਂ ਵਾਲੇ ਕਨੂੰਨ ਬਣਾਉਣ ਵਿੱਚ ਮਦਦ ਕਰਨ ਵਾਲੇ ਨੁਮਾਇੰਦੇ ਰਾਜਨੀਤਕ ਪਾਰਟੀਆਂ ਵਿੱਚ ਹੋਣ, ਇਸ ਲਈ ਰਾਜਨੀਤੀ ਵਿੱਚ ਵੱਡੀ ਪੱਧਰ ਤੇ ਪਾਰਟੀ ਫੰਡਾਂ ਦੇ ਨਾਮ ਤੇ ਪੈਸਾ ਚਲਦਾ ਹੈ। ਇਸੇ ਤਰ੍ਹਾਂ ਸਿਟੀ ਕੌਂਸਲ ਵਿੱਚ ਵੀ ਵੱਡੇ-ਵੱਡੇ ਬਿਲਡਰ ਤੇ ਸਰਮਾਏਦਾਰ ਸਿਟੀ ਤੋਂ ਕੰਟਰੈਕਟ ਲੈਣ ਲਈ ਬੈਕ ਡੋਰ ਰਾਹੀਂ ਫੰਡ ਦੇ ਕੇ ਆਪਣੇ ਹਿੱਤ ਸੁੱਰਖਿਅਤ ਕਰਦੇ ਹਨ। ਜਿਸ ਨਾਲ ਲੋਕਾਂ ਦੀ ਸਖਤ ਮਿਹਨਤ ਨਾਲ ਟੈਕਸ ਰੂਪ ਵਿੱਚ ਇਕੱਠਾ ਕੀਤਾ ਸਰਮਾਇਆ, ਜ਼ਿਆਦਾਤਰ ਸਰਮਾਏਦਾਰਾਂ ਦੇ ਹੱਕ ਵਿੱਚ ਹੀ ਭੁਗਤਦਾ ਹੈ।

ਪਿਛਲੇ 2-3 ਦਹਾਕਿਆਂ ਤੋਂ ਜਿਸ ਤਰ੍ਹਾਂ ਪੰਜਾਬੀਆਂ ਦੀ ਵਸੋਂ ਕੈਨੇਡਾ ਵਿੱਚ ਵਧੀ ਹੈ, ਉਨ੍ਹਾਂ ਨੇ ਸਿਆਸਤ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ ਹੈ।ਇਸ ਵਿੱਚ ਕੁਝ ਗਲਤ ਨਹੀਂ ਕਿ ਤੁਸੀਂ ਜਿਸ ਸ਼ਹਿਰ, ਸੂਬੇ ਜਾਂ ਦੇਸ਼ ਵਿੱਚ ਰਹਿੰਦੇ ਹੋ, ਉਥੇ ਦੀ ਸਿਆਸਤ ਵਿੱਚ ਹਿੱਸਾ ਲਵੋ। ਬੇਸ਼ੱਕ ਪੰਜਾਬੀਆਂ ਦੇ ਮੁਕਾਬਲੇ ਹੋਰ ਇੰਡੀਅਨਾਂ, ਮੁਸਲਮਾਨਾਂ, ਚੀਨਿਆਂ ਜਾਂ ਕਈ ਹੋਰ ਕਮਿਊਨਿਟੀਆਂ ਦੀ ਕਾਫੀ ਵਸੋਂ ਹੈ, ਪਰ ਪੰਜਾਬੀਆਂ ਵਲੋਂ ਵੋਟਾਂ ਵਿੱਚ ਕੁਝ ਜ਼ਿਆਦਾ ਹੀ ਦਿਲਚਸਪੀ ਲਈ ਜਾਂਦੀ ਹੈ। ਜਿਸ ਦੇ ਨਤੀਜੇ ਵਜੋਂ ਕੈਨੇਡਾ ਭਰ ਵਿੱਚ ਪੰਜਾਬੀ ਜਾਂ ਸਿੱਖ ਪਿਛੋਕੜ ਵਾਲੇ ਅਨੇਕਾਂ ਕੌਂਸਲਰ, ਸਕੂਲ ਬੋਰਡ ਟਰੱਸਟੀ, ਐਮ ਐਲ ਏ (ਜਾਂ ਐਮ ਪੀ ਪੀ) ਤੇ ਐਮ ਪੀ ਬਣੇ ਹਨ। ਪਰ ਸਾਰੇ ਪਾਸੇ ਤਜਰਬਾ ਇਹੀ ਹੈ ਕਿ ਅਸੀਂ ਸਭ ਜਗ੍ਹਾ ਸ਼ਾਰਟ ਕੱਟ ਢੰਗ ਨਾਲ ਹੀ ਰਾਜਨੀਤੀ ਵਿੱਚ ਆ ਰਹੇ ਹਾਂ। ਅਸੀਂ ਅਕਸਰ ਕੈਨੇਡੀਅਨ ਲੋਕਤੰਤਰੀ ਸਿਸਟਮ ਨੂੰ ਫੌਲੋ ਕਰਨ ਦੀ ਥਾਂ, ਸਿੱਧੀ ਛਾਲ ਐਮ ਪੀ ਦੀ ਮਾਰਨਾ ਚਾਹੁੰਦੇ ਹਾਂ, ਜੇ ਉਥੇ ਗੱਲ ਨਾ ਬਣਦੀ ਲੱਗੇ ਤਾਂ ਐਮ ਐਲ ਏ ਵੱਲ ਨੂੰ ਆਉਂਦੇ ਹਾਂ, ਜੇ ਕਿਤੇ ਹੋਰ ਕੁਝ ਨਾ ਬਣਦਾ ਹੋਵੇ ਤਾਂ ਕਾਊਂਸਲਰ ਬਾਰੇ ਸੋਚਦੇ ਹਾਂ। ਸਕੂਲ ਬੋਰਡ ਟਰੱਸਟੀ ਬਣਨ ਬਾਰੇ ਤਾਂ ਕੋਈ ਮਾੜਾ ਮਾਤੜ ਹੀ ਸੋਚਦਾ ਹੈ। ਸਾਡੇ ਰਾਜਨੀਤਕ ਨੁਮਾਇੰਦਿਆਂ ਵਿਚੋਂ ਬਹੁਤ ਘੱਟ ਅਜਿਹੇ ਮਿਲਣਗੇ, ਜੋ ਕਿਸੇ ਪਾਰਟੀ ਨਾਲ ਜਮੀਨੀ ਪੱਧਰ ਤੇ ਕੰਮ ਕਰਨ, ਪਾਰਟੀ ਦੀਆਂ ਪਾਲਸੀਆਂ ਸਮਝਣ, ਆਪਣੇ ਸ਼ਹਿਰ, ਸੂਬੇ ਜਾਂ ਦੇਸ਼ ਦੇ ਲੋਕ ਮੁੱਦਿਆਂ ਨੂੰ ਜਾਨਣ ਤੋਂ ਬਾਅਦ ਮਹਿਸੂਸ ਕਰਕੇ ਕਿ ਉਹ ਇਸ ਕੰਮ ਲਈ ਕਾਬਿਲ ਹਨ, ਇਸ ਲਈ ਰਾਜਨੀਤੀ ਵਿੱਚ ਕੁੱਦਦੇ ਹਨ। ਨਹੀਂ ਤਾਂ ਅਕਸਰ ਅਜਿਹਾ ਦੇਖਣ ਨੂੰ ਮਿਲਦਾ ਹੈ ਕਿ ਜਿਸ ਕੋਲ ਚਾਰ ਡਾਲਰ ਵੱਧ ਹਨ ਜਾਂ ਥੋੜਾ ਚੰਗਾ ਬੁਲਾਰਾ ਹੈ ਜਾਂ ਥੋੜਾ ਆਪਣੇ ਆਪ ਨੂੰ ਪੜ੍ਹਿਆ ਲਿਖਿਆ ਸਮਝਦਾ ਹਾਂ ਜਾਂ ਥੋੜਾ ਬਹੁਤਾ ਵਲੰਟੀਅਰ ਵਰਕ ਕੀਤਾ ਹੈ ਤਾਂ ਉਹ ਆਪਣੇ ਆਪ ਨੂੰ ਐਮ ਐਲ ਏ ਜਾਂ ਐਮ ਪੀ ਦੇ ਕਾਬਿਲ ਸਮਝਦਾ ਹੈ। ਜੇ ਆਪਾਂ ਪਿਛਲੇ ਸਮੇਂ ਵਿੱਚ ਬਣੇ ਐਮ ਐਲ ਏਜ਼, ਐਮ ਪੀਜ਼ ਜਾਂ ਕਾਊਂਸਲਰਾਂ ਦੇ ਕੰਮਾਂ ਦਾ ਲੇਖਾ-ਜੋਖਾ ਕਰੀਏ ਤਾਂ ਬਹੁਤ ਘੱਟ ਅਜਿਹੇ ਮਿਲਣਗੇ, ਜਿਨ੍ਹਾਂ ਨੇ ਅਸੰਬਲੀ, ਪਾਰਲੀਆਮੈਂਟ ਜਾਂ ਸਿਟੀ ਕੌਂਸਲ ਵਿੱਚ ਕੁਝ ਵਧੀਆ ਕਾਰਗੁਜਾਰੀ ਕੀਤੀ ਹੋਵੇ।ਬਹੁਤੇ ਬੈਕ ਬੈਂਚਰ ਬਣ ਕੇ ਹੀ ਸਮਾਂ ਪਾਸ ਕਰਦੇ ਹਨ। ਬੇਸ਼ਕ ਲੋਕਤੰਤਰ ਵਿੱਚ ਹਰ ਇੱਕ ਨੂੰ ਰਾਜਨੀਤਕ ਸਿਸਟਮ ਵਿੱਚ ਹਿੱਸਾ ਲੈਣ ਦਾ ਹੱਕ ਹੈ, ਪਰ ਸਾਨੂੰ ਅਗਰ ਰਾਜਨੀਤੀ ਵਿੱਚ ਦਿਲਚਸਪੀ ਹੈ ਤਾਂ ਅਸੀਂ ਆਪਣੇ ਆਪ ਨੂੰ ਉਸ ਲਈ ਪਹਿਲਾਂ ਤਿਆਰ ਕਰੀਏ, ਜਿਸ ਪਾਰਟੀ ਵਲੋਂ ਇਲੈਕਸ਼ਨ ਲੜ ਰਹੇ ਹਾਂ, ਉਸ ਦੀਆਂ ਪਾਲਸੀਆਂ ਬਾਰੇ ਜਾਣੀਏ। ਇੱਕ ਪਾਸੇ ਅਸੀਂ ਆਪਣੇ ਆਪ ਨੂੰ ਸਿੱਖ ਕਹਾਉਂਦੇ ਹਾਂ, ਇਮੀਗ੍ਰੈਂਟਸ ਦੇ ਹੱਕਾਂ ਦੇ ਰਖਵਾਲੇ ਵੀ ਕਹਾਉਂਦੇ ਹਾਂ, ਪਰ ਪਾਰਟੀਆਂ ਉਨ੍ਹਾਂ ਵਿੱਚ ਖੜਦੇ ਹਾਂ, ਜਿਨ੍ਹਾਂ ਦੀਆਂ ਨੀਤੀਆਂ ਸਾਡੇ ਆਪਣੇ ਵਿਸ਼ਵਾਸ਼ਾਂ ਤੋਂ ਉਲਟ ਹੁੰਦੀਆਂ ਹਨ, ਜੋ ਇਮੀਗ੍ਰੈਂਟਸ ਪ੍ਰਤੀ ਨਾਕਾਰਾਤਮ ਰਵੱਈਆ ਰੱਖਦੀਆਂ ਹਨ। ਬਹੁਤ ਵਾਰ ਇਨ੍ਹਾਂ ਪਾਰਟੀਆਂ ਵਿੱਚ ਖੜਨ ਵਾਲੇ ਆਪ ਤਾਂ ਆਮ ਮੱਧ ਵਰਗੀ ਪਰਿਵਾਰਾਂ ਵਿਚੋਂ ਹੁੰਦੇ ਹਨ, ਪਰ ਖੜਦੇ ਲੋਕ ਵਿਰੋਧੀ ਸਰਮਾਏਦਾਰ ਪਾਰਟੀਆਂ ਵਲੋਂ ਹਨ ਤੇ ਫਿਰ ਦਾਅਵਾ ਆਮ ਲੋਕਾਂ ਦੇ ਹੱਕਾਂ ਲਈ ਲੜਨ ਦਾ ਕਰਦੇ ਹਨ? ਅਜਿਹੇ ਲੋਕ ਪਾਰਟੀ ਪਾਲਸੀ ਤੋਂ ਉਲਟ ਜਾ ਕੇ ਕੁਝ ਨਹੀਂ ਕਰ ਸਕਦੇ, ਸਿਰਫ ਐਮ ਪੀ ਜਾਂ ਐਮ ਐਲ ਏ ਬਣ ਕੇ ਤਨਖਾਹ ਹੀ ਲੈਂਦੇ ਹਨ ਜਾਂ ਕਮਿਊਨਿਟੀ ਵਿੱਚ ਹਰ ਛੋਟੇ ਮੋਟੇ ਫੰਕਸ਼ਨ ਤੇ ਹਾਜ਼ਰੀ ਲਗਵਾਉਣ ਜਾਂ ਭੋਗਾਂ ਤੇ ਜਾਣ ਵਾਲੇ ਹੀ ਰਹਿ ਜਾਂਦੇ ਹਨ।

ਹੁਣ ਇਸ ਵਾਰ ਦੋ ਵੱਡੇ ਸੂਬਿਆਂ ਵਿੱਚ ਮਿਊਂਸੀਪਲ ਚੋਣਾਂ ਨੂੰ ਦੇਖੀਏ ਤਾਂ ਇਵੇਂ ਲਗਦਾ ਸੀ, ਜਿਵੇਂ ਪੰਜਾਬੀਆਂ ਨੂੰ ਚੋਣਾਂ ਦਾ ਬੁਖਾਰ ਚੜ੍ਹ ਗਿਆ ਹੋਵੇ। ਵੋਟਾਂ ਨੂੰ ਅਸੀਂ ਫੰਨ (ਸ਼ੁਗਲ) ਜਿਹਾ ਬਣਾ ਲਿਆ ਹੈ। ਬਰੈਂਪਟਨ ਤੇ ਸਰੀ ਵਿੱਚ ਇੱਕ-ਇੱਕ ਸਿਟੀ ਕੌਂਸਲਰ ਸੀਟ ਤੋਂ 3-4 ਤੋਂ ਲੈ ਕੇ 7-8 ਤੱਕ ਪੰਜਾਬੀ ਇੱਕ ਦੂਜੇ ਦੇ ਖਿਲਾਫ ਖੜ੍ਹੇ ਸਨ। ਇਨ੍ਹਾਂ ਇਲਾਕਿਆਂ ਵਿੱਚ ਤਾਂ ਕੈਨੇਡਾ ਦੀਆਂ ਘੱਟ ਤੇ ਪੰਜਾਬ ਦੀਆਂ ਚੋਣਾਂ ਵੱਧ ਲੱਗਦੀਆਂ ਸਨ। ਜੇ ਇੱਕ ਜਗ੍ਹਾ ਕੋਈ ਆਪਣਾ ਚੋਣ ਸਾਈਨ ਲਗਾ ਦਿੰਦਾ ਹੈ ਤਾਂ ਦੂਜੇ ਕੋਲ ਇਤਨਾ ਸਬਰ ਨਹੀਂ ਕਿ ਉਹ ਆਪਣਾ ਸਾਈਨ ਕਿਸੇ ਹੋਰ ਜਗ੍ਹਾ ਜਾਂ ਥੋੜ੍ਹਾ ਹਟਵਾਂ ਲਗਾ ਦੇਵੇ, ਮੈਂ ਬਰੈਂਪਟਨ ਵਿੱਚ ਘਰਾਂ ਅੱਗੇ ਜਾਂ ਮੋੜਾਂ ਤੇ ਇਕੋ ਥਾਂ ਅੱਠ-ਅੱਠ ਜਾਂ ਦਸ-ਦਸ ਸਾਈਨ ਵੀ ਲੱਗੇ ਦੇਖੇ ਹਨ।ਤੁਸੀਂ ਬਾਕੀ ਸ਼ਹਿਰਾਂ ਵਿੱਚ ਜਾ ਕੇ ਦੇਖੋ, ਜਿਥੇ ਪੰਜਾਬੀ ਉਮੀਦਵਾਰ ਨਹੀਂ ਹੋਣਗੇ, ਤੁਹਾਨੂੰ ਸਾਈਨ ਨਜ਼ਰ ਹੀ ਨਹੀਂ ਆਉਣਗੇ ਜਾਂ ਬਹੁਤ ਘੱਟ ਦਿਸਣਗੇ। ਫਿਰ ਇਨ੍ਹਾਂ ਚੋਣਾਂ ਵਿੱਚ ਰੋਜ਼ਾਨਾ ਦਾਰੂ ਦੀਆਂ ਪਾਰਟੀਆਂ ਚੱਲਦੀਆਂ ਹਨ। ਇਲੈਕਟ੍ਰੋਨਿਕ ਮੀਡੀਏ, ਡੋਰ ਨਾਕਿੰਗ, ਫਲਾਇਰਾਂ, ਅਖਬਾਰਾਂ, ਫੋਨਾਂ ਰਾਹੀਂ ਲੋਕਾਂ ਦਾ ਜੀਣਾ ਦੁੱਬਰ ਕਰ ਦਿੱਤਾ ਜਾਂਦਾ ਹੈ। ਸਾਰਾ ਦਿਨ ਘਰਾਂ ਵਿੱਚ ਫੋਨ ਤੇ ਫੋਨ ਕਰਨਗੇ। ਫਿਰ ਇਨ੍ਹਾਂ ਉਮੀਦਵਾਰਾਂ ਦੇ ਚਹੇਤੇ ਆਪਣੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਆਦਿ ਨੂੰ ਵੋਟ ਪਾਉਣ ਲਈ ਵੱਖਰਾ ਤੰਗ ਕਰਦੇ ਹਨ। ਅਸੀਂ ਪੰਜਾਬ ਜਾਂ ਇੰਡੀਆ ਦੀ ਜਿਹੜੀ ਰਾਜਨੀਤੀ ਨੂੰ ਗੰਦੀ ਕਹਿ ਕਿ ਭੰਡਦੇ ਹਾਂ, ਉਹੀ ਕੁਝ ਇਥੇ ਆਪ ਕਰ ਰਹੇ ਹਾਂ। ਪਿਛਲੇ ਸਮੇਂ ਵਿੱਚ ਪ੍ਰਵਾਸੀ ਪੰਜਾਬੀਆਂ ਨੇ ਪੰਜਾਬ ਦੀ ਰਾਜਨੀਤੀ ਨੂੰ ਠੀਕ ਕਰਨ ਦੇ ਮਕਸਦ ਨਾਲ 'ਆਪ' ਪਾਰਟੀ ਦੀ ਹਰ ਤਰ੍ਹਾਂ ਬਹੁਤ ਮਦਦ ਕੀਤੀ, ਪਰ ਅਸੀਂ ਆਪ ਇਥੇ ਕੀ ਕਰ ਰਹੇ ਹਾਂ? ਫਿਰ ਅਸੀਂ ਵੋਟਾਂ ਜਾਤ, ਧਰਮ, ਇਲਾਕੇ, ਧੜੇ ਦੇ ਨਾਮ ਤੇ ਮੰਗ ਕੇ ਕੀ ਸਾਬਿਤ ਕਰਨਾ ਚਾਹੁੰਦੇ ਹਾਂ? ਮੈਨੂੰ ਲਗਦਾ ਹੈ ਕਿ ਕੁਝ ਸਵਾਰਥੀ ਤੇ ਮੌਕਾਪ੍ਰਸਤ ਲੋਕ, ਕਮਿਊਨਿਟੀ ਦੀ ਸੇਵਾ ਦੇ ਨਾਮ ਤੇ ਆਪਣੀ ਚੌਧਰ ਦੀ ਦੌੜ ਵਿੱਚ ਸਾਰੀ ਕਮਿਊਨਿਟੀ ਦਾ ਨਾਮ ਖਰਾਬ ਕਰ ਰਹੇ ਹਨ। ਅਸੀਂ ਜਿਸ ਢੰਗ ਨਾਲ ਰਾਜਨੀਤੀ ਕਰ ਰਹੇ, ਦੂਜੇ ਲੋਕਾਂ ਨੂੰ ਅਜਿਹਾ ਲਗਦਾ ਹੈ ਕਿ ਅਸੀਂ ਕਿਸੇ ਖਾਸ ਮਕਸਦ ਨਾਲ ਹਰ ਹਰਬਾ (By Hook or By Crook) ਵਰਤ ਕੇ ਕੈਨੇਡੀਅਨ ਸਿਆਸਤ ਤੇ ਕਾਬਿਜ ਹੋ ਰਹੇ ਹਾਂ। ਜਦਕਿ ਅਜਿਹੇ ਚੌਧਰੀਆਂ ਦੇ ਐਮ ਐਲ ਏ, ਐਮ ਪੀ ਜਾਂ ਕੌਂਸਲਰ ਬਣਨ ਨਾਲ ਕਮਿਊਨਿਟੀ ਦਾ ਕੋਈ ਖਾਸ ਭਲਾ ਨਹੀਂ ਹੋ ਰਿਹਾ? ਸਗੋਂ ਕਮਿਊਨਿਟੀ ਦਾ ਅਕਸ ਹੋ ਰਿਹਾ ਹੈ।ਲੋਕ ਸਾਨੂੰ ਇਥੇ ਦੀਆਂ ਕੈਨੇਡੀਅਨ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਬਰਬਾਦ ਕਰਨ ਵਾਲੇ ਸਮਝ ਰਹੇ ਹਨ। ਅਸੀਂ ਆਪ ਤਾਂ ਜਾਤ ਜਾਂ ਧਰਮ ਦੀ ਰਾਜਨੀਤੀ ਕਰਦੇ ਹੀ ਸੀ, ਇਥੇ ਦੇ ਲੀਡਰਾਂ ਨੂੰ ਵੀ ਇਸ ਪਾਸੇ ਤੋਰ ਲਿਆ ਹੈ। ਸਾਨੂੰ ਕਮਿਊਨਿਟੀ ਨੂੰ ਇਕੱਠੇ ਹੋ ਕੇ ਅਜਿਹੇ ਰੁਝਾਨਾਂ ਨੂੰ ਰੋਕਣ ਲਈ ਵਿਚਾਰ-ਚਰਚਾ ਕਰਨ ਦੀ ਲੋੜ ਹੈ। ਜੇ ਕੋਈ ਵਿਅਕਤੀ ਰਾਜਨੀਤੀ ਵਿੱਚ ਆਉਣਾ ਚਾਹੁੰਦਾ ਹੈ, ਉਹ ਪਾਰਟੀ ਵਿੱਚ ਕੰਮ ਕਰੇ, ਜ਼ਮੀਨੀ ਪੱਧਰ ਤੇ ਲੋਕਾਂ ਨਾਲ ਜੁੜੇ ਤੇ ਸਾਫ ਸੁਥਰੀ ਰਾਜਨੀਤੀ ਕਰੇ, ਲੋਕ ਮੁੱਦਿਆਂ ਤੇ ਆਪਣੀ ਸਮਝ ਬਣਾਏ ਤੇ ਕੰਮ ਕਰੇ, ਨਾ ਕਿ ਵੋਟਾਂ ਦੇ ਮੌਕੇ ਆ ਕੇ ਕਮਿਊਨਿਟੀ ਲੀਡਰ ਹੋਣ ਦਾ ਝੰਡਾ ਚੁੱਕੀ ਫਿਰੇ।

ਇਨ੍ਹਾਂ ਚੋਣਾਂ ਵਿੱਚ ਬੇਸ਼ਕ ਸੈਂਕੜੇ ਪੰਜਾਬੀ ਉਮੀਦਵਾਰ, ਆਪਣੀ ਕਿਸਮਤ ਅਜਮਾਈ ਕਰ ਰਹੇ ਸਨ, ਉਨ੍ਹਾਂ ਵਿਚੋਂ ਬੀ ਸੀ ਵਿੱਚ 20 ਦੇ ਕਰੀਬ ਕੌਂਸਲਰ ਤੇ ਸਕੂਲ ਟਰੱਸਟੀ ਜੇਤੂ ਰਹੇ ਅਤੇ ਨੋਟ ਕਰਨ ਵਾਲਾ ਤੱਥ ਇਹ ਹੈ ਕਿ ਬੀ ਸੀ ਦੇ ਉਨ੍ਹਾਂ ਛੋਟੇ ਸ਼ਹਿਰਾਂ ਵਿੱਚੋਂ ਵੱਧ ਉਮੀਦਵਾਰ ਜਿੱਤੇ, ਜਿਥੇ ਪੰਜਾਬੀਆਂ ਦੀ ਵਸੋਂ ਬਹੁਤ ਘੱਟ ਹੈ ਤੇ ਸਰੀ, ਵੈਨਕੂਵਰ, ਐਬਟਸਫੋਰਡ, ਜਿਥੇ ਪੰਜਾਬੀਆਂ ਦੀ ਭਾਰੀ ਵਸੋਂ ਉਥੇ ਬਹੁਤ ਘੱਟ ਉਮੀਦਵਾਰ ਜਿੱਤੇ। ਇਸੇ ਤਰ੍ਹਾਂ ਉਨਟਰੇਗੀਓ ਵਿੱਚ 50 ਦੇ ਕਰੀਬ ਖੜੇ ਉਮੀਦਵਾਰਾਂ ਵਿਚੋਂ ਸਿਰਫ 5 ਕੁ ਹੀ ਕਾਮਯਾਬ ਹੋਏ। ਹੈਰਾਨੀ ਦੀ ਗੱਲ ਹੈ ਕਿ ਬਰੈਂਪਟਨ, ਜਿਥੇ ਪੰਜਾਬੀਆਂ ਦੀ ਭਾਰੀ ਵਸੋਂ ਹੈ ਅਤੇ ਉਮੀਦਵਾਰ ਵੀ ਵੱਧ ਇਥੋਂ ਹੀ ਖੜੇ ਸਨ, ਉਥੇ ਸਿਰਫ 35% ਵੋਟਾਂ ਪੋਲ ਹੋਈਆਂ। ਜਿਸ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਕੁਝ ਮੌਕਾਪ੍ਰਸਤ ਚੌਧਰੀਆਂ ਦੀ ਹਰਕਤਾਂ ਤੋਂ ਲੋਕ ਬਹੁਤ ਦੁਖੀ ਹਨ ਤੇ ਉਨ੍ਹਾਂ ਨੇ ਵੋਟਾਂ ਪਾਉਣ ਤੋਂ ਹੀ ਕਿਨਾਰਾ ਕਰਨ ਵਿੱਚ ਆਪਣੀ ਭਲਾਈ ਸਮਝੀ ਹੈ? ਇਨ੍ਹਾਂ ਚੋਣਾਂ ਅਤੇ ਨਤੀਜਿਆਂ ਤੋਂ ਸਾਨੂੰ ਸਬਕ ਸਿੱਖਣ ਦੀ ਲੋੜ ਹੈ? ਅਗਲੇ ਸਾਲ ਅਲਬਰਟਾ ਵਿੱਚ ਸੂਬਾਈ ਚੋਣਾਂ ਅਤੇ ਕੈਨੇਡਾ ਵਿੱਚ ਫੈਡਰਲ ਚੋਣਾਂ ਹੋ ਰਹੀਆਂ ਹਨ। ਸਾਨੂੰ ਅਜਿਹੇ ਰੁਝਾਨਾਂ ਨੂੰ ਕਮਿਊਨਿਟੀ ਲੈਵਲ ਤੇ ਰੋਕਣ ਦੀ ਲੋੜ ਹੈ। ਕੁਝ ਲੋਕਾਂ ਵਲੋਂ ਵੋਟਾਂ ਵਿਚ ਖੜ ਕੇ ਸਾਰੀ ਕਮਿਊਨਿਟੀ ਨੂੰ ਇਤਨਾ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਕਿ ਲੋਕ ਵੋਟ ਸਿਸਟਮ ਤੋਂ ਹੀ ਕਿਨਾਰਾ ਕਰਨ ਲੱਗੇ ਹਨ। ਇਥੇ ਵੀ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਕਿ ਸਿਰਫ ਪੈਸੇ ਵਾਲਾ ਹੀ ਚੋਣਾਂ ਵਿੱਚ ਖੜ੍ਹ ਸਕਦਾ ਹੈ, ਇਹ ਬਹੁਤ ਖਤਰਨਾਕ ਰੁਝਾਨ ਹੈ। ਅਗਲੇ ਮਹੀਨਿਆਂ ਵਿੱਚ ਵੱਖ-ਵੱਖ ਪਾਰਟੀਆਂ ਆਪਣੇ ਉਮੀਦਵਾਰ ਚੁਣਨ ਲਈ ਨਾਮੀਨੇਸ਼ਨਾਂ ਕਰਨਗੀਆਂ, ਉਥੇ ਵੀ ਬਹੁਤ ਸਾਰੇ ਚੌਧਰੀ ਆਪਣੇ ਝੰਡੇ ਚੁੱਕੀ ਫਿਰਨਗੇ, ਤੁਸੀਂ ਸਿਰਫ ਉਸ ਪਾਰਟੀ ਦੇ ਹੀ ਮੈਂਬਰ ਬਣੋ, ਜਿਸ ਦੀਆਂ ਨੀਤੀਆਂ ਨਾਲ ਤੁਸੀਂ ਸਹਿਮਤ ਹੋ। ਜੇ ਤੁਸੀਂ ਨਹੀਂ ਚਾਹੁੰਦੇ ਤਾਂ ਤੁਹਾਨੂੰ ਮੈਂਬਰ ਬਣਨ ਦੀ ਵੀ ਜ਼ਰੂਰਤ ਵੀ ਨਹੀਂ ਹੈ, ਤੁਸੀਂ ਅਸਲੀ ਇਲੈਕਸ਼ਨ ਵੇਲੇ ਵੀ ਆਪਣੀ ਮਨਪਸੰਦ ਦੀ ਪਾਰਟੀ ਜਾਂ ਉਮੀਦਵਾਰ ਨੂੰ ਵੋਟ ਪਾ ਸਕਦੇ ਹੋ, ਇਸ ਲਈ ਪਾਰਟੀ ਮੈਂਬਰ ਬਣਨਾ ਜ਼ਰੂਰੀ ਨਹੀਂ ਹੈ। ਆਉਣ ਵਾਲੇ ਸਮੇਂ ਵਿੱਚ ਸਾਨੂੰ ਕਮਿਊਨਿਟੀ ਦੇ ਤੌਰ 'ਤੇ ਲੋਕ ਪੱਖੀ ਸੰਸਥਾਵਾਂ ਨੂੰ ਲੋਕਾਂ ਨੂੰ ਵੱਖ-ਵੱਖ ਪਾਰਟੀਆਂ ਦੇ ਪਲੇਟਫਾਰਮ ਜਾਂ ਨੀਤੀਆਂ ਦੱਸਣ ਜਾਂ ਲੋਕ ਮੁੱਦਿਆਂ ਬਾਰੇ ਦੱਸਣ ਲਈ ਪਬਲਿਕ ਫੋਰਮ ਜਾਂ ਸੈਮੀਨਾਰ ਕਰਨ ਦੀ ਲੋੜ ਹੈ। ਮੈਨੂੰ ਹੈਰਾਨੀ ਹੁੰਦੀ ਹੈ ਕਿ ਮਿਨੀਮਮ ਵੇਜ ਤੇ ਕੰਮ ਕਰਨ ਵਾਲੇ ਲੋਕ ਵੀ ਵੱਡੀਆਂ ਸਰਮਾਏਦਾਰ ਪਾਰਟੀਆਂ ਦੇ ਮੈਂਬਰ ਬਣ ਕੇ ਨਾਮੀਨੇਸ਼ਨਾਂ ਵਿੱਚ ਵੋਟ ਪਾਉਂਦੇ ਹਨ, ਜਦਕਿ ਇਹੀ ਪਾਰਟੀਆਂ ਮਿਨੀਮਮ ਵੇਜ ਵੀ ਘਟਾਉਣ ਦੀ ਦੁਹਾਈ ਪਾਉਂਦੀਆਂ ਹਨ। ਲੋਕਾਂ ਨੂੰ ਵੋਟ ਪਾਉਣ ਵੇਲੇ ਜਾਗਰੂਕ ਹੋਣ ਦੀ ਲੋੜ ਹੈ ਕਿ ਉਹ ਕਿਸ ਵਿਅਕਤੀ ਜਾਂ ਕਿਸ ਪਾਰਟੀ ਨੂੰ ਵੋਟ ਪਾ ਰਹੇ ਹਨ? ਸਾਨੂੰ ਖੁਦ ਕੈਨੇਡਾ ਦੀ ਸਿਆਸਤ ਨੂੰ ਸਮਝਣ ਤੇ ਪਾਰਟੀਆਂ ਦੀਆਂ ਨੀਤੀਆਂ ਨੂੰ ਜਾਨਣ ਦੀ ਲੋੜ ਹੈ? ਸਾਨੂੰ ਕੈਨੇਡੀਅਨ ਰਾਜਨੀਤਕ ਸਿਸਟਮ ਅਨੁਸਾਰ ਜਾਤ, ਬਰਾਦਰੀ, ਧਰਮ, ਇਲਾਕੇ ਤੋਂ ਉਪਰ ਉਠ ਕੈਨੇਡਾ ਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਮੁੱਖ ਰੱਖ ਕੇ ਵੋਟ ਪਾਉਣ ਦੀ ਲੋੜ ਹੈ। ਕਮਿਊਨਿਟੀ ਦੇ ਇਹ ਸੇਵਾਦਾਰ, ਸਿਰਫ ਆਪਣੇ ਮੇਵੇ ਲਈ ਹੀ ਪੈਸਾ ਖਰਚ ਕਰ ਰਹੇ ਹਨ ਤੇ ਦੌੜੇ ਭੱਜੇ ਫਿਰ ਰਹੇ ਹਨ, ਜੇ ਇਨ੍ਹਾਂ ਨੂੰ ਕਮਿਊਨਿਟੀ ਦੀ ਸੇਵਾ ਦਾ ਇਤਨਾ ਹੀ ਚਾਅ ਹੈ ਤਾਂ ਕੀ ਸੇਵਾ ਸਿਰਫ ਐਮ ਐਲ ਏ, ਐਮ ਪੀ ਜਾਂ ਕਾਊਂਸਲਰ ਬਣ ਕੇ ਹੀ ਹੋ ਸਕਦੀ ਹੈ? ਪਰ ਜਦੋਂ ਹਾਰ ਜਾਂਦੇ ਹਨ, ਫਿਰ ਇਹ ਕਿਤੇ ਨਜ਼ਰ ਨਹੀਂ ਆਉਂਦੇ? ਸਾਨੂੰ ਹਰ ਪੱਧਰ ਤੇ ਸੁਚਤੇ ਹੋਣ ਦੀ ਲੋੜ ਹੈ? ਜਿਹੜੇ ਹੁਣ ਜਿੱਤੇ ਹਨ, ਜਿਥੇ ਇਨ੍ਹਾਂ ਦੀ ਕਾਰਗੁਜਾਰੀ ਤੇ ਨਜ਼ਰ ਰੱਖਣ ਦੀ ਲੋੜ ਹੈ, ਉਥੇ ਜਿਹੜੇ ਹਾਰੇ ਹਨ, ਉਨ੍ਹਾਂ ਨੂੰ ਵੀ ਵਾਚ ਕਰਨ ਦੀ ਲੋੜ ਹੈ ਕਿ ਕੀ ਉਹ ਹਾਰ ਕੇ ਕਮਿਊਨਿਟੀ ਦੇ ਸੇਵਾਦਾਰ ਹਨ ਜਾਂ ਸਿਰਫ ਵੋਟਾਂ ਤੱਕ ਹੀ ਸੀਮਤ ਸਨ ਅਤੇ ਫਿਰ ਅਗਲੀ ਇਲੈਕਸ਼ਨ ਤੇ ਪ੍ਰਗਟ ਹੋਣਗੇ?

## ਲੱਗੀ ਨਜ਼ਰ ਪੰਜਾਬ ਨੂੰ ਇਹਦੀ ਨਜ਼ਰ ਉਤਾਰੋ
## ਕੋਈ ਲੈ ਕੇ ਮਿਰਚਾਂ ਕਾਲੀਆਂ ਇਹਦੇ ਸਿਰ ਤੋਂ ਵਾਰੋ

ਜਦੋਂ ਪੰਜਾਬ ਦੇ ਪੇਂਡੂ ਗਰੀਬੜੇ ਅਤੇ ਸ਼ਹਿਰੀ ਮੱਧ ਵਰਗ ਨੇ ਨਿੱਜੀਕਰਨ ਦੀ ਮਾਰ ਝੱਲ ਕੇ ਆਪਣੇ ਬੱਚਿਆਂ ਨੂੰ ਘਰੋਂ ਪੜ੍ਹਨ ਲਈ ਉੱਚ ਵਿੱਦਿਆ ਹਾਸਿਲ ਕਰਨ ਲਈ ਆਪਣੇ ਹੱਡ ਵੇਚ ਭੇਜਿਆ ਸੀ ਤਾਂ ਇੱਕ ਵਾਕ ਸਾਰਿਆਂ ਦੇ ਮਾਪੇ ਬੋਲਦੇ ਸੀ/ਹਨ, 'ਸਾਡੀ ਤਾਂ ਡੰਗਰਾਂ ਚ ਡੰਗਰ ਬਣ ਲੰਘ ਗਈ ਤੂੰ ਪੁੱਤਰਾ/ਧੀਏ ਪੜ੍ਹ ਲਿਖ ਕੇ ਆਪਣੀ ਜੂਨ ਸੁਧਾਰ ਲਾ ਤੇ ਸਾਡਾ ਬੁਢਾਪਾ ਵੀ ਸੋਖਾ ਹੋਜੂ ਤੂੰ ਵੀ ਚਾਰ ਛਿੱਲੜ ਜੋੜਨ ਜੋਗਾ ਹੋ ਜਾਵੇਂਗਾ।' ਪਰ ਕੱਲ ਮੈਂ ਪਟਿਆਲੇ 2 ਧਰਨਿਆਂ ਵਿੱਚ ਸ਼ਾਮਿਲ ਹੋਇਆ, ਪਹਿਲਾ ਧਰਨਾ ਐਡਿਡ ਕਾਲਜਾਂ ਦੇ 1925 ਅਧਿਆਪਕਾਂ ਦਾ ਸੀ। ਧਰਨੇ ਵਾਲੀ ਥਾਂ ਤੇ ਉਹਨਾਂ ਦੇ ਮੋਟੇ ਮੋਟੇ ਪੀਐਚ.ਡੀ. ਥੀਸਜ਼ ਪਏ ਸਨ। ਬਹੁਤ ਸਾਰੇ ਮੈਡਲ ਪਏ ਸਨ। ਮੈਨੂੰ ਲੱਗਾ ਕਿ ਇਹ ਫਿਜ਼ੀਕਲ ਐਜੂਕੇਸ਼ਨ ਵਾਲਿਆਂ ਦੇ ਹੋਣਗੇ ਜਿਹਨਾਂ ਨੇ ਖੇਡਾਂ ਵਿੱਚ ਜਿੱਤੇ ਹੋਣਗੇ, ਫੇਰ ਮੈਨੂੰ ਮੇਰੇ ਮੋਦੀ ਕਾਲਜ਼ ਦੇ ਅਧਿਆਪਕ ਦੋਸਤ ਰੁਪਿੰਦਰ ਢਿਲੋਂ ਨੇ ਦਸਿਆ ਕਿ ਇਹ ਸਾਰੇ ਮੈਡਲ ਯੂਨੀਵਸਸਿਟੀ ਗੋਲ ?ਡ ਮੇਦਲਿਸਟਾਂ ਦੇ ਹਨ ਜਿਹਨਾਂ ਨੇ ਪੜਾਈ ਪਹਿਲੀਆਂ ਪੁਜੀਸ਼ਨਾਂ ਹਾਸਿਲ ਕੀਤੀਆਂ ਹਨ। ਇਹਨਾਂ ਵਿਚੋਂ ਕਈਆਂ ਦੀ ਉਮਰ 40+ ਹੋ ਗਈ ਹੈ ਸਰਕਾਰ ਦੇ ਨਿਯਮਾਂ ਅਨੁਸਾਰ 3 ਸਾਲ ਦਾ ਬੇਸਿਕ ਪੇਅ ਵਾਲੀ ਸ਼ਰਤ ਪੂਰੀ ਹੋ ਗਈ ਹੈ ਪਰ ਅਜੇ ਵੀ 21,600 ਤਨਖਾਹ ਤੇ ਹੀ ਕੰਮ ਕਰ ਰਹੇ ਹਨ। ਬਹੁਤੇ ਮੁੰਡੇ ਕੁੜੀਆਂ ਦੀ ਉਮਰ 35 ਕੋਲ ਢੁੱਕ ਚੁਕੀ ਹੈ ਪਰ ਉਹ ਅਜੇ ਵੀ ਇਸ ਹਾਲਤ ਵਿੱਚ ਵਿਆਹ ਕਰਵਾਉਣ ਬਾਰੇ ਸੋਚ ਨਹੀਂ ਸਕਦੇ। ਜਿਹਨਾਂ ਦੇ ਹੋ ਗਏ ਉਹ ਬੱਚਾ ਪੈਦਾ ਨਹੀਂ ਕਰ ਰਹੇ ਕਿਉਂ ਕਿ ਉਸਨੂੰ ਪਾਲਣ ਦਾ ਖਰਚਾ ਨਹੀਂ ਕਰ ਸਕਦੇ। ਕੋਈ ਲੜਕੀ ਗੁਰਦਾਸਪੁਰ ਤੋਂ ਆਈ ਕੋਈ ਅੰਮ੍ਰਿਤਸਰ ਤੋਂ ਤੇ ਪ੍ਰਸ਼ਾਸਨ ਨੇ ਉੱਚ ਸਿੱਖਿਆ ਮੰਤਰੀ ਰਜ਼ੀਆ ਸੁਲਤਾਨਾ ਨਾਲ 30 ਅਕਤੂਬਰ ਦੀ ਮੀਟਿੰਗ ਦਾ ਲੋਲੀਪੋਪ ਦੇ ਕੇ ਘਰੋਂ ਘਰੀ ਤੋਰ ਦਿੱਤਾ। ਯਾਦ ਰਹੇ ਸਾਡੀ ਉੱਚ ਸਿੱਖਿਆ ਮੰਤਰੀ 10ਵੀਂ ਪਾਸ ਹੈ। ਉਸਨੂੰ ਇਹ ਨੈਤਿਕ ਹੱਕ ਹੈ ਕਿ ਐਨੇ ਪੜੇ ਲਿਖੇ ਲੋਕਾਂ ਨਾਲ ਮੀਟਿੰਗ ਕਰੇ ਜੇ ਮੈਂ ਹੁੰਦਾ ਅਜਿਹੀ ਬੀਬੀ ਕੋਲ ਕਦੇ ਨਾ ਜਾਵਾਂ ਤੇ ਮੰਗ ਕਰਾਂ ਮੇਰੀ ਮੀਟਿੰਗ ਉਸ ਨਾਲ ਕਰਵਾਓ ਜਿਸਨੂੰ ਘਟੋ ਘੱਟ ਇਹ ਪਤਾ ਹੋਵੇ ਕਿ ਉਚ ਸਿਖਿਆ ਹੁੰਦੀ ਕੀ ਹੈ। ਚੱਲੋ ਇਹ ਧਰਨਾ ਖਤਮ ਹੋਇਆ 3 ਕੁ ਵਜੇ ਸਕੂਲ ਅਧਿਆਪਕਾਂ ਦੇ ਧਰਨੇ ਵਿੱਚ ਮੈਂ ਤੇ ਰੁਪਿੰਦਰ ਜਾ ਪਹੁੰਚੇ। ਉੱਥੇ ਜਿਥੇ ਲੋਕ, ਲੋਕਾਂ ਦੇ ਚਾਰੇ ਪਾਸੇ ਪੁਲਿਸ ਹੀ ਪੁਲਿਸ, ਸਾਡੇ ਉਹੀ ਮਾਪੇ, ਚਿਟੀਆਂ ਦਾਹੜੀਆਂ ਮੂੰਹ ਤੇ ਝੁਰੜੀਆਂ, ਅੱਖਾਂ ਵਿੱਚ ਰੋਸ, ਸਟੇਜ਼ ਤੋਂ ਵੱਜਦੇ ਨਾਅਰੇ ਨਾਲ ਤਣੇ ਹੋਏ ਮੁੱਕੇ, ਝੋਲੇ, ਉਹਨਾਂ ਵਿੱਚ ਅਚਾਰ ਨਾਲ ਪਾਈਆਂ 2-2 ਰੋਟੀਆਂ।

6 ਵਜੇ, 7 ਵੱਜੇ ਫੇਰ 8 ਵੱਜੇ, ਕਿਸੇ ਪ੍ਰਸ਼ਾਸਨ, ਕਿਸੇ ਸਰਕਾਰ ਨੂੰ ਕੋਈ ਫਰਕ ਨਹੀਂ। ਐਨਾ ਦੇਸ਼ ਦਾ ਟੈਲੇਂਟ ਸੜਕਾਂ ਤੇ ਰੁਲ ਰਿਹਾ।

ਅੱਜ ਬੇਰੁਜਗਾਰ ਲਾਈਨਮੈਨ 16 ਸਾਲ ਤੋਂ ਸੰਘਰਸ਼ ਕਰਦੇ ਆ ਰਹੇ ਹਨ। ਹੁਣ ਤਾਂ ਉਹਨਾਂ ਦਾ ਸੂਬਾ ਪ੍ਰਧਾਨ ਵੀ ਐਮ ਐਲ ਏ ਹੈ। ਉਹ ਵੀ ਪਟਿਆਲੇ ਪੱਕਾ ਮੋਰਚਾ ਲਾ ਰਹੇ ਹਨ। ਕਈ ਮੇਰੇ 2000 ਸੈਸ਼ਨ ਦੇ ਆਈ ਟੀ ਆਈ ਦੇ ਬੈਚਮੇਟ ਨੇ ਉਹਨਾਂ ਵੀ ਰੁੱਕਾ ਦਿੱਤਾ ਕਿ ਟਾਈਮ ਕੱਢ ਕੇ ਆ ਜਾਵੀਂ। ਕਹਿੰਦੇ ਉਦੋਂ ਨਾਅਰੇ ਲਾਉਣੇ ਤੇ ਧਰਨੇ ਦੇਣੇ ਤੂੰ ਹੀ ਸਿਖਾਏ ਸੀ। ਜੋ ਵੀ ਏ ਪਟਿਆਲਾ ਹੁਣ ਧਰਨਿਆਂ ਦੀ ਰਾਜਧਾਨੀ ਬਣਿਆ ਹੋਇਆ ਹੈ। ਇੱਥੋਂ ਦੀਆਂ ਸੜਕਾਂ ਨੇ ਕਈ ਖ਼ੂਨੀ ਸਾਕੇ ਵੇਖਣੇ ਹਨ।

ਪਤਾ ਨਹੀਂ ਕਿਹੜੇ ਅਰਥ ਸ਼ਾਸ਼ਤਰੀ 6% ਗਰੋਥ ਰੇਟ ਦੇ ਅੰਕੜੇ ਦੱਸ ਰਹੇ ਹਨ। ਜਿਸ ਤਰੀਕੇ ਨਾਲ ਪੰਜਾਬ ਖ਼ੌਲਦੀ ਭੱਠੀ ਬਣਿਆ ਹੋਇਆ ਆਉਣ ਵਾਲੇ ਦਿਨ ਸੁਖਾਵੇਂ ਨਹੀਂ ਹੋਣਗੇ।

ਸ਼ਾਲਾ ਪੰਜਾਬੀ ਸਚਿਆਰਾ ਰਾਹ ਤਲਾਸ਼ਣ।

ਕੱਲ ਦੇ ਇਹ ਦ੍ਰਿਸ਼ ਬਹੁਤ ਬੇਚੈਨ ਕਰ ਹਨ। ਪੜ੍ਹਨ ਦਾ ਉੱਕਾ ਮਨ ਨੀ ਕਰ ਰਿਹਾ।

ਇਕਬਾਲ ਦਾ ਸ਼ੇਅਰ ਵਾਰ ਵਾਰ ਦਿਮਾ.ਗ ਵਿਚ ਘੁੰਮ ਰਿਹਾ

ਮੁੱਦਤੋਂ ਬੀਤ ਗਈ ਜ਼ੁਲਮੋਂ ਸਿਤਮ ਸਹਿਤੇ ਹੁਏ
ਅਬ ਤੋ ਸ਼ਰਮ ਸੀ ਆਤੀ ਹੈ ਵਤਨ ਕੋ ਵਤਨ ਕਹਿਤੇ ਹੁਏ।

ਫੇਰ ਸੋਚਦਾਂ ਪੰਜਾਬ ਦੇ ਹੁਸਨ ਇਖ਼ਲਾਖ ਦਾ ਮੁਹਾਂਦਰਾ ਵੀ ਏਹੀ ਲੋਕ ਘੜਣਗੇ ਆਪਾਂ ਵੀ ਆਪਣਾ ਬਣਦਾ ਕੁੱਝ ਯੋਗਦਾਨ ਪਾਈ ਜਾਈਏ। ਤਿਆਰ ਹੋ ਕੇ ਜਾ ਰਿਹਾਂ 2 ਨਵੰਬਰ ਨੂੰ ਸਟੂਡੈਂਟਸ ਸਟਰੱਗਲ ਕਮੇਟੀ ਅਤੇ ਅਦਾਰਾ 23 ਮਾਰਚ ਵਲੋਂ ਪੰਜਾਬ ਦੀ ਰਾਜਨੀਤਿਕ ਆਰਥਿਕਤਾ ਉੱਤੇ ਰੱਖੇ ਸੈਮੀਨਾਰ ਜਿਸ ਵਿੱਚ ਓਕਸਫੋਰਡ ਯੂਨੀਵਰਸਿਟੀ ਦੇ ਉੱਘੇ ਅਰਥਸ਼ਾਸ਼ਤਰੀ ਪ੍ਰੋ.ਪ੍ਰੀਤਮ ਸਿੰਘ, ਪੰਜਾਬ ਦੀ ਪੇਂਡੂ ਆਰਥਿਕਤਾ ਉੱਤੇ ਨਿੱਠ ਕੰਮ ਕਰ ਰਹੇ ਡਾ ਬਲਦੇਵ ਤਲਵੰਡੀ ਸਾਬੋ ਨੇ ਬੋਲਣਾ, ਉਸਦੇ ਇੱਕ-ਦੋ ਕੰਮ ਸਮੇਟਣੇ ਹਨ।

**ਬੇਅੰਤ ਸਿੰਘ**, 9463505435

# ਭਾਰਤ ਦਾ ਬਿਮਾਰ ਸਿੱਖਿਆ ਢਾਂਚਾ



**ਸਤਪਾਲ**

ਐਨ.ਏ.ਐਸ (ਨੈਸ਼ਨਲ ਅਚੀਵਮੈਂਟ ਸਰਵੇ) ਨਾਮ ਦੀ ਇੱਕ ਸੰਸਥਾਂ ਵੱਲੋਂ ਕੀਤੇ ਗਏ ਸਰਵੇਖਣ ਮੁਤਾਬਕ ਭਾਰਤ ਦੇ ਜਨਤਕ ਸਕੂਲਾਂ ਵਿੱਚ ਬੱਚਿਆਂ ਦੇ ਸਿੱਖਣ ਦੇ ਨਤੀਜੇ ਬਹੁਤ ਭੈੜੀ ਹਾਲਤ ਵਿੱਚ ਹਨ ਜੋ ਕਿ ਸਪੱਸ਼ਟ ਰੂਪ ਵਿੱਚ ਭਾਰਤ ਦੇ ਲਗਾਤਾਰ ਬਿਮਾਰ ਹੋ ਰਹੇ ਸਿੱਖਿਆ ਢਾਂਚੇ ਦੀ ਸਿਹਤ ਨੂੰ ਪ੍ਰਗਟਾਉਂਦੇ ਹਨ। ਇਹ ਸਰਵੇਖਣ ਐਨ.ਸੀ.ਈ.ਆਰ.ਟੀ (ਨੈਸ਼ਨਲ ਕਾਊਂਸਿਲ ਆਫ ਐਜੂਕੇਸ਼ਨ ਫਾਰ ਰਿਸਰਚ ਐਂਡ ਟ੍ਰੇਨਿੰਗ) ਵੱਲੋਂ ਕਰਵਾਇਆ ਗਿਆ ਸੀ। ਸਰਵੇਖਣ ਵਿੱਚ ਸਾਹਮਣੇ ਆਇਆ ਕਿ ਬੱਚੇ ਗਣਿਤ, ਭਾਸ਼ਾ ਅਤੇ ਸਮਾਜ-ਵਿਗਿਆਨ ਜਿਹੇ ਵਿਸ਼ਿਆਂ ਵਿੱਚ ਬਹੁਤ ਕਮਜ਼ੋਰ ਹਨ। ਸਰਵੇਖਣ ਦੇ ਅੰਕੜਿਆ ਮੁਤਾਬਕ ਗਣਿਤ ਵਿੱਚ ਤੀਜੀ, ਪੰਜਵੀਂ ਅਤੇ ਅੱਠਵੀਂ ਜਮਾਤਾਂ ਦੇ ਬੱਚਿਆਂ ਵੱਲੋਂ ਸਹੀ ਉੱਤਰ ਦੇਣ ਦੀ ਕੌਮੀ-ਔਸਤ 64%, 54% ਅਤੇ 42% ਰਹੀ। ਦਰਅਸਲ ਪਿਛਲੇ ਨਵੰਬਰ ਵਿੱਚ ਐਨ.ਸੀ.ਈ.ਆਰ.ਟੀ ਵੱਲੋਂ ਜਨਤਕ ਸਕੂਲਾਂ ਵਿੱਚ ਸਿੱਖਿਆ ਲੈ ਰਹੇ ਬੱਚਿਆਂ ਦੀ ਸਿੱਖਣ ਦੀ ਯੋਗਤਾ ਦਾ ਪਤਾ ਲਾਉਣ ਲਈ ਗਣਿਤ, ਭਾਸ਼ਾ ਅਤੇ ਸਮਾਜ-ਵਿਗਿਆਨ ਜਿਹੇ ਵਿਸ਼ਿਆਂ ਨਾਲ ਸਬੰਧਿਤ ਭਾਰਤ ਦੇ 700 ਜ਼ਿਲ੍ਹਿਆਂ ਵਿੱਚ ਇੱਕ ਪ੍ਰਖਿਆ ਕਰਵਾਈ ਗਈ ਅਤੇ ਇਸ ਸਾਲ ਦੇ ਸ਼ੁਰੂ ਵਿੱਚ ਇਸ ਦੇ ਨਤੀਜਿਆਂ ਦਾ ਐਲਾਨ ਕਰ ਦਿੱਤਾ ਗਿਆ। ਇਸ ਸਰਵੇਖਣ ਵਿੱਚ 22 ਲੱਖ ਵਿਦਿਆਰਥਿਆਂ ਨੇ ਹਿੱਸਾ ਲਿਆ। ਰਾਜਸਥਾਨ ਤੇ ਕਰਨਾਟਕਾ ਦੇ ਬੱਚਿਆਂ ਨੇ ਵਧੀਆ ਨੰਬਰ ਲਏ ਜਦੋਂ ਕਿ ਆਂਦਰ-ਪ੍ਰਦੇਸ਼ ਤੇ ਝਾਰਖੰਡ ਦਾ ਹਾਲ ਸੱਭ ਤੋਂ ਮਾੜਾ ਰਿਹਾ। ਦੇਸ਼ ਦੀ ਰਾਜਧਾਨੀ ਦੀ ਹਾਲਤ ਵੀ ਖਸਤਾ ਹੀ ਰਹੀ। ਅੰਗਰੇਜ਼ੀ ਦੇ ਵਿਸ਼ੇ ਵਿੱਚ ਦਿੱਲੀ ਦੇ ਸਿਰਫ 32% ਬੱਚਿਆਂ ਨੇ ਸਹੀ ਉੱਤਰ ਦਿੱਤੇ ਅਤੇ ਗਣਿਤ ਦੇ ਸਿਰਫ 34% ਬੱਚਿਆਂ ਨੇ ਹੀ ਸਹੀ ਉੱਤਰ ਦਿੱਤੇ। ਇੱਥੇ ਇਹ ਬੱਚਿਆਂ ਦਾ ਨਹੀਂ ਸਗੋਂ ਸਾਡੇ ਸਿੱਖਿਆ ਢਾਂਚੇ ਦਾ ਨਲਾਇਕਪੁਣਾ ਨਜ਼ਰ ਆਉਂਦਾ ਹੈ, ਫੇਲ ਬੱਚੇ ਨਹੀਂ ਸਗੋਂ ਸਾਡਾ ਇਹ ਸਿੱਖਿਆ ਢਾਂਚਾ ਬੱਚਿਆਂ ਨੂੰ ਸਹੀ ਉੱਤਰ ਦੇਣ ਦੇ ਕਾਬਲ ਨਾ ਬਣਾ ਪਾਉਣ ਵਿੱਚ ਫੇਲ ਹੋਇਆ ਹੈ। ਸਿੱਖਿਆ ਨੂੰ ਲੈ ਕੇ ਭਾਰਤ ਸਰਕਾਰ ਵੱਲੋਂ ਕਈ ਨੀਤੀਆਂ ਬਣਾਈ ਗਈਆਂ ਹਨ ਜਿਵੇਂ ਕਿ ਮਿਸਾਲ ਵਜੋਂ 2009 ਵਿੱਚ ਬਣਾਇਆ ਗਿਆ ਆਰ.ਟੀ.ਈ (ਰਾਈਟ ਟੂ ਐਜੂਕੇਸ਼ਨ) ਅਤੇ ਪਿਛਲੇ ਸਾਲ ਮੋਦੀ ਸਰਕਾਰ ਵੱਲੋਂ ਤਿਆਰ ਕੀਤੀ ਗਈ 'ਨਵੀਂ ਸਿੱਖਿਆ ਨੀਤੀ'। ਪਰ ਇਹਨਾਂ ਦੋਵੇਂ ਹੀ ਨੀਤੀਆਂ ਵਿੱਚ ਸਿੱਖਿਆ ਢਾਂਚੇ ਦੀ ਸੱਭ ਤੋਂ ਵੱਧ ਬੁਨਿਆਦੀ ਸਮੱਸਿਆ ਨੂੰ ਲੈ ਕੇ ਕੋਈ ਵੀ ਹੱਲ ਜਾਂ ਸੁਝਾਅ ਨਹੀਂ ਪੇਸ਼ ਕੀਤਾ ਗਿਆ। ਅੱਜ ਭਾਰਤ ਵਿੱਚ ਸਿੱਖਿਆ ਢਾਂਚੇ ਦੀ ਬੁਨਿਆਦੀ ਸਮੱਸਿਆ ਇਸ ਦੀ 'ਦੂਹਰੀ ਪ੍ਰਣਾਲੀ' ਹੈ ਜੋ ਕਿ ਸਿੱਖਿਆ ਦੇ ਖੇਤਰ ਵਿੱਚ ਲਗਾਤਾਰ ਹੋ ਰਹੇ ਨਿੱਜੀਕਰਨ ਦਾ ਹੀ ਨਤੀਜਾ ਹੈ। ਅੱਜ ਇੱਕ ਪਾਸੇ ਜਨਤਕ ਸਕੂਲ ਜਿੱਥੇ ਖੰਡਰਾ ਵਿੱਚ ਤਬਦੀਲ ਹੋ ਰਹੇ ਹਨ ਉੱਥੇ ਹੀ ਸਿੱਖਿਆ ਦੇ ਨਾਂਅ 'ਤੇ ਮੁਨਾਫੇ ਕਮਾਉਣ ਵਾਲੀਆਂ ਦੁਕਾਨਾਂ ਸਿਰ ਦੇ ਵਾਲਾਂ ਵਾਂਗ ਉੱਘ ਰਹੀਆਂ ਹਨ। ਜਿੱਥੋਂ ਤੱਕ ਸਿੱਖਿਆ ਦੇ ਜਨਤਕ ਖੇਤਰ ਦਾ ਸਵਾਲ ਹੈ ਤਾਂ ਉਸਦੀ ਤਸਵੀਰ ਕੁੱਝ ਇਸ ਤਰ੍ਹਾਂ ਹੈ ਕਿ ਬੱਚਿਆਂ ਕੋਲ ਬੈਠਣ ਲਈ ਬੈਂਚ ਨਹੀਂ ਹਨ, ਉਹ ਗਰਮੀ ਜਾਂ ਠੰਡ ਵਿੱਚ ਜ਼ਮੀਨ 'ਤੇ ਹੀ ਬੈਠਣ ਨੂੰ ਮਜ਼ਬੂਰ ਹਨ, ਪੀਣ ਲਈ ਪਾਣੀ ਦੀ ਕੋਈ ਸਹੂਲਤ ਨਹੀਂ ਹੈ, ਸਕੂਲਾਂ ਦੇ ਕਮਰੇ ਖੰਡਰ ਬਣ ਚੁੱਕੇ ਹਨ ਅਤੇ ਬੱਚਿਆਂ ਨੂੰ ਘੰਟਿਆਂ ਬੱਧੀ ਬਾਹਰ ਰੁੱਖਾਂ ਹੇਠਾਂ ਬੈਠ ਕੇ ਪੜ੍ਹਨਾ ਪੈਂਦਾ ਹੈ, ਸਕੂਲ ਵਿੱਚ ਬਾਥਰੂਮ ਨਹੀਂ ਹਨ, ਬਹੁਤੇ ਸਕੂਲਾਂ ਵਿੱਚ ਜਾਂ ਤਾਂ ਸਿਰਫ ਇੱਕ ਅਧਿਆਪਕ ਹੈ ਜਾਂ ਫਿਰ ਕੋਈ ਵੀ ਅਧਿਆਪਕ ਨਹੀਂ ਹੈ, ਸਰਕਾਰੀ ਸਕੂਲਾਂ ਵਿੱਚ ਨਵੇਂ ਅਧਿਆਪਕਾਂ ਦੀ ਭਰਤੀ ਬੰਦ ਹੈ ਅਤੇ ਪੁਰਾਣੇ ਅਧਿਆਪਕਾਂ ਨੂੰ ਉਹ ਵਿਸ਼ੇ ਵੀ ਪੜ੍ਹਾਉਣੇ ਪੈ ਰਹੇ ਹਨ ਜਿੰਨ੍ਹਾਂ ਬਾਰੇ ਉਹਨਾਂ ਨੂੰ ਕੁੱਝ ਵੀ ਨਹੀਂ ਪਤਾ ਜਿਸ ਨਾਲ ਕਿ ਸਿੱਖਿਆ ਦਾ ਪੱਧਰ ਲਗਾਤਾਰ ਡਿੱਗ ਰਿਹਾ ਹੈ, ਸਕੂਲਾਂ ਦੀ ਇਮਾਰਤ ਗੰਦਗੀ ਦੇ ਢੇਰ ਵਿੱਚ ਤਬਦੀਲ ਹੋ ਚੁੱਕੀ ਹੈ। ਇਹ ਤਸਵੀਰ ਦੇਖਣ ਤੋਂ ਬਾਅਦ ਇਹ ਕਹਿਣਾ ਵਧੀਕੀ ਨਹੀਂ ਹੋਵੇਗੀ ਕਿ ਇਹ ਸਰਕਾਰੀ ਸਕੂਲ ਕੈਦਖਾਨਿਆਂ ਤੋਂ ਵੀ ਮਾੜੀ ਹਾਲਤ ਵਿੱਚ ਹਨ। ਇਹ ਹੈ ਉਹ ਤੋਹਫ਼ਾ ਜੋ ਕਿਸੇ ਜਮਹੂਰੀ ਦੇਸ਼ ਦੀ ਸਰਕਾਰ ਉੱਥੋਂ ਦੇ ਕਿਰਤੀ ਲੋਕਾਂ ਨੂੰ ਦਿੰਦੀ ਹੈ ਕਿ ਉਹਨਾਂ ਦੇ ਬੱਚੇ ਕੈਦੀਆਂ ਜਿਹੀ ਹਾਲਤ ਵਿੱਚ ਸਕੂਲਾਂ ਵਿੱਚ ਪੜ੍ਹਾਈ ਕਰਨ। ਸਰਕਾਰ ਵੱਲੋਂ ਸਿੱਖਿਆ ਨੂੰ ਲੈ ਕੇ ਬਣਾਈਆਂ ਗਈਆਂ ਨਵੀਂਆਂ ਨੀਤੀਆਂ ਵੀ ਇਸ ਵਿੱਚ ਕਿਸੇ ਕਿਸਮ ਦੇ ਸੁਧਾਰ ਦੀ ਥਾਂ ਸਿੱਖਿਆ ਨੂੰ ਲਗਾਤਾਰ ਨਿੱਜੀਕਰਨ ਵੱਲ ਹੀ ਧੱਕ ਰਹੀਆਂ ਹਨ। 'ਹਿੰਦੁਸਤਾਨ ਟਾਈਮਸ' ਦੀ ਰਿਪੋਰਟ ਮੁਤਾਬਕ 2010-11 ਤੇ 2015-16 ਦੇ ਸੈਸ਼ਨ ਵਿਚਕਾਰ ਜਿੱਥੇ ਜਨਤਕ ਸਕੂਲਾਂ ਵਿੱਚੋਂ 13 ਲੱਖ ਬੱਚੇ ਘਟੇ ਹਨ ਉੱਥੇ ਹੀ ਨਿੱਜੀ ਖੇਤਰ ਵਿੱਚ 1 ਕਰੋੜ 75 ਲੱਖ ਬੱਚੇ ਵਧੇ ਹਨ। 2009 ਦੇ ਸਿੱਖਿਆ ਦੇ ਹੱਕ ਦੇ ਕਾਨੂੰਨ ਮੁਤਾਬਕ 14 ਸਾਲਾਂ ਜਾਂ ਇਸ ਤੋਂ ਘੱਟ ਉਮਰ ਦੇ ਹਰ ਬੱਚੇ ਨੂੰ ਮੁਫ਼ਤ ਸਿੱਖਿਆ ਜ਼ਰੂਰੀ ਹੈ ਪਰ ਹਾਲੇ ਤੱਕ ਸਰਕਾਰ ਵੱਲੋਂ ਇਸ ਦਿਸ਼ਾ ਵਿੱਚ ਇੱਕ ਵੀ ਕਦਮ ਨਹੀਂ ਪੁੱਟਿਆ ਗਿਆ। ਭਾਰਤ ਇੱਕ ਅਜਿਹਾ ਦੇਸ਼ ਹੈ ਜਿਸ ਦੀ ਲਗਭਗ 1 ਕਰੋੜ 3 ਲੱਖ ਵਸੋਂ 20 ਰੁਪਏ ਰੁਜ਼ਾਨਾ 'ਤੇ ਗੁਜ਼ਾਰਾ ਕਰਦੀ ਹੈ। ਇਸ ਵਸੋਂ ਲਈ ਸਿੱਖਿਆ ਤਾਂ ਦੂਰ ਦੀ ਗੱਲ ਹੈ ਦੋ ਵਕਤ ਲਈ ਆਪਣਾ ਢਿੱਡ ਭਰ ਸਕਣਾ ਬਹੁਤ ਵੱਡੀ ਚੁਣੌਤੀ ਰਹਿੰਦੀ ਹੈ। ਭਾਰਤ ਦੀ ਇਹ ਵਸੋਂ ਆਪਣੇ ਬੱਚਿਆਂ ਨੂੰ ਪੜ੍ਹਾਉਣ ਦੀ ਥਾਂ ਉਹਨਾਂ ਨੂੰ 8 ਜਾਂ 9 ਸਾਲ ਦੀ ਉਮਰ ਵਿੱਚ ਹੀ ਰੋਜ਼ੀ ਕਮਾਉਣ ਦੇ ਔਕੜਾਂ ਭਰੇ ਰਾਹ 'ਤੇ ਪਾ ਦਿੰਦੀ ਹੈ। ਜਨਤਕ ਖੇਤਰ ਦੇ ਸਕੂਲ ਇਸ ਸਮੇਂ ਇੱਕ ਹੋਰ ਗੰਭੀਰ ਸਮੱਸਿਆ ਨਾਲ ਜੂਝ ਰਹੇ ਹਨ ਅਤੇ ਉਹ ਹੈ ਸਮੇਂ ਦੇ ਨਾਲ਼ ਸਕੂਲਾਂ ਨੂੰ ਅਪਗ੍ਰੇਡ ਕਰਨ ਦੀ ਸਮੱਸਿਆ। ਨਿੱਜੀ ਖੇਤਰ ਦੇ ਸਕੂਲ ਬੱਚਿਆਂ ਤੋਂ ਭਾਰੀ ਫ਼ੀਸਾਂ ਵਸੂਲ ਕਰਕੇ ਉਹਨਾਂ ਨੂੰ ਲਾਈਬ੍ਰੇਰੀ, ਸਾਇੰਸ ਪ੍ਰਯੋਗਸ਼ਾਲਾ, ਕਿੱਤੇ ਨਾਲ ਸਬੰਧਤ ਜਾਣਕਾਰੀਆਂ, ਆਵਾਜਾਈ ਅਤੇ ਆਨ ਲਾਈਨ ਸਿੱਖਿਆ ਜਿਹੀਆਂ ਸਹੂਲਤਾਂ ਮੁਹੱਈਆ ਕਰਵਾਉਂਦੇ ਹਨ ਜਿੰਨ੍ਹਾਂ ਦੀ ਬਦੌਲਤ ਨਿੱਜੀ ਸਿੱਖਿਆ ਖੇਤਰ ਦੇ ਬੱਚਿਆਂ ਦਾ ਪੱਧਰ ਆਮ ਤੌਰ 'ਤੇ ਜਨਤਕ ਸਿੱਖਿਆ ਖੇਤਰ ਦੇ ਬੱਚਿਆਂ ਨਾਲੋਂ ਉੱਚਾ ਹੁੰਦਾ ਹੈ। ਦੂਜੇ ਪਾਸੇ ਜਿਹੜੇ ਬੱਚੇ ਜਨਤਕ ਸਿੱਖਿਆ ਖੇਤਰ ਦੇ ਹਨੇਰ ਭਰੇ ਖੰਡਰਾਂ ਵਿੱਚੋਂ ਨਿੱਕਲਕੇ ਉੱਚ ਸਿੱਖਿਆ ਲੈਣ ਤੱਕ ਪਹੁੰਚ ਵੀ ਜਾਂਦੇ ਹਨ ਤਾਂ ਉਹਨਾਂ ਲਈ ਨਿੱਜੀ ਸਕੂਲਾਂ ਵਿੱਚੋਂ ਪੜ੍ਹ ਕੇ ਆਏ ਬੱਚਿਆਂ ਨਾਲ਼ ਮੁਕਾਬਲਾ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ ਅਤੇ ਵੱਧ ਤੋਂ ਵੱਧ ਨੰਬਰ ਹਾਸਲ ਕਰਨ ਦੀ ਪਾਗਲਾਂ ਭਰੀ ਦੌੜ ਵਿੱਚ ਉਹਨਾਂ ਲਈ ਅੱਗੇ ਲੰਘ ਜਾਣ ਦੇ ਮੌਕੇ ਬਹੁਤ ਥੋੜੇ ਹੀ ਹੁੰਦੇ ਹਨ। ਸਿੱਖਿਆ ਖੇਤਰ ਦੀ ਲਗਾਤਾਰ ਨਿੱਘਰ ਰਹੀ ਹਾਲਤ ਨੂੰ ਕੁੱਝ ਲੋਕ ਸਰਕਾਰ ਦੀ ਅਸਫਲਤਾ ਮੰਨਦੇ ਹਨ, ਕੁੱਝ ਲੋਕ ਸਰਕਾਰ ਵੱਲੋਂ ਬਣਾਈਆਂ ਗਈਆਂ ਨੀਤੀਆਂ ਨੂੰ ਸਹੀ ਢੰਗ ਨਾਲ਼ ਲਾਗੂ ਕਰਨ ਦੀ ਵਕਾਲਤ ਕਰਦੇ ਹਨ। ਪਰ ਅੱਜ ਜਦੋਂ ਦੇਸ਼ ਵਿੱਚ ਵੱਡੇ-ਵੱਡੇ ਬੈਂਕ ਘੁਟਾਲੇ ਹੋ ਰਹੇ ਹਨ, ਸਰਮਾਏਦਾਰਾਂ ਦੇ ਕਰੋੜਾਂ-ਅਰਬਾਂ ਦੇ ਕਰਜ਼ੇ ਮੁਆਫ਼ ਕੀਤੇ ਜਾ ਰਹੇ ਹਨ, ਸਰਕਾਰ ਦੇਸ਼ ਦੀ ਸੁਰੱਖਿਆ ਦੇ ਨਾਂਅ 'ਤੇ ਆਪਣੇ ਹਥਿਆਰਾਂ ਦੇ ਜ਼ਖੀਰੇ ਨੂੰ ਵੱਡਾ ਕਰਨ ਲਈ ਕਿਰਤੀ ਲੋਕਾਂ ਦੇ ਪੈਸੇ ਅਨ੍ਹੇਵਾਹ ਪਾਣੀ ਵਾਂਗ ਬਹਾ ਰਹੀ ਹੈ ਤਾਂ ਇਹ ਮੋਦੀ ਸਰਕਾਰ ਦੀ ਨੀਅਤ 'ਤੇ ਵੀ ਸਵਾਲ ਉੱਠਦਾ ਹੈ ਕਿ ਉਹ ਲੋਕਾਂ ਲਈ ਕੁੱਝ ਕਰਨਾ ਵੀ ਚਾਹੁੰਦੀ ਹੈ ਜਾਂ ਉਹ ਸਿਰਫ਼ ਅੰਬਾਨੀ ਜਿਹੇ ਸਰਮਾਏਦਾਰਾਂ ਦੀਆਂ ਜੁੱਤੀਆਂ ਚੱਟਣ ਲਈ ਹੀ ਸੱਤ੍ਹਾ ਵਿੱਚ ਆਈ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਸੀ.ਬੀ.ਆਈ ਦਾ ਪੂਰਾ ਮਸਲਾ-ਭੱਦੇ ਰੂਪ ਵਿੱਚ ਨਿੱਘਰਦੇ ਢਾਂਚੇ ਦੀ ਤਾਜ਼ਾ ਮਿਸਾਲ





ਪਿਛਲੇ ਦੋ ਦਿਨਾਂ ਵਿੱਚ ਮੁਲਕ ਦੇ ਸਿਆਸੀ ਚੌਤਰੇ 'ਤੇ ਜੋ ਘਟਨਾਕ੍ਰਮ ਵਾਪਰ ਰਿਹਾ ਹੈ ਉਹ ਕਿਸੇ ਫ਼ਿਲਮੀ ਕਹਾਣੀ ਨਾਲੋਂ ਘੱਟ ਨਹੀਂ ਹੈ ? ਸਿਆਸਤ ਵਿੱਚ ਦਿਲਚਸਪੀ ਲੈਣ ਵਾਲੇ ਅਤੇ ਇਸ ਨੂੰ ਸਮਝਣ ਵਾਲੇ ਵਿਅਕਤੀ ਤਾਂ ਇਹ ਜਾਣਦੇ ਹੀ ਸਨ ਕਿ ਸਭ ਅਦਾਲਤਾਂ, ਪੁਲਸ, ਅਫ਼ਸਰਸ਼ਾਹੀ, ਮੀਡੀਆ-ਇਹ ਸਭ ਇਸ ਮੌਜੂਦਾ ਲੁੱਟ ਦੇ ਢਾਂਚੇ ਨੂੰ ਕਾਇਮ ਰੱਖਣ ਲਈ ਹੀ ਕੰਮ ਕਰਦੇ ਹਨ ? ਪਰ ਮੋਦੀ ਦੌਰ ਵਿੱਚ ਇਹ ਸਭ ਕੁੱਝ ਜਿੰਨੇ ਨੰਗੇ ਅਸ਼ਲੀਲ ਢੰਗ ਨਾਲ ਹੋ ਰਿਹਾ ਹੈ ਉਹ ਭਾਰਤ ਦੀ ਬੁਰਜੂਆ ਸਿਆਸਤ ਵਿੱਚ ਨਿਘਾਰ ਦੇ ਨਵੇਂ ਮੀਲ-ਪੱਥਰ ਕਾਇਮ ਕਰ ਰਿਹਾ ਹੈ ਅਤੇ ਆਮ ਜਨਤਾ ਸਾਹਮਣੇ ਇਹ ਗੱਲ ਉੱਭਰਵੇਂ ਰੂਪ ਵਿੱਚ ਨਸ਼ਰ ਹੋ ਰਹੀ ਹੈ ਕਿ ਸੁਪਰੀਮ ਕੋਰਟ ਤੋਂ ਲੈ ਕੇ ਸੀਬੀਆਈ ਤੱਕ ਸਾਰੇ ਅਦਾਰੇ (ਜਿਹਨਾਂ ਨੂੰ ਕਿ ਹਾਕਮ ਮੀਡੀਆ ਨਿਰਪੱਖ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ) ਹਾਕਮ ਸਰਕਾਰਾਂ ਦੀ ਜੇਬ ਵਿੱਚ ਹੁੰਦੇ ਹਨ?

ਪ੍ਰਧਾਨ ਮੰਤਰੀ ਦਫ਼ਤਰ ਦੀ ਦੇਖ-ਰੇਖ ਵਿੱਚ ਸੀਬੀਆਈ ਦੇ ਨਿਰਦੇਸ਼ਕ ਅਲੋਕ ਵਰਮਾ ਅਤੇ ਖ਼ਾਸ ਨਿਰਦੇਸ਼ਕ ਰਾਕੇਸ਼ ਅਸਥਾਨਾ ਨੂੰ ਛੁੱਟੀ 'ਤੇ ਭੇਜਦਿਆਂ (ਭਾਵੇਂ ਹੁਣ ਕਹਿਣ ਨੂੰ ਵਾਪਸ ਬੁਲਾ ਲਏ ਗਏ ਹਨ) ਉਹਨਾਂ ਕੋਲੋਂ ਅਖ਼ਤਿਆਰ ਖੋਹ ਲਏ ਗਏ ਹਨ ਅਤੇ ਮੋਦੀ ਦੇ ਕਰੀਬੀ ਉੜੀਸਾ ਕਾਡਰ ਦੇ ਨਾਗੇਸ਼ਵਰ ਰਾਓ ਨੂੰ ਆਰਜ਼ੀ ਤੌਰ 'ਤੇ ਨਿਰਦੇਸ਼ਕ ਲਾਇਆ ਗਿਆ ਹੈ ? ਇਹ ਸਭ ਮੋਦੀ ਸਰਕਾਰ ਵੱਲੋਂ ਸਭ ਨਿਯਮਾਂ-ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਸ਼ਰੇਆਮ ਕੀਤਾ ਗਿਆ ਹੈ ਕਿਉਂਕਿ ਨਿਯਮ ਮੁਤਾਬਕ ਸੀਬੀਆਈ ਦੇ ਨਿਰਦੇਸ਼ਕ ਨੂੰ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦੇ ਆਗੂ ਅਤੇ ਮੁੱਖ ਜੱਜ ਦੀ ਮਨਜ਼ੂਰੀ ਤੋਂ ਬਿਨਾਂ ਨਹੀਂ ਹਟਾਇਆ ਜਾ ਸਕਦਾ ਪਰ ਜਦੋਂ ਅਦਾਲਤਾਂ ਜੇਬ ਵਿੱਚ ਹੋਣ ਤਾਂ ਨਿਯਮਾਂ ਨੂੰ ਕੌਣ ਪੁੱਛਦਾ ਹੈ ? ਮੀਡੀਆ ਵਿੱਚ ਇਸ ਨੂੰ ਦੋ ਨਿਰਦੇਸ਼ਕਾਂ ਦੀ ਆਪਸੀ ਖ਼ਾਨਾ-ਜੰਗੀ ਦਾ ਨਾਮ ਦਿੱਤਾ ਜਾ ਰਿਹਾ ਹੈ ਪਰ ਅਸਲ ਵਿੱਚ ਇਸ ਮਾਮਲੇ ਦੇ ਪਿੱਛੇ ਦੀ ਕਹਾਣੀ ਇਸ ਤੋਂ ਕਿਤੇ ਵੱਡੀ ਹੈ।

1984 ਦਾ ਗੁਜਰਾਤ ਕਾਡਰ ਦਾ ਅਧਿਕਾਰੀ ਅਸਥਾਨਾ ਮੋਦੀ ਦੇ ਬਹੁਤ ਨੇੜੇ ਹੈ ਅਤੇ 2002 ਦੀ ਗੋਧਰਾ ਜਾਂਚ ਕਮੇਟੀ ਵਿੱਚ ਵੀ ਰਿਹਾ ਹੈ ? ਭ੍ਰਿਸ਼ਟਾਚਾਰ, ਧੋਖਾਧੜੀ, ਧਮਕਾਉਣ ਜਿਹੇ ਦੋਸ਼ਾਂ ਦੇ ਬਾਵਜੂਦ ਵੀ ਉਸ ਨੂੰ ਮੋਦੀ ਦੀ ਦੇਖ-ਰੇਖ ਵਿੱਚ ਸੀਬੀਆਈ ਦਾ ਨੰਬਰ ਦੋ (ਖ਼ਾਸ ਨਿਰਦੇਸ਼ਕ) ਬਣਾਇਆ ਗਿਆ। ਦੂਜੇ ਪਾਸੇ ਅਲੋਕ ਵਰਮਾ ਦਿੱਲੀ ਕਾਡਰ ਦਾ ਹੈ, ਉਹ ਵੀ ਮੋਦੀ ਦੇ ਕਰੀਬ ਰਿਹਾ ਹੈ ਪਰ ਓਨਾ ਨਹੀਂ ਜਿੰਨਾ ਕਿ ਅਸਥਾਨਾ। ਅਸਥਾਨਾ ਦੀ ਨਿਯੁਕਤੀ 'ਤੇ ਪ੍ਰਸ਼ਾਂਤ ਭੂਸ਼ਣ ਵਰਗਿਆਂ ਤੋਂ ਲੈ ਕੇ ਅਲੋਕ ਵਰਮੇ ਨੇ ਇਤਰਾਜ਼ ਦਰਜ ਕਰਾਏ ਸਨ। ਅਸਥਾਨਾ ਉੱਪਰ ਗੁਜਰਾਤ ਦੀ ਸਟਰਲਿੰਗ ਕੰਪਨੀ ਦੇ ਮਾਲਕ ਨੂੰ ਬਚਾਉਣ ਦਾ ਵੀ ਦੋਸ਼ ਹੈ ਜਿਹੜਾ ਕਿ 5000 ਕਰੋੜ ਰੁਪਏ ਖਾ ਕੇ ਫ਼ਰਾਰ ਹੈ। ਪਰ ਇਹ ਸਭ ਦੋਸ਼ ਨਜ਼ਰਅੰਦਾਜ਼ ਕਰਦਿਆਂ ਉਸ ਨੂੰ ਖ਼ਾਸ ਨਿਰਦੇਸ਼ਕ ਲਾਇਆ ਗਿਆ। ਇਸ ਮਾਮਲੇ ਦੇ ਨਾਲ ਹੀ ਮੋਈਨ ਕੁਰੈਸ਼ੀ ਦਾ ਪੁਰਾਣਾ ਮਾਮਲਾ ਵੀ ਚਰਚਾ ਵਿੱਚ ਆ ਗਿਆ ਹੈ। ਮੋਈਨ ਕੁਰੈਸ਼ੀ ਯੂ.ਪੀ ਦਾ ਮੀਟ ਵਪਾਰੀ ਸੀ ਜਿਸ ਨੇ ਹੌਲੀ-ਹੌਲੀ ਵਪਾਰ ਵਧਾਉਂਦਿਆਂ ਆਪਣੇ ਸੰਪਰਕ ਵਧਾਏ ਅਤੇ ਬਾਅਦ ਵਿੱਚ ਉਹ ਉੱਪਰ ਚੋਟੀ ਦੇ ਅਧਿਕਾਰੀਆਂ ਦਾ ਦੋ-ਨੰਬਰੀ ਦਾ ਪੈਸਾ ਨਿਵੇਸ਼ ਕਰਕੇ ਜਾਇਜ਼ ਬਣਾਉਣ ਦਾ ਕੰਮ ਕਰਨ ਲੱਗਾ। ਸੀਬੀਆਈ ਖ਼ਾਸ ਨਿਰਦੇਸ਼ਕ ਅਸਥਾਨਾ ਵੀ ਦੁਬਈ ਦੇ ਦੋ ਵਿਚੋਲਿਆਂ ਰਾਹੀਂ ਇਹ ਰਕਮ ਕਾਨੂੰਨੀ ਬਣਵਾਉਂਦਾ ਰਿਹਾ ਸੀ। ਤਾਜ਼ਾ ਮਾਮਲੇ ਵਿੱਚ ਅਸਥਾਨਾ ਉੱਪਰ ਪੰਜ ਕਰੋੜ ਫਿਰੌਤੀ ਮੰਗਣ ਦਾ ਦੋਸ਼ ਉਸ ਵਿਅਕਤੀ ਵੱਲੋਂ ਲਾਇਆ ਗਿਆ ਜਿਸ ਨੂੰ ਅਸਥਾਨਾ ਦੀ ਹੀ ਅਗਵਾਈ ਵਾਲੀ ਸੀਬੀਆਈ ਟੀਮ ਵੱਲੋਂ ਫੜ੍ਹਿਆ ਗਿਆ ਹੈ। ਫੜੇ ਗਏ ਹੈਦਰਾਬਾਦ ਦੇ ਸਨਾ ਸਤੀਸ਼ ਨਾਂ ਦੇ ਵਿਅਕਤੀ ਨੇ ਅਸਥਾਨਾ ਦਾ ਨਾਮ ਆਪਣੇ ਬਿਆਨਾਂ ਵਿੱਚ ਜਾਰੀ ਕਰ ਦਿੱਤਾ ਹੈ। ਉਸ ਨੇ ਇਹ ਦੋਸ਼ ਲਾਇਆ ਹੈ ਕਿ 3 ਕਰੋੜ ਦੇਣ ਤੋਂ ਮਗਰੋਂ ਵੀ ਅਸਥਾਨਾ ਵੱਲੋਂ ਉਸ ਉੱਪਰ ਸੀਬੀਆਈ ਕਾਰਵਾਈ ਦੇ ਡਰਾਵੇ ਦਿੱਤੇ ਜਾ ਰਹੇ ਸਨ ਅਤੇ ਬਚਦਾ 2 ਕਰੋੜ ਦੇਣ ਨੂੰ ਕਿਹਾ ਜਾਂਦਾ ਸੀ। ਆਵਦੇ-ਆਪ ਨੂੰ ਫਸਦਾ ਦੇਖ ਅਸਥਾਨਾ ਨੇ ਅਲੋਕ ਵਰਮਾ ਉੱਪਰ ਦੋਸ਼ ਸੁੱਟ ਦਿੱਤਾ ਕਿ ਅਲੋਕ ਵਰਮਾ ਇਸ ਮਾਮਲੇ ਦੀ ਜਾਂਚ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਉੱਪਰ ਸਰਕਾਰ ਨੇ ਕਾਰਵਾਈ ਕਰਦਿਆਂ ਦਿਖਾਵੇ ਲਈ ਦੋਹਾਂ ਨੂੰ ਹੀ ਗੱਦੀਓਂ ਲਾਹ ਦਿੱਤਾ ਹੈ ਪਰ ਅਸਲ ਵਿੱਚ ਅਸਥਾਨਾ ਨੂੰ ਬਚਾਉਣ ਲਈ ਭਾਰਤ ਸਰਕਾਰ ਅਤੇ ਭਾਜਪਾ ਦਾ ਸੋਸ਼ਲ ਮੀਡੀਆ ਸੈੱਲ ਪੂਰਾ ਸਰਗਰਮ ਹੋ ਗਿਆ ਹੈ। ਸੋਸ਼ਲ ਮੀਡੀਆ ਉੱਪਰ ਅਲੋਕ ਵਰਮਾ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਦਕਿ ਅਸਥਾਨਾ ਦਾ ਨਾਂ ਹੀ ਸਾਫ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੰਗਲਵਾਰ ਰਾਤ ਨੂੰ ਪਹਿਲਾਂ ਕਨਸੋਆਂ ਅਸਥਾਨੇ ਨੂੰ ਲਾਹੁਣ ਦੀਆਂ ਸਨ ਪਰ ਰਾਤ ਦੋ ਵਜੇ ਸੀਬੀਆਈ ਦਫ਼ਤਰ ਉੱਪਰ ਪ੍ਰਧਾਨ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਵੱਲੋਂ ਦਫ਼ਤਰ ਸੀਲ ਕਰਕੇ ਦੋਹਾਂ ਨੂੰ ਲਾਹੁਣ ਦੀ ਕਾਰਵਾਈ ਕੀਤੀ ਗਈ। ਦੱਸਿਆ ਜਾ ਰਿਹਾ ਹੈ ਕਿ ਵੱਖ-ਵੱਖ ਕੇਸਾਂ ਦੀ ਜਾਂਚ ਕਰਦਿਆਂ ਅਲੋਕ ਵਰਮੇ ਹੇਠਲੀਆਂ ਟੀਮਾਂ ਕੋਲ ਅਜਿਹੇ ਕਈ ਸਿਖ਼ਰਲੇ ਅਧਿਕਾਰੀਆਂ ਦੀਆਂ ਫੋਨ ਟੇਪਾਂ ਹਨ ਜੋ ਕਿ ਮੋਦੀ ਦੇ ਕਰੀਬੀ ਹਨ ਅਤੇ ਉਹ ਨਸ਼ਰ ਹੋਣ ਨਾਲ ਭਾਜਪਾ ਅਤੇ ਮੋਦੀ ਬੁਰੀ ਤਰਾਂ ਫਸ ਸਕਦੇ ਹਨ ? ਇਸ ਲਈ ਸਰਕਾਰ ਵੱਲੋਂ ਪੂਰਾ ਦਫ਼ਤਰ ਸੀਲ ਕਰਕੇ ਉੜੀਸਾ ਕਾਡਰ ਦੇ ਨਾਗੇਸ਼ਵਰ ਰਾਓ ਨੂੰ ਆਰਜ਼ੀ ਨਿਰਦੇਸ਼ਕ ਲਾ ਦਿੱਤਾ ਗਿਆ ਹੈ ਜਿਸ ਨੇ ਆਉਂਦਿਆਂ ਹੀ ਵੱਖ-ਵੱਖ ਵੱਡੇ ਘਪਲਿਆਂ ਦੇ ਕੇਸਾਂ ਦੀ ਜਾਂਚ ਕਰ ਰਹੇ 13 ਤੋਂ ਵੱਧ ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਹਨ।

2014 ਵਿੱਚ ਸੀਬੀਆਈ ਦੀ ਨਿਰਪੱਖਤਾ ਦਾ ਰੌਲਾ ਮੋਦੀ ਵੱਲੋਂ ਬਹੁਤ ਪਾਇਆ ਗਿਆ ਸੀ ਅਤੇ ਕਾਂਗਰਸ ਉੱਪਰ ਇਸ ਵਿੱਚ ਦਖਲ ਦੇਣ ਦੇ ਇਲਜ਼ਾਮ ਲਾਏ ਗਏ ਸਨ। ਨਾਲ ਹੀ ਆਪਣੀ ਸਰਕਾਰ ਆਉਣ 'ਤੇ ਭ੍ਰਿਸ਼ਟਾਚਾਰ ਦੇ ਕੇਸਾਂ ਦੇ ਦੋਸ਼ੀਆਂ ਵਿਰੁੱਧ ਕਾਰਵਾਈਆਂ ਕਰਨ, ਸੀਬੀਆਈ ਜਾਂਚਾਂ ਬਿਠਾਉਣ ਦੇ ਐਲਾਨ ਕੀਤੇ ਗਏ ਸਨ। ਪਰ ਸਰਕਾਰ ਬਣਨ ਤੋਂ ਮਗਰੋਂ ਵੀ 2 ਜੀ, ਕੋਲਾ ਘੋਟਾਲਾ ਆਦਿ ਮਾਮਲਿਆਂ ਵਿੱਚ ਭਾਜਪਾ ਵੱਲੋਂ ਕੁੱਝ ਵੀ ਨਹੀਂ ਕੀਤਾ ਗਿਆ ਸਗੋਂ ਜਿੱਥੇ-ਜਿੱਥੇ ਵੀ ਭਾਜਪਾ ਨੇ ਦਖਲ ਦਿੱਤਾ ਹੈ ਉਹ ਭ੍ਰਿਸ਼ਟਾਚਾਰੀਆਂ ਨੂੰ ਬਚਾਉਣ ਵਾਸਤੇ ਹੀ ਦਿੱਤਾ ਹੈ ਜਿਵੇਂ ਕਿ ਏਮਜ਼ ਹਸਪਤਾਲ ਦੇ ਘੁਟਾਲਿਆਂ ਵਿੱਚ ਜੇ.ਪੀ.ਨੱਡਾ ਨੂੰ ਬਚਾਉਣ ਲਈ ਸੰਜੀਵ ਚਤੁਰਵੇਦੀ ਖਿਲਾਫ਼ ਕਾਰਵਾਈ ਕਰਨਾ, ਹਰਿਆਣੇ ਵਿੱਚ ਖੇਮਕਾ ਦੀਆਂ ਵਾਰ-ਵਾਰ ਬਦਲੀਆਂ ਕਰਵਾਉਣਾ ਅਤੇ ਹੁਣ ਰਾਫ਼ੇਲ ਘੋਟਾਲੇ ਦੇ ਮਾਮਲੇ ਵਿੱਚ। ਇਸ ਕੇਸ ਮਗਰੋਂ ਭਾਰਤੀ ਲੋਕਾਂ ਦਾ ਖਰਬਾਂ ਰੁਪਿਆ ਖਾ ਕੇ ਭੱਜਣ ਵਾਲੇ ਵਿਜੇ ਮਾਲਿਆ, ਮਹਿਲ ਚੋਕਸੀ ਵਰਗਿਆਂ ਦੇ ਵਕੀਲਾਂ ਦਾ ਪੱਖ ਵੀ ਮਜਬੂਤ ਹੋਣ ਦੇ ਅਸਾਰ ਵਧ ਗਏ ਹਨ ਕਿਉਂਕਿ ਉਹਨਾਂ ਵੱਲੋਂ ਭਾਰਤੀ ਸਰਕਾਰ ਖਿਲਾਫ਼ ਕੌਮਾਂਤਰੀ ਅਦਾਲਤ ਵਿੱਚ ਇਹ ਮਾਮਲਾ ਬਣਾਇਆ ਜਾ ਰਿਹਾ ਹੈ ਕਿ ਚੋਟੀ ਦੀ ਭਾਰਤੀ ਜਾਂਚ ਏਜੰਸੀ ਸੀਬੀਆਈ ਵੀ ਸਰਕਾਰ ਦੀ ਕਠਪੁਤਲੀ ਹੈ।

ਦੇਖਿਆ ਜਾ ਸਕਦਾ ਹੈ ਕਿ ਜਿਵੇਂ-ਜਿਵੇਂ ਭਾਰਤ ਦੇ ਸਰਮਾਏਦਾਰਾ ਢਾਂਚੇ ਵਿੱਚ ਅਰਾਜਕਤਾ (ਰਿਕਾਰਡ ਤੋੜ ਬੇਰੁਜ਼ਗਾਰੀ, ਮਹਿੰਗਾਈ, ਤੇਲ ਕੀਮਤਾਂ ਦਾ ਵਾਧਾ, ਜੀ.ਐੱਸ.ਟੀ, ਨੋਟਬੰਦੀ, ਘਪਲੇਬਾਜ਼ੀ ਆਦਿ) ਫ਼ੈਲ ਰਹੀ ਹੈ ਉਸ ਦਾ ਹੀ ਪ੍ਰਗਟਾਅ ਹੁਣ ਇਸ ਦੀ ਸਿਆਸਤ ਵਿੱਚ ਵੀ ਹੋ ਰਿਹਾ ਹੈ ਅਤੇ ਇਸ ਦੀਆਂ ਨਿਰਪੱਖ ਕਹੀਆਂ ਜਾਂਦੀਆਂ ਸੰਸਥਾਵਾਂ (ਈ.ਡੀ, ਸੀਬੀਆਈ, ਸੁਪਰੀਮ ਕੋਰਟ, ਮੀਡੀਆ ਆਦਿ) ਐਨ ਨਗਨ ਰੂਪ ਵਿੱਚ ਸਾਡੇ ਸਾਹਮਣੇ ਸਰਕਾਰ ਦੀਆਂ ਕਠਪੁਤਲੀਆਂ ਬਣ ਕੇ ਨਜ਼ਰ ਆ ਰਹੀਆਂ ਹਨ।

# ਭਾਰਤ ’ਚ ਰੁਜ਼ਗਾਰ ਦੇ ਹਾਲਾਤ ਅਤੇ ਸਮਾਜਿਕ ਸੁਰੱਖਿਆ

**ਅਨੁਪਮਾ**

ਭਾਰਤ ਦੀਆਂ ਆਰਥਿਕ ਚਿੰਤਾਵਾਂ ਦਾ ਮੂੰਹ ਹੁਣ ‘ਰੁਜ਼ਗਾਰ ਰਹਿਤ’ ਵਾਧੇ ਤੋਂ ਤਬਦੀਲ ਹੋ ਕੇ ‘ਵਾਧਾ ਰਹਿਤ’ ਰੁਜ਼ਗਾਰ ਵੱਲ ਮੁੜ ਗਿਆ ਹੈ। ਇਸ ਗੱਲ ਦਾ ਸੰਕੇਤ ਪਿੱਛੇ ਜਿਹੇ ਅਜ਼ੀਮ ਪ੍ਰੇਮਜੀ ਯੂਨੀਵਰਸਿਟੀ ਦੇ ਸਥਾਈ ਰੁਜ਼ਗਾਰ ਕੇਂਦਰ ਦੁਆਰਾ ਭਾਰਤ ਵਿਚ ਰੁਜ਼ਗਾਰ ਦੇ ਹਾਲਾਤ ਬਾਰੇ ਜਾਰੀ ਕੀਤੀ ਰਿਪੋਰਟ ਵਿਚ ਮਿਲਿਆ ਹੈ। ਰਿਪੋਰਟ ਵਿਚ ਪਿਛਲੇ ਕੁਝ ਸਾਲਾਂ ਵਿਚ ਰੁਜ਼ਗਾਰ ਦੇ ਰੁਝਾਨਾਂ ਵਿਚ ਆਈਆਂ ਤਬਦੀਲੀਆਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਰੁਜ਼ਗਾਰ ਦੀ ਸਥਿਰਤਾ ਤੇ ਆਮ ਲੋਕਾਂ ਤੱਕ ਇਸ ਦੀ ਬਰਾਬਰ ਪਹੁੰਚ ਬਾਰੇ ਸ਼ੰਸੇ ਪ੍ਰਗਟ ਕੀਤੇ ਗਏ ਹਨ। ਅਸਲ ਵਿਚ ਦੇਸ਼ ਭਰ ਵਿਚ ਰੁਜ਼ਗਾਰ ਅਤੇ ਬੇਰੁਜ਼ਗਾਰੀ ਉੱਪਰ ਵਿਆਪਕ ਤੱਥ ਰਾਸ਼ਟਰੀ ਨਮੂਨਾ ਸਰਵੇਖਣ ਦੁਆਰਾ ਹਰ ਪੰਜ ਸਾਲ ਬਾਅਦ ਪ੍ਰਕਾਸ਼ਿਤ ਕੀਤੇ ਜਾਂਦੇ ਹਨ ਪਰ ਇਸ ਸੰਸਥਾ ਦੁਆਰਾ 2011-12 ਤੋਂ ਬਾਅਦ ਅੰਕੜੇ ਜਾਰੀ ਨਹੀਂ ਕੀਤੇ ਗਏ। ਇਸ ਖੱਪੇ ਨੂੰ ਪੂਰਨ ਲਈ ਅਸੀਂ ਦੇਸ਼ ਦੇ ਕਿਰਤ ਬਿਊਰੋ ਵੱਲੋਂ ਪ੍ਰਕਾਸ਼ਿਤ ‘ਰੁਜ਼ਗਾਰ ਅਤੇ ਬੇਰੁਜ਼ਗਾਰੀ’ ਦੇ ਸਰਵੇਖਣ ਉੱਪਰ ਨਿਰਭਰ ਕਰ ਸਕਦੇ ਹਾਂ ਜੋ 2015-16 ਤੱਕ ਭਾਰਤ ਦੇ ਰੁਜ਼ਗਾਰ ਹਾਲਾਤ ਬਾਰੇ ਦੱਸਦਾ ਹੈ।

ਇਸ ਸਰਵੇਖਣ ਅਨੁਸਾਰ, ਭਾਰਤ ਵਿਚ 2013 ਅਤੇ 2015 ਵਿਚਕਾਰ ਰੁਜ਼ਗਾਰ ਪ੍ਰਾਪਤ ਵਿਅਕਤੀਆਂ ਦੀ ਗਿਣਤੀ ਘਟੀ ਹੈ, ਭਾਵ ਇਸ ਸਮੇਂ ਦੌਰਾਨ ਓਨੇ ਨਵੇਂ ਮੌਕੇ ਪੈਦਾ ਨਹੀਂ ਹੋਏ ਜਿੰਨੇ ਘਟ ਗਏ। ਇਸ ਸਮੇਂ ਦੌਰਾਨ ਰੁਜ਼ਗਾਰ ਦੇ 70 ਲੱਖ ਮੌਕਿਆਂ ਵਿਚ ਕਮੀ ਆਈ ਅਤੇ ਕੁੱਲ ਕਿਰਤ ਸ਼ਕਤੀ ਘਟਣ ਦੇ ਬਾਵਜੂਦ, ਬੇਰੁਜ਼ਗਾਰੀ ਵਿਚ ਵਾਧਾ ਹੋਇਆ। ਰੁਜ਼ਗਾਰ ਦੇ ਇਨ੍ਹਾਂ ਅੰਕੜਿਆਂ ਵਿਚ 2016 ਦੀ ਨੋਟਬੰਦੀ ਅਤੇ 2017 ਦੇ ਜੀਐੱਸਟੀ ਦੀ ਮਾਰ ਸ਼ਾਮਿਲ ਨਹੀਂ ਹੈ। 2011-12 ਵਿਚ ਜਿੱਥੇ ਬੇਰੁਜ਼ਗਾਰੀ ਦੀ ਦਰ 3.8 ਫ਼ੀਸਦੀ ਸੀ, 2015-16 ਤੱਕ ਵਧ ਕੇ 5 ਫ਼ੀਸਦੀ ਹੋ ਗਈ। ਬੇਸ਼ੱਕ, ਇਸ ਸਮੇਂ ਵਿਚ ਕੌਮੀ ਉਤਪਾਦ ਵਿਚ ਵਾਧੇ ਦੀ ਦਰ 6.8 ਫ਼ੀਸਦੀ ਪ੍ਰਤੀ ਸਾਲ ਰਹੀ ਹੈ। ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਆਰਥਿਕ ਵਾਧੇ ਦੀ ਰੁਜ਼ਗਾਰ ਦੇਣ ਦੀ ਸਮਰੱਥਾ ਵਿਚ ਕਮੀ ਆਈ ਹੈ। ਜਿੱਥੇ 1985 ਤੋਂ ਪਹਿਲਾਂ ਉਤਪਾਦਨ ਵਿਚ ਇਕ ਫ਼ੀਸਦੀ ਵਾਧਾ ਰੁਜ਼ਗਾਰ ਵਿਚ ਅੱਧਾ ਫ਼ੀਸਦੀ ਵਾਧੇ ਦਾ ਕਾਰਨ ਬਣਦਾ ਸੀ, ਹੁਣ ਕੇਵਲ 0.08 ਫ਼ੀਸਦੀ ਰਹਿ ਗਿਆ ਹੈ। ਸਿੱਟੇ ਵਜੋਂ ਆਰਥਿਕ ਵਾਧਾ ਲੋੜੀਂਦੀ ਮਾਤਰਾ ਵਿਚ ਰੁਜ਼ਗਾਰ ਦੇਣ ਵਿਚ ਅਸਫਲ ਰਿਹਾ ਹੈ। ਬੇਰੁਜ਼ਗਾਰੀ ਦੀ ਇਸ ਉੱਚੀ ਦਰ ਦਾ ਸਭ ਤੋਂ ਵੱਧ ਸ਼ਿਕਾਰ ਸਾਡੀ ਨੌਜਵਾਨ ਪੀੜ੍ਹੀ ਹੈ, ਕਿਉਂਕਿ 15-25 ਸਾਲ ਦੀ ਉਮਰ ਵਰਗ ਵਿਚ ਤਕਰੀਬਨ 17 ਫ਼ੀਸਦੀ ਵਿਅਕਤੀ ਬੇਰੁਜ਼ਗਾਰ ਹਨ। ਬੇਰੁਜ਼ਗਾਰੀ ਦੀ ਇਹ ਦਰ ਗ੍ਰੈਜੂਏਟ ਤੇ ਪੋਸਟ-ਗ੍ਰੈਜੂਏਟ ਸਿੱਖਿਆ ਪ੍ਰਾਪਤ ਵਿਅਕਤੀਆਂ ਵਿਚ ਸਭ ਤੋਂ ਵਧੇਰੇ ਹੈ। ਇਸੇ ਕਾਰਨ ਦਰਜਾ ਚਾਰ ਜਾਂ ਹੋਰ ਨਿਮਨ ਯੋਗਤਾ ਵਾਲੀਆਂ ਨੌਕਰੀਆਂ ਵਾਸਤੇ ਦਰਖਾਸਤਾਂ ਵਿਚ ਵੱਡੀ ਗਿਣਤੀ ਉੱਚ ਵਿੱਦਿਆ ਵਾਲਿਆਂ ਦੀ ਹੁੰਦੀ ਹੈ। ਇਹ ਰੁਝਾਨ ਜਿੱਥੇ ਸਾਡੀ ਵਿੱਦਿਆ ਪ੍ਰਣਾਲੀ ਉੱਪਰ ਸੁਆਲ ਖੜ੍ਹੇ ਕਰਦੇ ਹਨ, ਉੱਥੇ ਪ੍ਰਾਈਵੇਟ ਅਤੇ ਗ਼ੈਰ-ਸਰਕਾਰੀ ਖੇਤਰਾਂ ਵਿਚ ਰੁਜ਼ਗਾਰ ਦੀ ਗੁਣਵੱਤਾ ਵਿਚ ਆ ਰਹੇ ਨਿਘਾਰ ਨੂੰ ਵੀ ਉਜਾਗਰ ਕਰਦੇ ਹਨ।



ਫ਼ਿਲਹਾਲ, ਕੁੱਲ ਕਿਰਤੀਆਂ ਵਿਚੋਂ ਕੇਵਲ 20 ਫ਼ੀਸਦੀ ਨੂੰ ਹੀ ਲਗਾਤਾਰ ਰੁਜ਼ਗਾਰ ਹਾਸਲ ਹੈ, 67 ਫ਼ੀਸਦੀ ਲੋਕਾਂ ਦੀ ਪ੍ਰਤੀ ਮਹੀਨਾ ਆਮਦਨ 10000 ਰੁਪਏ ਤੋਂ ਵੀ ਘੱਟ ਹੈ ਜਦ ਕਿ ਸੱਤਵੇਂ ਕੇਂਦਰੀ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਕਿਸੇ ਵੀ ਵਿਅਕਤੀ ਦੀ ਪ੍ਰਤੀ ਮਹੀਨਾ ਆਮਦਨ ਘੱਟੋ-ਘੱਟ 18000 ਰੁਪਏ ਜ਼ਰੂਰ ਹੋਣੀ ਚਾਹੀਦੀ ਹੈ। ਇੰਨੀ ਥੋੜ੍ਹੀ ਆਮਦਨ ਨਾਲ ਕੋਈ ਵੀ ਪਰਿਵਾਰ ਆਪਣੀਆਂ ਘੱਟੋ-ਘੱਟ ਜ਼ਰੂਰਤਾਂ ਪੂਰੀਆਂ ਕਰਨ ਦੇ ਸਮਰੱਥ ਨਹੀਂ ਹੁੰਦਾ। ਉੱਪਰੋਂ ਵਧਦੀ ਮਹਿੰਗਾਈ ਅਤੇ ਕੋਈ ਅਣਕਿਆਸੀ ਘਟਨਾ ਲੱਕ ਤੋੜ ਕੇ ਰੱਖ ਦਿੰਦੀ ਹੈ।

ਕੁਝ ਸਾਲਾਂ ਤੋਂ ਲੋਕ ਬੇਸ਼ੱਕ ਖੇਤੀ ਖੇਤਰ ਵਿਚੋਂ ਨਿਕਲ ਕੇ ਗ਼ੈਰ-ਖੇਤੀ ਖੇਤਰ ਵਿਚ ਰੁਜ਼ਗਾਰ ਪ੍ਰਾਪਤ ਕਰਨ ਲੱਗੇ ਹਨ ਅਤੇ ਸੇਵਾ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਵਧਣਾ ਚੰਗੇ ਰੁਝਾਨ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਪਰ ਜੇ ਇਸ ਪੱਖ ਨੂੰ ਥੋੜ੍ਹਾ ਘੋਖਿਆ ਜਾਵੇ ਤਾਂ ਇਹ ਦਾਅਵੇ ਖ਼ੋਖਲੇ ਸਾਬਿਤ ਹੁੰਦੇ ਹਨ। ਪਹਿਲੀ ਗੱਲ, ਅਰਥ ਵਿਵਸਥਾ ਵਿਚ ਢਾਂਚਾਗਤ ਤਬਦੀਲੀਆਂ ਦੌਰਾਨ ਕਿਸੇ ਵੀ ਸਮੇਂ ਗ਼ੈਰ-ਖੇਤੀ ਖੇਤਰ ਵਿਚ ਰੁਜ਼ਗਾਰ ਦੇ ਨਵੇਂ ਮੌਕੇ ਘੱਟੋ-ਘੱਟ ਇੰਨੇ ਕੁ ਜ਼ਰੂਰ ਪੈਦਾ ਹੋਣੇ ਚਾਹੀਦੇ ਹਨ ਜਿਸ ਨਾਲ ਨਾ ਕੇਵਲ ਕਿਰਤ ਮੰਡੀ ਵਿਚ ਸ਼ਾਮਲ ਹੋਣ ਵਾਲੇ ਨਵੇਂ ਵਿਅਕਤੀਆਂ ਨੂੰ ਰੁਜ਼ਗਾਰ ਹਾਸਲ ਹੋਵੇ ਬਲਕਿ ਖੇਤੀ ਖੇਤਰ ਵਿਚੋਂ ਨਿਕਲ ਕੇ ਆਏ ਵਿਅਕਤੀਆਂ ਦੀ ਵੀ ਖ਼ਪਤ ਹੋ ਜਾਵੇ। ਭਾਰਤ ਦਾ ਗ਼ੈਰ-ਖੇਤੀ ਖੇਤਰ ਰੁਜ਼ਗਾਰ ਦੇ ਇੰਨੇ ਮੌਕੇ ਦੇਣ ਵਿਚ ਅਸਫ਼ਲ ਰਿਹਾ ਹੈ। ਦੂਜੀ ਗੱਲ, ਗ਼ੈਰ-ਖੇਤੀ ਖੇਤਰ ਵਿਚ ਪੈਦਾ ਹੋਣ ਵਾਲੇ ਵਧੇਰੇ ਮੌਕੇ ਨਿਰਮਾਣ ਖੇਤਰ ਵਿਚ ਨਹੀਂ ਬਲਕਿ ਉਸਾਰੀ ਖੇਤਰ ਵਿਚ ਹਨ। ਇਸ ਖੇਤਰ ਵਿਚ ਪ੍ਰਾਪਤ ਰੁਜ਼ਗਾਰ ਆਰਜ਼ੀ ਹੁੰਦਾ ਹੈ ਅਤੇ ਕਿਸੇ ਵੀ ਕਿਸਮ ਦੀ ਸਮਾਜਿਕ ਸੁਰੱਖਿਆ ਤੋਂ ਸੱਖਣਾ ਹੁੰਦਾ ਹੈ।

ਨਾਲੇ ਨਿਰਮਾਣ ਖੇਤਰ ਵਿਚ ਵਧ ਰਹੇ ਪੂੰਜੀ-ਕਿਰਤ ਅਨੁਪਾਤ ਕਾਰਨ ਰੁਜ਼ਗਾਰ ਦੇ ਬਹੁਤੇ ਨਵੇਂ ਮੌਕੇ ਪੈਦਾ ਨਹੀਂ ਹੋ ਰਹੇ। ਬੇਸ਼ੱਕ ਪਿਛਲੇ ਦਹਾਕੇ ਵਿਚ ਇਸ ਖੇਤਰ ਵਿਚ ਸੰਗਠਿਤ ਖੇਤਰ ਦੇ ਰੁਜ਼ਗਾਰ ਵਾਲੇ ਹਿੱਸੇ ਵਿਚ ਵਾਧਾ ਹੋਇਆ ਹੈ ਪਰ ਰੁਜ਼ਗਾਰ ਦੇ ਇਹ ਨਵੇਂ ਮੌਕੇ ਪੱਕੀਆਂ ਨੌਕਰੀਆਂ ਦੀ ਥਾਂ ਉੱਤੇ ਠੇਕੇ ਆਧਾਰਿਤ ਨੌਕਰੀਆਂ ਵਧੇਰੇ ਪੈਦਾ ਕਰ ਰਹੇ ਹਨ। ਇਸੇ ਤਰ੍ਹਾਂ ਸੇਵਾ ਖੇਤਰ ਬਾਰੇ ਆਮ ਰਾਇ ਇਹ ਬਣਦੀ ਹੈ ਕਿ ਇਹ ਖੇਤਰ ਉੱਚ ਆਮਦਨ ਵਾਲੀਆਂ ਪੱਕੀਆਂ ਨੌਕਰੀਆਂ ਮੁਹੱਈਆ ਕਰਦਾ ਹੈ ਜਿਸ ਵਿਚ ਕਾਮਿਆਂ ਨੂੰ ਸਮਾਜਿਕ ਸੁਰੱਖਿਆ ਦੀਆਂ ਸਾਰੀਆਂ ਸਹੂਲਤਾਂ ਹਾਸਲ ਹੁੰਦੀਆਂ ਹਨ ਜਦਕਿ ਅਸਲੀਅਤ ਇਹ ਹੈ ਕਿ ਸੇਵਾ ਖੇਤਰ ਵਿਚ ਥੋਕ ਅਤੇ ਪਰਚੂਨ ਵਪਾਰ, ਚੌਕੀਦਾਰਾ ਕੰਮ, ਘਰੇਲੂ ਸੇਵਾਵਾਂ ਵਰਗੇ ਨਿਮਨ ਆਮਦਨ ਵਾਲੇ ਕੰਮਾਂ ਦੇ ਨਾਲ ਨਾਲ ਪ੍ਰਬੰਧਕੀ ਸੇਵਾਵਾਂ, ਵਿੱਦਿਆ, ਸਿਹਤ ਸੇਵਾਵਾਂ ਅਤੇ ਅਤਿ ਆਧਨਿਕ ਸੇਵਾਵਾਂ ਜਿਵੇਂ ਸੂਚਨਾ ਤਕਨੀਕ ਆਦਿ ਵਰਗੇ ਕੰਮ ਸ਼ਾਮਿਲ ਹਨ।

ਇਸ ਸਮੁੱਚੇ ਖੇਤਰ ਦੇ ਕੁੱਲ ਰੁਜ਼ਗਾਰ ਦਾ 55 ਫ਼ੀਸਦੀ ਤੋਂ ਵਧੇਰੇ ਹਿੱਸਾ ਨਿਮਨ ਪੱਧਰ ਦੀਆਂ ਸੇਵਾਵਾਂ ਜਿਵੇਂ ਕਿ ਵਪਾਰ, ਆਵਾਜਾਈ, ਘਰੇਲੂ ਸੇਵਾਵਾਂ ਆਦਿ ਵਿਚ ਲੱਗਿਆ ਹੋਇਆ ਹੈ ਜਦਕਿ ਸਮਾਜਿਕ ਸੇਵਾਵਾਂ ਜਿਵੇਂ ਕਿ ਪ੍ਰਬੰਧਕੀ ਕੰਮ, ਵਿੱਦਿਆ, ਸਿਹਤ ਆਦਿ ਦਾ ਹਿੱਸਾ 23 ਕੁ ਫ਼ੀਸਦੀ ਅਤੇ ਆਧੁਨਿਕ ਸੇਵਾਵਾਂ ਦਾ ਹਿੱਸਾ ਕੇਵਲ 15 ਫ਼ੀਸਦੀ ਹੈ। ਇਉਂ ਇਸ ਖੇਤਰ ਵਿਚ ਵੀ ਅੱਧ ਤੋਂ ਵਧੇਰੇ ਲੋਕ ਨਿਮਨ ਪੱਧਰ ਦੀਆਂ ਸੇਵਾਵਾਂ ਵਿਚ ਰੁੱਝੇ ਹੋਣ ਕਾਰਨ ‘ਚੰਗੇ’ ਰੁਜ਼ਗਾਰ ਵਾਲੀ ਸਮਾਜਿਕ ਸੁਰੱਖਿਆ ਤੋਂ ਵਾਂਝੇ ਹਨ। ਇਸ ਖੇਤਰ ਵਿਚ ਭਾਵੇਂ 83 ਕੁ ਫ਼ੀਸਦੀ ਲੋਕ ਪੱਕੀਆਂ ਨੌਕਰੀਆਂ ਉੱਪਰ ਲੱਗੇ ਹੋਏ ਹਨ ਪਰ ਕੇਵਲ 28 ਫ਼ੀਸਦੀ ਨੂੰ ਹੀ ਸਮਾਜਿਕ ਸੁਰੱਖਿਆ ਦੀਆਂ ਸਹੂਲਤਾਂ ਜਿਵੇਂ ਤਨਖਾਹ ਸਮੇਤ ਛੁੱਟੀਆਂ, ਪੈਨਸ਼ਨ, ਸਿਹਤ ਸਹੂਲਤਾਂ, ਲਿਖਤੀ ਇਕਰਾਰ ਆਦਿ ਪ੍ਰਾਪਤ ਹਨ। ਅਸਲ ਵਿਚ ਨਵ-ਉਦਾਰਵਾਦੀ ਆਰਥਿਕ ਢਾਂਚੇ ਵਿਚ ਜਿੱਥੇ ਤਿੱਖੇ ਮੁਕਾਬਲੇ ਕਾਰਨ ਲਾਗਤਾਂ ਘਟਾਉਣਾ ਹੀ ਮੰਡੀ ਵਿਚ ਟਿਕੇ ਰਹਿਣ ਦਾ ਮੂਲ-ਮੰਤਰ ਹੈ, ਉੱਥੇ ਕਿਰਤੀਆਂ ਦੀ ਦਸ਼ਾ ਵਿਚ ਲਗਾਤਾਰ ਗਿਰਾਵਟ ਲਾਜ਼ਮੀ ਹੈ। ਇਸੇ ਕਾਰਨ ਇੱਕ ਪਾਸੇ ਬਹੁਤੇ ਖੇਤਰਾਂ ਵਿਚ ਉਤਪਾਦਕਤਾ ਵਿਚ ਵਾਧਾ ਤਾਂ ਹੋ ਰਿਹਾ ਹੈ ਪਰ ਕਿਰਤੀਆਂ ਦੇ ਕੁੱਲ ਉਤਪਾਦਨ ਹਿੱਸੇ ਵਿਚ ਕਮੀ ਆ ਰਹੀ ਹੈ।

ਅਜਿਹੇ ਹਾਲਾਤ ਵਿਚ ਸਰਵ-ਵਿਆਪਕ ਸਮਾਜਿਕ ਸੁਰੱਖਿਆ ਬੇਹੱਦ ਜ਼ਰੂਰੀ ਹੁੰਦੀ ਹੈ ਤਾਂ ਜੋ ਵੱਡੀ ਗਿਣਤੀ ਨੂੰ ਗ਼ਰੀਬੀ ਦੀ ਦਲਦਲ ਵਿਚ ਧਸਣ ਤੋਂ ਬਚਾਇਆ ਜਾ ਸਕੇ ਪਰ ਅਫ਼ਸੋਸ, ਭਾਰਤ ਦੂਜੇ ਏਸ਼ਿਆਈ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਆਪਣੇ ਨਾਗਰਿਕਾਂ ਨੂੰ ਸਮਾਜਿਕ ਸੁਰੱਖਿਆ ਦੇਣ ਦੇ ਹਰ ਪਹਿਲੂ ਵਿਚ ਫਾਡੀ ਰਿਹਾ ਹੈ। ਜਿੱਥੇ ਸਮੁੱਚੇ ਏਸ਼ੀਆ ਵਿਚ ਤਕਰੀਬਨ 39 ਫ਼ੀਸਦੀ ਆਬਾਦੀ ਨੂੰ ਘੱਟੋ-ਘੱਟ ਇਕ ਕਿਸਮ ਦੀ ਸਮਾਜਿਕ ਸੁਰੱਖਿਆ (ਸਿਹਤ ਸਹੂਲਤਾਂ, ਬੁਢਾਪਾ ਪੈਨਸ਼ਨ, ਜਣੇਪੇ ਤੇ ਕਿਸੇ ਅਪੰਗਤਾ ਸਮੇਂ ਸਹਾਇਤਾ ਆਦਿ) ਹਾਸਿਲ ਹੈ, ਭਾਰਤ ਵਿਚ ਕੇਵਲ 19 ਫ਼ੀਸਦੀ ਆਬਾਦੀ ਹੀ ਇਸ ਸ਼੍ਰੇਣੀ ਵਿਚ ਆਉਂਦੀ ਹੈ। ਵਿਸ਼ਵ ਸਿਹਤ ਸੰਸਥਾ ਦੇ ਮਿੱਥੇ ਮਿਆਰਾਂ ਅਨੁਸਾਰ ਸਿਹਤ ਸਬੰਧੀ ਲਗਾਤਾਰ ਵਿਕਾਸ ਟੀਚੇ ਹਾਸਿਲ ਕਰਨ ਲਈ ਵਿਕਾਸਸ਼ੀਲ ਦੇਸ਼ਾਂ ਦੀਆਂ ਸਰਕਾਰਾਂ ਨੂੰ ਪ੍ਰਤੀ ਵਿਅਕਤੀ 60 ਅਮਰੀਕੀ ਡਾਲਰ ਖ਼ਰਚਣੇ ਚਾਹੀਦੇ ਹਨ, ਭਾਰਤ ਸਰਕਾਰ ਕੇਵਲ 18 ਅਮਰੀਕੀ ਡਾਲਰ ਹੀ ਖ਼ਰਚ ਰਹੀ ਹੈ। ਇਸੇ ਕਾਰਨ ਲੋਕਾਂ ਨੂੰ ਆਪਣੀ ਸਿਹਤ ਉੱਪਰ ਵੱਡਾ ਹਿੱਸਾ ਪੱਲਿਉਂ ਖ਼ਰਚ ਕਰਨਾ ਪੈਂਦਾ ਹੈ ਜਿਸ ਕਾਰਨ ਆਮ ਵਿਅਕਤੀ ਕਰਜ਼ੇ ਜਾਂ ਗ਼ਰੀਬੀ ਵਿਚ ਡੂੰਘਾ ਫਸ ਜਾਂਦਾ ਹੈ। ਵਿਸ਼ਵ ਸਮਾਜਿਕ ਸੁਰੱਖਿਆ ਰਿਪੋਰਟ ਮੁਤਾਬਕ, ਇਕ ਭਾਰਤੀ ਦੀ ਸਿਹਤ ਉੱਪਰ ਹੋਣ ਵਾਲੇ ਕੁੱਲ ਖ਼ਰਚੇ ਦਾ 67 ਫ਼ੀਸਦੀ ਉਸ ਦੀ ਆਪਣੀ ਜੇਬ ਵਿਚੋਂ ਖ਼ਰਚ ਹੁੰਦਾ ਹੈ। ਜਿੰਨੀ ਬਿਮਾਰੀ ਗੰਭੀਰ ਹੋਵੇ, ਓਨਾ ਹੀ ਇਹ ਹਿੱਸਾ ਵਧਦਾ ਜਾਂਦਾ ਹੈ।

ਇਸੇ ਤਰ੍ਹਾਂ ਨਿਗੂਣੀ ਬੁਢਾਪਾ ਪੈਨਸ਼ਨ ਵੀ ਜੱਗ-ਹਸਾਈ ਦਾ ਵਿਸ਼ਾ ਬਣਦੀ ਹੈ। ਇਸ ਪੈਨਸ਼ਨ ਦਾ ਔਸਤ ਮੁੱਲ ਗਰੀਬੀ ਰੇਖਾ ਤੋਂ ਉੱਪਰ ਉੱਠਣ ਲਈ ਲੋੜੀਂਦੀ ਰਾਸ਼ੀ ਦਾ ਮੁਸ਼ਕਿਲ ਨਾਲ 17 ਫ਼ੀਸਦੀ ਬਣਦਾ ਹੈ। ਇੰਨੀ ਕੁ ਰਾਸ਼ੀ ਨਾਲ ਸਾਡੇ ਗ਼ਰੀਬ ਬਜ਼ੁਰਗ ਗ਼ਰੀਬ ਹੀ ਰਹਿੰਦੇ ਹਨ। ਇਉਂ ਤੇਜ਼ੀ ਨਾਲ ਬਦਲ ਰਹੇ ਆਰਥਿਕ ਪ੍ਰਬੰਧ ਅਤੇ ਉਤਪਾਦਨ ਸਬੰਧਾਂ ਦੀ ਹਾਲਤ ਵਿਚ ਬਹੁਤੇ ਕਿਰਤੀਆਂ ਦੀ ਹਾਲਤ ਤਰਸਯੋਗ ਬਣ ਜਾਂਦੀ ਹੈ। ਮੌਜੂਦਾ ਆਰਥਿਕ ਢਾਂਚੇ ਕੋਲ ਬੇਸ਼ੱਕ ਇਸ ਦਾ ਸਥਾਈ ਹੱਲ ਨਹੀਂ, ਫਿਰ ਵੀ ਸਮੇਂ ਦੀਆਂ ਸਰਕਾਰਾਂ ਨੂੰ ਆਮ ਵਿਅਕਤੀ ਦੇ ਦੁੱਖਾਂ ਦੇ ਨਿਵਾਰਨ ਲਈ ਮੁਢਲੀਆਂ ਸਿਹਤ ਸਹੂਲਤਾਂ ਜ਼ਰੂਰ ਦੇਣੀਆਂ ਚਾਹੀਦੀਆਂ ਹਨ ਅਤੇ ਹਰ ਨਾਗਰਿਕ ਲਈ ਘੱਟੋ-ਘੱਟ ਸਮਾਜਿਕ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਮੌਜੂਦਾ ਆਰਥਿਕ ਪ੍ਰਣਾਲੀ ਜਿੱਥੇ ਕਿਰਤੀਆਂ ਵਿਚ ਵੱਧ ਤੋਂ ਵੱਧ ਨਿਪੁੰਨਤਾ ਮੰਗਦੀ ਹੈ, ਉੱਥੇ ਸਰਕਾਰਾਂ ਮਨੁੱਖੀ ਪੂੰਜੀ ਨਿਰਮਾਣ ਵਿਚੋਂ ਲਗਾਤਾਰ ਆਪਣਾ ਹੱਥ ਖਿੱਚ ਰਹੀਆਂ ਹਨ। ਅਜਿਹੇ ਰੁਝਾਨਾਂ ਨੂੰ ਤੁਰੰਤ ਠੱਲ੍ਹ ਪਾਉਣ ਦੀ ਲੋੜ ਹੈ ਜਿਸ ਲਈ ਕਿਰਤੀਆਂ ਨੂੰ ਜਥੇਬੰਦ ਹੋ ਕੇ ਆਪਣੀਆਂ ਮੰਗਾਂ ਮਨਵਾਉਣ ਅਤੇ ਢੁਕਵੇਂ ਕਾਨੂੰਨ ਸਖ਼ਤੀ ਨਾਲ ਲਾਗੂ ਕਰਵਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ।

× ਪ੍ਰੋਫ਼ੈਸਰ, ਅਰਥ ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਬਰੈਂਪਟਨ ਨਿਵਾਸੀਆਂ ਦਾ ਯੂਨੀਵਰਸਿਟੀ ਦਾ ਸਪਨਾ ਹੋਇਆ ਚਕਨਾਚੂਰ

### ਫੋਰਡ ਸਰਕਾਰ ਨੇ ਲੋਕਾਂ ਦੀਆਂ ਉਮੀਦਾਂ ਤੇ ਬਜਟ ਘਾਟੇ ਦਾ ਬੰਬ ਸੁੱਟਿਆ




ਪਿਛਲੇ ਦਿਨੀਂ ਓਨਟਾਰੀਓ ਦੀ ਪਰੋਵਿੰਸਲ ਸਰਕਾਰ ਨੇ ਬਜਟ ਘਾਟੇ ਦਾ ਬਹਾਨਾ ਬਣਾ ਕੇ ਬਹੁਤ ਚਿਰ ਤੋਂ ਲੋਕਾਂ ਵਲੋਂ ਕੀਤੀ ਜਾ ਰਹੀ ਯੂਨੀਵਰਸਿਟੀ ਦੀ ਮੰਗ ਤੇ ਬਣੀ ਉਮੀਦ ’ਤੇ ਪਾਣੀ ਫੇਰ ਦਿੱਤਾ ਹੈ। ਪੰਜ ਲੱਖ ਤੋਂ ਵੱਧ ਦੀ ਵਸੋਂ ਵਾਲੇ ਸ਼ਹਿਰ ਬਰੈਂਪਟਨ ਦੇ ਲੋਕਾਂ ਵਲੋਂ ਕਾਫੀ ਸਮੇਂ ਤੋਂ ਇੱਥੇ ਯੂਨੀਵਰਸਿਟੀ ਸਥਾਪਤ ਕਰਨ ਦੀ ਮੰਗ ਉੱਠ ਰਹੀ ਸੀ। ਪਿਛਲੇ ਸਾਲ ਸਰਕਾਰ ਵਲੋਂ ਫੰਡਿੰਗ ਲਈ ਐਲਾਨ ਹੋਣ ਨਾਲ ਇਸ ਮੰਗ ਦੇ ਪੂਰੀ ਹੋਣ ਦੀ ਸੰਭਾਵਨਾ ਬਣੀ ਸੀ ਪਰ ਪਿਛਲੇ ਮੰਗਲਵਾਰ ਓਨਟਾਰੀਓ ਸਰਕਾਰ ਦੀ ਟਰੇਨਿੰਗ, ਕਾਲਜਾਂ ਅਤੇ ਯੂਨਵਿਰਸਿਟੀ ਮਾਮਲਿਆਂ ਦੀ ਮੰਤਰੀ ਮੈਰੀਲੀ ਫੁੱਲਰਟਨ ਦੇ ਇਸ ਬਿਆਨ ਨੇ ਕਿ ਓਨਟਾਰੀਓ ਨੂੰ ਦਰਪੇਸ਼ 15 ਬਿਲੀਅਨ ਦੇ ਬਜਟ ਘਾਟੇ ਨੂੰ ਮੁੱਖ ਰੱਖ ਕੇ ਯੂਨੀਵਰਸਿਟੀ ਕੈਂਪਸ ਨੂੰ ਫੰਡਿਗ ਦਾ ਪ੍ਰਾਜੈਕਟ ਰੱਦ ਕੀਤਾ ਜਾਂਦਾ ਹੈ ਬਰੈਂਪਟਨ ਵਾਸੀਆਂ ਦਾ ਯੂਨੀਵਰਸਿਟੀ ਦਾ ਸੁਪਨਾ ਚਕਨਾਚੂਰ ਕਰ ਦਿੱਤਾ ਹੈ। ਬਰੈਂਪਟਨ ਵਿੱਚ ਬਣਨ ਵਾਲੇ ਯੂਨੀਵਰਸਿਟੀ ਕੈਂਪਸ ਨੂੰ ਰਾਇਸਨ ਯੂਨੀਵਰਸਿਟੀ ਨੇ ਸ਼ੈਰੀਡਨ ਕਾਲਜ ਦੇ ਸਹਿਯੋਗ ਨਾਲ ਬਣਾਇਆ ਜਾਣਾ ਸੀ। ਪਰ ਇਸ ਫੈਸਲੇ ਨੇ ਬਰੈਂਪਟਨ ਵਾਸੀਆਂ ਨੂੰ ਉਹਨਾਂ ਦੀ ਚਿਰੋਕਣੀ ਮੰਗ ਪੂਰੀ ਹੋਣ ਦੀ ਆਸ ਨੂੰ ਨਿਰਾਸ਼ਾ ਵਿੱਚ ਬਦਲ ਕੇ ਬੇਹੱਦ ਝੰਜੋੜ ਕੇ ਰੱਖ ਦਿੱਤਾ ਹੈ।

ਪਿਛਲੇ ਲੰਬੇ ਸਮੇਂ ਤੋਂ ਹਰੇਕ ਚੋਣ ਸਮੇਂ ਬਰੈਂਪਟਨ ਯੂਨੀਵਰਸਿਟੀ ਦਾ ਮਸਲਾ ਉੱਭਰ ਕੇ ਸਾਹਮਣੇ ਆਉਂਦਾ ਰਿਹਾ ਹੈ ਤੇ ਸਾਰੀਆਂ ਪਾਰਟੀਆਂ ਦੇ ਉਮਦਿਵਾਰ ਇਸ ਲਈ ਚੋਣਾਂ ਮੌਕੇ ਲੋਕਾਂ ਦੀ ਇਸ ਮੰਗ ਦਾ ਹੁੰਗਾਰਾ ਭਰਦੇ ਰਹੇ ਹਨ ਪਰ ਲੋਕਾਂ ਦੀ ਇਹ ਮੰਗ ਉੱਠ ਦਾ ਬੁੱਲ ਡਿੱਗਣ ਵਾਂਗ ਹੈ ਜੋ ਡਿੰਗੂੰ ਡਿੰਗੂੰ ਕਰਦਾ ਵੀ ਨਹੀਂ ਡਿੱਗਿਆ। ਇਸ ਫੈਸਲੇ ਨਾਲ ਵਿਦਿਆਰਥੀਆਂ ਦੀ ਘਰ ਦੇ ਨੇੜੇ ਰਹਿ ਕੇ ਉੱਚ ਵਿਦਿਆ ਪ੍ਰਾਪਤ ਕਰਨ ਦੀ ਆਸ ਨੂੰ ਬੂਰ ਨਾ ਪੈਣਾ ਉਹਨਾਂ ਲਈ ਇੱਕ ਤਰ੍ਹਾਂ ਉੱਚ ਵਿੱਦਿਆ ਪ੍ਰਾਪਤੀ ਦਾ ਰਾਹ ਬੰਦ ਹੋਣ ਦੇ ਤੁੱਲ ਹੈ। ਘਰੋਂ ਦੂਰ ਰਹਿ ਕੇ ਯੂਨਵਿਰਸਿਟੀ ਸਿੱਖਿਆ ਪ੍ਰਾਪਤ ਕਰਨਾ ਵੱਧ ਸਮੇਂ ਅਤੇ ਵਧੇਰੇ ਧਨ ਦੀ ਮੰਗ ਕਰਦੀ ਹੈ। ਸਾਰੇ ਪੇਰੈਂਟਸ ਇਹ ਅਫੋਰਡ ਨਹੀਂ ਕਰ ਸਕਦੇ। ਸਿੱਖਿਆ ਨਾਲ ਸਬੰਧਤ ਪ੍ਰਾਜੈਕਟਾਂ ਵਾਸਤੇ ਅਜਿਹੇ ਕਠੋਰ ਫੈਸਲੇ ਲੈਣਾ ਕਦਾਚਿਤ ਵੀ ਜਾਇਜ਼ ਨਹੀਂ। ਓਨਟਾਰੀਓ ਵਿੱਚ ਬਰੈਂਪਟਨ ਤੋਂ ਬਿਨਾਂ ਅਜਿਹੇ ਪ੍ਰਾਜੈਕਟ ਮਿਲਟਨ ਵਿੱਚ ਵਿਲਫਰੈੱਡ ਯੂਨੀਵਰਸਿਟੀ ਵਲੋਂ ਕੋਨਸਟੈਗਾ ਕਾਲਜ ਦੇ ਸਹਿਯੋਗ ਨਾਲ ਅਤੇ ਮਾਰਖਮ ਵਿੱਚ ਯੌਰਕ ਯੂਨਵਿਰਸਿਟੀ ਵਲੋਂ ਕੈਂਪਸ ਸਥਾਪਤ ਕਰਨ ਦੀਆਂ ਪ੍ਰਾਜੈਕਟਾਂ ਨੂੰ ਵੀ ਧੱਕਾ ਲੱਗਾ ਹੈ। ਸਰਕਾਰ ਦੇ ਇਸ ਫੈਸਲੇ ਵਿਰੁੱਧ ਲੋਕਾਂ ਨੂੰ ਇੱਕਮੁੱਠ ਹੋ ਕੇ ਆਵਾਜ਼ ਬੁਲੰਦ ਕਰਨ ਦੀ ਲੋੜ ਹੈ ਕਿਉਂਕਿ ਇਸ ਦਾ ਸਿੱਧਾ ਅਸਰ ਆਉਣ ਵਾਲੀ ਪੀੜ੍ਹੀ ’ਤੇ ਪੈਣਾ ਹੈ ਜਿਸ ਦੇ ਭਵਿੱਖ ਲਈ ਦੂਰ ਰਸ ਨਤੀਜੇ ਨਿਕਲਣਗੇ।



# ਜਿਨਸੀ ਸ਼ੋਸ਼ਣ ਵਿਰੁੱਧ ਔਰਤਾਂ ਦੀ ਆਵਾਜ਼ : "ਮੀ ਟੂ"



ਬੂਟਾ ਸਿੰਘ ਨਵਾਂਸ਼ਹਿਰ
94634-74342


ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਅਮਰੀਕਨ ਅਦਾਕਾਰਾ ਅਲੀਸਾ ਮਿਲਾਨੋ ਵੱਲੋਂ ਟਵਿੱਟਰ ਉੱਪਰ ਦਿੱਤਾ ਸੱਦਾ ਸਾਡੇ ਮੁਲਕ ਵਿਚ ਜਿਨਸੀ ਸੋਸ਼ਣ ਦੀਆਂ ਸ਼ਿਕਾਰ ਔਰਤਾਂ ਦੀ ਇਕ ਜ਼ਬਰਦਸਤ ਮੁਹਿਮ ਬਣ ਜਾਵੇਗਾ। ਇਕ ਇਕ ਕਰਕੇ ਔਰਤਾਂ ਖੁੱਲ ਕੇ ਬਿਆਨ ਕਰਨਾ ਸ਼ੁਰੂ ਕਰ ਦੇਣਗੀਆਂ ਕਿ ਕਿਵੇਂ ਫਿਲਮ ਸਨਅਤ, ਮੀਡੀਆ ਅਤੇ ਹੋਰ ਖੇਤਰਾਂ ਵਿਚ ਬੈਠੇ ਤਾਕਤਵਰ ਲੋਕ ਔਰਤਾਂ ਦਾ ਜਿਨਸੀ ਸ਼ੋਸ਼ਣ ਕਰ ਰਹੇ ਹਨ। ਅਲੀਸਾ ਨੇ ਪਿਛਲੇ ਸਾਲ ਟਵੀਟ ਕਰਕੇ ਲੋਕਾਂ ਨੂੰ ਆਪਣੇ ਜਿਨਸੀ ਸ਼ੋਸ਼ਣ ਦੀਆਂ ਕਹਾਣੀਆਂ ਸਾਂਝੀਆਂ ਕਰਨ ਲਈ ਪ੍ਰੇਰਿਆ ਸੀ ਕਿ ਉਹ ਵੀ ਦੱਸਣ, 'ਇੰਞ ਸਾਡੇ ਨਾਲ ਵੀ ਹੋਇਆ'।

ਸਾਡੇ ਇਥੇ ਇਸ ਮੁਹਿਮ ਦਾ ਮੁੱਢ ਅਦਾਕਾਰਾ ਤਨੂਸ਼੍ਰੀ ਦੱਤਾ ਵੱਲੋਂ ਪਹਿਲ ਕਰਨ ਨਾਲ ਬੱਝਿਆ। ਜਿਸਨੇ ਦੱਸਿਆ ਕਿ 10 ਸਾਲ ਪਹਿਲਾਂ ਨਾਨਾ ਪਾਟੇਕਰ ਨੇ ਉਸ ਨਾਲ ਗ਼ਲਤ ਹਰਕਤ ਕੀਤੀ ਸੀ ਜਿਸ ਕਾਰਨ ਉਸ ਨੂੰ ਅਦਾਕਾਰੀ ਦਾ ਕਰੀਅਰ ਛੱਡਕੇ ਅਮਰੀਕਾ ਜਾਣਾ ਪਿਆ। ਇਸ ਤੋਂ ਪਹਿਲਾਂ ਤਹਿਲਕਾ ਦੇ ਮੁੱਖ ਸੰਪਾਦਕ ਤਰੁਣ ਤੇਜਪਾਲ ਦਾ ਬਲਾਤਕਾਰੀ ਚਿਹਰਾ ਕੁਲ ਦੁਨੀਆ ਦੇਖ ਚੁੱਕੀ ਹੈ ਜਿਸਨੇ ਆਪਣੀ ਇਕ ਸਾਥੀ ਪੱਤਰਕਾਰ ਦਾ ਜਿਨਸੀ ਸ਼ੋਸ਼ਣ ਕੀਤਾ। ਉਸ ਉੱਪਰ ਮੁਕੱਦਮਾ ਚੱਲ ਰਿਹਾ ਹੈ। ਇਸੇ ਤਰਾਂ, ਆਈ.ਏ.ਐੱਸ. ਅਧਿਕਾਰੀ ਰੂਪਨ ਦਿਓਲ ਬਜਾਜ ਵੱਲੋਂ ਕੇ.ਪੀ.ਐੱਸ. ਗਿੱਲ ਦੀ ਘਟੀਆ ਹਰਕਤ ਵਿਰੁੱਧ ਡੱਟਵਾਂ ਸਟੈਂਡ ਲਿਆ ਸੀ ਜਿਸਨੇ ਇਕ ਪਾਰਟੀ ਵਿਚ ਉਸ ਨਾਲ ਛੇੜਛਾੜ ਕੀਤੀ ਸੀ। ਇਹ ਵੱਖਰਾ ਸਵਾਲ ਹੈ ਕਿ ਹੁਕਮਰਾਨਾਂ ਦਾ ਚਹੇਤਾ ਹੋਣ ਕਾਰਨ ਬੁੱਚੜ ਗਿੱਲ ਨੂੰ ਆਪਣੀ ਇਸ ਕਰਤੂਤ ਦਾ ਕੋਈ ਖ਼ਾਸ ਮੁੱਲ ਨਹੀਂ ਸੀ ਚੁਕਾਉਣਾ ਪਿਆ। ਇਸ ਵਾਰ ਤਨੂਸ਼੍ਰੀ ਦੱਤਾ ਨੇ ਬਾਲੀਵੁੱਡ ਦੀ ਮਸ਼ਹੂਰ ਹਸਤੀ ਨਾਨਾ ਪਾਟੇਕਾਰ ਦਾ ਮਖੌਟਾ ਲਾਹੁਣ ਦਾ ਜੇਰਾ ਕੀਤਾ। ਉਸ ਤੋਂ ਪ੍ਰੇਰਤ ਹੋਕੇ ਬਹੁਤ ਸਾਰੀਆਂ ਹੋਰ ਔਰਤਾਂ ਵੀ ਅੱਗੇ ਆ ਗਈਆਂ। ਉਹਨਾਂ ਵੱਲੋਂ ਆਪਣੇ ਜਿਨਸੀ ਸ਼ੋਸ਼ਣ ਨੂੰ ਜਨਤਕ ਕੀਤੇ ਜਾਣ ਨਾਲ ਗੁਨਾਹਗਾਰਾਂ ਦੀ ਫਿਹਰਿਸਤ ਵਿਚ ਨਿੱਤ ਨਵੇਂ ਨਾਂ ਦਰਜ ਹੋ ਰਹੇ ਹਨ ਅਤੇ "ਮੀ-ਟੂ" (ਇੰਞ ਮੇਰੇ ਨਾਲ ਵੀ ਹੋਇਆ) ਮੁਹਿਮ ਨੇ ਸੱਭਿਆ ਸਮਝੇ ਜਾਣ ਵਾਲਿਆਂ ਦੇ ਸ਼ਰਾਫ਼ਤ ਦੇ ਮਖੌਟੇ ਲੀਰੋਲੀਰ ਕਰ ਦਿੱਤੇ ਹਨ। ਪੱਤਰਕਾਰ ਤੋਂ ਭਗਵੇਂ ਸਿਆਸਤਦਾਨ ਬਣੇ ਐੱਮ.ਜੇ.ਅਕਬਰ ਤੋਂ ਲੈਕੇ ਨਿਰਦੇਸ਼ਕ ਵਿਕਾਸ ਬਹਿਲ, ਗਾਇਕ ਕੈਲਾਸ਼ ਖ਼ੇਰ, ਕਾਮੇਡੀਅਨ ਉਤਸਵ ਚਕਰਵਰਤੀ, ਗਾਇਕ ਅਭਿਜੀਤ ਭੱਟਾਚਾਰੀਆ, ਗੀਤਕਾਰ ਵਰੁਣ ਗਰੋਵਰ, ਅਦਾਕਾਰ ਰਜਤ ਕਪੂਰ, ਤਾਮਿਲ ਗੀਤਕਾਰ ਵੈਰਮੁਥੂ, ਮਲਿਆਲਮ ਅਦਾਕਾਰ ਮੁਕੇਸ਼ ਮਾਧਵਨ, ਗਣੇਸ਼ ਅਚਾਰੀਆ, ਰਾਕੇਸ਼ ਸਾਰੰਗ, ਨਾਵਲਕਾਰ ਚੇਤਨ ਭਗਤ ਤੋਂ ਇਲਾਵਾ ਬਹੁਤ ਸਾਰੇ ਪੱਤਰਕਾਰਾਂ ਦੇ ਨਾਂ ਨਸ਼ਰ ਹੋਣ ਨਾਲ ਔਰਤਾਂ ਦੇ ਜਿਨਸੀ ਸ਼ੋਸ਼ਣ ਦੀ ਵਿਆਪਕਤਾ ਨੇ ਧਿਆਨ ਖਿੱਚਿਆ ਹੈ। ਫਿਲਮ ਪ੍ਰੋਡਿਊਸਰ ਵਿੰਟਾ ਨੰਦਾ ਨੇ ਅਲੋਕ ਕੁਮਾਰ ਉੱਪਰ ਜਬਰ-ਜਨਾਹ ਦਾ ਇਲਜ਼ਾਮ ਲਗਾਇਆ ਹੈ। ਸੰਘ ਦੇ ਆਲੋਚਕ ਸੀਨੀਅਰ ਪੱਤਰਕਾਰ ਵਿਨੋਦ ਦੂਆ ਅਤੇ ਕਲਾਕਾਰ ਜਤਿਨ ਦਾਸ ਉੱਪਰ ਵੀ ਗੰਭੀਰ ਇਲਜ਼ਾਮ ਲੱਗ ਚੁੱਕੇ ਹਨ। ਪੰਜਾਬ ਵਿਚ ਇਕ ਔਰਤ ਅਧਿਕਾਰੀ ਨੇ ਕਾਂਗਰਸੀ ਆਗੂ ਚੰਨੀ ਨੂੰ ਅਸ਼ਲੀਲ ਸੰਦੇਸ਼ ਭੇਜਣ ਲਈ ਕਟਹਿਰੇ ਵਿਚ ਖੜ੍ਹਾ ਕੀਤਾ ਹੈ।



ਕੁਛ ਨੇ ਤਾਂ ਇਹਨਾਂ ਇਲਜ਼ਾਮਾਂ ਨੂੰ ਸਵੀਕਾਰ ਕਰਕੇ ਮਾਫ਼ੀ ਮੰਗ ਲਈ। ਬਹੁਤ ਸਾਰਿਆਂ ਨੇ ਸਫ਼ਾਈਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਕਈਆਂ ਦੀ ਮਰਦ ਹੈਂਕੜ ਸਗੋਂ ਭੜਕ ਉੱਠੀ ਅਤੇ ਉਹਨਾਂ ਨੇ ਸੱਚ ਦਾ ਸਾਹਮਣਾ ਕਰਨ ਦੀ ਬਜਾਏ ਪੀੜਤ ਔਰਤਾਂ ਨੂੰ ਹੀ ਧਮਕਾਉਣਾ ਸ਼ੁਰੂ ਕਰ ਦਿੱਤਾ ਅਤੇ ਅਦਾਲਤਾਂ ਵਿਚ ਮਾਣਹਾਨੀ ਦੇ ਕੇਸ ਕਰਕੇ ਇਹਨਾਂ ਆਵਾਜ਼ਾਂ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਸਿਰਫ਼ ਆਨਲਾਈਨ ਮੀਡੀਆ ਬਲਾਗ ਦੀ ਵਾਇਰ ਵੱਲੋਂ ਸੀਨੀਅਰ ਪੱਤਰਕਾਰ ਵਿਨੋਦ ਦੂਆ ਉੱਪਰ ਲੱਗੇ ਇਲਜ਼ਾਮਾਂ ਦੀ ਜਾਂਚ ਕਰਨ ਲਈ ਤਿੰਨ ਮੈਂਬਰੀ ਆਜ਼ਾਦ ਕਮਿਸ਼ਨ ਬਣਾਇਆ ਗਿਆ ਹੈ। ਬਾਕੀ ਮਾਮਲਿਆਂ ਵਿਚ ਔਰਤਾਂ ਨੂੰ ਦਬਾਉਣ ਜਾਂ ਝੂਠੀਆਂ ਸਾਬਤ ਕਰਨ ਲਈ ਮੁਜਰਿਮਾਂ ਵੱਲੋਂ ਪੂਰਾ ਤਾਣ ਲਗਾਇਆ ਜਾ ਰਿਹਾ ਹੈ।

ਬੰਗਲੌਰ ਤੋਂ ਪੱਤਰਕਾਰ ਪ੍ਰਿਯਾ ਰਮਾਨੀ ਨੇ ਪਿਛਲੇ ਸਾਲ ਬਿਨਾ ਮੁਜਰਿਮ ਦਾ ਨਾਂ ਲਏ ਆਪਣੇ ਜਿਨਸੀ ਸ਼ੋਸ਼ਣ ਦੀ ਕਹਾਣੀ ਸਾਂਝੀ ਕੀਤੀ ਸੀ। ਇਸ ਵਾਰ ਉਸਨੇ ਆਪਣੇ ਲੇਖ ਵਿਚ ਸਾਫ਼ ਦੱਸਿਆ ਕਿ ਕਿਵੇਂ ਸੀਨੀਅਰ ਪੱਤਰਕਾਰ ਐੱਮ.ਜੇ. ਅਕਬਰ ਆਪਣੇ ਮਤਹਿਤ ਕੰਮ ਕਰਨ ਵਾਲੀਆਂ ਨੌਜਵਾਨ ਔਰਤਾਂ ਉੱਪਰ ਝਪਟਣ ਵਾਲਾ ਮੁਜਰਿਮ ਬਿਰਤੀ ਵਾਲਾ ਸ਼ਿਕਾਰੀ ਹੈ। ਸੱਤਾ ਦੇ ਗਰੂਰ ਵਿਚ ਇਹ ਮੰਤਰੀ ਉਸ ਨੂੰ ਦਬਾਉਣ ਲਈ ਧਮਕੀਆਂ ਦੇਣ 'ਤੇ ਉੱਤਰ ਆਇਆ। ਅੱਠ ਹੋਰ ਔਰਤਾਂ ਨੇ ਅਕਬਰ ਦੇ ਕੱਚੇ ਚਿੱਠੇ ਬਿਆਨ ਕੀਤੇ ਅਤੇ ਉਸ ਦੇ ਅਸਤੀਫ਼ੇ ਦੀ ਮੰਗ ਕੀਤੀ ਜਾਣ ਲੱਗੀ, ਫਿਰ ਵੀ ਉਸ ਨੇ ਹੈਂਕੜ ਨਹੀਂ ਛੱਡੀ। ਬਦੇਸ਼ ਤੋਂ ਪਰਤਕੇ ਉਸਨੇ ਮੋਦੀ ਵਜ਼ਾਰਤ ਦੀ ਸ਼ਹਿ 'ਤੇ 97 ਵਕੀਲਾਂ ਦੀ ਟੀਮ ਬਣਾਕੇ ਪ੍ਰਿਯਾ ਰਮਾਨੀ ਦੇ ਖ਼ਿਲਾਫ਼ ਮਾਣਹਾਨੀ ਦਾ ਮੁਕੱਦਮਾ ਕਰ ਦਿੱਤਾ। ਉਸਨੇ ਇੱਥੋਂ ਤਕ ਕਿਹਾ ਕਿ ਇਹ ਔਰਤਾਂ ਝੂਠੀਆਂ ਹਨ ਅਤੇ ਆਮ ਚੋਣਾਂ ਤੋਂ ਕੁਛ ਮਹੀਨੇ ਪਹਿਲਾਂ ਵਿੱਢੀ ਗਈ "ਮੀ ਟੂ" ਮੁਹਿਮ ਇਕ ਸਿਆਸੀ ਏਜੰਡੇ ਤਹਿਤ ਹੈ ਜਿਸਦਾ ਮਨੋਰਥ ਮੋਦੀ ਸਰਕਾਰ ਨੂੰ ਪ੍ਰੇਸ਼ਾਨ ਕਰਨਾ ਹੈ। ਭਗਵੇਂ ਬਰਗੇਡ ਦੀਆਂ ਔਰਤ ਆਗੂਆਂ ਊਮਾ ਭਾਰਤੀ, ਸੁਸ਼ਮਾ ਸਵਰਾਜ, ਸਮ੍ਰਿਤੀ ਇਰਾਨੀ ਸਮੇਤ ਸਾਧਵੀਆਂ ਦਾ ਟੋਲਾ ਖ਼ਾਮੋਸ਼ ਹੈ ਜੋ ਕਾਂਗਰਸ ਦੇ ਰਾਜ ਦੌਰਾਨ ਨਿਰਭੈ ਬਲਾਤਕਾਰ ਵਰਗੀਆਂ ਹੌਲਨਾਕ ਘਟਨਾਵਾਂ ਦਾ ਸਿਆਸੀ ਲਾਹਾ ਲੈਣ ਲਈ ਬਹੁਤ ਹੀ ਸਰਗਰਮ ਰਹਿੰਦਾ ਸੀ। ਔਰਤ ਅਤੇ ਬਾਲ ਵਿਕਾਸ ਮਾਮਲਿਆਂ ਦੀ ਕੇਂਦਰੀ ਮੰਤਰੀ ਮੇਨਕਾ ਗਾਂਧੀ ਨੇ ਇਸ ਮੁੱਦੇ ਵਿਚ ਥੋੜੀ ਪਹਿਲ ਜ਼ਰੂਰ ਕੀਤੀ ਪਰ ਉਹ ਵੀ ਰਸਮੀਂ ਐਲਾਨਾਂ ਤੋਂ ਅੱਗੇ ਨਹੀਂ ਵਧੀ।

ਇਸ ਚਿੱਕੜਉਛਾਲੀ ਤੋਂ ਭੈਭੀਤ ਹੋਕੇ ਖ਼ਾਮੋਸ਼ ਹੋਣ ਦੀ ਬਜਾਏ ਸਗੋਂ 20 ਪੱਤਰਕਾਰ ਔਰਤਾਂ ਪ੍ਰਿਯਾ ਰਮਾਨੀ ਦੇ ਹੱਕ ਵਿਚ ਆ ਡੱਟੀਆਂ। ਉਹਨਾਂ ਵੱਲੋਂ ਅਕਬਰ ਦੇ ਹੱਥੋਂ ਜਿਨਸੀ ਸ਼ੋਸ਼ਣ ਦੇ ਆਪਣੇ ਅਨੁਭਵਾਂ ਦੀ ਗਵਾਹੀ ਦੇਣ ਦਾ ਐਲਾਨ ਕੀਤੇ ਜਾਣ ਨਾਲ ਮੋਦੀ ਵਜ਼ਾਰਤ ਕਸੂਤੀ ਹਾਲਤ ਵਿਚ ਘਿਰ ਗਈ। ਸੰਘ ਬਰਗੇਡ ਨੂੰ ਅਹਿਸਾਸ ਹੋ ਗਿਆ ਕਿ ਇਸ ਦਾਗ਼ੀ ਕਿਰਦਾਰ ਦੀ ਸਫ਼ਾਈ ਦੇਣ ਦਾ ਉਹਨਾਂ ਨੂੰ ਉਲਟਾ ਸਿਆਸੀ ਮੁੱਲ ਚੁਕਾਉਣਾ ਪੈ ਸਕਦਾ ਹੈ ਕਿਉਂਕਿ ਚਾਰ ਸੂਬਿਆਂ ਵਿਚ ਵਿਧਾਨ ਸਭਾ ਚੋਣ ਅਮਲ ਚੱਲ ਰਿਹਾ ਹੈ ਅਤੇ ਆਮ ਚੋਣਾਂ ਵਿਚ ਵੀ ਥੋੜੇ ਮਹੀਨੇ ਹੀ ਬਾਕੀ ਹਨ। ਇਸ ਦੌਰਾਨ ਮੋਦੀ-ਅਮਿਤਸ਼ਾਹ ਦਾ ਪੁਰਾਣਾ "ਸਨੂਪਗੇਟ" ਕਿੱਸਾ ਵੀ ਮੁੜ ਚਰਚਾ ਦਾ ਵਿਸ਼ਾ ਬਣਨਾ ਸ਼ੁਰੂ ਹੋ ਗਿਆ ਸੀ। ਇਕ ਆਰਕੀਟੈਕਟ ਔਰਤ ਦੀ 2009 ਵਿਚ ਤੱਤਕਾਲੀ ਗ੍ਰਹਿ ਮੰਤਰੀ ਅਮਿੱਤ ਸ਼ਾਹ ਦੇ ਇਸ਼ਾਰੇ 'ਤੇ ਗੁਜਰਾਤ ਪੁਲਿਸ ਵੱਲੋਂ ਵਿਸ਼ੇਸ਼ ਜਾਸੂਸੀ ਕੀਤੀ ਗਈ ਸੀ ਕਿਉਂਕਿ 'ਸਾਹਬ' ਦੀ ਉਸ ਵਿਚ ਰੁਚੀ ਸੀ।

ਸਿਆਸੀ ਗਿਣਤੀਆਂ-ਮਿਣਤੀਆਂ ਕਰਕੇ ਸੰਘ ਬਰਗੇਡ ਨੇ ਸੁਰ ਬਦਲ ਲਈ। ਭਾਜਪਾ ਦਾ ਜਨਰਲ ਸਕੱਤਰ ਰਾਮ ਮਾਧਵ, ਜੋ ਰਾਸ਼ਟਰੀ ਸਵੈਮ ਸੇਵਕ ਸੰਘ ਦਾ ਸਾਬਕਾ ਤਰਜ਼ਮਾਨ ਰਹਿ ਚੁੱਕਾ ਹੈ, ਔਰਤਾਂ ਦੇ ਹੱਕ ਵਿਚ ਲਿਖ ਰਿਹਾ ਹੈ। ਹੁਣ ਸੰਘ ਦੇ ਤਰਜ਼ਮਾਨਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਭਾਜਪਾ ਔਰਤਾਂ ਦੀ ਸੁਰੱਖਿਆ ਲਈ ਵਚਨਬੱਧ ਹੈ ਅਤੇ ਇਸੇ ਲਈ ਅਕਬਰ ਨੂੰ ਅਸਤੀਫ਼ਾ ਦੇਣ ਲਈ ਕਿਹਾ ਗਿਆ। ਕਿ ਅਕਬਰ ਨੇ ਅਦਾਲਤ ਵਿਚ ਮੁਕੱਦਮਾ ਨਿੱਜੀ ਹੈਸੀਅਤ ਵਿਚ ਕੀਤਾ ਹੈ, ਭਾਜਪਾ ਉਸ ਦੀ ਹਮਾਇਤ ਨਹੀਂ ਕਰ ਰਹੀ। ਚਰਚਾ ਹੈ ਕਿ ਮੋਦੀ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਅਕਬਰ ਨਾਲ ਗੱਲ ਕੀਤੀ। ਇਸ ਵਕਤ ਨਾਗਪੁਰ ਸਦਰਮੁਕਾਮ ਬਹੁਤ ਬੋਚ-ਬੋਚਕੇ ਚੱਲ ਰਿਹਾ ਹੈ। ਸੰਘ ਦੇ ਦਬਾਓ ਪਾਉਣ 'ਤੇ ਅਕਬਰ ਨੂੰ ਅਸਤੀਫ਼ਾ ਦੇਣਾ ਪਿਆ। ਦਰਅਸਲ, ਇਹ ਅਸਤੀਫ਼ਾ ਮਹਿਜ਼ ਅੱਖਾਂ ਪੂੰਝਣ ਲਈ ਹੈ ਕਿਉਂਕਿ ਰਾਜ ਸਭਾ ਮੈਂਬਰ ਦੀ ਹੈਸੀਅਤ ਵਿਚ ਉਸਦਾ ਰਾਜਸੀ ਰੁਤਬਾ ਅਤੇ ਰਸੂਖ਼ ਬਰਕਰਾਰ ਹੈ ਜਿਸਦੇ ਜ਼ੋਰ ਉਹ ਆਪਣੇ ਖ਼ਿਲਾਫ਼ ਕਿਸੇ ਵੀ ਜਾਂਚ ਨੂੰ ਆਪਣੀ ਮਰਜ਼ੀ ਅਨੁਸਾਰ ਮੋੜਨ ਦੇ ਪੂਰੀ ਤਰਾਂ ਸਮਰੱਥ ਹੈ।

ਸਾਡੇ ਸਮਾਜ ਦੀ ਜ਼ਿਹਨੀਅਤ ਵਿਚ ਪਿਤਰਸੱਤਾ ਦੀਆਂ ਜੜਾਂ ਐਨੀਆਂ ਡੂੰਘੀਆਂ ਹਨ ਕਿ ਦਾਬੇ ਹੇਠ ਪਿਸ ਰਹੀ ਔਰਤ ਦੀ ਨਿਤਾਣੀ ਸਥਿਤੀ ਨੂੰ ਸਮਝਣ ਦੀ ਬਜਾਏ ਔਰਤਾਂ ਦੇ ਬਿਆਨਾਂ ਨੂੰ ਹੀ ਸ਼ੱਕੀ ਮੰਨਿਆ ਜਾ ਰਿਹਾ ਹੈ। ਸੱਚ ਸਾਹਮਣੇ ਲਿਆਉਣ ਵਾਲੀਆਂ ਔਰਤਾਂ ਨੂੰ ਹੀ ਸਵਾਲ ਕੀਤੇ ਜਾ ਰਹੇ ਹਨ ਕਿ ਉਹ ਐਨੇ ਸਾਲ ਖ਼ਾਮੋਸ਼ ਕਿਉਂ ਰਹੀਆਂ। ਜੇ ਇਹ ਵੀ ਮੰਨ ਲਿਆ ਜਾਵੇ ਕਿ ਕੁਛ ਮਾਮਲੇ ਵਧਾ-ਚੜਾਕੇ ਪੇਸ਼ ਕੀਤੇ ਜਾ ਰਹੇ ਹਨ ਫਿਰ ਵੀ ਇਹ ਦਲੀਲਾਂ ਦੇਕੇ ਵਿਆਪਕ ਜਿਨਸੀ ਸ਼ੋਸ਼ਣ ਦੀ ਹਕੀਕਤ ਉੱਪਰ ਪਰਦਾ ਨਹੀਂ ਪਾਇਆ ਜਾ ਸਕਦਾ। ਇਹਨਾਂ ਔਰਤਾਂ ਦੇ ਹੁਣ ਖ਼ਾਮੋਸ਼ੀ ਤੋੜਣ ਦਾ ਕਾਰਨ ਇਹ ਨਹੀਂ ਕਿ ਉਹ ਝੂਠੀਆਂ ਹਨ ਸਗੋਂ ਅਸਲ ਕਾਰਨ ਇਹ ਹੈ ਕਿ ਉਹ ਹੁਣ ਅਕਬਰ ਵਰਗੇ ਸ਼ੋਸ਼ਣਕਾਰੀ ਡਾਹਢੇ ਮਰਦਾਂ ਦੇ ਮਤਹਿਤ ਨਹੀਂ ਜਿਵੇਂ ਉਹ ਉਦੋਂ ਦਾਬੇ ਅਤੇ ਦਬਾਓ ਹੇਠ ਸਨ। ਇਹ ਤੱਥ ਵੀ ਚੇਤੇ ਰੱਖਣਾ ਹੋਵੇਗਾ ਕਿ 1997 ਤੋਂ ਪਹਿਲਾਂ ਮੁਲਕ ਵਿਚ ਕੰਮ ਦੀਆਂ ਥਾਵਾਂ ਉੱਪਰ ਔਰਤਾਂ ਦੇ ਜਿਨਸੀ ਸ਼ੋਸ਼ਣ ਨੂੰ ਰੋਕਣ ਦੀ ਕੋਈ ਕਾਨੂੰਨੀ ਵਿਵਸਥਾ ਨਹੀਂ ਸੀ। ਜਿਨਸੀ ਸ਼ੋਸ਼ਣ ਕੀ ਹੈ ਇਹ 1997 ਵਿਚ ਪ੍ਰੀਭਾਸ਼ਤ ਕੀਤਾ ਗਿਆ। ਇਹ ਹਕੀਕਤ ਵੀ ਯਾਦ ਰੱਖਣੀ ਜ਼ਰੂਰੀ ਹੈ ਕਿ ਜਿਨਸੀ ਸ਼ੋਸ਼ਣ ਅਤੇ ਧੱਕੇਸ਼ਾਹੀ ਕੁਲ ਆਲਮ ਵਿਚ ਫੈਕਟਰੀਆਂ ਅਤੇ ਕੰਮ ਦੀਆਂ ਹੋਰ ਥਾਵਾਂ ਉੱਪਰ ਔਰਤਾਂ ਨੂੰ ਘੋਰ ਲੁੱਟਖਸੁੱਟ ਅਤੇ ਦਾਬੇ ਦੇ 'ਅਨੁਸ਼ਾਸਨ ਵਿਚ' ਰੱਖਣ ਦਾ ਇਕ ਮੁੱਖ ਸੰਦ ਹੈ। ਇਹ ਸਮਝਣਾ ਹੋਰ ਵੀ ਜ਼ਰੂਰੀ ਹੈ ਕਿ ਜੇ ਮੀਡੀਆ ਵਿਚ ਕੰਮ ਕਰ ਰਹੀਆਂ ਪੜੀਆਂ-ਲਿਖੀਆਂ ਅਤੇ ਜਾਗਰੂਕ ਔਰਤਾਂ ਦੀ ਸਥਿਤੀ ਐਨੀ ਗੰਭੀਰ ਹੈ ਤਾਂ ਦੱਬੇਕੁਚਲੇ ਅਤੇ ਲੁੱਟੇਪੁੱਟੇ ਹਿੱਸਿਆਂ ਦੀਆਂ ਗ਼ਰੀਬ ਨਿਤਾਣੀਆਂ ਔਰਤਾਂ ਦੀ ਹਾਲਤ ਕਿੰਨੀ ਬਦਤਰ ਹੋਵੇਗੀ।

ਨਿਸ਼ਚੇ ਹੀ, "ਮੀ ਟੂ" ਨੇ ਐਸੇ ਸ਼ੋਸ਼ਣ ਦਾ ਸ਼ਿਕਾਰ ਔਰਤਾਂ ਨੂੰ ਇਕ ਤਾਕਤ ਦਿੱਤੀ ਹੈ। ਬਹੁਤ ਸਾਰੇ ਘਿਣਾਉਣੇ ਚਿਹਰੇ ਨੰਗੇ ਹੋਏ ਹਨ। ਇਹ ਹੋ ਸਕਦਾ ਹੈ ਕਿ "ਬੇਟੀ ਬਚਾਓ" ਦੇ ਹੋਕਰੇ ਮਾਰਨ ਵਾਲੀ ਮੋਦੀ ਸਰਕਾਰ ਇਹਨਾਂ ਵਿੱਚੋਂ ਕੁਛ ਨੂੰ ਇਹਨਾਂ ਦੀਆਂ ਕਰਤੂਤਾਂ ਦੀ ਮਾਮੂਲੀ ਸਜ਼ਾ ਦੇਕੇ ਔਰਤ ਪੱਖੀ ਹੋਣ ਦਾ ਦੰਭ ਕਰੇ। ਲੇਕਿਨ ਇਸ ਨਾਲ ਇਹ ਸਮੱਸਿਆ ਖ਼ਤਮ ਹੋਣ ਵਾਲੀ ਨਹੀਂ। ਇਹਨਾਂ ਔਰਤਾਂ ਅੱਗੇ ਵੀ ਅਜੇ ਇਸ ਸਮਾਜ ਅਤੇ ਰਾਜਕੀ ਢਾਂਚੇ ਦੀ ਰਗ-ਰਗ ਵਿਚ ਫੈਲੀ ਪਿਤਰਸੱਤਾ ਦੇ ਖ਼ਿਲਾਫ਼ ਵਿਆਪਕ ਅਤੇ ਲੰਮੀ ਲੜਾਈ ਬਾਕੀ ਹੈ। ਇਸ ਦੌਰਾਨ ਕੇਸ ਵਾਪਸ ਲੈਣ, ਬਿਆਨਾਂ ਤੋਂ ਮੁਕਰਨ ਅਤੇ ਰਾਜ਼ੀਨਾਮਾ ਕਰਨ ਲਈ ਤਰਾਂ-ਤਰਾਂ ਦੇ ਦਬਾਓ ਪਾਏ ਜਾਣਗੇ। ਤਹਿਲਕਾ ਵਾਲੇ ਤਰੁਣ ਤੇਜਪਾਲ ਦੀ ਮਿਸਾਲ ਸਾਡੇ ਸਾਹਮਣੇ ਹੈ ਕਿਵੇਂ ਇਥੇ ਸੱਤਾ ਦੇ ਗਲਿਆਰਿਆਂ ਵਿਚ ਪਹੁੰਚ ਵਾਲਾ ਵਰਗਾ ਬਾਰਸੂਖ਼ ਮੁਜਰਿਮ ਬਹੁਤ ਸਹਿਜੇ ਹੀ ਆਪਣੇ ਖ਼ਿਲਾਫ਼ ਮੁਕੱਦਮੇ ਦੇ ਅਦਾਲਤੀ ਅਮਲ ਨੂੰ ਪ੍ਰਭਾਵਤ ਕਰਨ ਅਤੇ ਲਟਕਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਇਕ ਹੋਰ ਮਿਸਾਲ ਦਲਿਤ ਔਰਤ ਭਾਂਬਰੀ ਦੇਵੀ ਦੀ ਹੈ ਜਿਸ ਵੱਲੋਂ 1990ਵਿਆਂ ਵਿਚ ਆਪਣੇ ਨਾਲ ਹੋਏ ਸਮੂਹਿਕ ਜਬਰਜਨਾਹ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਅਡੋਲ ਲੜਾਈ ਲੜੀ ਗਈ। ਜੋ ਇਸਦਾ ਸਬੂਤ ਹੈ ਕਿ ਇਨਸਾਫ਼ ਲਈ ਅਦਾਲਤ ਵਿਚ ਜਾਣ ਵਾਲੀਆਂ ਔਰਤਾਂ ਨੂੰ ਕਿਸ ਤਰ੍ਹਾਂ ਦੇ ਸੰਤਾਪ ਅਤੇ ਮੁਸ਼ਕਲਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ।

ਰਾਜਸਥਾਨ ਵਿਚ 'ਔਰਤ ਵਿਕਾਸ ਪ੍ਰੋਗਰਾਮ' ਤਹਿਤ 'ਸਾਥਣ' ਦੇ ਤੌਰ 'ਤੇ ਕੰਮ ਕਰ ਰਹੀ ਕਾਰਕੁੰਨ ਭਾਂਬਰੀ ਦੇਵੀ ਨੂੰ ਘੇਰਕੇ ਉਸਦੇ ਪਤੀ ਦੀਆਂ ਅੱਖਾਂ ਸਾਹਮਣੇ ਉਸ ਨਾਲ ਸਮੂਹਿਕ ਜਬਰਜਨਾਹ ਕੀਤਾ ਗਿਆ ਸੀ। ਕਿਉਂਕਿ ਉਸਨੇ ਰਾਜਸਥਾਨ ਦੇ ਰਾਜਪੂਤ ਭਾਈਚਾਰੇ ਵੱਲੋਂ ਕੀਤੇ ਜਾ ਰਹੇ ਇਕ ਬਾਲ-ਵਿਆਹ ਨੂੰ ਰੋਕਣ ਲਈ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਸੀ। ਜਿਸ ਸੰਸਥਾ ਲਈ ਉਹ ਕੰਮ ਕਰਦੀ ਸੀ ਉਹ ਵੀ ਉਸ ਦਾ ਸਾਥ ਛੱਡ ਗਈ। ਲੇਕਿਨ ਭਾਂਵਰੀ ਦੇਵੀ ਨੇ ਹਾਰ ਨਹੀਂ ਮੰਨੀ ਅਤੇ ਡੱਟਕੇ ਕਾਨੂੰਨੀ ਲੜਾਈ ਲੜੀ। ਟਰਾਇਲ ਅਦਾਲਤ ਨੇ ਉਸਨੂੰ ਜ਼ਲੀਲ ਕਰਨ ਪੱਖੋਂ ਕੋਈ ਕਸਰ ਬਾਕੀ ਨਹੀਂ ਛੱਡੀ। ਟਰਾਇਲ ਅਦਾਲਤ ਨੇ ਬਾਰਸੂਖ਼ ਮੁਜਰਿਮਾਂ ਨੂੰ ਬਰੀ ਕਰਨ ਲਈ ਉਸਦੀ ਦਰਦਨਾਕ ਕਹਾਣੀ ਨੂੰ ਇਹ ਦਲੀਲ ਦੇਕੇ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਪਤੀ ਦੀ ਮੌਜੂਦਗੀ ਵਿਚ ਜਬਰ ਜਨਾਹ ਸੰਭਵ ਹੀ ਨਹੀਂ ਕਿਉਂਕਿ ਸਾਡੇ ਸਮਾਜ ਵਿਚ ਪਤਨੀ ਦੀ ਰੱਖਿਆ ਕਰਨਾ ਪਤੀ ਦੀ ਜ਼ੁੰਮੇਵਾਰੀ ਹੈ। ਮੁਜਰਿਮ ਬਰੀ ਹੋ ਗਏ ਲੇਕਿਨ ਉਸਦੀ ਲੜਾਈ ਜਾਰੀ ਰਹੀ।

ਫਿਰ ਔਰਤਾਂ ਗਰੁੱਪਾਂ ਅਤੇ ਗ਼ੈਰਸਰਕਾਰੀ ਜਥੇਬੰਦੀਆਂ ਵੱਲੋਂ ਸਾਂਝੇ ਮੰਚ 'ਵਿਸ਼ਾਖਾ' ਦੇ ਨਾਂ ਹੇਠ ਸੁਪਰੀਮ ਕੋਰਟ ਵਿਚ ਰਿੱਟ ਦਾਇਰ ਕੀਤੀ ਗਈ ਜਿਸ ਦੇ ਨਤੀਜੇ ਵਜੋਂ ਸੁਪਰੀਮ ਕੋਰਟ ਵੱਲੋਂ 1997 ਵਿਚ ਕੰਮ ਵਾਲੀਆਂ ਥਾਵਾਂ ਉੱਪਰ ਜਿਨਸੀ ਸ਼ੋਸ਼ਣ ਨੂੰ ਰੋਕਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਜੋ 'ਵਿਸ਼ਾਖਾ ਦਿਸ਼ਾਨਿਰਦੇਸ਼' ਵਜੋਂ ਮਸ਼ਹੂਰ ਹਨ। 2013 ਵਿਚ 'ਕੰਮ ਵਾਲੀਆਂ ਥਾਵਾਂ ਉੱਪਰ ਔਰਤਾਂ ਦੇ ਜਿਨਸੀ ਸ਼ੋਸ਼ਣ ਦੀ ਰੋਕਥਾਮ, ਮਨਾਹੀ ਅਤੇ ਸ਼ਿਕਾਇਤਾਂ ਦੇ ਨਿਪਟਾਰੇ ਲਈ ਐਕਟ 2013' ਬਣਿਆ ਜਿਸ ਤਹਿਤ ਹਰ ਅਦਾਰਾ ਔਰਤਾਂ ਨੂੰ ਸੁਰੱਖਿਅਤ ਮਾਹੌਲ ਦੇਣ ਤੋਂ ਲੈਕੇ ਉਹਨਾਂ ਦੀਆਂ ਜਿਨਸੀ ਸ਼ੋਸ਼ਣ ਦੀਆਂ ਸ਼ਿਕਾਇਤਾਂ ਸੁਣਨ ਲਈ 'ਅੰਦਰੂਨੀ ਸ਼ਿਕਾਇਤ ਕਮੇਟੀਆਂ' ਬਣਾਉਣ ਦਾ ਪਾਬੰਦ ਹੈ। ਇਹ ਵੱਖਰਾ ਸਵਾਲ ਹੈ ਕਿ ਇਸ ਐਕਟ ਨੂੰ ਲਾਗੂ ਕਰਨ ਵਿਚ ਔਰਤਾਂ ਨੂੰ ਕੰਮ ਦੇਣ ਵਾਲਿਆਂ ਦੇ ਹਿਤ ਨਹੀਂ। ਰਾਜਕੀ ਢਾਂਚਾ ਮਹਿਜ਼ ਕਾਗਜ਼ੀ ਕਾਰਵਾਈ ਕਰਦਾ ਹੈ।

ਜਿਨਸੀ ਸ਼ੋਸ਼ਣ ਦਾ ਖ਼ਾਤਮਾ ਸਿਰਫ਼ ਮਰਦ ਹੰਕਾਰ ਦੀ ਪੁਸ਼ਤਪਨਾਹੀ ਕਰਨ ਵਾਲੇ ਇਸ ਸਮਾਜੀ ਅਤੇ ਰਾਜਕੀ ਢਾਂਚੇ ਨੂੰ ਸੰਘਰਸ਼ ਰਾਹੀਂ ਮੁੱਢੋਂ ਬਦਲਣ ਨਾਲ ਹੀ ਸੰਭਵ ਹੈ।


Hiring Drivers/Owners/Operators
GALAXY Frightline inc.
We Offer:
*Competitive Salary
*Fuel Cards
*Late Model Equipment
*NewPay Package
*On Site Maintenance Facility
*Extra Drops and Pickups Paid
*Guaranteed Miles Per Month
*Guaranteed Home Time
We Require:
*2 Years Experience
*Clean Current Abstract
*Ability to Cross Border
*Positive, Professional Attitude
For:
*GTA
*ON-QC
*ON-MB-AB-BC
*USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6

# ਕੈਨੇਡਾ ਵਿੱਚ ਦੁਕਾਨਾਂ 'ਚ ਵਿਕੇਗੀ ਭੰਗ, ਨਿੱਜੀ ਇਸਤੇਮਾਲ ਲਈ ਰੱਖਣ ਦੀ ਮਿਲੀ ਇਜਾਜ਼ਤ





ਕੈਨੇਡਾ ਵਿੱਚ ਨਿੱਜੀ ਇਸਤੇਮਾਲ ਲਈ ਭੰਗ ਰੱਖਣ ਨੂੰ ਕਾਨੂੰਨੀ ਤੌਰ 'ਤੇ ਇਜਾਜ਼ਤ ਮਿਲ ਗਈ ਹੈ।

ਉਰੂਗੇਏ ਤੋਂ ਬਾਅਦ ਕੈਨੇਡਾ ਨਿੱਜੀ ਤੌਰ 'ਤੇ ਭੰਗ ਰੱਖਣ ਅਤੇ ਇਸਤੇਮਾਲ ਕਰਨ ਦੀ ਇਜਾਜ਼ਤ ਦੇਣ ਵਾਲਾ ਦੂਜਾ ਦੇਸ ਹੈ।

ਸਰਕਾਰ ਵੱਲੋਂ ਕਰੀਬ 1.5 ਕਰੋੜ ਪਰਿਵਾਰਾਂ ਨੂੰ ਈਮੇਲ ਰਾਹੀਂ ਨਵੇਂ ਕਾਨੂੰਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਸਰਕਾਰ ਵੱਲੋਂ ਜਾਗਰੂਕਤਾ ਮੁਹਿੰਮਾਂ ਵੀ ਚਲਾਈਆਂ ਜਾਣਗੀਆਂ।

ਨਵੇਂ ਕਾਨੂੰਨ ਨਾਲ ਪੁਲਿਸ ਲਈ ਸਭ ਤੋਂ ਵੱਡੀ ਚੁਣੌਤੀ ਹੈ ਡਰੱਗਸ ਲੈ ਕੇ ਗੱਡੀ ਚਲਾਉਣ ਵਾਲਿਆਂ ਨਾਲ ਕਿਵੇਂ ਨਜਿੱਠਿਆ ਜਾਵੇ।

ਕੈਨੇਡਾ ਦੇ ਸੂਬੇ ਅਤੇ ਪ੍ਰਸ਼ਾਸਨ ਮਹੀਨਿਆਂ ਤੋਂ ਇਸ ਪਾਬੰਦੀ ਨੂੰ ਖ਼ਤਮ ਕਰਨ ਦੀਆਂ ਤਿਆਰੀਆਂ ਕਰ ਰਹੇ ਸਨ।

ਬੁੱਧਵਾਰ ਨੂੰ ਕੈਨੇਡਾ ਦੇ ਸੂਬੇ ਨਿਊਫਾਊਂਡਲੈਂਡ ਵਿੱਚ ਸਭ ਤੋਂ ਪਹਿਲਾਂ ਭੰਗ ਦੀ ਕਾਨੂੰਨੀ ਤੌਰ 'ਤੇ ਵਿਕਰੀ ਸ਼ੁਰੂ ਹੋਈ।

ਭੰਗ ਦੀ ਕਾਨੂੰਨੀ ਵਿਕਰੀ ਨੂੰ ਲੈ ਕੇ ਕਈ ਸਵਾਲ ਹਨ ਜਿਨ੍ਹਾਂ ਦੇ ਜਵਾਬ ਦੇਣੇ ਬਾਕੀ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਨਿੱਜੀ ਤੌਰ 'ਤੇ ਭੰਗ ਦੀ ਵਿਕਰੀ ਨੂੰ ਇਜਾਜ਼ਤ ਮਿਲਣ ਨਾਲ ਭੰਗ ਦੀ ਮੰਗ ਵਧੇਗੀ ਜਿਸ ਨੂੰ ਪੂਰਾ ਕਰਨਾ ਇੱਕ ਵੱਡੀ ਚੁਣੌਤੀ ਹੈ।

ਓਨਟਾਰਿਓ ਵਿੱਚ ਕੁਝ ਮਹੀਨੇ ਬਾਅਦ ਭੰਗ ਦੀ ਵਿਕਰੀ ਸ਼ੁਰੂ ਹੋਵੇਗੀ। ਹਾਲਾਂਕਿ ਲੋਕ ਆਨਲਾਈਨ ਭੰਗ ਨੂੰ ਆਡਰ ਕਰ ਸਕਦੇ ਹਨ।

ਇਸੇ ਤਰ੍ਹਾਂ ਬ੍ਰਿਟਿਸ਼ ਕੋਲੰਬੀਆ ਜਿੱਥੇ ਵੱਡੀ ਮਾਤਰਾ ਵਿੱਚ ਭੰਗ ਇਸਤੇਮਾਲ ਹੁੰਦੀ ਹੈ, ਉੱਥੇ ਕੇਵਲ ਇੱਕ ਹੀ ਸਟੋਰ ਖੋਲ੍ਹਿਆ ਗਿਆ ਹੈ।

**ਕੈਨੇਡਾ ਵਿੱਚ ਭੰਗ ਦੀ ਵਿਕਰੀ ਨੂੰ ਕਿਉਂ ਮਿਲੀ ਇਜਾਜ਼ਤ ?**

ਭੰਗ ਬਾਰੇ ਇਸ ਫੈਸਲੇ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣਾ 2015 ਦੀਆਂ ਚੋਣਾਂ ਵੇਲੇ ਕੀਤਾ ਵਾਅਦਾ ਪੂਰਾ ਕੀਤਾ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਤਰਕ ਹੈ ਕਿ ਕੈਨੇਡਾ ਦੇ ਡਰੱਗਸ ਸਬੰਧੀ ਇੱਕ ਸਦੀ ਪੁਰਾਣੇ ਕਾਨੂੰਨ ਹੁਣ ਬੇਅਸਰ ਹਨ ਤੇ ਕੈਨੇਡਾ ਵਿੱਚ ਅਜੇ ਵੀ ਕਾਫੀ ਲੋਕ ਇਸ ਦਾ ਸੇਵਨ ਕਰਦੇ ਹਨ।


ਉਨ੍ਹਾਂ ਕਿਹਾ ਕਿ ਨਵਾਂ ਕਾਨੂੰਨ ਇਸ ਤਰੀਕੇ ਨਾਲ ਬਣਾਇਆ ਗਿਆ ਹੈ ਜਿਸ ਨਾਲ ਡਰੱਗਸ ਬੱਚਿਆਂ ਤੋਂ ਦੂਰ ਰਹਿਣਗੇ ਅਤੇ ਡਰੱਗਸ ਦਾ ਮੁਨਾਫਾ ਅਪਰਾਧੀਆਂ ਤੋਂ ਦੂਰ ਰਹੇਗਾ।

ਸਰਕਾਰ ਨੂੰ ਉਮੀਦ ਹੈ ਕਿ ਭੰਗ ਦੀ ਵਿਕਰੀ ਨਾਲ ਉਸ ਨੂੰ ਸਾਲਾਨਾ 400 ਮਿਲੀਅਨ ਡਾਲਰ ਦੀ ਟੈਕਸ ਆਮਦਨ ਹੋਵੇਗੀ।

**ਕੀ ਹੈ ਨਵਾਂ ਕਾਨੂੰਨ ?**

ਕੋਈ ਵੀ ਬਾਲਗ ਲਾਈਸੈਂਸਸ਼ੁਦਾ ਪ੍ਰੋਡਿਊਸਰ ਜਾਂ ਰਿਟੇਲਰ ਤੋਂ ਭੰਗ ਦਾ ਤੇਲ, ਬੀਜ, ਪੌਧੇ ਅਤੇ ਸੁੱਕੀ ਭੰਗ ਖਰੀਦ ਸਕਦਾ ਹੈ।

ਕੋਈ ਬਾਲਗ ਵਿਅਕਤੀ ਜਨਤਕ



ਥਾਂਵਾਂ 'ਤੇ ਉਹ 30 ਗ੍ਰਾਮ ਭੰਗ ਲੈ ਕੇ ਜਾ ਸਕਦਾ ਹੈ। ਭੰਗ ਨਾਲ ਬਣੇ ਪਦਾਰਥ ਦੀ ਵਿਕਰੀ ਸ਼ੁਰੂ ਹੋਣ ਵਿੱਚ ਇੱਕ ਸਾਲ ਤੱਕ ਲੱਗ ਸਕਦਾ ਹੈ।

**ਭੰਗ ਦੀ ਵਿਕਰੀ ਨੂੰ ਲੈ ਕੇ ਕੀ ਹੈ ਚਿੰਤਾ ?**


ਭੰਗ ਦੀ ਵਿਕਰੀ ਨੂੰ ਲੈ ਕੇ ਮਿਲੀ ਕਾਨੂੰਨੀ ਇਜਾਜ਼ਤ ਨਾਲ ਇਹੀ ਨਹੀਂ ਹੈ ਕਿ ਇਸ ਨਾਲ ਸਿਹਤ ਨੂੰ ਹੁੰਦੇ ਨੁਕਸਾਨ ਬਾਰੇ ਫਿਕਰ ਖ਼ਤਮ ਹੋ ਗਈ ਹੈ।

ਕੈਨੇਡਾ ਦੀ ਮੈਡੀਕਲ ਐਸੋਸੀਏਸ਼ਨ ਨੇ ਇੱਕ ਜਰਨਲ ਵਿੱਚ ਲਿਖੇ ਸੰਪਾਦਕੀ ਵਿੱਚ ਇਸ ਫੈਸਲੇ ਦਾ ਵਿਰੋਧ ਕੀਤਾ ਹੈ।

ਉਨ੍ਹਾਂ ਕਿਹਾ ਹੈ ਕਿ ਕੌਮੀ ਪੱਧਰ 'ਤੇ ਕੀਤੇ ਜਾ ਰਹੇ ਇਸ ਤਜ਼ਰਬੇ ਨਾਲ ਭੰਗ ਦੇ ਉਤਪਾਦਕਾਂ ਦੇ ਮੁਨਾਫੇ ਤੇ ਟੈਕਸ ਆਮਦਨ ਲਈ ਕੈਨੇਡਾ ਦੇ ਲੋਕਾਂ ਦੀ ਸਿਹਤ ਨੂੰ ਤਾਕ 'ਤੇ ਰੱਖਿਆ ਜਾ ਰਿਹਾ ਹੈ।

ਸਰਕਾਰੀ ਅਧਿਕਾਰੀਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਸਰਕਾਰ ਉਨ੍ਹਾਂ ਲੋਕਾਂ ਨੂੰ ਮੁਆਫੀ ਦੇਣ ਬਾਰੇ ਫਾਸਟ ਟ੍ਰੈਕ ਪ੍ਰਕਿਰਿਆ ਬਾਰੇ ਵਿਚਾਰ ਕਰ ਰਹੀ ਹੈ ਜਿਨ੍ਹਾਂ ਕੋਲ ਹੁਣ ਤੈਅ ਕੀਤੀ ਮਾਤਰਾ ਵਿੱਚ ਭੰਗ ਫੜੀ ਗਈ ਸੀ।

ਕੈਨੇਡਾ ਵੱਚ ਅਜਿਹੇ ਲੋਕਾਂ ਦੀ ਗਿਣਤੀ 50,000 ਹੈ ਜਿਨ੍ਹਾਂ 'ਤੇ ਭੰਗ ਰੱਖਣ ਦੇ ਇਲਜ਼ਾਮ ਲੱਗੇ ਹੋਏ ਹਨ।



# ਸੁਰਜੀਤ ਗੱਗ ਘਟਨਾਕ੍ਰਮ 'ਤੇ ਟਿੱਪਣੀ

ਸੁਰਜੀਤ ਗੱਗ ਨਾਲ ਹੋਈ ਕੁੱਟ-ਮਾਰ ਮਗਰੋਂ ਫਿਰ ਖੁਦ ਨੂੰ 'ਖੱਬੇਪੱਖੀ' ਅਤੇ 'ਖਾਲਿਸਤਾਨੀ' ਅਖਵਾਉਣ ਵਾਲਿਆਂ ਵੱਲੋਂ ਉਹਨਾਂ ਦੀ ਰਾਇ ਸਾਹਮਣੇ ਆਈ। ਐੱਸ. ਐੱਫ. ਐੱਸ ਵੱਲੋਂ ਹਾਲੇ ਤੱਕ ਕੋਈ ਟਿੱਪਣੀ ਨਹੀਂ ਸੀ ਕੀਤੀ ਗਈ ਕਿਉਂਕਿ ਪਿਛਲੀ ਵਾਰ ਅਸੀਂ ਆਪਣਾ ਪੱਖ ਰੱਖ ਦਿੱਤਾ ਸੀ। ਪਰ ਹੁਣ ਜਿਸ ਤਰਾਂ ਦੋਨ੍ਹਾਂ ਪਾਸਿਆਂ ਤੋਂ ਕੁੱਝ ਟਿਪਣੀਆਂ ਹੋਈਆਂ ਨੇ, ਸਾਨੂੰ ਥੋੜ੍ਹਾ ਹੋਰ ਲਿਖਣ ਦੀ ਲੋੜ ਮਹਿਸੂਸ ਹੋਈ ਹੈ।

1. ਇੱਕ ਹਿੱਸਾ ਉਹਨਾਂ ਲੋਕਾਂ ਦਾ ਹੈ, ਜੋ ਗੱਗ ਦੀ ਵਿਵਾਦਤ ਲੇਖਣੀ ਦਾ ਇਹ ਕਹਿ ਕੇ ਬਚਾਅ ਕਰ ਰਿਹਾ ਹੈ, ਕਿ ਉਹ ਧਰਮ ਅੰਦਰਲੇ ਪਖੰਡਾਂ ਦਾ ਵਿਰੋਧ ਕਰਦਾ ਹੈ, ਉਹ ਇੱਕ ਅਗਾਂਹਵਧੂ ਕਾਰਜ ਕਰ ਰਿਹਾ ਹੈ। ਜਦਕਿ ਕੁੱਝ ਲੋਕ ਉਸਦੀ ਲਿਖਤ ਨਾਲ ਅਸਹਿਮਤ ਹੁੰਦੇ ਹੋਏ ਵੀ ਇਸ ਹਮਲੇ ਨੂੰ ਬੋਲਣ ਦੀ ਆਜ਼ਾਦੀ ਉੱਤੇ ਹਮਲੇ ਵੱਜੋਂ ਲੈ ਰਹੇ ਹਨ।

2. ਦੂਜਾ ਹਿੱਸਾ ਉਸ ਵੱਲੋਂ ਸਿੱਖ



ਗੁਰੂਆਂ ਅਤੇ ਧਾਰਮਿਕ ਚਿਨ੍ਹਾਂ ਦੀ ਬੇਅਦਬੀ ਦੀ ਗੱਲ ਕਰਦੇ ਹੋਏ, ਉਸ ਨਾਲ ਹੋਈ ਕੁੱਟਮਾਰ ਨੂੰ ਜਾਇਜ਼ ਠਹਿਰਾ ਰਿਹਾ ਹੈ। ਇਸਤੋਂ ਬਿਨ੍ਹਾਂ ਕੁੱਝ ਹਿੱਸਾ ਉਸ ਬਾਰੇ ਗਾਲ੍ਹੀ-ਗਲੋਚ ਅਤੇ ਝੂਠੇ ਸਨੈਪ-ਸ਼ਾਟ ਫੈਲਾਉਣ 'ਚ ਵੀ ਸ਼ਾਮਲ ਹੈ।

**ਐੱਸ. ਐੱਫ. ਐੱਸ. ਦੀ ਪਹੁੰਚ:** ਕਈ ਜਗ੍ਹਾ ਗੱਗ ਦੀ ਲੇਖਣੀ ਇਤਰਾਜ਼ਯੋਗ ਹੈ। ਸਾਹਿਤਕ ਮਰਿਆਦਾ ਤੋਂ ਬਾਹਰ ਜਾ ਕੇ ਧਾਰਮਕ ਮਾਮਲਿਆਂ 'ਤੇ ਬੇਵਜ੍ਹਾ ਟਿੱਪਣੀ ਕਰਨਾ ਅਤੇ ਲੋਕਾਂ ਦੀਆਂ ਆਪਣੇ ਧਰਮ ਸੰਬੰਧੀ ਭਾਵਨਵਾਂ ਨੂੰ ਠੇਸ ਪਹੁੰਚਾਉਣਾ ਬਿਲਕੁਲ ਗਲਤ ਹੈ।ਆਪਣੇ ਗੈਰ-ਜਿੰਮੇਵਾਰਾਨਾ ਹਰਕਤਾਂ ਕਾਰਨ ਉਹ ਲੋਕਾਂ ਅੰਦਰ ਬੇਵਜਾਹ ਟਕਰਾਅ ਪੈਦਾ ਕਰਨ ਦਾ ਕੰਮ ਰਿਹਾ ਹੈ।ਇਸ ਤਰ੍ਹਾਂ ਦੀ ਗੈਰ-ਜਿੰਮੇਵਾਰਾਨਾ ਲੇਖਣੀ ਦਾ ਬੋਲਣ ਦੀ ਆਜ਼ਾਦੀ ਦੇ ਨਾਮ 'ਤੇ ਬਚਾਅ ਕਰਨਾ ਨਾਜਾਇਜ਼ ਹੈ ਅਤੇ ਇਸਦਾ ਵਿਰੋਧ ਕਰਨਾ ਬਣਦਾ ਹੈ।

ਪਰ ਸ਼ਰਾਰਤੀ ਅਨਸਰਾਂ ਵੱਲੋਂ ਕੀਤੀ ਕੁੱਟਮਾਰ ਵੀ ਸਿੱਖੀ ਦੀ ਰੱਖਿਆ ਨਹੀਂ ਹੈ। ਕੀ ਉਹਨਾਂ ਲੋਕਾਂ ਨੂੰ ਧਰਮ ਦੀ ਠੇਕੇਦਾਰੀ ਕਰਨ ਲਈ ਉਤਸ਼ਾਹਤ ਕਰਨਾ ਜਾਇਜ਼ ਹੈ ਜਿਨ੍ਹਾਂ ਦਾ ਸਿੱਖ ਸਿਧਾਤਾਂ ਅਤੇ ਸੰਘਰਸ਼ਾਂ ਨਾਲ ਕੋਈ ਨਾਤਾ ਨਹੀਂ ? ਕੁੱਟ-ਮਾਰ ਦੀ ਥਾਂ ਇਸ ਕਿਸਮ ਦੇ ਗੈਰ-ਜਿੰਮੇਵਾਰ ਲੇਖਣੀ ਵਾਲਿਆਂ ਨੂੰ ਸਾਹਿਤਕ ਹਲਕਿਆਂ ਚੋਂ ਨਿਖੇੜਨਾ ਸਹੀ ਹੋਵੇਗਾ।

ਪੰਜਾਬ ਅੰਦਰ ਸਿੱਖੀ ਅਤੇ ਪੰਜਾਬੀ ਕੌਮੀਅਤ ਪ੍ਰਤੀ ਗਲਤ ਸਮਝ ਕਾਰਨ ਪਹਿਲਾਂ ਭਾਰਤੀ ਫਾਸ਼ੀਵਾਦੀ ਸੱਤਾ ਵਿਰੁੱਧ ਸੰਘਰਸ਼ੀਲ ਤਾਕਤਾਂ ਵਿੱਚ ਦੂਰੀ ਰਹੀ ਹੈ। ਅੱਜ ਦੇ ਦੌਰ ਵਿੱਚ ਇਹਨਾਂ ਤਾਕਤਾਂ ਨੂੰ ਵਿਚਾਰਧਾਰਕ ਵਖਰੇਵਿਆਂ ਪ੍ਰਤੀ ਸਹੀ ਪਹੁੰਚ ਰੱਖਦੇ ਹੋਏ ਨੇੜ੍ਹੇ ਹੋਣ ਦੀ ਲੋੜ ਹੈ। ਇਸ ਮਾਮਲੇ 'ਤੇ ਜੇ ਕੋਈ ਵਿਚਾਰ-ਚਰਚਾ ਕਰਨ ਲਈ ਇਛੁੱਕ ਹੈ ਤਾਂ ਅਸੀਂ ਉਸ ਲਈ ਪੂਰੀ ਤਰ੍ਹਾਂ ਤਿਆਰ ਹਾਂ।


ਦੋਹੇ ਪਾਸਿਆਂ ਅੰਦਰਲੇ ਕੁੱਝ ਸੰਕੀਰਨ ਲੋਕਾਂ ਵੱਲੋਂ ਐੱਸ. ਐੱਫ. ਐੱਸ. ਜਾਂ ਇਸਦੀ ਪਹੁੰਚ 'ਤੇ ਕੁੱਝ ਟਿੱਪਣੀਆਂ ਕੀਤੀਆਂ ਗਈਆਂ ਹਨ। ਅਸੀਂ ਇਹ ਸਾਫ਼ ਕਰਨਾ ਚਾਹੁੰਦੇ ਹਾਂ ਕਿ ਐੱਸ. ਐੱਫ. ਐੱਸ. ਇੱਕ ਵਿਦਿਆਰਥੀ ਜੱਥੇਬੰਦੀ ਹੋਣ ਦੇ ਨਾਤੇ ਆਪਣੀ ਸਮਰੱਥਾ ਮੁਤਾਬਕ ਇਸ ਪਹੁੰਚ 'ਤੇ ਕੰਮ ਕਰਨ ਲਈ ਯਤਨਸ਼ੀਲ ਹੈ।

**ਅਪੀਲ:** ਕੁੱਝ ਗੈਰ-ਜਿੰਮੇਵਾਰ ਕਿਸਮ ਦੇ ਤੱਤ ਅਜਿਹੇ ਵੇਲੇ ਫੇਸਬੁੱਕ ਆਦਿ 'ਤੇ ਗਾਲ੍ਹੀ-ਗਲ੍ਹੌਚ, ਭੱਦੀਆਂ ਅਤੇ ਗੈਰ-ਜ਼ਿੰਮੇਵਾਰਾਨਾ ਟਿੱਪਣੀਆਂ ਰਾਹੀਂ ਕੂੜ-ਪ੍ਰਚਾਰ ਕਰਨ ਦੀ ਕੋਸ਼ਿਸ਼ ਵੀ ਕਰਦੇ ਹਨ।ਹਰ ਵਾਰ ਦੀ ਤਰ੍ਹਾਂ ਦੋਵੇਂ ਪਾਸੇ ਤੋਂ ਹੀ ਕੁਝ ਹਿੱਸੇ ਵੱਲੋਂ ਇਸ ਮਾਮਲੇ ਨੂੰ ਸਿੱਖ ਬਨਾਮ ਕਮਿਊਨਿਸਟ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਹਿੱਸਾ ਧਾਰਮਕ ਘੱਟ ਗਿਣਤੀਆਂ, ਦਬਾਈਆਂ ਕੌਮਾਂ ਅਤੇ ਲੁੱਟੇ ਜਾ ਰਹੇ ਤਬਕਿਆਂ ਦੇ ਅਸਲੀ ਵਿਰੋਧੀ ਫਾਸ਼ੀਵਾਦੀ ਸੱਤਾ ਵਿਰੁੱਧ ਸੰਘਰਸ਼ ਪ੍ਰਤੀ ਗੰਭੀਰ ਨਹੀਂ ਹੈ। ਅਜਿਹੇ ਤੱਤਾਂ ਨੂੰ ਵੀ ਨਿਖੇੜਨਾ ਜ਼ਰੂਰੀ ਹੈ।




# ਤਰਕਸ਼ੀਲ ਸੁਸਾਇਟੀ ਆਫ਼ ਕੈਨੇਡਾ ਵਲੋਂ ਬਰੈਂਪਟਨ ਵਿਚ 'ਮੈਲੇ ਹੱਥ' ਨਾਟਕ ਕਰਵਾਇਆ







ਲਾਲਾ ਹਰਦਿਆਲ ਅਨੁਸਾਰ ਕਲਾ ਮਨੁੱਖਤਾ ਲਈ ਅਸਲੀ ਖੁਸ਼ੀ ਅਤੇ ਸਦੀਵੀ ਉਤਸ਼ਾਹ ਦਾ ਸੋਮਾ ਹੈ। ਇਸ ਤਰ੍ਹਾਂ ਨਾਟਕ ਕਲਾ ਜਾਂ ਡਰਾਮਾ ਪਲੇਅ ਸਾਨੂੰ ਆਪਣੇ ਤੰਗ ਨਿੱਜੀ ਦਾਇਰੇ ਤੋਂ ਬਾਹਰ ਕੱਢਕੇ ਸਾਡਾ ਨਾਤਾ ਸਮਾਜ ਨਾਲ ਜੋੜਦਾ ਹੈ ਜਿਹੜਾ ਕਿ ਸਾਡੇ ਮਰਦ, ਔਰਤਾਂ ਅਤੇ ਬੱਚਿਆਂ ਦਾ ਸਾਂਝਾ ਭਵਿੱਖ ਸਿਰਜਨ ਵਿਚ ਸਹਾਈ ਹੁੰਦਾ ਹੈ। ਉਤਮ ਕਲਾ ਉਹ ਹੁੰਦੀ ਹੈ ਜਿਹੜੀ ਸਮਾਜ ਵਿਚ ਫੈਲੀਆਂ ਕੁਰੀਤੀਆਂ ਦਾ ਨਾਸ਼ ਕਰਕੇ ਇਕ ਵਧੀਆ ਸਮਾਜ ਨੂੰ ਜਨਮ ਦਿੰਦੀ ਹੈ। ਘਟੀਆ ਕਿਸਮ ਦੀ ਕਲਾ ਕਿਸੇ ਖਾਸ ਵਰਗ, ਜੁੰਡਲੀ ਜਾਂ ਧਰਮ ਨਾਲ ਸਬੰਧਤ ਹੁੰਦੀ ਹੈ। ਇਸ ਦਾ ਸਮਾਜਿਕ ਅਧਾਰ ਅਸਥਾਈ ਅਤੇ ਸੀਮਤ ਹੁੰਦਾ ਹੈ। ਇਸ ਤਰ੍ਹਾਂ 20 ਅਕਤੂਬਰ 2018 ਨੂੰ ਪ੍ਰਸਿੱਧਕਲਾਕਾਰ ਅਜਮੇਰ ਰੋਡੇ ਦੀ ਕਲਮ 'ਚ ਪੈਦਾ ਹੋਇਆ ਸਮਾਜਿਕ ਸਰੋਕਾਰਾਂ ਨਾਲ ਸਬੰਧਤ ਨਾਟਕ ਮੈਲੇ ਹੱਥ ਬਰੈਂਪਟਨ ਦੇ ਪੀਅਰਸ਼ਨ ਥੀਏਟਰ ਵਿਚ ਖੇਡਿਆ ਗਿਆ ਜਿਸ ਦੇ ਨਿਰਦੇਸ਼ਕ ਗੁਰਦੀਪ ਭੁੱਲਰ ਹਨ। ਇਸ ਨੂੰ ਤਰਕਸ਼ੀਲ ਸੁਸਾਇਟੀ ਆਫ਼ ਕੈਨੇਡਾ ਦੇ ਸੱਦੇ 'ਤੇ ਚਰਨਜੀਤ ਬਰਾੜ ਵਿਜ਼ਨ ਟੀ.ਵੀ. ਦੇ ਹੋਸਟ ਦੇ ਉਦਮ ਕਰਕੇ ਕਰਵਾਇਆ ਗਿਆ। ਨਾਟਕ ਦੇ ਸ਼ੁਰੂ ਵਿਚ ਪ੍ਰਿੰਸੀਪਲ ਜਾਗੀਰ ਵਿਚ ਕਾਹਲੋਂ ਦੇ ਸਟੇਜ ਦੀ ਕਾਰਵਾਈ ਸੰਭਾਲੀ ਅਤੇ ਸੁਖਦੇਵ ਸੁੱਖਾ ਨੇ ਆਪਣੇ ਗੀਤ ਰਾਹੀਂ ਜ਼ਮੀਨਾਂ ਮਹਿੰਗੀਆਂ ਵਿਕੀਆਂ ਤੇ ਜ਼ਮੀਰਾਂ ਸਸਤੀਆਂ ਵਿਕੀਆਂ ਮੌਜੂਦਾ ਸਮਾਜ ਦੀ ਅਸਲੀ ਤਸਵੀਰ ਪੇਸ਼ ਕੀਤੀ। ਸੋਸ਼ਲ ਵਰਕਰ ਬਲਬੀਰ ਕੌਰ ਸੋਹੀ ਨੇ ਨਾਟਕ ਦੀ ਵਿਖਿਆਇਆ ਕਰਕੇ ਲੋਕਾਂ ਦੇ ਕੋਮਲ ਹਿਰਦਿਆਂ ਨੂੰ ਟੁੰਬਿਆਂ ਅਤੇ ਚਰਨਜੀਤ ਬਰਾੜ ਜੋ ਕਿ ਇਸ ਪ੍ਰਬੰਧ ਦੇ ਕਰਤਾ ਧਰਤਾ ਸਨ, ਨੇ ਸਪਾਂਸਰਜ਼ ਅਤੇ ਮੀਡੀਆ ਦਾ ਧੰਨਵਾਦ ਕੀਤਾ। ਅਜਮੇਰ ਰੋਡੇ ਨੇ ਨਾਟਕ ਦੀ ਸ਼ੁਰੂਆਤ ਕੀਤੀ। ਇਹ ਨਾਟਕ ਸਾਡੇ ਸਮਾਜ ਵਿਚ ਬੱਚਿਆਂ ਨਾਲ ਹੋ ਰਹੇ ਲਿੰਗ ਸੋਸ਼ਣ ਦੇ ਅਧਾਰਤ ਸੀ। ਇਸ ਡੇਢ ਘੰਟਾ ਚਲੇ ਨਾਟਕ ਨੂੰ ਲੋਕਾਂ ਨੇ ਬਹੁਤ ਗੰਭੀਰਤਾ ਨਾਲ ਦੇਖਿਆ ਅਤੇ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਗਿਆ ਕਿ ਸਾਨੂੰ ਆਪਣੇ ਮਸ਼ੀਨੀ ਜ਼ਿੰਦਗੀ ਦੇ ਨਾਲ ਆਉਣ ਵਾਲੀ ਜਨਰੇਸ਼ਨ ਜਾਂ ਪੀੜ੍ਹੀ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਵੀ ਲੋੜ ਹੈ। ਅੰਤ ਵਿਚ ਤਕਰਸ਼ੀਲ ਹੋਣ ਦੇ ਬਾਵਜੂਦ ਵੀ ਨਾਟਕ ਇਸ ਮਸਲੇ ਦਾ ਉਸਾਰੂ ਹੱਲ ਕਰਨ ਦੀ ਬਜਾਏ ਦੇਵੀ ਦੇਵਤਿਆਂ ਦੁਆਰਾ ਪੈਦਾ ਕੀਤੀਆਂ ਅੰਧਵਿਸ਼ਵਾਸੀ ਗੀਤਾਂ ਵਿਚ ਛੱਡ ਗਿਆ। ਇਸ ਪ੍ਰੋਗਰਾਮ ਦੇ ਸ਼ੁਰੂ ਵਿਚ ਸਰੋਕਾਰਾਂ ਦੀ ਅਵਾਜ਼ ਨਿਊਜ਼ ਪੇਪਰ ਦੇ ਮੈਨੇਜਿੰਗ ਡਾਇਰੈਕਟਰ ਦੇਵਿੰਦਰ ਸਿੰਘ ਤੂਰ ਵਲੋਂ ਅਗਾਂਹਵਧੂ ਕਿਤਾਬਾਂ ਦੀ ਪ੍ਰਦਰਸ਼ਨੀ ਲਾਈ ਗਈ ਜੋ ਆਉਣ ਵਾਲੇ ਦਰਸ਼ਕਾਂ ਨੂੰ ਜੀ ਆਇਆਂ ਕਹਿਣ ਦਾ ਉਪਰਾਲਾ ਸਾਬਤ ਹੋਈ।





















# ਦਿੱਲੀ ਦੀਆਂ ਸੜਕਾਂ 'ਤੇ ਡੁੱਲ੍ਹੇ ਮਾਵਾਂ ਦੇ ਖ਼ੂਨ ਦੇ ਹੰਝੂ

- ਦਲਜੀਤ ਅੰਮੀ -







ਚਾਰ ਸੂਬਿਆਂ ਤੋਂ ਚਾਰ ਮਾਵਾਂ ਮੁਲਕ ਦੀ ਰਾਜਧਾਨੀ ਦਿੱਲੀ ਵਿੱਚ ਮੰਡੀ ਹਾਊਸ ਤੋਂ ਸੰਸਦ ਮਾਰਗ ਤੱਕ ਪੈਦਲ ਮਾਰਚ ਕਰ ਰਹੀਆਂ ਹਨ ਅਤੇ ਉਨ੍ਹਾਂ ਦੇ ਸਾਰੇ ਸੁਆਲ ਤਿੰਨ ਸ਼ਬਦਾਂ ਦੁਆਲੇ ਘੁੰਮਦੇ ਹਨ, "..ਕਿੱਥੇ...ਕਿਉਂ...ਕਿਵੇਂ..."।

ਇਹ ਤਿੰਨੇ ਸ਼ਬਦ ਉਨ੍ਹਾਂ ਦੇ ਮਾਂ ਹੋਣ ਦੀ ਹੈਸੀਅਤ ਨਾਲ ਜੁੜੇ ਹੋਏ ਹਨ। ਫਾਤਿਮਾ ਨਫ਼ੀਸ ਦਾ ਪੁੱਤਰ ਨਜੀਬ ਅਹਿਮਦ ਪਿਛਲੇ ਦੋ ਸਾਲਾਂ ਤੋਂ ਲਾਪਤਾ ਹੈ ਅਤੇ ਸੀਬੀਆਈ ਨੇ ਅਦਾਲਤ ਵਿੱਚ ਇਸ ਮਾਮਲੇ ਨੂੰ ਬੰਦ ਕਰਨ ਦੀ ਰਪਟ ਦਰਜ ਕਰਵਾਈ ਹੈ।

22 ਸਾਲਾਂ ਦੀ ਆਸ਼ਿਆਨਾ ਠੇਵਾ ਮਾਂ ਬਣਨ ਵਾਲੀ ਹੈ ਅਤੇ ਆਪਣੇ ਹੋਣ ਵਾਲੇ ਬੱਚੇ ਦੇ ਬਾਪ (ਮਾਜਿਦ ਠੇਵਾ) ਨੂੰ ਲੱਭ ਰਹੀ ਹੈ। ਉਸ ਦਾ ਦਾਅਵਾ ਹੈ ਕਿ ਉਸ ਦੇ







ਸਾਹਮਣੇ ਗੁਜਰਾਤ ਪੁਲਿਸ ਨੇ ਮਾਜਿਦ ਠੇਵਾ ਨੂੰ ਚੁੱਕਿਆ ਸੀ। ਸਾਇਰਾ ਬਾਨੋ ਦੇ ਪੁੱਤ ਜੂਨੈਦ ਖ਼ਾਨ ਨੂੰ 22 ਜੂਨ 2017 ਨੂੰ ਗਾਜ਼ਿਆਬਾਦ ਤੋਂ ਮਥੁਰਾ ਜਾ ਰਹੀ ਰੇਲ ਗੱਡੀ ਵਿੱਚ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

**ਇਨ੍ਹਾਂ ਔਰਤਾਂ ਨਹੀਂ ਛੱਡੀ ਆਪਣਿਆਂ ਦੇ ਆਉਣ ਦੀ ਆਸ**

ਰਾਧਿਕਾ ਵੇਮੂਲਾ ਦੇ ਪੁੱਤ ਰੋਹਿਤ ਵੇਮੂਲਾ ਨੇ 17 ਜਨਵਰੀ 2016 ਨੂੰ ਹੈਦਰਾਵਾਦ ਯੂਨੀਵਰਸਿਟੀ ਦੇ ਹੋਸਟਲ ਵਿੱਚ ਖ਼ੁਦਕੁਸ਼ੀ ਕਰ ਲਈ ਸੀ। ਰੋਹਿਤ ਦੀ ਮੌਤ ਤੋਂ ਬਾਅਦ ਪੂਰੇ ਮੁਲਕ ਵਿੱਚ ਉਭਰੀ ਵਿਦਿਆਰਥੀ ਲਹਿਰ ਉਸ ਦੀ ਮੌਤ ਨੂੰ 'ਸੰਸਥਾਗਤ ਕਤਲ' ਕਰਾਰ ਦਿੰਦੀ ਰਹੀ ਹੈ।

**ਦਿੱਲੀ ਪਹੁੰਚੀਆਂ ਚਾਰੋਂ ਮਾਵਾਂ**

ਇਹ ਚਾਰੇ ਮਾਵਾਂ ਆਪਣੇ-ਆਪਣੇ (ਰਾਧਿਕਾ ਵੇਮੂਲਾ ਆਂਧਰਾਪ੍ਰਦੇਸ਼ ਤੋਂ, ਫਾਤਿਮਾ ਨਫ਼ੀਸ ਉੱਤਰ ਪ੍ਰਦੇਸ਼ ਤੋਂ, ਸਾਇਰਾ ਬਾਨੋ ਹਰਿਆਣਾ ਤੋਂ ਅਤੇ ਆਸ਼ਿਆਨਾ ਠੇਵਾ ਗੁਜਰਾਤ ਤੋਂ) ਸੂਬਿਆਂ ਤੋਂ ਦਿੱਲੀ ਆਈਆਂ ਹਨ ਅਤੇ ਰੋਸ ਮਾਰਚ ਦੀ ਪਹਿਲੀ ਕਤਾਰ ਵਿੱਚ ਇਕੱਠੀਆਂ ਚੱਲ ਰਹੀਆਂ ਹਨ।

ਉਨ੍ਹਾਂ ਦੇ ਅੱਗੇ-ਅੱਗੇ ਪੁੱਠੇ ਪੈਰੀਂ ਕਦਮੀਂ ਮੀਡੀਆ ਕਰਮੀਆਂ ਦਾ ਕਾਫ਼ਲਾ ਚੱਲ ਰਿਹਾ ਹੈ। ਕੁਝ (ਸ਼ਾਇਦ) ਮੀਡੀਆ ਕਰਮੀਆਂ ਦੇ ਦੋਵਾਂ ਹੱਥਾਂ ਵਿੱਚ ਮੋਬਾਈਲ ਫੋਨ ਸਨ ਜਿਨ੍ਹਾਂ ਉੱਤੇ ਸ਼ਾਇਦ ਫੇਸਬੁੱਕ ਲਾਇਵ ਚੱਲ ਰਹੇ ਹਨ। ਇੱਕ ਮੀਡੀਆ ਕਰਮੀ ਦੇ ਹੱਥਾਂ ਵਿੱਚ ਤਿੰਨ ਮੋਬਾਈਲ ਫੋਨ ਸਨ; ਇੱਕ ਹੱਥ ਵਿੱਚ ਟਰਾਈਪੌਡ ਉੱਤੇ ਦੋ ਮੋਬਾਈਲ ਫੋਨ ਹਨ ਅਤੇ ਦੂਜੇ ਹੱਥ ਵਿੱਚ ਇੱਕ ਮੋਬਾਈਲ ਫੋਨ ਹੈ।

ਇਨ੍ਹਾਂ ਤਿੰਨਾ ਮੋਬਾਇਲਾਂ ਉੱਤੇ ਉਹ ਮਾਰਚ ਵਿੱਚ ਸ਼ਾਮਲ ਕਾਰਕੁਨਾਂ ਦੀਆਂ ਮੁਲਾਕਾਤ ਸਿੱਧੀਆਂ ਨਸ਼ਰ ਕਰ ਰਹੇ ਹਨ। ਉਸ ਮਾਹੌਲ ਵਿੱਚ ਨਾਅਰੇ ਗੂੰਜ ਰਹੇ ਹਨ: ਹਮ ਕਿਆ ਚਾਹਤੇ? ਨਾਜੀਬ! ਹਮ ਸਭ! ਨਾਜੀਬ! ਨਾਜੀਬ ਅਹਿਮਦ ਦਾ ਨਾਮ ਹਵਾ ਵਿੱਚ ਲਗਾਤਾਰ ਗੂੰਜ ਰਿਹਾ ਹੈ।

ਇਸ ਦੌਰਾਨ ਚਾਰਾਂ ਬੀਬੀਆਂ ਦੀਆਂ ਨਜ਼ਰਾਂ ਖਾਲੀ-ਖਾਲੀ ਨਜ਼ਰ ਆਉਂਦੀਆਂ ਹਨ। ਚੱਲਦੇ ਮਾਰਚ ਨੂੰ ਘੇਰ ਕੇ ਮੀਡੀਆ ਕਰਮੀ ਖੜ੍ਹੇ ਹੋ ਜਾਂਦੇ ਹਨ ਅਤੇ ਸੁਆਲ ਪੁੱਛਣ ਲੱਗਦੇ ਹਨ। ਇਹ ਬੀਬੀਆਂ ਧੱਕਾ-ਮੁੱਕੀ ਵਾਲੇ ਹਾਲਾਤ ਵਿੱਚ ਮੀਡੀਆ ਦੇ ਸੁਆਲਾਂ ਦੇ ਜੁਆਬ ਦਿੰਦੀਆਂ ਹਨ। ਮਾਰਚ ਕਈ ਵਾਰ ਰੁਕ ਕੇ ਆਖ਼ਰ ਸੰਸਦ ਮਾਰਗ ਪਹੁੰਚ ਕੇ ਇੱਕ ਰੈਲੀ ਵਿੱਚ ਤਬਦੀਲ ਹੋ ਗਿਆ।

ਸਭ ਤੋਂ ਪਹਿਲਾਂ ਜੂਨੈਦ ਖ਼ਾਨ ਦੀ ਮਾਂ ਸਾਇਰਾ ਬਾਨੋ ਨੂੰ ਬੋਲਣ ਲਈ ਬੁਲਾਇਆ ਗਿਆ। ਕਾਲੇ ਰੰਗ ਦੇ ਲਿਵਾਸ ਵਾਲੀ ਸਾਇਰਾ ਬਾਨੋ ਨੇ ਆਪਣਾ ਬੁਰਕਾ ਸਿਰ ਦੇ ਉੱਤੇ ਪਿੱਛੇ ਨੂੰ ਸੁੱਟਿਆ ਹੋਇਆ ਹੈ। ਉਨ੍ਹਾਂ ਦੇ ਹਾਵ-ਭਾਵ ਦੱਸਦੇ ਹਨ ਕਿ ਉਹ ਰੋਜ਼ਾਨਾ ਜ਼ਿੰਦਗੀ ਵਿੱਚ ਬੁਰਕਾ ਪਾ ਕੇ ਰੱਖਦੀ ਹੈ।

ਉਨ੍ਹਾਂ ਨੇ ਠੇਠ ਹਰਿਆਣਵੀ ਲਹਿਜ਼ੇ ਵਿੱਚ ਬੋਲਣਾ ਸ਼ੁਰੂ ਕੀਤਾ ਅਤੇ ਸਾਰੀ ਤਕਰੀਰ ਕੇਂਦਰ ਸਰਕਾਰ ਦੀਆਂ ਨਾਕਾਮਯਾਬੀਆਂ ਅਤੇ ਨਾਇਨਸਾਫ਼ੀ ਬਾਬਤ ਕੀਤੀ। ਉਨ੍ਹਾਂ ਨੇ ਨਜੀਬ ਅਹਿਮਦ ਦਾ ਨਾਮ ਵਾਰ-ਵਾਰ ਲਿਆ ਪਰ ਜੂਨੈਦ ਖ਼ਾਨ ਦਾ ਜ਼ਿਕਰ ਤੱਕ ਨਹੀਂ ਕੀਤਾ।

**ਪੁੱਤ ਜੂਨੈਦ ਖ਼ਾਨ ਦਾ ਜ਼ਿਕਰ ਤੱਕ ਨਹੀਂ**

ਨਾਜੀਬ ਦੀ ਅੰਮੀ ਫਾਤਿਮਾ ਨਫ਼ੀਸ ਦੀਆਂ ਅੱਖਾਂ ਸਾਇਰਾ ਬਾਨੋ ਉੱਤੇ ਟਿਕ ਗਈਆਂ ਹਨ। ਸਾਇਰਾ ਬਾਨੋ ਕਹਿ ਰਹੀ ਹੈ, "ਕੋਈ ਨਾਜੀਬ ਸੇ ਅਣਜਾਣ ਨਾ ਹੈ, ਆਜ ਕੀ ਸਰਕਾਰ ਸਾਰਾ ਸਮੁੰਦਰ ਰੋਕ ਲੇਵੇ, ਯੋ ਯਮੁਨਾ ਕਾ ਰੇਤ ਛਾਣੈ ਤੋ ਏਕ ਸੂਈ ਤੱਕ ਕੋ ਹਾਜ਼ਰ ਕਰ ਲੇਵੇ। ਲੇਕਿਨ ਦੋ ਸਾਲ ਹੋ ਗਏ, ਅਭੀ ਤੱਕ ਨਾਜੀਬ ਕੋ ਹਾਜ਼ਿਰ ਨਾ ਕੀਆ ਹੈ। ਹਮ ਬਿਲਕੁਲ ਖਾਮੋਸ਼ ਨਾ ਬੈਠੇਂਗੇ। ਜਬ ਤੱਕ ਨਾਜੀਬ ਕੋ ਹਾਜ਼ਿਰ ਨਾ ਕਰੇਂਗੇ ਤਬ ਤੱਕ ਹਮ ਸੜਕ ਪਰ ਜੂੰ ਹੀ ਚੱਕਰ ਲਗਾਵੇਂਗੀ।"

ਨਾਜੀਬ ਅਹਿਮਦ ਨੂੰ ਸਾਇਰਾ ਬਾਨੋ ਆਪਣਾ ਬੇਟਾ ਕਰਾਰ ਦਿੰਦੀ ਹੈ ਅਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ ਉਮਰ ਖਾਲਿਦ ਨੂੰ ਵੀ 'ਆਪਣਾ' ਕਹਿੰਦੀ ਹੈ ਪਰ ਆਪਣੇ ਪੁੱਤ ਜੂਨੈਦ ਖ਼ਾਨ ਦਾ ਨਾਮ ਵੀ ਉਨ੍ਹਾਂ ਦੀ ਜੁਬਾਨ ਉੱਤੇ ਨਹੀਂ ਆਉਂਦਾ।

ਆਸ਼ਿਆਨਾ ਠੇਵਾ ਨੂੰ ਬੋਲਣ ਲਈ ਮੰਚ ਉੱਤੇ ਬੁਲਾਇਆ ਗਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਇਹ ਉਨ੍ਹਾਂ ਦਾ ਦਿੱਲੀ ਵਿੱਚ ਪਹਿਲਾ ਚੱਕਰ ਹੈ। ਉਨ੍ਹਾਂ ਨੇ ਆਪਣੀ ਗੱਲ ਸ਼ੁਰੂ ਕੀਤੀ, "ਜਦੋਂ ਮੈਂ ਭੁੱਜ ਵਿੱਚ ਸੀ ਤਾਂ ਲੱਗਦਾ ਸੀ ਕਿ ਆਪਣੇ ਪਤੀ ਲਈ ਇਸ ਤਰ੍ਹਾਂ ਲੜ ਰਹੀ ਮੈਂ ਇਕੱਲੀ ਔਰਤ ਹਾਂ। ਜਦੋਂ ਮੈਂ ਨਾਜੀਬ ਦੇ ਮਾਮਲੇ ਬਾਬਤ ਸੁਣਿਆ ਤਾਂ ਪਤਾ ਲੱਗਿਆ ਕਿ ਮੇਰੇ ਵਾਂਗ ਹੋਰ ਵੀ ਮਾਵਾਂ ਹਨ।"

ਬੋਲਦਿਆਂ-ਬੋਲਦਿਆਂ ਆਸ਼ਿਆਨਾ ਦਾ ਗਲ ਭਰ ਆਇਆ। ਉਨ੍ਹਾਂ ਨੇ ਇੱਕ ਵਾਰ ਫਾਤਿਮਾ ਨਫ਼ੀਸ ਅਤੇ ਸ਼ਾਇਰਾ ਬਾਨੋ ਨੂੰ ਦੇਖਿਆ। ਮੁੜ ਕੇ ਆਪਣਾ-ਆਪ ਸੰਭਾਲ ਕੇ ਬੋਲੀ, "ਜਦੋਂ ਕੋਈ ਪੁੱਤ ਮਾਂ ਤੋਂ ਵੱਖ ਕਰ ਲਿਆ ਜਾਂਦਾ ਹੈ ਜਾਂ ਜਦੋਂ ਕਿਸੇ ਦਾ ਪਤੀ ਉਸ ਤੋਂ ਖੋਹਿਆ ਜਾਂਦਾ ਹੈ ਤਾਂ ਉਨ੍ਹਾਂ ਦੇ ਦਿਲ ਉੱਤੇ ਜੋ ਬੀਤਦੀ ਹੈ ਉਹ ਸਿਰਫ਼ ਮਾਂ ਦੇ ਹੀ ਦਿਲ ਤੋਂ ਹੀ ਪੁੱਛਿਆ ਜਾ ਸਕਦਾ ਹੈ। ਉਹ ਜਦੋਂ ਰਾਤ ਨੂੰ ਰੋਟੀ ਖਾਂਦੀਆਂ ਹਨ ਤਾਂ ਉਨ੍ਹਾਂ ਨੂੰ ਆਪਣਾ ਪੁੱਤ ਯਾਦ ਨਹੀਂ ਆਉਂਦਾ?"

ਇਹ ਸਵਾਲ ਨਾ ਸਿਰਫ਼ ਆਸ਼ਿਆਨਾ ਸਗੋਂ ਰਾਧਿਕਾ ਵੇਮੂਲਾ ਅਤੇ ਫਾਤਿਮਾ ਨਫ਼ੀਸ ਦਾ ਜਬਤ ਤੋੜ ਦਿੰਦਾ ਹੈ। ਉਨ੍ਹਾਂ ਦੀਆਂ ਅੱਖਾਂ ਛਲਕਦੀਆਂ ਹਨ ਤਾਂ ਕੁਝ ਦੇਰ ਪਹਿਲਾਂ ਗੁੱਸੇ ਅਤੇ ਜ਼ੋਸ਼ ਨਾਲ ਨਾਅਰੇ ਲਗਾ ਰਹੇ ਮੁੰਡੇ-ਕੁੜੀਆਂ ਵੀ ਅੱਖਾਂ ਪੂੰਝਣ ਲੱਗੇ ਸਨ।

ਆਸ਼ਿਆਨਾ ਠੇਵਾ ਨੇ ਦਿੱਲੀ ਦੇ ਮੰਡੀ ਹਾਉਸ ਤੋਂ ਸੰਸਦ ਮਾਰਗ ਤੱਕ ਪੈਦਲ ਮਾਰਚ ਤੱਕ ਦਾ ਪੈਂਡਾ ਪਹਿਲੀ ਵਾਰ ਤੈਅ ਕੀਤਾ ਹੈ ਪਰ ਫਾਤਿਮਾ ਨਫ਼ੀਸ ਨੇ ਇਸ ਰਾਹ ਨੂੰ ਪਿਛਲੇ ਦੋ ਸਾਲਾਂ ਦੌਰਾਨ ਕਈ ਵਾਰ ਆਪਣੇ ਪੈਰਾਂ ਨਾਲ ਨਾਪਿਆ ਹੈ।

ਫਾਤਿਮਾ ਦਾ ਪੁੱਤ ਨਾਜੀਬ 16 ਅਕਤੂਬਰ 2016 ਤੋਂ ਲਾਪਤਾ ਹੈ ਪਰ ਹੁਣ ਸੀਬੀਆਈ ਨੇ ਅਦਾਲਤ ਵਿੱਚ ਉਸ ਦੇ ਮਾਮਲੇ ਨੂੰ ਬੰਦ ਕਰਨ ਦੀ ਰਪਟ ਦਰਜ ਕਰਵਾ ਦਿੱਤੀ ਹੈ। ਸੀਬੀਆਈ ਮੁਤਾਬਕ ਇਸ ਮਾਮਲੇ ਦੇ ਹਰ ਪੱਖ ਦੀ ਜਾਂਚ ਹਨੇਰੀ ਗਲੀ ਵਿੱਚ ਗੁੰਮ ਹੋ ਜਾਂਦੀ ਹੈ, ਇਸ ਲਈ ਇਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ।

ਰਾਧਿਕਾ ਵੇਮੂਲਾ ਨੂੰ ਹਿੰਦੀ ਨਹੀਂ ਆਉਂਦੀ ਪਰ ਉਨ੍ਹਾਂ ਦੀ ਇਹ ਘਾਟ ਦਿੱਲੀ ਆਉਣ ਦੇ ਰਾਹ ਵਿੱਚ ਰੋੜਾ ਨਹੀਂ ਬਣੀ ਸਗੋਂ ਸਿਰਫ਼ ਹਿੰਦੀ-ਉਰਦੂ ਬੋਲਣ ਵਾਲੀ ਫਾਤਿਮਾ ਨਫ਼ੀਸ ਦੀ ਭਾਲ ਵਿੱਚ ਸ਼ਰੀਕ ਹੋ ਗਈ ਹੈ। ਆਸ਼ਿਆਨਾ ਠੇਵਾ ਨਾ ਸਿਰਫ਼ ਪਹਿਲੀ ਵਾਰ ਦਿੱਲੀ ਆ ਗਈ ਹੈ ਸਗੋਂ ਫਾਤਿਮਾ ਨਫ਼ੀਸ ਨਾਲ ਦੁੱਖਾਂ ਦੀ ਸਾਂਝ ਪਾ ਚੁੱਕੀ ਹੈ।

ਜਦੋਂ ਜੂਨੈਦ ਦਾ ਕਤਲ ਹੋਇਆ ਸੀ ਤਾਂ ਉਸ ਦੀ ਮਾਂ, ਸ਼ਾਇਰਾ ਬਾਨੋ ਦਾ ਮਾਤਮ ਮੀਡੀਆ ਵਿੱਚ ਨਸ਼ਰ ਹੋਇਆ ਸੀ। ਜਦੋਂ ਕੁਝ ਮਹੀਨੇ ਪਹਿਲਾਂ ਈਦ ਆਈ ਸੀ ਤਾਂ ਸ਼ਾਇਰਾ ਦੀ ਇਹ ਬਿਆਨ ਵੀ ਮੀਡੀਆ ਵਿੱਚ ਨਸ਼ਰ ਹੋਇਆ ਸੀ ਕਿ 'ਹੁਣ ਅਸੀਂ ਕਾਹਦੀ ਈਦ ਮਨਾਉਣੀ ਹੈ?'

ਇਸ ਵਾਰ ਉਨ੍ਹਾਂ ਦਾ ਚਿਹਰਾ ਬੁਰਕੇ ਤੋਂ ਬਾਹਰ ਆ ਗਿਆ ਹੈ ਅਤੇ ਜੂਨੈਦ ਖ਼ਾਨ ਦਾ ਮਾਤਮ ਨਾਜੀਬ ਅਹਿਮਦ ਅਤੇ ਮਾਜਿਦ ਠੇਵਾ ਦੀ ਭਾਲ ਵਿੱਚ ਤਬਦੀਲ ਹੋ ਗਿਆ ਹੈ।

ਸੀਬੀਆਈ ਹੈ ਕਿ ਉਨ੍ਹਾਂ ਨੂੰ ਹਰ ਰਾਹ ਬੰਦ ਗਲੀ ਵਿੱਚ ਜਾਂਦਾ ਜਾਪਦਾ ਹੈ ਪਰ ਮਾਵਾਂ ਹਨ ਕਿ ਹਨੇਰੀਆਂ ਗਲੀਆਂ ਵਿੱਚ ਇੱਕ-ਦੂਜੀ ਦੀ ਹੱਥ ਫੜੀ ਖੜ੍ਹੀਆਂ ਹਨ ਅਤੇ ਪੁੱਛ ਰਹੀਆਂ ਹਨ, "...ਕਿੱਥੇ...ਕਿਉਂ ...ਕਿਉਂ..." ਇਹ ਸਿਰਫ਼ ਦਿਲ ਅਤੇ ਕਾਨੂੰਨ ਦੇ ਵਿਚਕਾਰ ਦਾ ਫ਼ਾਸਲਾ ਮਾਤਰ ਨਹੀਂ ਜਾਪਦਾ।

SANTOKH SINGH
BASSI
We Also Do All Kinds of Car Repair
FIRST MOBILE MECHANIC IN THE PUNJABI COMMUNITY
"Quality Service at Unbeatable retes"
SPECIALIZING IN REBUILDING:
Alternators, Starters, Generators
Santokh S. Bassi
TEL: 905-451-4561
TEL: 905-951-9900
24 HRS. EMERGENCY SERVICE

Century 21
Green Realty Inc. Brokerage
Each Office Independently Owner and Operated
Sohan Mann
Sales Representative
Dir: 416-564-1699
Off: 905-565-9565
6980 Maritz Dr., Unit 8
Mississauga, ON L5W 1Z3
Fax: 905-565-9522
Email: sohanmann@hotmail.com
Buy Green, Build Green, Save Environment!!!
www.SohanMann.com

AMAN SIDHU MBA
C.E.O.
DIAMOND
INSURANCE GROUP
ATUO | HOME | BUSINESS
COMMERCIAL | LIFE | FIEET DISABILITY
12577 Airport Rd. Caledon, ON, L7C 2X4
905 951 0029 x 106 D : 647 282 4606 F : 888 878 2828
asidhu@pbnet.ca www.diamondinsurancegroup.ca

# ਸਪਰਿੰਗ ਮੂਨ - ਚੀਨ ਦਾ ਇਕ ਨਾਵਲ



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

ਇਸ ਮਹਾਨ ਨਾਵਲ ਦੀ ਕਹਾਣੀ 1890 ਵਿਚ ਸ਼ੁਰੂ ਹੁੰਦੀ ਹੈ। ਸਪਰਿੰਗ ਮੂਨ ਰਾਜ ਘਰਾਣੇ 'ਚੰਗ' ਦੀ ਨੌਂ ਸਾਲਾਂ ਦੀ ਕੁੜੀ ਆਪਣੇ ਵਿਸ਼ਾਲ ਮਹੱਲ ਦੇ ਵਿਹੜਿਆਂ ਅਤੇ ਬਾਗਾਂ ਵਿਚ ਆਪਣੀ ਨਿੱਜੀ ਨੌਕਰ ਕੁੜੀ ਪਲੱਮ ਬਲਾਜ਼ਮ ਨੂੰ ਲੱਭਦੀ ਫਿਰਦੀ ਹੈ ਪਰ ਪਲੱਸ ਬਲਾਜ਼ਮ ਨੇ ਇਕ ਬਾਗ਼ ਦੇ ਰੁੱਖ ਨਾਲ ਲਟਕ ਕੇ ਫਾਹਾ ਲੈ ਲਿਆ ਹੈ, ਕਿਉਂਕਿ ਉਹ ਬੁੱਢੇ ਯੇਹ ਦੀ ਰਖੇਲ ਬਣਨਾ ਨਹੀਂ ਸੀ ਚਾਹੁੰਦੀ। ਕਹਾਣੀ ਦਾ ਅੰਤ ਨੱਬੇ ਸਾਲਾਂ ਬਾਅਦ 1980 ਵਿਚ ਹੁੰਦਾ ਹੈ। ਵਿਸ਼ਾਲ ਮਹੱਲ ਝੁੱਗੀਆਂ ਝੌਂਪੜੀਆਂ ਦੀ ਬਸਤੀ ਬਣ ਚੁੱਕਿਆ ਹੈ। ਇਥੇ ਹੀ ਇਕ ਝੌਂਪੜੀ ਵਿਚ ਸਪਰਿੰਗ ਮੂਨ ਅਤਿ ਗਰੀਬੀ ਦੀ ਹਾਲਤ ਵਿਚ ਬਸਰ ਗੁਜਰ ਕਰਦੀ ਹੈ। ਭਿਆਨਕ ਗਰੀਬੀ ਜਿਸ ਬਾਰੇ ਉਸ ਦੀ ਨੌਕਰ ਕੁੜੀ ਪਲੱਮ ਬਲਾਜ਼ਮ ਕਿਆਸ ਵੀ ਨਹੀਂ ਸੀ ਕਰ ਸਕਦੀ।

ਪਰ ਸਪਰਿੰਗ ਮੂਨ ਜਬੇ ਵਾਲੀ ਬੁੱਢੀ ਹੈ। ਉਸ ਦਾ ਜੀਵਨ ਚੀਨ ਦੇ ਇਤਿਹਾਸ ਦੀ ਪੂਰੀ ਇਕ ਸਦੀ ਦੀ ਕਹਾਣੀ ਹੈ। ਕਹਾਣੀ ਬੌਕਸਰ ਵਿਦਰੋਹ ਤੋਂ ਸ਼ੁਰੂ ਹੁੰਦੀ ਹੈ ਅਤੇ ਸਭਿਆਚਾਰਕ ਇਨਕਲਾਬ ਦੇ ਨਿਕਲੇ ਸਿੱਟਿਆਂ ਤੱਕ ਮੁੱਕਦੀ ਹੈ। ਇਤਿਹਾਸ ਦੇ ਕਲਾਵੇ ਵਿਚ ਸ਼ਹਿਨਸ਼ਾਹ ਦਾ ਰਾਜ ਹੈ, ਬਾਗੀਆਂ ਦਾ ਦੌਰ ਹੈ, ਸਨਅਯਤ ਸੇਨ ਦੇ ਕਮਿਊਨਿਜਮ ਵੱਲ ਸੇਧਤ ਯਤਨ ਹਨ, ਮਾਓ-ਜ਼ੇ-ਤੁੰਗ ਦੇ ਸਮੇਂ ਦੀ ਲੰਬੀ ਯਾਤਰਾ ਦੀ ਕਹਾਣੀ ਹੈ, ਜਪਾਨ ਨਾਲ ਲਹੂ ਵੀਟਵੇਂ ਯੁੱਧ ਦੀ ਗਾਥਾ ਹੈ।

ਇਹ ਇਤਿਹਾਸਕ ਕਹਾਣੀ 'ਚੰਗ' ਪਰਿਵਾਰ ਦੀ ਕਹਾਣੀ ਵਿਚ ਗੁੰਦੀ ਪ੍ਰੋਈ ਗਈ ਹੈ। 'ਚੰਗ' ਰਾਜਸੀ ਪਰਿਵਾਰ ਹਜ਼ਾਰਾਂ ਸਾਲਾਂ ਤੋਂ ਹੱਸਦਾ ਵਸਦਾ, ਅਰਸ਼ੋਂ ਫਰਸ਼ 'ਤੇ ਆ ਡਿੱਗਦਾ ਹੈ। ਨਾਵਲ ਦਾ ਵਿਸ਼ਾ ਵਸਤੂ-ਥੀਮ ਤਬਦੀਲੀ ਹੈ। ਪੁਰਾਣੇ ਅਤੇ ਨਵੇਂ ਸਥਾਪਤੀ ਤੇ ਕਮਿਊਨਿਜ਼ਮ, ਵਿਦਰੋਹ ਅਤੇ ਮਾਨਤਾ ਵਿਚ ਸੰਘਰਸ਼ ਹੈ।

ਇਸ ਤਰ੍ਹਾਂ ਇਸ ਨਾਵਲ ਦਾ ਘੇਰਾ ਬੜਾ ਵਿਸ਼ਾਲ ਹੈ। ਕਹਾਣੀਕਾਰ ਵਲੋਂ ਬੜੇ ਹੀ ਸਲੀਕੇ ਨਾਲ ਵਿਉਂਤ ਨਾਲ ਇਸ ਨੂੰ ਨੇਪਰੇ ਚਾੜ੍ਹਿਆ ਗਿਆ ਹੈ। ਇਹ ਕੋਈ ਪਰੀ ਕਹਾਣੀ ਜਾਂ ਕਲਪਤ ਗਾਥਾ ਨਹੀਂ ਹੈ। ਜਿਉਂਦੇ ਜਾਗਦੇ ਪਾਤਰਾਂ ਦੀ ਕਹਾਣੀ ਹੈ ਜੋ ਇਕ ਅਜਿਹੇ ਸਮਾਜ ਵਿਚ ਜਨਮਦੇ, ਵਿਚਰਦੇ ਹਨ, ਜੋ ਗਤੀਮਾਨ ਹੈ ਅਤੇ ਯੁੱਗ ਪਲਟਾਊ ਸਮਿਆਂ ਵਿਚੋਂ ਗੁਜ਼ਰ ਰਿਹਾ ਹੈ।

ਇਸ ਯੁੱਗ ਪਲਟਾਊ ਦਾਸਤਾਨ ਦੀ ਸਪਰਿੰਗ ਮੂਨ ਇਕ ਪਾਤਰ ਵੀ ਹੈ, ਦਰਸ਼ਕ ਵੀ ਹੈ ਅਤੇ ਗਾਥਾਕਾਰ ਵੀ ਹੈ, ਜਿਹੜੀ ਹੇਠੋਂ ਉਤੇ ਹੁੰਦੀ ਦੇਖਦੀ ਹੀ ਨਹੀਂ ਸਗੋਂ ਆਪਦਾ ਕਿਰਦਾਰ ਵੀ ਇਸ ਵਿਚ ਬਾਖੂਬੀ ਨਿਭਾਉਂਦੀ ਹੈ। ਉਹ ਚੀਨ ਨੂੰ ਸਾਮਰਾਜੀ ਗੁਲਾਮੀ ਦੇ ਦੌਰ ਤੋਂ ਇਕ ਮਹਾਨ ਆਲਮੀ ਤਾਕਤ ਬਣਦਿਆਂ ਦੇਖਦੀ ਹੈ। ਲਾਲ ਫੌਜ ਦੀਆਂ ਕੁਰਬਾਨੀਆਂ ਨੇ ਇਕੋ ਇਕ ਸਾਮਰਾਜਵਾਦੀ ਆਲਮੀ ਤਾਕਤ ਅਮਰੀਕਾ ਦੇ ਦੂਤ ਹੈਨਰੀ ਕਸਿੰਜਰ ਨੂੰ ਚੀਨ ਦੀ ਰਾਜਧਾਨੀ ਬੀਜਿੰਗ ਅੱਗੇ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ ਹੈ। ਪੁਰਾਣਾ ਵਿਨਸ਼ਦਾ ਹੈ, ਨਵਾਂ ਪਨਪ ਦਾ ਹੈ ਤੇ ਸਪਰਿੰਗ ਮੂਨ ਹਿੱਕ ਤਾਣ ਕੇ ਜਿਉਂਦੀ ਹੈ।

ਸਪਰਿੰਗ ਮੂਨ ਬਾਲ ਵਿਦਰੋਹੀ ਹੈ। ਸਕੂਲ ਵਿਚ ਮੁੰਡਿਆਂ ਨੂੰ ਪੜ੍ਹਦਿਆਂ ਦੇਖ ਉਹ ਘਰਦਿਆਂ ਤੋਂ ਚੋਰੀ ਤਾਏ ਕੋਲੋਂ ਪੜ੍ਹਨਾ ਲਿਖਣਾ ਸਿੱਖਦੀ ਹੈ ਉਦੋਂ ਜਦੋਂ ਔਰਤ ਦਾ ਪੜ੍ਹਨਾ ਚੀਨੀ ਸਮਾਜ ਵਿਚ ਵਰਜਿਤ ਸੀ। ਬਾਲ ਵਸੇਬੇ ਉਹ ਵਿਧਵਾ ਹੋ ਜਾਂਦੀ ਹੈ ਅਤੇ ਇਕ ਬੱਚੇ ਦੀ ਮਾਂ ਹੈ। ਫਿਰ ਆਪਣੇ ਗੁਰੂ ਤਾਏ ਨਾਲ ਹਮ ਬਿਸਤਰ ਹੋ ਕੇ ਉਸ ਦੇ ਇਕ ਬੱਚੇ ਨੂੰ ਜਨਮ ਦਿੰਦੀ ਹੈ। ਪਰ ਇਸ ਨੂੰ ਗਲਤੀ ਮੰਨ ਕੇ ਸਮਾਜ 'ਚੋਂ ਲਕੋ ਰੱਖਦੀ ਹੈ। ਉਹ ਜ਼ਿੰਦਗੀ ਵਿਚ ਹਾਰਦੀ ਨਹੀਂ ਸਗੋਂ ਸ਼ਿੱਦਤ ਨਾਲ ਜਿਉਂਦੀ ਹੈ। ਸਪਰਿੰਗ ਮੂਨ ਆਪਣੀਆਂ ਸੈਂਕੜੇ ਤਾਈਆਂ, ਚਾਚੀਆਂ, ਮਾਸੀਆਂ, ਫੁੱਫੀਆਂ ਨਾਲੋਂ ਜਗੀਰ ਦੇ ਕਾਮਿਆਂ ਕਿਰਤੀਆਂ ਦੇ ਸੰਗ ਰਹਿ ਕੇ ਖੁਸ਼ੀ ਮਹਿਸੂਸ ਕਰਦੀ ਹੈ।

ਇਸ ਤਰ੍ਹਾਂ ਇਹ ਇਕ ਵੱਡੇ ਸਾਂਝੇ ਮੰਡਾਰਿਨ ਰਾਜ ਪਰਿਵਾਰ ਵੀ ਕਹਾਣੀ ਹੈ। ਪੂਰੀ ਇਕ ਸਦੀ ਵਿਚ ਪਰਿਵਾਰ ਵਿਚ ਜੋ ਉਥਲ ਪੁਥਲ ਹੋਈ, ਦੀ ਦਿਲ ਨੂੰ ਛੂਹਣ ਦੀ ਗਾਥਾ ਹੈ। ਇਹ ਸਪਰਿੰਗ ਮੂਨ ਦੇ ਅੰਤਾਂ ਦੇ ਪਿਆਰ ਦੀ ਕਹਾਣੀ ਹੈ। ਉਸ ਦਾ ਪਿਆਰ ਆਪਣੀ ਜੰਮਣ ਭੋਇੰ ਲਈ, ਜਿਸ ਵਿਚ ਉਹ ਸਮਾਉਣਾ ਚਾਹੁੰਦੀ ਹੈ, ਆਪਣੇ ਲੋਕਾਂ ਲਈ ਜਿਨ੍ਹਾਂ ਦੀ ਉਹ ਅੰਸ਼ ਹੈ ਅਤੇ ਉਨ੍ਹਾਂ ਕਿਰਤੀਆਂ ਕਾਮਿਆਂ ਲਈ ਉਸਦੇ ਪਿਆਰ ਦੀ ਕਹਾਣੀ ਹੈ, ਜਿਨ੍ਹਾਂ ਵਿਚ ਉਹ ਪਾਣੀ ਦੀ ਮਛਲੀ ਵਾਂਗ ਸਮਾ ਜਾਂਦੀ ਹੈ। ਕਾਮਿਆਂ ਕਿਰਤੀਆਂ ਦੀ ਕਤਾਰ ਵਿਚ ਰਲਦੀ ਉਹ ਇਨਕਲਾਬ ਦੀ ਹਾਮੀ ਭਰਦੀ ਦਿਸਦੀ ਹੈ। ਸਭਿਆਚਾਰਕ ਇਨਕਲਾਬ ਵੇਲੇ ਪੇਂਡੂਆਂ ਵਾਂਗ ਸਵੇਰ ਵੇਲੇ ਪਰਿਵਾਰਕ ਮੈਲਾ ਖੇਤਾਂ ਵਿਚ ਖਾਦ ਵਜੋਂ ਵਰਤਣ ਵਾਸਤੇ, ਸਿਰ 'ਤੇ ਟੋਕਰੀ ਰੱਖ ਖੇਤਾਂ ਨੂੰ ਢੋਂਦੀ ਹੈ।

**ਨਾਵਲ ਵਿਚੋਂ ਕੁਝ ਤੁਕਾਂ**

1934 ਦੀ ਕਹਾਣੀ ਹੈ। ਕਿਆਂਗਸੀ ਦੇ ਪਹਾੜਾਂ ਵਿਚ ਕਮਿਊਨਿਸਟ ਫੌਜਾਂ ਪੂਰੀ ਤਰ੍ਹਾਂ ਘਿਰ ਗਈਆਂ ਸਨ। ਦੁਸ਼ਮਣ ਨੇ ਸੋਚ ਲਿਆ ਕਿ ਇਨ੍ਹਾਂ ਦਾ ਅੰਤ ਹੋ ਗਿਆ ਹੈ।


"ਇਹ ਸਾਡਾ ਅੰਤ ਨਹੀਂ, ਸਗੋਂ ਇਕ ਨਵੀਂ ਸ਼ੁਰੂਆਤ ਹੈ" ਫੌਜਾਂ ਦਾ ਮੁਖੀ ਦਹਾੜਿਆ "ਅਸੀਂ ਜਿੱਤਾਂਗੇ, ਅਸੀਂ ਜਿੱਤਾਂਗੇ" ਲਾਲ ਸੈਨਾ ਦੇ ਫੌਜੀ ਪਿੰਡਾਂ ਦੀਆਂ ਸੱਥਾਂ ਵਿਚ ਜਾਂਦੇ ਸਨ। ਉਚਾ ਲੰਬਾ ਉਨ੍ਹਾਂ ਦਾ ਆਗੂ ਪੇਂਡੂਆਂ ਨੂੰ ਸੰਬੋਧਨ ਹੁੰਦਾ ਆਖਦਾ ਸੀ "ਅਸੀਂ ਵਾਪਸ ਆਵਾਂਗੇ" ਕਾਮਰੇਡੋ ਅਸੀਂ ਵਾਪਸ ਆਵਾਂਗੇ। ਦੁਸ਼ਮਣ ਦਾ ਇਹ ਵਾਰ ਵੀ ਅਸੀਂ ਸਹਿ ਲਵਾਂਗੇ ਅਸੀਂ ਜਿੱਤਾਂਗੇ, ਅਸੀਂ ਜਿੱਤਾਂਗੇ" ਉਸਦੀ ਅਵਾਜ਼ ਉੱਠਦੇ ਤੂਫ਼ਾਨ ਦੀ ਗਰਜ ਵਰਗੀ ਹੁੰਦੀ ਸੀ।

ਪਹੁ ਫੁਟਾਲੇ ਨਾਲ ਕਿਸਾਨ ਜਨਰਲ ਨੇ ਲਾਲ ਸੈਨਾ ਨੂੰ ਅੱਗੇ ਵਧਣ ਦਾ ਇਸ਼ਾਰਾ ਕਰ ਦਿੱਤਾ। ਲਾਲ ਸੈਨਾ ਵਰ੍ਹਦਿਆਂ ਬੰਬਾਂ ਅਤੇ ਜਲਦਿਆਂ ਪਿੰਡਾਂ ਵਿਚੋਂ ਅੱਗੇ ਹੀ ਅੱਗੇ ਵਧਦੀ ਗਈ। ਔਰਤਾਂ ਦੇ ਕੇਡਰ ਆਪਣੇ ਜ਼ਖ਼ਮੀਆਂ ਦੀ ਸੰਭਾਲ ਕਰਦੀਆਂ ਸਨ। ਇਕ ਤੇਰਾਂ ਸਾਲਾਂ ਦਾ ਸੈਨਿਕ ਉਨ੍ਹਾਂ ਨੂੰ ਸੌਂਪਿਆ ਗਿਆ। ਪਹਿਲਾਂ ਵੀ ਮੀਟਿੰਗਾਂ ਵਿਚ ਉਨ੍ਹਾਂ ਨੇ ਉਸ ਨੂੰ ਤੱਕਿਆ ਸੀ। ਉਸ ਨੇ ਆਪਣੇ ਤੋਂ ਕਿਸੇ ਵੱਡੇ ਦੀ ਵਰਦੀ ਅਤੇ ਮੇਚੇ ਤੋਂ ਵੱਡੇ ਬੂਟ ਪਾਏ ਹੋਏ ਸਨ।

"ਕਾਮਰੇਡ, ਕਾਮਰੇਡ" ਸੁਣ ਕੇ ਮੁੰਡੇ ਨੇ ਅੱਖਾਂ ਖੋਲ੍ਹੀਆਂ। ਕੇਡਰ ਨੇ ਉਸਦਾ ਹੱਥ ਫੜ ਕੇ ਸਮਝਾਇਆ ਕਿ ਉਸ ਨੇ ਕੀ ਕੰਮ ਕਰਨਾ ਹੈ..."ਮੈਂ ਤੈਨੂੰ ਇਹ ਕੰਮ ਤਾਂ ਆਖਿਆ ਹੈ ਕਿ ਮੈਨੂੰ ਪਤਾ ਹੈ ਕਿ ਤੂੰ ਇਹ ਕਰ ਸਕਦਾ ਹੈਂ ਅਤੇ ਤੂੰ ਕਰਨਾ ਵੀ ਚਾਹੁੰਦਾ ਹੈਂ।" ਮੁੰਡੇ ਦੀਆਂ ਅੱਖਾਂ ਵਿਚੋਂ ਅੱਥਰੂਆਂ ਦੀ ਧਾਰ ਵੱਗ ਪਈ; ਜਦੋਂ ਉਸ ਨੇ ਕੇਡਰ ਨੂੰ ਸਿਰ ਹਿਲਾ ਕੇ ਆਖਿਆ ..."ਨਹੀਂ ਤੂੰ, ਗਲਤ ਨਹੀਂ" ਮੁੰਡੇ ਨੇ ਦਰਦ ਨਾਲ ਚੀਖ਼ ਕੇ ਆਪਣੇ ਸਾਥੀਆਂ ਨੂੰ ਆਖਿਆ "ਮੈਨੂੰ ਸਹਾਰਾ ਦਿਓ" ਔਰਤ ਕੇਡਰ ਨੇ ਮੁੰਡੇ ਨੂੰ ਰੋਸੇ ਨਾਲ ਨੂੜਕੇ ਇਕ ਟੋਕਰੇ ਵਿਚ ਬੰਨ੍ਹ ਦਿੱਤਾ ਤਾਂ ਸਾਥੀਆਂ ਨੇ ਉਸ ਨੂੰ ਦਰਖ਼ਤਾਂ ਦੀਆਂ ਟੀਸੀਆਂ 'ਤੇ ਬਣੀ ਚੌਕਸੀ ਚੌਂਕੀ ਵਿਚ ਅੱਮੜਾ ਦਿੱਤਾ। ਜਦੋਂ ਔਰਤ ਕੇਡਰ ਨੇ ਵਿਦਾਈ ਇਸ਼ਾਰਾ ਕੀਤਾ ਤਾਂ ਮੁੰਡੇ ਸੈਨਿਕ ਨੇ ਆਪਣਾ ਹੱਥ ਟੋਪੀ 'ਤੇ ਉੱਕਰੇ ਲਾਲ ਤਾਰੇ ਤੱਕ ਲਿਜਾ ਕੇ ਸਲੂਟ ਮਾਰਿਆ। ਔਰਤ ਕੇਡਰ ਉਸਦੇ ਬੂਟ ਪਾ ਕੇ ਮਾਰਚ ਵਿਚ ਰਲ ਗਈ।

ਛੇਵੀਂ ਪੂਰਨਮਾਸੀ ਨੂੰ ਇਹ ਮਾਰਚ ਉਤਰ ਪੱਛਮੀ ਸੂਬੇ ਸੈਚਵਨ ਪਹੁੰਚਿਆ। ਉਥੇ ਇਕ ਮਹੀਨਾ ਅਰਾਮ ਕੀਤਾ। ਮਾਰਚ ਇਕ ਲੱਖ ਨੇ ਸ਼ੁਰੂ ਕੀਤਾ ਸੀ ਪਰ ਹੁਣ ਤੀਹ ਹਜ਼ਾਰ ਹੀ ਬਚੇ ਸਨ, ਉਹ ਵੀ ਰਾਹੋਂ ਮਿਲੀ ਨਵੀਂ ਭਰਤੀ ਕਰਕੇ। ਇਉਂ ਇਹ ਲੰਬਾ ਮਾਰਚ 368 ਦਿਨ ਚੱਲਿਆ। ਇਸ ਨੇ 18 ਪਹਾੜਾਂ ਦੀਆਂ ਚੋਟੀਆਂ, 24 ਦਰਿਆਵਾਂ ਦੇ ਵਹਿਣ ਅਤੇ 12 ਰਾਜਾਂ ਦੀਆਂ ਵਾਟਾਂ ਨੂੰ ਗਾਹਿਆ ਅਤੇ 6000 ਮੀਲ ਲੰਬਾ ਸਫ਼ਰ ਤੈਹ ਕੀਤਾ।

ਇਨ੍ਹਾਂ ਕੇਡਰਜ਼, ਸਿਪਾਹੀਆਂ, ਕਿਸਾਨਾਂ ਅਤੇ ਗੱਭਰੂਆਂ ਵਿਚੋਂ ਹੀ ਉਹ ਕਾਮਰੇਡ ਪੈਦਾ ਹੋਏ ਜਿਨ੍ਹਾਂ ਨੇ ਲੜਾਈਆਂ ਵਿਚ ਪੀਲੇ ਬੌਣਿਆਂ ਨੂੰ ਹਰਾਇਆ ਸਿਵਲਵਾਰ ਜਿੱਤੀ, ਸਾਮਰਾਜਵਾਦੀਆਂ ਨੂੰ ਠੱਲ੍ਹ ਪਾਈ ਅਤੇ ਪੋਲਰ ਬੀਅਰ ਨੂੰ ਭਜਾਇਆ। ਮਹਾਨ ਆਗੂ ਦੀ ਅਗਵਾਈ ਵਿਚ ਇਕ ਚੌਥਾਈ ਦੁਨੀਆਂ ਦੀ ਵਸੋਂ ਨੂੰ ਇਕ ਰਾਜ ਵਿਚ ਸਥਾਪਤ ਕੀਤਾ।




ਫਿਰ ਇਕ ਸਮਾਂ ਉਹ ਵੀ, ਆਇਆ ਜਦੋਂ ਕਾਮਰੇਡ ਪਾਟ ਗਏ। ਦੋਸਤ ਨੂੰ ਦੁਸ਼ਮਣ ਅਤੇ ਦੁਸ਼ਮਣ ਦੋਸਤ ਬਣ ਗਿਆ। ਕਹਾਵਤ ਹੈ....ਇਕ ਰੁੱਤ, ਵਿਚ ਲਾਇਆ ਬੀਜ ਪੁੰਗਰਦਾ ਹੈ, ਦਰਖ਼ਤ ਬਣਦਾ ਹੈ, ਫੁੱਲਦਾ ਅਤੇ ਬੀਜ ਸੁੱਟਦਾ ਹੈ ਅਤੇ ਦੂਜੀ ਰੁੱਤੇ ਆ ਮਰ ਜਾਂਦਾ ਹੈ। ਕੁਦਰਤ ਦਾ ਨਿਯਮ ਇਵੇਂ ਹੀ ਚਲਦਾ ਰਹਿੰਦਾ ਹੈ।

**ਉਲੱਥਾ ਕਰਨ ਦੀ ਲੋੜ ਬਾਰੇ**

ਪੰਜਾਬ ਸਮੇਤ ਦੇਸ਼ ਦੇ ਸਾਰੇ ਸੂਬਿਆਂ ਵਿਚ ਸਾਡੇ ਲੋਕਾਂ ਨੇ ਸੋਵੀਅਤ ਯੂਨੀਅਨ ਦਾ ਸਾਹਿਤ ਖ਼ੂਬ ਪੜ੍ਹਿਆ ਹੈ। ਉਸ ਵੇਲੇ ਦੀਆਂ ਕੁਝ ਕਿਤਾਬਾਂ ਜਿਵੇਂ ਗੋਰਕੀ ਦਾ ਮਾਂ ਨਾਵਲ, ਅਮਰੀਕਨ ਪੱਤਰਕਾਰ ਰੀਡ ਦੀ ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ। ਅਸਲੀ ਇਨਸਾਨ ਦੀ ਕਹਾਣੀ, ਨਵੀਂ ਧਰਤੀ ਨਵੇਂ ਸਿਆੜ ਅਤੇ ਦਾਸਤੋਵਸਕੀ ਦਾ ਵੱਡ ਅਕਾਰੀ ਨਾਵਲ 'ਤੇ ਡਾਨ ਵਹਿੰਦਾ ਰਿਹਾ' ਮੇਰਾ ਦਾਗਿਸਤਾਨ, ਨੇ ਸਾਡੇ ਲੋਕਾਂ ਨੂੰ ਰੂਸ ਦੀ ਧਰਤੀ, ਉਥੋਂ ਦੇ ਲੋਕਾਂ, ਉਨ੍ਹਾਂ ਦੀ ਸਮਾਜੀ ਬਣਤਰ ਅਤੇ ਰਾਜਨੀਤਕ, ਸਭਿਆਚਾਰਕ, ਆਰਥਿਕ ਵਿਵਸਥਾ ਤੋਂ ਚੰਗੀ ਤਰ੍ਹਾਂ ਜਾਣੂ ਕਰਵਾਇਆ। ਬਹੁਤੇ ਲੋਕਾਂ ਨੂੰ ਰੂਸ ਆਪਣਾ ਦੂਜਾ ਘਰ ਮਹਿਸੂਸ ਹੁੰਦਾ ਸੀ।

ਰੂਸ ਤੋਂ ਵੀ ਨੇੜੇ ਸਾਡਾ ਗੁਆਂਢੀ ਦੇਸ਼ ਚੀਨ, ਸਾਡੇ ਆਮ ਲੋਕਾਂ ਦੀਆਂ ਨਜ਼ਰਾਂ ਤੋਂ ਦੂਰ ਹੀ ਰਿਹਾ ਹੈ। ਭਾਵੇਂ ਕਿ ਚੀਨ ਨਾਲ ਸਾਡੇ ਸਭਿਆਚਾਰਕ ਸਮਾਜਿਕ ਸਬੰਧ ਬੜੇ ਪੁਰਾਣੇ ਹਨ। ਚੀਨ ਦੇ ਅਣਗਿਣਤ ਵਿਦਿਆਰਥੀ ਅਤੇ ਯਾਤਰੀ ਇਥੋਂ ਦੀਆਂ ਨਾਲੰਦਾ, ਟੈਕਸਲਾ ਯੂਨੀਵਰਸਿਟੀਆਂ ਵਿਚ ਪੜ੍ਹਦੇ ਰਹੇ ਹਨ। ਫਾਹੀਆਨ ਅਤੇ ਹਿਊਨਸਾਂਗ ਨੇ ਸਾਡੇ, ਬਾਰੇ ਬਹੁਤ ਲਿਖਿਆ ਹੈ। ਕ੍ਰਾਂਤੀਕਾਰੀ ਬੁੱਧ, ਸਿੱਖਿਆਵਾਂ ਨੇ ਚੀਨੀਆਂ ਤੇ ਬਹੁਤ ਪ੍ਰਭਾਵ ਪਾਇਆ ਹੈ। ਸਾਡੇ ਦੇਸ਼ ਦੇ ਪਹਿਲੇ ਇਨਕਲਾਬੀਆਂ ਦੇ ਚੀਨੀ ਆਗੂ ਸਨਯਤ ਸੇਨ, ਨਾਲ ਸਬੰਧ ਰਹੇ ਹਨ ਅਤੇ ਗ਼ਦਰੀ ਬਾਬੇ ਦੀ ਚੀਨ ਤੋਂ ਉਤਸ਼ਾਹ ਲੈਂਦੇ ਰਹੇ ਹਨ। ਸੰਘਾਈ ਵਿਚ ਚੋਖੀ ਪੰਜਾਬੀ ਵਸੋਂ ਕਮਾਈ ਕਰਨ ਵਾਸਤੇ ਵਸਦੀ, ਰਹੀ ਹੈ।

ਬੜੇ ਥੋੜ੍ਹੇ ਸਮੇਂ ਵਿਚ ਚੀਨੀ ਸਮਾਜ ਕਿਉਂ ਤੇ ਕਿਵੇਂ ਬਦਲ ਗਿਆ, ਇਸ ਦਾ ਰਹੱਸ ਸਾਡੇ ਲੋਕਾਂ ਵਾਸਤੇ, ਸਮਝਣਾ ਬਹੁਤ ਜ਼ਰੂਰੀ ਹੈ ਅਤੇ ਲਾਹੇਵੰਦਾ ਵੀ ਹੈ। ਕਿਵੇਂ ਇਸ ਵੇਲੇ ਚੀਨ ਵਿਚ ਮਹਾਂ ਆਰਥਿਕ ਸ਼ਕਤੀ ਬਣ, ਦੁਨੀਆਂ ਦੇ ਨਕਸ਼ੇ ਤੇ ਛਾਇਆ ਹੋਇਆ ਹੈ, ਨੂੰ ਸਮਝਣਾ ਜ਼ਰੂਰੀ ਹੈ। ਇਸ ਸਥਿਤੀ ਨੂੰ ਸਮਝਣ ਵਾਸਤੇ ਸਾਹਿਤ ਪਕੇਰਾ ਸਰੋਤ ਹੈ। ਸਾਡੀਆਂ ਭਾਸ਼ਾਵਾਂ ਵਿਚ ਚੀਨੀ ਸਾਹਿਤ ਦੀ ਅਣਹੋਂਦ ਬੜੀ ਰੜਕਦੀ ਹੈ। ਖਾਸ ਕਰ ਵੀਹਵੀਂ ਸਦੀ ਦੇ ਚੀਨੀ ਸਾਹਿਤ ਦੀ। ਇਸੇ ਇਕ ਸਦੀ ਵਿਚ ਚੀਨ ਸਾਮਰਾਜੀਆਂ ਦੀ ਬਸਤੀ ਦੇ ਜੂਲੇ ਲਾਹ ਕੇ ਇਕ ਧੜਵੈਲ ਦੇਸ਼ ਬਣ ਗਿਆ ਹੈ। ਕਈ ਲੋਕ ਚੀਨ ਨੂੰ ਸੰਸਾਰ ਦਾ ਕਾਰਖਾਨਾ ਵੀ ਆਖਦੇ ਹਨ ਇਹ ਅਤਿ ਕਥਨੀ ਵੀ ਨਹੀਂ ਹੈ।

ਇਸ ਸੇਧ ਵਿਚ ਇਕ ਯਤਨ ਵਜੋਂ ਮੈਂ ਸਪਰਿੰਗ ਮੂੜ ਨਾਵਲ ਦਾ ਪੰਜਾਬੀ ਅਨੁਵਾਦ ਪਾਠਕਾਂ ਦੇ ਅਰਪਣ ਕਰਨ ਦੀ ਖੁਸ਼ੀ ਮਹਿਸੂਸ ਕਰ ਰਿਹਾ ਹਾਂ।

**ਨਾਵਲ ਬਾਰੇ**

ਸਪਰਿੰਗ ਮੂਨ ਨਾਵਲ ਦੀ ਮੁੱਖ ਪਾਤਰ ਦਾ ਨਾਂ ਹੈ। ਜਗੀਰਦਾਰਾ ਯੁੱਗ ਤੋਂ ਸ਼ੁਰੂ ਹੋ ਕੇ ਨਾਵਲ ਦੱਖਣੀ ਚੀਨ ਦੇ ਸਮਾਜਿਕ ਤਾਣੇ-ਬਾਣੇ, ਰਸਮੋਂ-ਰਿਵਾਜਾਂ, ਪਰਿਵਾਰਕ ਪਿਰਤਾਂ ਅਤੇ ਇਰਧ ਗਿਰਦ ਵਾਪਰ ਰਹੀਆਂ ਤਬਦੀਲੀਆਂ ਨੂੰ ਆਪਣੇ ਕਲਾਵੇ ਵਿਚ ਸਮੋਂਦਾ ਚੀਨ ਦੇ ਇਕ ਮਹਾਂ ਸ਼ਕਤੀ ਬਣ ਜਾਣ 'ਤੇ ਆ ਮੁੱਕਦਾ ਹੈ। ਸਾਡੇ ਪੰਜਾਬੀਆਂ ਖਾਸ ਕਰ ਖੱਬਿਆਂ ਵਾਸਤੇ ਇਸ ਵਿਚੋਂ ਸਿੱਖਣ ਪੜ੍ਹਨ ਦੇ ਬਹੁਤ ਸਬਕ ਹਨ। ਬਸਤੀਵਾਦ ਵਿਚੋਂ ਚੀਨ ਕ੍ਰਾਂਤੀਕਾਰੀ ਅੰਗੜਾਈ ਲੈਂਦਾ ਦਿਸਦਾ ਹੈ। ਪਰਿਵਾਰ ਕੁਰਬਾਨੀਆਂ ਦਿੰਦੇ ਹਨ ਵੰਡੇ ਜਾਂਦੇ ਹਨ। ਲਹੂ ਦੇ ਵਗਦੇ ਦਰਿਆਵਾਂ ਨੂੰ ਤਰਦੇ ਹਨ ਅਤੇ ਇਨਕਲਾਬ ਨੇਪਰੇ ਚਾੜ੍ਹਦੇ ਹਨ।

ਨਾਵਲਕਾਰ, ਬੇਟੀ ਬਾਓ ਲੌਰਡ ਹੈ। ਉਹ ਸੰਘਾਈ ਵਿਚ 1938 ਵਿਚ ਪੈਦਾ ਹੋਈ ਅਤੇ ਪਰਿਵਾਰ ਸਮੇਤ 1946 ਵਿਚ ਅਮਰੀਕਾ ਚਲੀ ਗਈ। ਤੀਹ ਪੈਂਤੀ ਸਾਲਾਂ ਬਾਅਦ ਮੁੜ ਚੀਨ ਆ ਕੇ ਉਹ ਆਪਣੀਆਂ ਪਰਿਵਾਰਕ ਜੜ੍ਹਾਂ ਖੋਜਦੀ ਹੈ ਅਤੇ ਇਹ ਨਾਵਲ ਇਸੇ ਖੋਜ ਦਾ ਸਿੱਟਾ ਹੈ।

ਨਾਵਲ ਸੱਤ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਪਹਿਲਾਂ ਪੱਛੋਂ ਦੀ ਹਵਾ, ਦੂਜਾ ਬਸੰਤੀ ਅੱਗ, ਤੀਜਾ ਸੁਨਹਿਰੀ ਰਾਖ, ਚੌਥਾ ਗਰਮ ਦਾਰੂ, ਪੰਜਵਾਂ ਜੇਡ ਫ਼ਨਿਕਸ ਛੇਵਾਂ ਪਹੁ ਫੁਟਾਲੇ ਦੇ ਬੀਜ ਅਤੇ ਸੱਤਵਾਂ ਅੰਤਿਕਾ। ਮੈਂ ਇਨ੍ਹਾਂ ਸਾਰਿਆਂ ਖੰਡਾਂ ਦਾ ਵਿਸਥਾਰ ਸਰੋਕਾਰਾਂ ਦੀ ਅਵਾਜ਼ ਦੇ ਪਾਠਕਾਂ ਵਾਸਤੇ ਇਕ ਇਕ ਵਰਕੇ ਪੇਸ਼ ਕਰਾਂਗਾ। ਨਾਵਲ ਦੀ ਜਾਣ-ਪਛਾਣ ਇਸ ਅੰਕ ਵਾਸਤੇ ਪੇਸ਼ ਕਰਨ ਦੀ ਮੈਨੂੰ ਬੇਹੱਦ ਖੁਸ਼ੀ ਹੈ। ਪਾਠਕਾਂ ਦੀਆਂ ਟਿੱਪਣੀਆਂ ਅਤੇ ਦਲੀਲਾਂ ਦੀ ਮੈਂ ਬੇਸਬਰੀ ਨਾਲ ਉਡੀਕ ਕਰਾਂਗਾ।

**ਕੈਨੇਡਾ ਵਿਚਾਰ**

ਨਵੀਂ ਬੋਤਲ ਪੁਰਾਣੀ ਸ਼ਰਾਬ ਦੀ ਕਹਾਣੀ ਵਾਂਗ ਨਾਫ਼ਟਾ, ਨਾਰਥ ਅਮਰੀਕਾ ਫਰੀ ਟਰੇਡ ਐਗਰੀਮੈਂਟ ਦਾ ਨਾਉਂ ਯੂ.ਐਸ.ਐਮ.ਸੀ.ਏ. ਬਦਲ ਕੇ, ਅਮਰੀਕੀ ਮਿਲਟਰੀ ਇੰਡਸਟਰੀਅਲ ਕੰਪਲੈਕਸ ਨੇ ਕੈਨੇਡਾ ਨੂੰ ਪੂਰੀ ਤਰ੍ਹਾਂ ਆਪਣੀ ਗੁਲਾਮ ਬਸਤੀ ਵਿਚ ਬਦਲ ਲਿਆ ਹੈ। ਇਸ ਨਵੇਂ ਸਮਝੌਤੇ ਯੂ.ਐਸ.ਐਮ.ਸੀ.ਏ. ਦੀਆਂ ਸਾਰੀਆਂ ਸ਼ਰਤਾਂ ਵਿਚ ਕੈਨੇਡਾ ਹਾਰ ਗਿਆ ਹੈ।

ਇਸ ਸਮਝੌਤੇ ਅਨੁਸਾਰ ਕੈਨੇਡਾ ਦੇ ਹਰ ਆਰਥਿਕ ਖੇਤਰ ਵਿਚ ਅਮਰੀਕਾ ਨੇ ਆਪਣੀ ਜਕੜ ਪੱਕੀ ਕਰ ਲਈ ਹੈ। ਘਲੂਮੀਨੀਆ ਅਤੇ ਸਟੀਲ ਉਤਪਾਦ ਖੇਤਰ, ਆਟੋ ਪਾਰਟਸ ਖੇਤਰ, ਕੈਨੇਡਾ ਦੇ ਡੇਅਰੀ ਉਦਯੋਗ ਖੇਤਰ ਨੂੰ ਖਾਸ ਕਰਕੇ ਨਿਸ਼ਾਨਾ ਬਣਾਇਆ ਗਿਆ ਹੈ। ਕਾਮਾ ਸ਼੍ਰੇਣੀ ਦੇ ਹੱਕਾਂ ਨੂੰ ਵੀ ਸਾਂਗਣ ਤਰਾਸ਼ਣ ਲਈ ਇਸ ਸਮਝੌਤੇ ਵਿਚ ਬੜਾ ਯਤਨ ਕੀਤਾ ਗਿਆ ਹੈ।

ਲਿਬਰਲ ਸਰਕਾਰ ਨੇ ਬੜੀ ਬੇਸ਼ਰਮੀ ਨਾਲ ਇਥੋਂ ਦੀ ਇੰਡਸਟਰੀ, ਕਾਰੋਬਾਰੀਆਂ ਦੀ ਅਣਦੇਖੀ ਕਰਕੇ ਅਮਰੀਕਾ ਮੂਹਰੇ ਸਿਰ ਝੁਕਾ ਦਿੱਤਾ ਹੈ। ਐਨ.ਏ.ਐਫ.ਟੀ.ਏ. ਦੀ ਇਕ ਪੁਰਾਣੀ ਮਦ ਆਈ.ਐਸ.ਡੀ.ਐ. ਇਵੈਸਟਰ ਸਟੇਟ ਡਿਸਪਿਊਟ ਸੈਫਲਮੈਂਟ ਭਾਵੇਂ ਇਸ ਵਿਚ ਸ਼ਾਮਲ ਨਹੀਂ ਜਿਸ ਤਹਿਤ ਵੱਖ ਵੱਖ ਕੇਸਾਂ ਵਿਚ ਕੈਨੇਡਾ 250 ਮਿਲੀਅਨ ਡਾਲਰ ਹਰਜਾਨਾ ਭਰ ਚੁੱਕਿਆ ਹੈ। ਪਰ ਹੋਰ ਸਭ ਕੈਨੇਡਾ ਦੇ ਲੋਕਾਂ ਦਾ ਵਿਰੋਧ ਹੈ। ਫਾਰਮਾਸਿਊਟੀਕਲ ਉਦਯੋਗ ਨੂੰ ਵੀ ਬਖਸ਼ਿਆ ਨਹੀਂ ਗਿਆ। ਸਮਝੌਤਾ ਲਾਗੂ ਹੋਣ 'ਤੇ ਦਵਾਈਆਂ ਦੀਆਂ ਕੀਮਤਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਣਗੀਆਂ। ਸਮਝੌਤੇ ਦੀ ਧਾਰਾ 32.10 ਅਨੁਸਾਰ ਕੈਨੇਡਾ ਅਮਰੀਕਾ ਦੀ ਸਹਿਮਤੀ ਤੋਂ ਬਿਨਾਂ ਆਪਣੇ ਤੌਰ 'ਤੇ ਕਿਸੇ ਵੀ ਮੁਲਕ ਨਾਲ ਕੋਈ ਸਮਝੌਤਾ ਨਹੀਂ ਕਰ ਸਕਦਾ। ਪੂਰਾ ਵਿਸਥਾਰ ਅਗਲੇ ਅੰਕ ਵਿਚ

ਆਮੀਨ

## ਅੰਬਾਨੀਆਂ ਦੇ "ਢਾਕੇ" ਦੀ ਪੈਦਾਇਸ਼

ਅੰਬਾਨੀਆਂ ਦੇ "ਢਾਕੇ" ਦੀ ਪੈਦਾਇਸ਼
ਟੋਮੀ, ਗੁੱਚੀ, ਅਰਮਾਨੀ, ਜ਼ਾਰਾ
ਅਤੇ ਵਰਸਾਚੇ ਪਹਿਨ ਕੇ

ਵੈਕਸਿੰਗ ਕੀਤੀਆਂ ਕੂਹਣੀਆਂ ਤੱਕ
ਮਹਿੰਦੀ ਦੇ ਮੋਰ ਘੁੱਗੀਆਂ ਬਣਾ ਕੇ

120 ਰੁਪਏ ਕਿੱਲੋ ਵਾਲੇ ਸੇਬ
ਅਤੇ 70-80 ਰੁਪਏ ਦਰਜਣ ਵਾਲੇ ਕੇਲਿਆਂ
ਦੀ ਧਾਂਕ ਲਗਾ ਕੇ

ਚਾਈਂ-ਚਾਈਂ
ਕਰਵਾਚੌਥ ਦੇ ਚੰਨ ਦਾ
ਇੰਤਜ਼ਾਰ ਕਰਦੀਓ
ਏਕਤਾ ਕਪੂਰ ਦੇ ਨਾਟਕਾਂ ਦੀ
ਪਾਤਰ ਜਿਹੀਓ
ਸੁਹਾਗਣੋ

ਤੁਸੀਂ ਕੀ ਜਾਣੋ ਭੁੱਖੇ ਰਹਿਣ
ਅਤੇ ਵਰਤ ਰੱਖਣ ਵਿਚਲਾ ਫ਼ਰਕ।

ਵਿਕਾਊ ਚੈਂਨਲਾਂ ਨਾਲ
ਚੁੰਬਕ ਵਾਂਗੂੰ ਜੁੜੀਓ ਗ੍ਰਹਿਣੀਓ

ਨੋਟਬੰਦੀ, ਜੇ ਤੁਹਾਡੇ ਲਈ
ਕਾਲ਼ੇ ਧਨ ਤੇ ਸਫ਼ੈਦ ਪੋਚਾ ਫੇਰਨ ਜਿਹੀ
ਕਵਾਇਦ ਹੈ, ਤਾਂ ਸਾਡੇ ਲਈ
ਦਿਹਾੜੀਆਂ ਭੰਨ ਕੇ
ਬੈਂਕਾਂ ਦੀ ਮਕਾਣ ਦਿੰਦਿਆਂ
ਚਿੱਟੇ ਦਿਨ ਕਾਲੀ ਰਾਤ ਹੰਢਾਉਣ ਦਾ
ਤਲਖ ਤਜ਼ਰਬਾ ਰਿਹਾ ਹੈ।

ਜੀ ਐੱਸ ਟੀ, ਤੁਹਾਡੀ ਖਰੀਦਦਾਰੀ ਤੇ ਅਸਰ
ਪਾ ਸਕਦੀ ਹੈ, ਪਰ
ਸਾਡੀ ਭੁੱਖਮਰੀ ਤੇ
ਭੂਚਾਲ਼, ਹੜ੍ਹ, ਤੂਫ਼ਾਨ ਵੀ
ਮਜ਼ਾਕ ਕਰ ਕੇ ਲੰਘਦੇ ਰਹੇ ਹਨ।

ਮੈਰਿਜ਼ ਪੈਲੇਸਾਂ ਦੀ ਜੂਠ ਤੇ
ਕੁੱਤਿਆਂ ਤੋਂ ਬਾਅਦ
ਸਾਡਾ ਹੀ ਅਧਿਕਾਰ ਹੁੰਦਾ ਹੈ
ਫਿਰ ਵੀ ਸਾਨੂੰ
ਕਦੇ ਹਲਕਾਅ ਨਹੀਂ ਹੋਇਆ।

ਸਵੱਛ ਭਾਰਤ ਅਭਿਆਨ
ਬੇਟੀ ਬਚਾਓ, ਬੇਟੀ ਪੜ੍ਹਾਓ
ਸੁਲੱਭ ਸ਼ੌਚਾਲਿਆ
ਤੁਹਾਡੇ ਲਈ ਹੋ ਸਕਦਾ ਹੈ
ਮਨ ਕੀ ਬਾਤ

ਸਾਡੇ ਲਈ
ਇੱਕ ਬਲਾਤਕਾਰੀ ਵਲੋਂ
ਇੱਜ਼ਤ ਦੀ ਦੁਹਾਈ ਦੇਣ ਤੋਂ ਵਧਕੇ
ਕੁੱਝ ਵੀ ਨਹੀਂ।

ਰਾਮਦੇਵ ਦੀਆਂ ਦਾਤਣਾਂ
ਸ਼ਿਲਪਾ ਸ਼ੈੱਟੀ ਦੀਆਂ ਸਾਬਣਾਂ
ਨਰਿੰਦਰ ਮੋਦੀ ਦੀ ਯੱਭਲੀਆਂ
ਕਦੇ ਨਹੀਂ ਹੋ ਸਕੀਆਂ
ਸਾਡੀ ਸਮਝ ਦੇ ਹਾਣ ਦੀਆਂ।

ਅਸੀਂ ਅਜੇ ਵੀ, ਵਰਤਦੀਆਂ ਹਾਂ
ਸਟੇਅਫਰੀ ਦੀ ਜਗ੍ਹਾ
ਸਲਫ਼ਾਸ ਹੰਢਾ ਚੁੱਕੇ
ਬਾਬੁਲ ਦੀ ਪੱਗ ਦਾ ਟੁਕੜਾ
ਜਾਂ ਵਿਧਵਾ ਮਾਂ ਦੇ
ਸੁਹਾਗ ਜੋੜੇ ਦੀਆਂ ਕਾਤਰਾਂ।

ਤੁਸੀਂ ਕੀ ਜਾਣੋ, ਭੁੱਖੇ ਰਹਿਣ
ਅਤੇ ਵਰਤ ਰੱਖਣ ਵਿਚਲਾ ਫ਼ਰਕ

ਚੰਨ ਹਮੇਸ਼ਾ
ਇੱਕੋ ਜਿਹਾ ਨਹੀਂ ਚੜ੍ਹਦਾ
ਸਾਡੇ ਸੂਰਜ
ਸਾਡੇ ਜੰਮਣ ਤੋਂ ਪਹਿਲਾਂ ਹੀ
ਗ੍ਰਹਿਣੇ ਗਏ ਸਨ।

#ਗੱਗਬਾਣੀ

# 1984 ਵਿੱਚ ਸਿੱਖਾਂ ਦੀ ਨਸਲਕੁਸ਼ੀ



ਪਰਮਿੰਦਰ ਕੌਰ ਸਵੈਚ
604 760 4794





ਭਾਰਤ ਵਿੱਚ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਲੋਕ ਬਹੁਤ ਹੀ ਸਦ-ਪਿਆਰ ਨਾਲ ਰਹਿੰਦੇ ਸਨ ਉਹਨਾਂ ਵਿੱਚ ਕਿਸੇ ਵੀ ਧਰਮਾਂ ਦਾ ਕੋਈ ਵਿਤਕਰਾ ਨਹੀਂ ਸੀ ਫਿਰ ਅੰਗਰੇਜ਼ਾਂ ਨੇ ਆਪਣੀ ਧਾਂਕ ਜਮਾਉਣ ਲਈ ਭਾਰਤੀਆਂ ਵਿੱਚ ਧਰਮਾਂ ਨੂੰ ਉਭਾਰਿਆ ਅਤੇ ਧਾਰਮਿਕ ਚੌਧਰੀ ਪੈਦਾ ਕਰਕੇ, ਆਪਣੇ ਹੱਥ ਠੋਕੇ ਬਣਾ ਕੇ, ਪਾੜੋ ਤੇ ਰਾਜ ਕਰੋ ਦੀ ਨੀਤੀ ਨੂੰ ਅਪਣਾਇਆ ਤਾਂ ਕਿ ਭਾਰਤ ਦਾ ਕੱਚਾ ਮਾਲ ਲੁੱਟ ਕੇ ਲਿਜਾ ਸਕਣ ਅਤੇ ਲੋਕ ਧਰਮਾਂ ਤੇ ਜਾਤਾਂ ਪਾਤਾਂ ਦੇ ਤਾਣੇ ਬਾਣੇ ਵਿੱਚ ਉਲਝੇ ਰਹਿਣ। ਜਦੋਂ ਲੋਕ ਸੰਘਰਸ਼ਾਂ ਦੇ ਰਾਹ ਪੈ ਗਏ ਅਤੇ ਆਪਣੇ ਹੱਕਾਂ ਬਾਰੇ ਸੋਚਣ ਲੱਗੇ ਅਤੇ ਲਹਿਰਾਂ ਉੱਠਣ ਲੱਗੀਆਂ ਜਿਵੇਂ 1857 ਦਾ ਗ਼ਦਰ, ਕੂਕਾ ਲਹਿਰ, ਗ਼ਦਰ ਲਹਿਰ, ਬੱਬਰ ਲਹਿਰ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ, ਅਕਾਲੀ ਪਾਰਟੀ, ਲਾਲ ਪਾਰਟੀ ਤਾਂ ਇਹਨਾਂ ਨੂੰ ਆਪਣਾ ਸਿੰਘਾਸਨ ਡੋਲਦਾ ਦਿੱਸਿਆ ਤਾਂ ਉਹਨਾਂ ਨੇ ਇਹ ਪੈਂਤੜਾਂ ਵਰਤਿਆ ਕਿ ਮੁਸਲਮਾਨਾਂ, ਸਿੱਖਾਂ ਤੇ ਹਿੰਦੂਆਂ ਨੂੰ ਲੜਾ ਦਿੱਤਾ ਜਾਵੇ, ਜਿਸਦਾ ਸਿੱਟਾ ਭਾਰਤ ਦੇ ਦੋ ਟੋਟੇ ਹੋ ਗਏ ਹਿੰਦੋਸਤਾਨ ਤੇ ਪਾਕਿਸਤਾਨ। ਇਸ ਦੌਫਾੜ ਵਿੱਚ ਭਾਈ ਭਰੱਪਣ ਨਾਲ ਰਹਿੰਦੇ ਲੋਕ ਇੱਕ ਦੂਜੇ ਦੇ ਵੈਰੀ ਹੋ ਗਏ। ਇੱਕ ਦੂਜੇ ਨੂੰ ਵੱਢ ਸੁੱਟਿਆ, ਅਨੇਕਾਂ ਹੀ ਕੁੜੀਆਂ ਨਾਲ ਬਲਾਤਕਾਰ ਹੋਏ, ਬਹੁਤ ਨੇ ਆਪਣੀ ਇੱਜ਼ਤ ਬਚਾਉਣ ਲਈ ਖੂਹਾਂ ਵਿੱਚ ਛਾਲਾਂ ਮਾਰ ਦਿੱਤੀਆਂ, ਲੋਕ ਘਰੋਂ ਬੇਘਰ ਹੋ ਗਏ, ਬੱਚੇ ਮਾਰੇ ਗਏ ਝਸਦੇ ਵਸਦੇ ਘਰ ਉੱਜੜ ਗਏ। ਇਹ ਅੰਗਰੇਜ਼ ਸਾਮਰਾਜ ਦੀ ਚਾਲ ਸੀ ਕਿ ਧਰਮ ਨੂੰ ਲੋਕਾਂ ਦੀ ਕਮਜ਼ੋਰੀ ਬਣਾ ਕੇ ਪੇਸ਼ ਕਰ ਦਿੱਤਾ ਜਿਸ ਲਈ ਉਹ ਇੱਕ ਦੂਜੇ ਨੂੰ ਹੀ ਦੁਸ਼ਮਣ ਸਮਝਣ ਲੱਗ ਗਏ ਜਦਕਿ ਉਹਨਾਂ ਦਾ ਅਸਲੀ ਦੁਸ਼ਮਣ ਬਚ ਨਿਕਲਿਆ। ਸਿੱਟੇ ਵਜੋਂ ਇੱਕ ਵੱਡੇ ਭਾਰਤ ਦੇਸ਼ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਕਮਜ਼ੋਰ ਕਰ ਦਿੱਤਾ। ਜਿਹੜੇ ਅੱਜ ਅੰਗਰੇਜ਼ ਦੇ ਜਾਣ ਤੋਂ 69 ਸਾਲਾਂ ਬਾਅਦ ਵੀ ਆਪਣੀਆਂ ਦੁਸ਼ਮਣੀਆਂ ਜਿਉਂ ਦੀਆਂ ਤਿਉਂ ਪਾਲ ਰਹੇ ਹਨ। ਰਹਿੰਦਾ ਖੂੰਹਦਾ ਇੱਕ ਕਸ਼ਮੀਰ ਦਾ ਮੁੱਦਾ ਜਿਸਨੂੰ ਦੋਨੋਂ ਦੇਸ਼ ਹਥਿਆਉਣਾ ਚਾਹੁੰਦੇ ਹਨ ਤੇ ਉੱਥੇ ਰਹਿ ਰਹੇ ਲੋਕਾਂ ਤੇ ਅਣਮਨੁੱਖੀ ਜਬਰ ਢਾਹ ਰਹੇ ਹਨ। ਅੰਗਰੇਜ਼ਾਂ ਨੇ ਭਾਰਤ ਦੀ ਵਾਗਡੋਰ ਵੀ ਆਪਣੇ ਹੱਥ ਠੋਕਿਆਂ ਨੂੰ ਹੀ ਦਿੱਤੀ, ਜਿਹੜੇ ਅੱਜ ਤੱਕ ਅੰਗਰੇਜ਼ਾਂ ਦੇ ਨਕਸ਼ ਕਦਮਾਂ ਤੇ ਪੂਰੀ ਤਰ੍ਹਾਂ ਚੱਲ ਰਹੇ ਹਨ ਅਤੇ ਉਹਨਾਂ ਵਾਂਗ ਹੀ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਅਜ਼ਾਦੀ ਲਈ ਲੜਨ ਵਾਲੇ ਦੇਸ਼ ਭਗਤਾਂ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ ਗਿਆ।

ਮੈਂ ਤੁਹਾਡੇ ਨਾਲ 1984 ਦੀ ਨਸਲਕੁਸ਼ੀ ਬਾਰੇ ਦੱਸਣ ਤੋਂ ਪਹਿਲਾਂ ਕਿ ਇਸ ਦੇ ਹਾਲਾਤ ਕਦੋਂ ਤੇ ਕਿਵੇਂ ਸ਼ੁਰੂ ਹੋਏ ਦੱਸਣ ਦੀ ਕੋਸ਼ਿਸ਼ ਕਰਾਂਗੀ। ਸੰਨ 1973 ਵਿੱਚ ਸਿੱਖਾਂ ਨੇ ਇਹ ਮਤਾ ਲਿਆਂਦਾ ਕਿ ਬਾਕੀ ਸੂਬਿਆਂ ਵਾਂਗ ਪੰਜਾਬ ਨੂੰ ਵੀ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ। ਜਿਵੇਂ ਪਾਣੀਆਂ ਦਾ ਮਸਲਾ, ਬੋਲੀ ਦੇ ਅਧਾਰ ਤੇ ਵੰਡ ਦਾ ਮਸਲਾ ਆਦਿ। ਉਸ ਸਮੇਂ ਪੰਜਾਬ ਵਿੱਚ ਬਾਦਲ ਸਰਕਾਰ ਸੀ ਉਦੋਂ ਇਸਨੂੰ ਅਣਗੌਲਿਆਂ ਕੀਤਾ ਗਿਆ ਬਾਅਦ ਵਿੱਚ ਜਦੋਂ ਪੰਜਾਬ ਵਿੱਚ ਕਾਂਗਰਸ ਦੀ ਵਜਾਰਤ ਬਣੀ ਤਾਂ ਇਹ ਮੁੱਦਿਆਂ ਨੂੰ ਉਭਾਰ ਕੇ ਧਰਮ ਯੁੱਧ ਮੋਰਚੇ ਦਾ ਨਾਂ ਦੇ ਕੇ ਮੋਰਚਾ ਲਗਾਇਆ ਗਿਆ। 1978 ਵਿੱਚ ਵਿਸਾਖੀ ਵਾਲੇ ਦਿਨ ਨਿਰੰਕਾਰੀ ਤੇ ਸਿੱਖਾਂ ਵਿੱਚ ਝਗੜਾ ਹੋਇਆ ਕਿ ਉਹ ਸਿੱਖ ਧਰਮ ਦੀ ਬੇਇਜ਼ਤੀ ਕਰਦੇ ਹਨ। ਉਹ ਦੇਹ ਧਾਰੀ ਗੁਰੂ ਨੂੰ ਗੁਰੂ ਮੰਨ ਰਹੇ ਹਨ ਜਦ ਕਿ ਗੁਰੂ ਗੋਬਿੰਦ ਸਿੰਘ ਨੇ ਗੁਰੂ ਗਰੰਥ ਸਾਹਿਬ ਨੂੰ ਹੀ ਆਖਰੀ ਗੁਰੂ ਗਰਦਾਨਿਆ ਹੈ। ਇਸ ਮਸਲੇ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਗੁਰਬਚਨ ਸਿੰਘ ਨਿਰੰਕਾਰੀ ਦੇ ਆਹਮਣੇ ਸਾਹਮਣੇ ਆਉਂਦਾ ਹੈ ਤੇ ਗੁਰਬਚਨ ਸਿੰਘ ਦਾ ਕਤਲ ਹੋ ਜਾਂਦਾ ਹੈ। ਹੁਣ ਮੈਦਾਨ ਭਖ ਚੁੱਕਿਆ ਹੈ ਉਸਤੋਂ ਬਾਅਦ ਸੰਤ ਜਰਨੈਲ ਸਿੰਘ ਧਰਮ ਯੁੱਧ ਮੋਰਚੇ ਵਿੱਚ ਹੀਰੋ ਬਣ ਕੇ ਉਭਰਦਾ ਹੈ। ਬਹੁਤ ਸਾਰੇ ਤੱਥਾਂ ਤੋਂ ਸਾਹਮਣੇ ਆਉਂਦਾ ਹੈ ਕਿ ਇਸ ਨੂੰ ਉਅਕਾਲੀ ਦਲ ਦਾ ਧਰਮ ਯੁੱਧ ਮੋਰਚਾ ਸ਼ੁਰੂ ਹੋਣ ਤੋਂ ਪਹਿਲਾਂ ਸੰਤ ਅਕਾਲੀ ਲੀਡਰਸ਼ਿਪ ਵਲੋਂ ਖੁੱਲ੍ਹੇ ਰੂਪ ਵਿੱਚ ਇਹ ਪਰਚਾਰ ਕੀਤਾ ਜਾਂਦਾ ਰਿਹਾ ਕਿ ਸੰਤ ਜਰਨੈਲ ਸਿੰਘ ਕਾਂਗਰਸ ਦਾ ਬੰਦਾ ਹੈ, ਇਸ ਨੂੰ ਪੰਥਕ ਰਾਜਨੀਤੀ ਵਿੱਚ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਰਾਜਸੀ ਬਦਲ ਬਣਾਉਣ ਵਾਸਤੇ ਤੇ ਪੰਥ ਵਿੱਚ ਫੁੱਟ ਪਾਉਣ ਵਾਸਤੇ ਸਿਆਸੀ ਮੈਦਾਨ ਵਿੱਚ ਲਿਆਂਦਾ ਗਿਆ ਸੀ" ਏਸੇ ਤਰ੍ਹਾਂ ਉ ਦਰਬਾਰਾ ਸਿੰਘ ਮੁੱਖ ਮੰਤਰੀ ਪੰਜਾਬ ਦਾ ਧੜਾ ਇਹ ਕਹਿੰਦਾ ਹੈ ਕਿ ਸੰਤ ਜਰਨੈਲ ਸਿੰਘ ਗਿਆਨੀ ਜੈਲ ਸਿੰਘ ਦੇ ਦਿਮਾਗ ਦੀ ਕਾਢ ਹੈ, ਜਿਸਨੂੰ ਉਹ ਦਰਬਾਰਾ ਸਰਕਾਰ ਨੂੰ ਪਰੇਸ਼ਾਨ ਕਰਨ ਲਈ ਵਰਤਣਾ ਚਾਹੁੰਦਾ ਹੈ ਤੇ ਜਿਸ ਰਾਹੀਂ ਉਹ ਅੱਤਵਾਦ ਨੂੰ ਸਹਿ ਦੇ ਕੇ ਦਰਬਾਰਾ ਸਿੰਘ ਦਾ ਤਖ਼ਤਾ ਉਲਟਾਉਣ ਤੇ ਤੁਲਿਆ ਹੋਇਆ ਹੈ" (ਵੇਰਵਾ ਮਹਾਨ ਸ਼ਖ਼ਸੀਅਤ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ---ਤਾਰਾ ਸਿੰਘ ਹੇਅਰ)

ਇਹ ਤਾਂ ਸੱਚ ਹੈ ਕਿ ਭਿੰਡਰਾਂ ਵਾਲਾ ਜਿਸਨੂੰ ਪਹਿਲਾਂ ਕੋਈ ਨਹੀਂ ਸੀ ਜਾਣਦਾ, ਕੁੱਝ ਸਮੇਂ ਬਾਅਦ ਹਰ ਇੱਕ ਦੀ ਜ਼ੁਬਾਨ ਤੇ ਉਸਦਾ ਨਾਂ ਸੀ, ਇਸਦੇ ਪਿੱਛੇ ਵੱਡੀਆਂ ਤਾਕਤਾਂ ਦਾ ਹੱਥ ਨਾ ਹੋਵੇ ਇਹ ਕਹਿਣਾ ਨਾਮੁਮਕਿਨ ਹੈ ਉਸਨੇ ਗੁਰਦਵਾਰੇ ਦੇ ਵਿੱਚ ਬੈਠ ਕੇ ਸਿੱਖਾਂ ਨੂੰ ਐਨੀ ਫੂਕ ਛਕਾਈ ਕਿ ਤੁਸੀਂ ਬਹੁਤ ਵੱਡੇ ਬਹਾਦਰ ਸੂਰਬੀਰ ਹੋ, ਤੁਸੀਂ ਲੜਨਾ ਜਾਣਦੇ ਹੋ, ਤੁਸੀਂ ਕਿਸੇ ਦੀ ਈਨ ਨੀ ਮੰਨ ਸਕਦੇ, ਸਿੱਖ ਮਾਰਸ਼ਲ ਕੌਮ ਹੈ, ਇੱਕ ਸਿੱਖ ਸਵਾ ਲੱਖ ਦੇ ਬਰਾਬਰ ਹੈ, ਹਿੰਦੂਆਂ ਦੀ ਰੱਖਿਆ ਤਾਂ ਸਾਡੇ ਗੁਰੂ ਨੇ ਕੀਤੀ ਸੀ, ਪਰ ਹਿੰਦੂਆਂ ਨੇ ਹਮੇਸ਼ਾਂ ਇਹਨਾਂ ਨਾਲ ਧੋਖਾ ਕੀਤਾ ਹੈ ਆਦਿ ।ਨਿਰੰਕਾਰੀਆਂ ਤੇ ਸਿੱਖਾਂ ਦੀ ਲੜਾਈ ਇੱਕ ਦਮ ਹਿੰਦੂਆਂ ਦੀ ਲੜਾਈ ਕਿਵੇਂ ਬਣ ਗਈ ਪਤਾ ਹੀ ਨਹੀਂ ਲੱਗਿਆ। ਭੋਲੀ ਬੇਰੁਜ਼ਗਾਰ ਜਵਾਨੀ ਜਿਹੜੀ ਹੱਥਾਂ ਵਿੱਚ ਡਿਗਰੀਆਂ ਲੈ ਕੇ ਦਫਤਰਾਂ ਦੇ ਗੇੜੇ ਕੱਢ ਰਹੀ ਸੀ, ਉਹਨੂੰ ਹਥਿਆਰ ਫੜਾ ਦਿੱਤੇ। ਫਿਰ ਉਹੀ ਨਿੱਤ ਦੇ ਅਖ਼ਬਾਰਾਂ ਦੀਆਂ ਸੁਰਖੀਆਂ ਅੱਜ ਛੇ ਹਿੰਦੂ ਬੱਸ ਚੋਂ ਲਾਹ ਕੇ ਲਾਈਨ ਵਿੱਚ ਖੜ੍ਹੇ ਕਰਕੇ ਗੋਲੀਆਂ ਨਾਲ ਉਡਾ ਦਿੱਤੇ, ਚਾਰ ਸਿੰਘ ਨੌਜਵਾਨਾਂ ਦਾ ਪੁਲਸ ਮੁਕਾਬਲਾ ਹੋ ਗਿਆ, ਲੋਕ ਡਰਦੇ ਬਾਹਰ ਨਹੀਂ ਸੀ ਨਿਕਲਦੇ ਕਿਉਂਕਿ ਕਾਰਵਾਈਆਂ ਕਰਦੇ ਫਿਰਦੇ ਸਿੰਘ ਜਿਸ ਘਰ ਰੋਟੀ ਖਾਣ ਆ ਵੜਦੇ ਤਾਂ ਪੁਲੀਸ ਆ ਕੇ ਘਰ ਵਾਲਿਆਂ ਨੂੰ ਚੱਕ ਕੇ ਲੈ ਜਾਂਦੀ। ਉਹ ਜਿਸ ਕੋਲ ਖੜ੍ਹਦੇ ਬੈਠਦੇ, ਉਹ ਪੁਲੀਸ ਦਾ ਸ਼ਿਕਾਰ ਬਣ ਜਾਂਦੇ। ਲੋਕਾਂ ਦੀ ਹਾਲਤ ਪੁਲੀਸ ਤੇ ਅੱਤਵਾਦੀਆਂ ਦੇ ਵਿਚਕਾਰ ਚੱਕੀ ਦੇ ਦੋ ਪੁੜਾਂ ਦੇ ਵਿਚਾਲੇ ਘੁਣ ਦੇ ਪੀਸਣ ਵਾਂਗ ਸ਼ਿਕੰਜੇ ਵਿੱਚ ਆਈ ਹੋਈ ਸੀ। ਪਿੰਡਾਂ ਵਿੱਚ ਜੁਗੜਿਆਂ ਤੋਂ ਭਾਈਆਂ ਵਾਂਗ ਰਹਿੰਦੇ ਹਿੰਦੂ ਸਿੱਖ ਪਤਾ ਹੀ ਨਾ ਲੱਗਦਾ ਕਦੋਂ ਕਤਲ ਹੋ ਜਾਂਦੇ , ਲੋਕ ਇਸ ਗੱਲ ਦਾ ਫਾਇਦਾ ਉਠਾ ਕੇ ਆਪਣੀਆਂ ਜਾਤੀ ਦੁਸ਼ਮਣੀਆਂ ਕੱਢਣ ਲੱਗੇ। ਸਟੇਨਗੰਨਾਂ ਦੇ ਸਹਾਰਿਆਂ ਨਾਲ ਦਰਖਤਾਂ ਨਾਲ ਫਾਂਸੀਆਂ ਦਿੱਤੀਆਂ ਜਾਣ ਲੱਗੀਆਂ।ਲੁੱਟਾਂ ਮਾਰਾਂ ਸ਼ਰੇਆਮ ਹੋਣ ਲੱਗੀਆਂ, ਵੱਡੀਆਂ ਬੈਂਕਾਂ ਤੇ ਡਾਕੇ ਪੈਣ ਲੱਗੇ ਤੇ ਲੋਕ ਤੰਤਰ ਠੁੱਸ ਹੋ ਕੇ ਰਹਿ ਗਿਆ, ਸਰਕਾਰ ਦਾ ਰੋਲ ਅਪਾਹਜਾਂ ਵਰਗਾ ਸੀ।ਇਸ ਮਾਹੌਲ ਵਿੱਚ ਲੋਕ 6 ਵਜੇ ਤੋਂ ਬਾਹਰ ਨਿਕਲਣੋਂ ਬੰਦ ਹੋ ਗਏ, ਪੰਜਾਬੀਆਂ ਦੀ ਪਰਾਹੁਣਾਚਾਰੀ ਬੰਦ ਹੋ ਗਈ, ਲੋਕ ਡਰ ਨਾਲ ਜਿਉਣ ਲੱਗੇ, ਸਭ ਕੁੱਝ ਸਾਹਮਣੇ ਅਨਰਥ ਹੁੰਦਾ ਦੇਖ ਕੇ ਵੀ ਲੋਕ ਚੁੱਪ ਰਹਿੰਦੇ ਕਿਉਂਕਿ ਧਾਰਮਿਕ ਜਾਨੂੰਨ ਦਾ ਬੋਲ ਬਾਲਾ ਐਨਾ ਹੋ ਗਿਆ। ਹੁਣ ਜਿਹੜੀ ਕੇਂਦਰੀ ਸਰਕਾਰ ਘਾਤ ਲਾਈ ਬੈਠੀ ਸੀ ਕਿ ਪੰਜਾਬੀਅਤ ਨੂੰ ਦਿਮਾਗੀ ਤੇ ਜਿਹਨੀਅਤ ਤੌਰ ਤੇ ਕਿਵੇਂ ਤੋੜਿਆ ਜਾਵੇ ਉਹਦਾ ਸਮਾਂ ਜੂਨ ਦੇ ਪਹਿਲੇ ਹਫਤੇ 1984 ਵਿੱਚ ਸਿੱਖਾਂ ਦੀਆਂ ਭਾਵਨਾਵਾਂ ਦੇ ਕੇਂਦਰ ਹਰਮੰਦਰ ਸਾਹਿਬ ਤੇ ਹੋਰ ਗੁਰਦਵਾਰਿਆਂ ਤੇ ਫੌਜੀ ਅਟੈਕ ਕਰਕੇ ਪੂਰਾ ਹੋਇਆ। ਜਿਸ ਨਾਲ ਗੁਰਦਵਾਰਿਆਂ ਦੇ ਅੰਦਰ ਜਾਂ ਪੰਜਾਬ ਵਿੱਚ ਬੈਠੇ ਲੋਕ ਹੀ ਨਹੀਂ ਮਾਰੇ ਗਏ ਸਗੋਂ ਪੰਜਾਬ ਤੋਂ ਬਾਹਰ ਭਾਰਤ ਵਿੱਚ ਤੇ ਵਿਦੇਸ਼ਾਂ ਵਿੱਚ ਪੰਜਾਬੀਆਂ ਦੀਆਂ ਆਂਦਰਾਂ ਵੀ ਵਲੂੰਧਰੀਆਂ ਗਈਆਂ। 1984 ਦਾ ਸਾਲ ਪੰਜਾਬ ਦੇ ਲੋਕਾਂ ਲਈ ਨਾ ਭੁੱਲਣਯੋਗ ਸਾਲ ਹੋ ਨਿਬੜਿਆ।

ਇਸ ਸਾਰੇ ਸੰਦਰਭ ਵਿੱਚ ਦੇਖੀਏ ਕਿ ਕੌਣ ਕਸੂਰਵਾਰ ਹੈ ਸਭ ਤੋਂ ਪਹਿਲਾਂ ਇੰਦਰਾ ਗਾਂਧੀ ਜਿਹੜੀ ਇੱਕ ਭੈੜੇ ਭ੍ਰਿਸ਼ਟਾਚਾਰੀ ਪ੍ਰਬੰਧ ਦੀ ਮੁਖੀਆ ਸੀ, ਜਿਸ ਕੋਲ ਅੰਨ੍ਹੀ ਤਾਕਤ ਦੀ ਵਰਤੋਂ ਤੋਂ ਸਿਵਾ ਕਿਸੇ ਵੀ ਮਸਲੇ ਦਾ ਕੋਈ ਹੱਲ ਨਹੀਂ ਸੀ। ਉਸ ਨੂੰ ਸਾਰੀ ਖੇਡੀ ਜਾਣ ਵਾਲੀ ਖੇਡ ਦਾ ਪਤਾ ਸੀ, ਪਰ ਉਹ ਉਸ ਵੇਲੇ ਤੱਕ ਉਡੀਕਦੀ ਰਹੀ ਜਦ ਤੱਕ ਉਸ ਨੂੰ ਯਕੀਨ ਨਾ ਹੋ ਗਿਆ ਕਿ ਉਹ ਇਸ ਐਕਸ਼ਨ ਤੋਂ ਵੱਧ ਤੋਂ ਵੱਧ ਰਾਜਨੀਤਕ ਲਾਭ ਕਿਵੇਂ ਲੈ ਸਕਦੀ ਹੈ। ਪਹਿਲਾਂ ਨਾਸੂਰ ਨੂੰ ਐਨਾ ਵਧਾ ਦੇਵੋ ਕਿ ਲੋਕਾਂ ਨੂੰ ਲੱਗੇ ਕਿ ਇਸ ਮਾਰੂ ਅਪਰੇਸ਼ਨ ਤੋਂ ਬਿਨ੍ਹਾਂ ਹੋਰ ਕੋਈ ਚਾਰਾ ਹੀ ਨਹੀਂ। ਦੂਸਰਾ ਸੰਤ ਭਿੰਡਰਾਂਵਾਲਾ ਜੋ ਵੀਂਹਵੀ ਸਦੀ ਵਿੱਚ ਇਤਿਹਾਸ ਦਾ ਪਹੀਆ ਪੁੱਠਾ ਮੋੜਨ ਲੱਗਿਆ ਹੋਇਆ ਸੀ, ਜਿਸਦੀ ਛੱਤਰ ਛਾਇਆ ਥੱਲੇ ਜੇਕਰ ਮਰ ਮਿਟਨ ਵਾਲੇ ਸੂਰਮੇ ਸਨ ਤਾਂ ਨਾਲ ਦੀ ਨਾਲ ਚੋਰ, ਕਾਤਲ, ਬਦਮਾਸ਼ ਵੀ ਉਸਦੀਆਂ ਸਫਾਂ ਦਾ ਸਹਾਰਾ ਲੈ ਰਹੇ ਸਨ। ਤੀਸਰੇ ਸਨ ਸੰਤ ਲੌਂਗੋਵਾਲ, ਬਾਦਲ , ਟੌਹੜਾ ਆਦਿਕ ਇਹ ਸਾਰੇ ਆਪਣੇ ਸਾਹਮਣੇ ਸਭ ਕੁੱਝ ਦੇਖ ਰਹੇ ਸਨ ਪਰ ਇਹਨਾਂ ਦੇ ਗੱਦੀਆਂ ਦੇ ਸਵਾਰਥ ਨੇ ਇਹਨਾਂ ਦਾ ਮੂੰਹ ਬੰਦ ਰੱਖਿਆ। ਮੋਰਚੇ ਦੀ ਆੜ ਵਿੱਚ ਜੋ ਕੁੱਝ ਦਰਬਾਰ ਸਾਹਿਬ ਤੋਂ ਹੋ ਰਿਹਾ ਸੀ, ਕਦੇ ਵੀ ਉਹਦੀ ਨਿਖੇਧੀ ਨਾ ਕੀਤੀ। ਜਦੋਂ ਬਲੂ ਸਟਾਰ ਐਕਸ਼ਨ ਹੋਇਆ ਤਾਂ ਆਪ ਚੁਪ ਚਾਪ ਬਾਹਰ ਨਿਕਲ ਗਏ ਤੇ ਆਮ ਲੋਕ ਮਾਰੇ ਗਏ।

ਜਦੋਂ ਅਸੀਂ ਇਹ ਸਾਰਾ ਘਟਨਾ ਕ੍ਰਮ ਦੇਖਦੇ ਹਾਂ ਤਾਂ ਮਨ ਵਿੱਚ ਕਈ ਸਵਾਲ ਪੈਦਾ ਹੁੰਦੇ ਹਨ ਕਿ ਲੋਕਾਂ ਨੂੰ ਗੁੰਮਰਾਹ ਕਰਨ ਦਾ ਇਹ ਡਰਾਮਾ ਕੀ ਸੀ ? ਸਰਕਾਰ ਇਹ ਹਾਲਾਤ ਵਿਗੜਨ ਤੋਂ ਪਹਿਲਾਂ ਇਹਨਾਂ ਨੂੰ ਕਾਬੂ ਨਹੀਂ ਸੀ ਕਰ ਸਕਦੀ ? ਅਕਾਲੀਆਂ ਦੇ ਮੋਰਚੇ ਵਿੱਚ ਇੱਕ ਵੀ ਮੰਗ ਹਿੰਦੂਆਂ ਦੇ ਵਿਰੁੱਧ ਨਹੀਂ ਸੀ ਸਗੋਂ ਸਾਰੇ ਪੰਜਾਬੀਆਂ ਨੂੰ ਮੁੱਖ ਰੱਖ ਕੇ ਸਨ ਫਿਰ ਹਿੰਦੂ ਸਿੱਖ ਦਾ ਝਗੜਾ ਕਿਉਂ ਤੇ ਕਿੱਥੋਂ ਸ਼ੁਰੂ ਹੋਇਆ ? ਦਰਬਾਰ ਸਾਹਿਬ ਵਿੱਚ ਮਣਾਂ ਮੂੰਹੀਂ ਆਧੁਨਿਕ ਹਥਿਆਰ ਕਿੱਥੋਂ ਤੇ ਕਿਵੇਂ ਆਏ ? ਉਸ ਸਮੇਂ ਸਰਕਾਰ ਕਿੱਥੇ ਸੌਂ ਰਹੀ ਸੀ ? ਕੀ ਇਹਨਾਂ ਗੱਲਾਂ ਵੱਲ ਉਸਦੀ ਕੋਈ ਦਿਲਚਸਪੀ ਨਹੀਂ ਸੀ ਜਾਂ ਉਹ ਇਸ ਕਤਲੋਗਾਰਤ ਨੂੰ ਸਹਿ ਦੇ ਰਹੀ ਸੀ। ਉਸਦੀ ਨਾਕਾਮੀ ਕਿੱਥੇ ਸੀ ? ਜਾਂ ਕੇਂਦਰ ਸਰਕਾਰ ਦੇ ਬੁਣੇ ਜਾਲ਼ ਵਿੱਚ ਉਹ ਮੂਕ ਦਰਸ਼ਕ ਸੀ ? ਬਹੁਤ ਸਾਰੀਆਂ ਗੱਲਾਂ ਸਾਹਮਣੇ ਆਉਂਦੀਆਂ ਹਨ ਪਰ ਅਸਲ ਵਿੱਚ ਹੋਇਆ ਇਹ ਕਿ ਲੋਕ ਉਸ ਸਮੇਂ ਲੋਕ ਸੰਘਰਸ਼ਾਂ ਦੇ ਰਾਹ ਤੁਰ ਪਏ ਸਨ। ਉਹਨਾਂ ਦੇ ਦਿਮਾਗਾਂ ਦੀ ਪੱਟੀਮੇਸ ਕਰਨ ਲਈ ਧਾਰਮਿਕ ਜਨੂੰਨੀ ਭਿੰਡਰਾਂਵਾਲੇ ਨੂੰ ਲਿਆ ਕੇ, ਖੁੱਲ੍ਹ ਖੇਡ ਦੇ ਕੇ ਉਸ ਨੂੰ ਟੀਸੀ ਤੇ ਪਹੁੰਚਾ ਦਿੱਤਾ ਤੇ ਗੱਲ ਵਿਗੜਦੀ ਦੇਖ ਕੇ ਹਰਮੰਦਰ ਸਾਹਿਬ ਤੇ ਅਟੈਕ ਕਰਵਾ ਦਿੱਤਾ। ਸਿੱਟਾ ਇਹ ਨਿਕਲਿਆ ਕਿ ਪੰਜਾਬ ਦੀ ਸਾਰੀ ਦੀ ਸਾਰੀ ਜਵਾਨੀ ਪੁਲਸ ਮੁਕਾਬਲਿਆਂ ਵਿੱਚ ਜਾਂ ਜਨੂੰਨੀਆਂ ਹੱਥੋਂ ਮਰਵਾ ਦਿੱਤੀ ਗਈ ਤਾਂ ਕਿ 15-20 ਸਾਲ ਲੋਕ ਮੁੜ ਕੇ ਉੱਠਣ ਯੋਗੇ ਨਾ ਰਹਿਣ । ਇਹ ਬਾਅਦ ਵਿੱਚ ਹੋਇਆਂ ਵੀ ਇਸ ਤਰ੍ਹਾਂ ਹੀ।

ਇੰਦਰਾ ਗਾਂਧੀ ਨੇ ਹਰਮੰਦਰ ਸਾਹਿਬ ਤੇ ਅਟੈਕ ਕਰਵਾ ਕੇ ਹਿੰਦੋਸਤਾਨ ਦੀ ਇੱਕ ਮਹੱਤਵ ਪੂਰਨ ਘੱਟ ਗਿਣਤੀ ਦੇ ਲੋਕਾਂ ਦੇ ਸਮੂਹ ਦੇ ਦਿਲਾਂ ਵਿੱਚ ਇੱਕ ਡੂੰਘੀ ਤਰੇੜ ਪਾ ਕੇ ਉਸਨੇ ਦੇਸ਼ ਦੇ ਹਿਤਾਂ ਨੂੰ ਇੱਕ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਬਹੁਤ ਸਾਰੀ ਮਿਲਟਰੀ ਹਥਿਆਰਾਂ ਸਮੇਤ ਭਗੌੜੀ ਹੋ ਗਈ, ਉਹਨਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ। ਲੋਕਾਂ ਦੇ ਦਿਲਾਂ ਤੇ ਬਣੇ ਜ਼ਖ਼ਮਾਂ ਤੇ ਤਾਂ ਅਜੇ ਖਰੀਂਢ ਵੀ ਨਹੀਂ ਸੀ ਆਇਆ ਕਿ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦਾ ਕਤਲ ਹੋ ਗਿਆ। ਪਹਿਲੇ ਦਿਨ ਦੀਆਂ ਖ਼ਬਰਾਂ ਵਿੱਚ ਇੰਦਰਾ ਗਾਂਧੀ ਦੇ ਦੋ ਸਿੱਖ ਬੌਡੀਗਾਰਡ ਸਤਵੰਤ ਸਿੰਘ ਤੇ ਬੇਅੰਤ ਸਿੰਘ ਅਤੇ ਇੱਕ ਹੋਰ ਮੋਨੇ ਸਿੱਖ ਦਾ ਜਿਕਰ ਆਇਆ ਸੀ ਕਿ ਉਹਨਾਂ ਨੇ ਇਸਦਾ ਕਤਲ ਕੀਤਾ ਹੈ। ਪਰ ਬਾਅਦ ਵਿੱਚ ਮੋਨਾ ਸਿੱਖ ਖ਼ਬਰਾਂ ਵਿੱਚੋਂ ਗਾਇਬ ਹੀ ਹੋ ਗਿਆ। ਬੇਅੰਤ ਸਿੰਘ ਕਿਸੇ ਹੋਰ ਅੰਗ ਰੱਖਿਅਕ ਦੀ ਗੋਲੀ ਨਾਲ ਮਾਰਿਆ ਗਿਆ ਤੇ ਸਤਵੰਤ ਸਿੰਘ ਨੇ ਕਬੂਲ ਨਹੀਂ ਸੀ ਕੀਤਾ ਕਿ ਉਸਨੇ ਕਤਲ ਕੀਤਾ ਹੈ ਪਰ ਉਸਦੀ ਕੋਈ ਸੁਣਵਾਈ ਨਹੀਂ ਕੀਤੀ ਗਈ ਸਗੋਂ ਉਸਨੂੰ ਫਾਂਸੀ ਚੜ੍ਹਾ ਦਿੱਤਾ ਗਿਆ। ਕੁੱਝ ਗੁਪਤ ਵਸੀਲਿਆਂ ਤੋਂ ਖ਼ਬਰਾਂ ਵੀ ਮਿਲੀਆਂ ਕਿ ਕਾਂਗਰਸ ਪਾਰਟੀ ਵਿੱਚ ਕਾਫੀ ਫੁੱਟ ਚਲੀ ਆ ਰਹੀ ਸੀ। ਉਸਤੋਂ ਬਾਅਦ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ। ਸਤਵੰਤ ਸਿੰਘ ਦੀ ਤਰੀਕ ਤੇ ਰਾਜੀਵ ਗਾਂਧੀ ਤੇ ਮਿਸਟਰ ਧਵਨ ਨੂੰ ਵੀ ਪੇਸ਼ੀ ਤੇ ਬੁਲਾਇਆ ਗਿਆ ਪਰ ਉਹ ਪੇਸ਼ ਨਹੀਂ ਹੋਏ। ਇਹ ਗੱਲ ਵੀ ਸ਼ੱਕ ਜ਼ਾਹਰ ਕਰਦੀ ਹੈ ਕਿ ਇੰਦਰਾ ਗਾਂਧੀ ਦਾ ਕਤਲ ਇੱਕ ਸਿਆਸੀ ਕਤਲ ਹੋਵੇ ਕਿਉਂ ਕਿ ਉਸਦੀ ਮੌਤ ਦਾ ਸਭ ਤੋਂ ਵੱਧ ਫਾਇਦਾ ਰਾਜੀਵ ਗਾਂਧੀ ਨੂੰ ਹੋਣਾ ਸੀ। ਹੋ ਸਕਦੈ ਉਸਦੇ ਕਤਲ ਵਿੱਚ ਉਸਦੇ ਪੁੱਤਰ ਦਾ ਹੀ ਹੱਥ ਹੋਵੇ। ਪਰ ਇਸ ਤੋਂ ਅੱਗੇ ਜੋ ਕੁੱਝ ਹੋਇਆ ਉਹ ਸਿੱਖਾਂ ਦੇ ਨਸਲਘਾਤ ਦੀ ਕਹਾਣੀ ਹੈ ਜਿਸਨੂੰ ਸੋਚੀ ਸਮਝੀ ਸਾਜ਼ਸ਼ ਦੇ ਅਧੀਨ ਕੀਤਾ ਗਿਆ।

31 ਅਕਤੂਬਰ ਨੂੰ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਤਿੰਨ ਤਰ੍ਹਾਂ ਦੀਆਂ ਅਫਵਾਹਾਂ ਫੈਲਾਈਆਂ ਗਈਆਂ ਜਿਸ ਨਾਲ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਉਕਸਾਇਆ ਗਿਆ ਉਹ ਸਨ:---

ਇੰਦਰਾ ਗਾਂਧੀ ਦੇ ਕਤਲ ਉੱਤੇ, ਦਿੱਲੀ ਦੇ ਸਿੱਖਾਂ ਨੇ ਮਿਠਿਆਈਆਂ ਵੰਡੀਆਂ ਹਨ ਤੇ ਘਿਓ ਦੇ ਦੀਵੇ ਜਗਾ ਰਹੇ ਹਨ।

ਹਿੰਦੂਆਂ ਦੀਆਂ ਲਾਸ਼ਾਂ ਨਾਲ ਭਰੀ ਇੱਕ ਰੇਲ ਗੱਡੀ ਪੰਜਾਬ ਵਿੱਚੋਂ ਆ ਕੇ ਪੁਰਾਣੀ ਦਿੱਲੀ ਦੇ ਰੇਲਵੇ ਸਟੇਸ਼ਨ ਤੇ ਖੜ੍ਹੀ ਹੈ।

ਸਿੱਖਾਂ ਨੇ ਦਿੱਲੀ ਦੇ ਪਾਣੀ ਵਿੱਚ ਜ਼ਹਿਰ ਰਲਾ ਦਿੱਤੀ ਹੈ।

ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਇਹ ਸਾਰੀਆਂ ਅਫਵਾਹਾਂ ਪੁਲੀਸ ਨੇ ਆਪਣੀਆਂ ਵੈਨਾਂ ਉੱਪਰ ਜਾ ਕੇ ਲਾਊਡ ਸਪੀਕਰਾਂ ਰਾਹੀਂ ਜਾਂ ਫੋਨ ਕਰਕੇ ਆਪ ਦਿੱਲੀ ਦੀਆਂ ਗਲ਼ੀਆਂ ਵਿੱਚ ਪਹੁੰਚਾਈਆਂ, ਉਹਨਾਂ ਨੂੰ ਕਿਹਾ ਗਿਆ ਕਿ ਪਾਣੀ ਨਾ ਪੀਵੋ, ਇਸ ਵਿੱਚ ਜ਼ਹਿਰ ਹੈ। ਇਹਨਾਂ ਗੱਲਾਂ ਨੇ ਲੋਕਾਂ ਦੇ ਮਨ ਬਦਲ ਦਿੱਤੇ ਤੇ ਸ਼ੱਕ ਦਾ ਬੀਜ ਬੀਜ ਦਿੱਤਾ। ਜਿਹੜੇ ਲੋਕ ਕੱਲ ਭਾਈਆਂ ਵਾਂਗ ਰਹਿੰਦੇ ਸਨ ਉਹੀ ਦੁਸ਼ਮਣ ਬਣ ਗਏ। ਵੱਖ ਵੱਖ ਥਾਵਾਂ ਤੇ ਦੂਰ ਦੁਰਾਡੇ ਇਲਾਕਿਆਂ ਵਿੱਚ ਇੱਕੋ ਤਰਤੀਬ ਨਾਲ ਵਾਪਰੀਆਂ ਘਟਨਾਵਾਂ ਇਸ ਗੱਲ ਵਿੱਚ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੀਆਂ ਕਿ ਹਮਲਿਆਂ ਦੀ ਵਿਉਂਤਬੰਦੀ ਕਿਸੇ ਤਾਕਤਵਰ ਜਥੇਬੰਦਕ ਗਰੁਪ ਵਲੋਂ ਕੀਤੀ ਗਈ ਸੀ ਹਮਲਾਵਾਰਾਂ ਨੇ ਇਹ ਸਾਰਾ ਕੰਮ ਸਕੀਮ ਤਹਿਤ ਕੀਤਾ ਇਹ ਜ਼ਿਆਦਾਤਰ ਕਾਂਗਰਸ ਦੇ ਦਿੱਲੀ ਵਿੱਚ ਇਲਾਕੇ ਸੁਲਤਾਨਪੁਰੀ, ਤਿਰਲੋਕਪੁਰੀ, ਮੰਗੋਲਪੁਰੀ ਅਤੇ ਜਮਨਾ ਪਾਰ ਦੀਆਂ ਬਸਤੀਆਂ ਵਿੱਚ ਸਭ ਤੋਂ ਵੱਧ ਕਤਲੋਗਾਰਤ ਹੋਈ। 31 ਅਕਤੂਬਰ ਤੋਂ 4 ਨਵੰਬਰ ਦਾ ਸਮਾਂ ਫਸਾਦਾਂ ਦੇ ਸਿਖਰ ਦਾ ਸਮਾਂ ਸੀ। ਇਸ ਸਮੇਂ ਦੌਰਾਨ ਸਭ ਤੋਂ ਪਹਿਲਾਂ ਪੁਲਿਸ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਭੜਕੀ ਭੀੜ ਤੇ ਕਿਵੇਂ ਕਾਬੂ ਪਾਵੇ ਪਰ ਉਸਦਾ ਰਵੱਈਆ ਅਣਗਹਿਲੀ ਅਤੇ ਆਪਣੇ ਕਰਤੱਵ ਨੂੰ ਧੋਖਾ ਦੇਣ ਵਾਲਾ ਸੀ ਜਿਸ ਤਰ੍ਹਾਂ ਕਿ

ਜਿੱਥੇ ਘਟਨਾ ਹੁੰਦੀ ਉੱਥੋਂ ਪੁਲੀਸ ਦਾ ਗੈਰਹਾਜ਼ਰ ਹੋ ਜਾਣਾ।

ਸਿੱਖਾਂ ਦੇ ਖਿਲਾਫ ਸਿੱਧੀ ਸਿੱਧੀ ਦਖਲ ਅੰਦਾਜ਼ੀ ਕਰਨਾ।

ਸਭ ਕੁੱਝ ਅੱਖੀਂ ਦੇਖ ਕੇ ਵੀ ਕੋਈ ਕਾਰਵਾਈ ਨਾ ਕਰਨਾ।

ਘਟਨਾ ਤੋਂ ਬਾਅਦ ਰਿਪੋਰਟ ਨਾ ਲਿਖਣਾ।

ਲੋਕਾਂ ਨੂੰ ਸਿੱਖਾਂ ਨੂੰ ਮਾਰਨ ਲਈ ਉਕਸਾਉਣਾ ਆਦਿ।

ਦੂਸਰਾ ਰੋਲ ਮੌਜੂਦਾ ਸਰਕਾਰ ਤੇ ਪ੍ਰਬੰਧਕੀ ਢਾਂਚੇ ਦਾ ਸੀ ਜਿਹੜੀ ਕਿ ਲਗਾਤਾਰ ਚਾਰ ਦਿਨ ਇਹ ਘਟਨਾਵਾਂ ਹੁੰਦੀਆਂ ਵੇਖਦੀ ਰਹੀ ਇਸ ਦੌਰਾਨ ਹੋਇਆ ਇਹ ਕਿ ਸਰਕਾਰ ਨੇ ਲੋਕਾਂ ਜਾਂ ਵਿਰੋਧੀ ਧਿਰਾਂ ਨੂੰ ਹਾਲਾਤ ਸੁਖਾਵੇਂ ਹੋਣ ਦੇ ਭਰੋਸੇ ਤਾਂ ਬਹੁਤ ਦਵਾਏ ਪਰ ਉਹਨਾਂ ਤੇ ਅਮਲ ਨਾ ਕੀਤਾ ਗਿਆ, ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਹੁੰਦਾ ਸੀ ਕਿ ਕਰਫਿਊ ਲੱਗ ਗਿਆ ਹੈ, ਦੇਖਦੇ ਸਾਰ ਗੋਲੀ ਮਾਰਨ ਦਾ ਹੁਕਮ ਹੈ , ਹਾਲਤਾਂ ਕੰਟਰੋਲ ਵਿੱਚ ਹਨ ਪਰ ਅਸਲ ਵਿੱਚ ਫਸਾਦੀਆਂ ਦੀ ਗਿਣਤੀ ਦੁੱਗਣੀ ਹੋਈ ਜਾ ਰਹੀ ਸੀ ਤੇ ਉਹਨਾਂ ਦੇ ਹੌਸਲੇ ਦਿਨੋਂ ਦਿਨ ਵਧ ਰਹੇ ਸਨ ਇਸਦਾ ਮੁੱਖ ਕਾਰਣ ਇਹ ਸੀ ਜੋ ਸਿੱਖ ਬਚ ਕੇ ਨਿਕਲੇ ਉਹਨਾਂ ਦੇ ਦੱਸਣ ਮੁਤਾਬਕ ਜਾਂ ਜੋ ਹਿੰਦੂ ਸਿੱਖਾਂ ਦੇ ਹਮਦਰਦ ਸਨ ਉਹਨਾਂ ਮੁਤਾਬਕ ਕਿ ਜੋ ਕਾਂਗਰਸੀ ਲੀਡਰ ਇਹ ਅੱਗ ਨੂੰ ਭੜਕਾਉਣ ਵਿੱਚ ਮੱਦਦ ਕਰ ਰਹੇ ਸਨ ਉਹ ਮਿਸਟਰ ਐਚ. ਕੇ. ਐਲ. ਭਗਤ, ਬਾਬੂ ਰਾਮ ਸ਼ਰਮਾ, ਸੱਜਣ ਕੁਮਾਰ, ਲਲਿਤ ਮਾਕਨ, ਧਰਮਦਾਸ ਸ਼ਾਸਤਰੀ, ਜਗਦੀਸ਼ ਟਾਈਟਲਰ, ਮਹਿੰਦਰਾ-ਮੈਟਰੋਪੋਲਿਟਨ ਕਾਊਂਸਲਰ, ਮੰਗਤ ਰਾਮ ਸਿੰਗਲ, ਡਾ. ਅਸ਼ੋਕ ਕੁਮਾਰ, ਸੁਖਨਲਾਲ ਸੂਦ, ਜਗਦੀਸ਼ ਚੰਦਰ ਟੋਕਸ, ਈਸ਼ਵਰ ਸਿੰਘ, ਬਲਵੰਤ ਖੋਖਰ, ਫੈਜ਼ ਮੁਹੰਮਦ, ਰਤਨ, ਸਤਬੀਰ ਸਿੰਘ ਇਹਨਾਂ ਸਾਰਿਆਂ ਤੇ ਲੋਕਾਂ ਨੇ ਦੋਸ਼ ਲਾਏ ਕਿ ਇਹਨਾਂ ਨੇ ਕਤਲ ਕਰਨ ਵਾਲਿਆਂ ਨੂੰ 100-100 ਰੁਪਏ ਤੇ ਇੱਕ 2 ਬੋਤਲ ਦਿੱਤੀ ਜਾਂ ਫਸਾਦੀਆਂ ਨੂੰ ਛੁਡਵਾਇਆ ਜਾਂ ਸਿੱਖਾਂ ਦੇ ਘਰ ਲੱਭਣ ਲਈ ਵੋਟਰ ਲਿਸਟਾਂ ਮੁਹੱਈਆ ਕਰਵਾਈਆਂ, ਅਫਵਾਹਾਂ ਫੈਲਾਈਆਂ ਗਈਆਂ ਜਾਂ ਲੁੱਟ ਮਾਰ ਤੇ ਸਾੜ ਫੂਕ ਲਈ ਮਿੱਟੀ ਦਾ ਤੇਲ ਆਦਿ ਮੁਹੱਈਆ ਕਰਵਾਇਆ ਤੇ ਆਮ ਲੋਕਾਂ ਨੂੰ ਖ਼ੂਨ ਕਾ ਬਦਲਾ ਖ਼ੂਨ ਕਰਨ ਲਈ ਉਕਸਾਇਆ ਗਿਆ। ਹਮਲਾਵਾਰਾਂ ਨੂੰ ਆਦੇਸ਼ ਦਿੱਤੇ ਗਏ ਕਿ ਆਦਮੀਆਂ ਨੂੰ ਮਾਰ ਦਿਓ ਤੇ ਔਰਤਾਂ ਨਾਲ ਬਲਾਤਕਾਰ ਕਰੋ ਏਸੇ ਤਰ੍ਹਾਂ ਬਹੁਤ ਸਾਰੇ ਪੁਲਸ ਅਫਸਰ ਸਨ ਜਿਹਨਾਂ ਨੇ ਇਸ ਬਲਦੀ ਅੱਗ ਤੇ ਫੂਸ ਪਾਉਣ ਦਾ ਕੰਮ ਕੀਤਾ। ਇਸ ਵਿੱਚ ਸਭ ਤੋਂ ਵੱਡਾ ਦੋਸ਼ੀ ਰਾਜੀਵ ਗਾਂਧੀ ਜਿਸ ਦੇ ਹੱਥ ਦੇਸ਼ ਦੀ ਵਾਗਡੋਰ ਹੋਵੇ ਉਹ ਇਹ ਕਹੇ ਕਿ ਉਜਦੋਂ ਕੋਈ ਵੱਡਾ ਦਰਖਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ।" ਉਸਨੇ ਇਸ ਅੰਨ੍ਹੀ ਕਤਲੋਗਾਰਤ ਨੂੰ ਧਰਤੀ ਦੇ ਹਿੱਲਣ ਦਾ ਨਾਂ

ਦਿੱਤਾ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਸਾਰੀ ਸੋਚੀ ਸਮਝੀ ਕਾਰਗੁਜ਼ਾਰੀ ਸੀ ਜਿਸ ਵਿੱਚ ਸਿੱਖਾਂ ਦਾ ਨਸਲਘਾਤ ਕੀਤਾ ਗਿਆ। ਇਸ ਤਰ੍ਹਾਂ ਇਹ ਇਕੱਲੀ ਦਿੱਲੀ ਵਿੱਚ ਹੀ ਨਹੀਂ ਸਗੋਂ ਸਾਰੇ ਭਾਰਤ ਵਿੱਚ ਸਿੱਖਾਂ ਨੂੰ ਮਾਰਨ, ਲੁੱਟਣ ਜਾਂ ਸਾੜਨ ਦੀਆਂ ਘਟਨਾਵਾਂ ਹੋਈਆਂ।

ਤੀਸਰਾ ਰੋਲ ਫੌਜ ਦਾ ਹੁੰਦਾ ਹੈ ਉਸ ਨੂੰ ਤਾਂ ਪਹਿਲਾਂ ਬੁਲਾਉਣ ਲਈ ਹੀ ਦੇਰੀ ਕੀਤੀ ਗਈ। ਫਿਰ ਫੌਜ ਆਈ ਤੇ ਵੀ ਕਰਫਿਊ ਲੱਗਣ ਦੇ ਬਾਵਜੂਦ ਫਸਾਦਾਂ ਤੇ ਕਾਬੂ ਨਾ ਪਾ ਸਕੀ। ਇਸਦਾ ਮੁੱਖ ਕਾਰਣ ਇਹ ਸੀ ਕਿ ਨਾ ਤਾਂ ਪੁਲੀਸ ਉਹਨਾਂ ਦਾ ਸਾਥ ਦੇਣਾ ਚਾਹੁੰਦੀ ਸੀ ਤੇ ਨਾ ਸਰਕਾਰੀ ਅਫਸਰ। ਫਸਾਦ ਕਿਸੇ ਹੋਰ ਪਾਸੇ ਹੁੰਦੇ ਸਨ ਤੇ ਫੌਜ ਨੂੰ ਦੂਜੇ ਪਾਸੇ ਭੇਜ ਦਿੱਤਾ ਜਾਂਦਾ ਸੀ ਜਾਂ ਉਹਨਾਂ ਨੂੰ ਐਕਸ਼ਨ ਨਾ ਕਰਨ ਦੀਆਂ ਹਦਾਇਤਾਂ ਦਿੱਤੀਆਂ ਜਾਂਦੀਆਂ ਸਨ।

ਆਮ ਲੋਕਾਂ ਦਾ ਰੋਲ ਬੇਸ਼ੱਕ 31 ਅਕਤੂਬਰ ਤੋਂ ਲੈ ਕੇ 5 ਨਵੰਬਰ ਤੱਕ ਹੋਣ ਵਾਲੇ ਕਾਰਨਾਮਿਆਂ ਨੇ ਸਾਰੀ ਦਿੱਲੀ ਹਿਲਾ ਦਿੱਤੀ ਸੀ ਅਤੇ ਇਸਦਾ ਕਾਰਣ ਕੁੱਝ ਵੀ ਹੋ ਸਕਦਾ ਹੈ ਪਰ ਇਸ ਗੱਲ ਨੂੰ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਪਿਛਲੇ ਦੋ ਕੁ ਸਾਲਾਂ ਵਿੱਚ ਵਾਪਰੀਆਂ ਘਟਨਾਵਾਂ ਨੇ ਹਿੰਦੂਆਂ ਦੇ ਇੱਕ ਬਹੁਤ ਵੱਡੇ ਹਿੱਸੇ ਵਿੱਚ ਸਿੱਖਾਂ ਬਾਰੇ ਸ਼ੱਕ ਅਤੇ ਰੋਸ ਪੈਦਾ ਕਰ ਦਿੱਤਾ ਸੀ।ਸਿੱਖਾਂ ਦੀਆਂ ਆਰਥਿਕ ਤੇ ਰਾਜਨੀਤਕ ਮੰਗਾਂ ਨੂੰ ਨਾ ਸੁਲਝਾ ਕੇ ਅਤੇ ਸਿੱਖ ਅੱਤਵਾਦੀਆਂ ਤੇ ਹਿੰਦੂ ਫਿਰਕੇਪੁਣੇ ਦਾ ਬੀਜ ਬੀਜਕੇ, ਹਰਮੰਦਰ ਸਾਹਿਬ ਤੇ ਹਮਲਾ ਕਰਵਾਕੇ ਕਾਬਜ਼ ਕਾਂਗਰਸ ਪਾਰਟੀ ਨੇ ਹਿੰਦੂਆਂ, ਸਿੱਖਾਂ ਵਿੱਚ ਨਫਰਤ ਦਾ ਛਿੱਟਾ ਤਾਂ ਦੇ ਹੀ ਦਿੱਤਾ ਸੀ। ਉਹ ਲੋਕ ਜਿਹੜੇ ਸਾਰੀ ਜ਼ਿੰਦਗੀ ਕਾਂਗਰਸ ਪਾਰਟੀ ਦੇ ਖੈਰ-ਖੁਆਹ ਰਹੇ, ਪਾਰਟੀ ਦੀ ਫੰਡਾਂ ਦੇ ਰੂਪ ਵਿੱਚ ਮੱਦਦ ਕਰਦੇ ਰਹੇ, ਵੋਟਾਂ ਪਾਕੇ ਜਿਤਾਉਂਦੇ ਰਹੇ, ਉਸ ਸਮੇਂ ਉਹਨਾਂ ਦੀ ਪਛਾਣ ਹੀ ਉਹਨਾਂ ਦੀ ਜ਼ਿੰਦਗੀ ਦੀ ਵੈਰੀ ਬਣ ਗਈ। ਅਨੇਕਾਂ ਸਿੱਖਾਂ ਨੂੰ ਆਪਣੇ ਵਾਲ ਕਟਵਾ ਕੇ ਰੂਪੋਸ਼ ਹੋਣਾ ਪਿਆ ਤੇ ਛੋਟੇ ਛੋਟੇ ਬੱਚੇ ਜਿਹਨਾਂ ਦੀ ਹਿੰਦੂਆਂ ਨੇ ਮੱਦਦ ਕੀਤੀ, ਉਹਨਾਂ ਦੇ ਕੁੜੀਆਂ ਵਾਂਗ ਗੁੱਤਾਂ ਕਰਕੇ ਬਾਹਰ ਲਿਜਾਣਾ ਪਿਆ। ਬਹੁਤ ਸਾਰੀਆਂ ਔਰਤਾਂ ਤੇ ਬੱਚੀਆਂ ਨੇ ਆਪਣੀ ਇੱਜ਼ਤ ਬਚਾਉਣ ਲਈ ਜਾਨਾਂ ਦੇ ਦਿੱਤੀਆਂ। ਸਿੱਖਾਂ ਦੇ ਗਲ਼ਾਂ ਵਿੱਚ ਟਾਇਰ ਪਾਕੇ ਜ਼ਿੰਦਾ ਜਲ਼ਾ ਦਿੱਤੇ ਗਏ। ਉਹਨਾਂ ਦੇ ਵੱਡੇ ਵੱਡੇ ਕਾਰੋਬਾਰ ਅੱਗ ਲਾ ਕੇ ਫੂਕ ਸੁੱਟੇ ਜਿਹੜੇ ਕੱਲ੍ਹ ਲੱਖਾਂ ਦੇ ਮਾਲਕ ਸਨ ਅੱਜ ਕੱਖੋਂ ਹੌਲੇ ਹੋ ਕੇ ਬਹਿ ਗਏ ਸਨ। ਹਮਲਾਵਰ ਲੋਕਾਂ ਦੇ ਆਂਢੀ-ਗੁਆਂਢੀ ਨਹੀਂ ਸਨ ਸਗੋਂ ਬਾਹਰਲੇ ਇਲਾਕਿਆਂ ਤੋਂ ਭਾੜੇ ਦੇ ਟੱਟੂ ਗਰੁੱਪਾਂ ਦੇ ਗਰੁੱਪ ਡਾਗਾਂ, ਸੋਟੀਆਂ, ਲੋਹੇ ਦੇ ਸਰੀਆਂ ਤੇ ਮਿੱਟੀ ਦੇ ਤੇਲ ਦੀਆਂ ਪੀਪੀਆਂ ਸਮੇਤ ਤਿਆਰ ਬਰ ਤਿਆਰ ਆਏ ਤੇ ਸਿੱਖਾਂ ਦੇ ਘਰ ਲੱਭ ਲੱਭ ਕੇ ਉਹਨਾਂ ਨੂੰ ਨਿਸ਼ਾਨਾ ਬਣਾਉਂਦੇ ਰਹੇ। ਬੇਸ਼ੱਕ ਬਹੁਤ ਸਾਰੇ ਲੋਕ ਇਸ ਭੀੜ ਦਾ ਹਿੱਸਾ ਬਣ ਗਏ ਸਨ ਪਰ ਫਿਰ ਵੀ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਬਹੁਤ ਲੋਕ ਕੁੱਝ ਕਹਿਣ ਲਈ ਚੁੱਪ ਸਨ ਤੇ ਮੂਕ ਦਰਸ਼ਕ ਬਣ ਕੇ ਇਹ ਸਾਰਾ ਕੁੱਝ ਦੇਖ ਰਹੇ ਸਨ ਜਾਂ ਹੋ ਸਕਦਾ ਹੈ ਕਿ ਉਹ ਸੱਚਾਈ ਜਾਣੇ ਤੋਂ ਬਿਨ੍ਹਾਂ ਕੁੱਝ ਨਾ ਕਹਿਣਾ ਚਾਹੁੰਦੇ ਹੋਣ, ਇਹ ਸਾਰਾ ਘਟਨਾ ਕ੍ਰਮ ਉਹਨਾਂ ਲਈ ਵੀ ਅਦਭੁੱਤ ਸੀ। ਐਨਾ ਕੁੱਝ ਹੋਣ ਦੇ ਬਾਵਜੂਦ ਵੀ ਬਹੁਤ ਸਾਰੇ ਹਿੰਦੂਆਂ ਨੇ ਇਨਸਾਨੀਅਤ ਦਾ ਰੋਲ ਅਦਾ ਕੀਤਾ ਤੇ ਇਸ ਜ਼ੁਲਮ ਦੀ ਪ੍ਰਵਾਹ ਨਾ ਕਰਦੇ ਹੋਏ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਕੇ ਆਪਣੇ ਸਿੱਖ ਗੁਆਂਢੀਆਂ ਦੀ ਮੱਦਦ ਕੀਤੀ ਤੇ ਆਪਣੇ ਘਰਾਂ ਵਿੱਚ ਉਹਨਾਂ ਨੂੰ ਸ਼ਰਨ ਵੀ ਦਿੱਤੀ ਤੇ ਫਸਾਦੀਆਂ ਕੋਲੋਂ ਬਚਾਇਆ ਵੀ ਤੇ ਪੁਲੀਸ ਕੋਲ ਰਿਪੋਰਟ ਕਰਨ ਵੀ ਗਏ ਪਰ ਪੁਲੀਸ ਨੇ ਉਹਨਾਂ ਦੀ ਰਿਪੋਰਟ ਨਾ ਲਿਖੀ।

ਸਿੱਖ ਫਾਰ ਜਸਟਿਸ ਦੀ ਰਿਪੋਰਟ ਮੁਤਾਬਕ ਸਾਰੇ ਭਾਰਤ ਵਿੱਚ 30,000 ਲੋਕਾਂ ਤੋਂ ਵੀ ਵੱਧ ਸਿੱਖ ਮਾਰੇ ਗਏ ਜਾਂ ਜਲਾ ਦਿੱਤੇ ਗਏ। ਸੈਂਕੜੇ ਸਿੱਖ ਔਰਤਾਂ ਨਾਲ ਗੁੰਡਿਆਂ, ਪੁਲਸੀਆਂ ਜਾਂ ਅਫਸਰਾਂ ਦੇ ਹੱਥੋਂ ਸਮੂਹਕ ਬਲਾਤਕਾਰ ਹੋਏ। 3 ਲੱਖ ਤੋਂ ਉੱਪਰ ਲੋਕਾਂ ਨੂੰ ਘਰੋਂ ਬੇਘਰ ਹੋਣਾ ਪਿਆ। 300 ਦੇ ਕਰੀਬ ਸਿੱਖ ਫੌਜੀ ਬਾਗੀਆਂ ਨੂੰ ਸਣੇ ਵਰਦੀਆਂ ਮਾਰ ਦਿੱਤਾ ਗਿਆ। ਜਿੱਥੇ ਪਰਿਵਾਰਾਂ ਦੇ ਪਰਿਵਾਰ ਆਦਮੀਆਂ ਨੂੰ ਮਾਰਿਆ ਗਿਆ ਤਾਂ ਔਰਤਾਂ ਤੇ ਛੋਟੀਆਂ ਬੱਚੀਆਂ ਨਾਲ ਬਲਾਤਕਾਰ ਕੀਤੇ ਗਏ ਤੇ ਦੁੱਧ ਚੁੰਘਦੇ ਬੱਚਿਆਂ ਨੂੰ ਕੋਹਿਆ ਗਿਆ। ਉਸਤੋਂ ਬਾਅਦ ਇੰਨੇ ਅਣਆਈ ਮੌਤੇ ਮਰੇ ਲੋਕਾਂ ਦੀ ਸੁਣਵਾਈ ਲਈ ਅਨੇਕਾਂ ਹੀ ਕਮਿਸ਼ਨ ਬੈਠੇ, ਕਮੇਟੀਆਂ ਬਣੀਆਂ ਪਰ ਅਸਲੀ ਕਾਤਲ ਅੱਜ ਤੱਕ ਵੀ ਦਨਦਨਾਉਂਦੇ ਫਿਰ ਰਹੇ ਹਨ ਚਾਹੇ ਸਰਕਾਰਾਂ ਵੀ ਬਦਲ ਗਈਆਂ ਹਨ ਪਰ ਉਹਨਾਂ ਨੂੰ ਨਾ ਕੋਈ ਸਜ਼ਾ ਮਿਲੀ ਤੇ ਨਾ ਮਿਲਣੀ ਹੈ ਕਿਉਂਕਿ ਇਹ ਸਾਰੇ ਇੱਕੋ ਥੈਲੀ ਦੇ ਚਿੱਟੇ ਵੱਟੇ ਹਨ ਜੋ ਇੱਕ ਦੂਜੇ ਨੂੰ ਪਾਲ਼ ਰਹੇ ਹਨ। ਇਸਦੇ ਉਲਟ ਇੰਦਰਾ ਗਾਂਧੀ ਦੇ ਕਤਲ ਦੇ ਦੋਸ਼ ਵਿੱਚ ਸਤਵੰਤ ਸਿੰਘ ਨੂੰ ਬਿਨ੍ਹਾਂ ਉਹਦੀ ਸੁਣਵਾਈ ਕੀਤਿਆਂ ਹੀ ਫਾਂਸੀ ਚੜ੍ਹਾ ਦਿੱਤਾ ਗਿਆ ਪਰ ਇਹਨਾਂ ਦੀ ਕਲਾਸ ਇੱਕ ਹੈ ਅਮੀਰ ਕਲਾਸ ਜੋ ਮਾਰੇ ਗਏ ਉਹ ਗਰੀਬ ਸਨ। ਇਸ ਤੋਂ ਸਿੱਧ ਹੁੰਦਾ ਹੈ ਕਿ ਹਮੇਸ਼ਾਂ ਹੀ ਕਾਬਜ਼ ਸਰਕਾਰਾਂ ਜਾਂ ਧਿਰਾਂ ਨੇ ਹੀ ਕਿਸੇ ਧਰਮ, ਜਾਤ ਜਾਂ ਘੱਟ ਗਿਣਤੀ ਲੋਕਾਂ ਦਾ ਨਸਲਘਾਤ ਕੀਤਾ ਹੈ ਜਾਂ ਕਰ ਸਕਦੀਆਂ ਹਨ।ਅੱਜ 32 ਸਾਲ ਹੋ ਗਏ ਹਨ ਇਸ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦੀ ਭੀਖ ਮੰਗਦਿਆਂ ਪਰ ਕਿਸੇ ਦੇ ਕੰਨ ਤੇ ਜੂੰ ਨਹੀਂ ਸਰਕ ਰਹੀ।ਇਸ ਤੋਂ ਤਾਂ ਬਿਲਕੁੱਲ ਸਪੱਸ਼ਟ ਹੋ ਜਾਂਦਾ ਹੈ ਕਿ ਕਾਬਜ਼ ਸਰਕਾਰ ਜਿਸਨੇ ਆਪਣੇ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨੀ ਹੁੰਦੀ ਹੈ ਉਹੀ ਲੋਕਾਂ ਤੇ ਤਸ਼ੱਦਦ ਢਾਹੁਣ ਲੱਗ ਪਏ ਤਾਂ ਲੋਕਾਂ ਦਾ ਜਨਜੀਵਨ ਕਿੰਨਾ ਕੁ ਸੁਰਖਿਅੱਤ ਰਹਿ ਸਕਦਾ ਹੈ ਅਰਥਾਤ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ।

ਭਾਰਤ ਵਿੱਚ ਬਹੁ ਗਿਣਤੀ ਹਿੰਦੂ ਭਾਈਚਾਰੇ ਦੀ ਹੈ ਸੋ ਇਸ ਕਰਕੇ ਸਰਕਾਰ ਵੀ ਉਹਨਾਂ ਦੀ ਹੀ ਬਣਨੀ ਹੁੰਦੀ ਹੈ, ਬੇਸ਼ੱਕ ਕਾਂਗਰਸ ਸਰਕਾਰ ਨੇ ਹਮੇਸ਼ਾਂ ਆਪਣੇ ਆਪ ਨੂੰ ਧਰਮ ਨਿਰਪੱਖ ਦੱਸਣ ਦੀ ਕੋਸ਼ਿਸ਼ ਕੀਤੀ ਹੈ ਪਰ ਇਸ ਨਸਲਘਾਤ ਤੋਂ ਤਾਂ ਸਭ ਨੂੰ ਸਪੱਸ਼ਟ ਹੋ ਗਿਆ ਸੀ ਕਿ ਇਹਨਾਂ ਦੀ ਕਹਿਣੀ ਤੇ ਕਰਨੀ ਵਿੱਚ ਕਿੰਨਾ ਫਰਕ ਹੈ। ਭਾਰਤ ਵਿੱਚ ਇਸੇ ਲੜੀ ਵਿੱਚ 2002 ਵਿੱਚ ਮੁਸਲਮਾਨਾਂ ਦਾ ਨਸਲਘਾਤ ਵੀ ਆਉਂਦਾ ਹੈ। ਉਸ ਸਮੇਂ ਗੁਜਰਾਤ ਵਿੱਚ ਅੱਜ ਕੱਲ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੁੱਖ ਮੰਤਰੀ ਦੇ ਅਹੁਦੇ ਤੇ ਸਨ ਜਿਸ ਦੀ ਛਤਰ ਛਾਇਆ ਹੇਠ ਘੱਟ ਗਿਣਤੀ ਮੁਸਲਮਾਨਾਂ ਤੇ ਤਸ਼ੱਦਦ ਢਾਹ ਕੇ ਕੁੱਟਿਆ, ਮਾਰਿਆ ਗਿਆ, ਘਰ ਸਾੜ੍ਹ ਦਿੱਤੇ ਗਏ, ਬੱਚਿਆਂ ਨੂੰ ਵਿਲਕਦੇ ਛੱਡਿਆ ਗਿਆ, ਮਾਵਾਂ ਭੈਣਾਂ ਨਾਲ ਬਲਾਤਕਾਰ ਕੀਤੇ ਗਏ, ਲੋਕਾਂ ਨੂੰ ਘਰੋਂ ਬੇਘਰ ਕੀਤਾ ਗਿਆ। ਉਸ ਘਿਨਾਉਣੇ ਲੋਕਤੰਤਰ ਵੋਟ ਰਾਜ ਵਿੱਚ ਇੱਕ ਸੂਬੇ ਦੇ ਲੋਕਾਂ ਦਾ ਦੋਸ਼ੀ ਮੁੜ ਕੇ ਸਾਰੇ ਦੇਸ਼ ਦਾ ਪ੍ਰਧਾਨ ਮੰਤਰੀ ਬਣ ਜਾਂਦਾ ਹੈ, ਕਿੰਨੀ ਹਾਸੋ ਹੀਣੀ ਗੱਲ ਹੈ।

ਇਥੋਂ ਦਾ ਸਮਾਜ ਹਿੰਦੂ ,ਸਿੱਖ, ਮੁਸਲਮਾਨ, ਇਸਾਈ, ਬੋਧੀ ਤੇ ਹੋਰ ਛੋਟੇ ਛੋਟੇ ਧਰਮਾਂ ਤੇ ਬਹੁਤ ਸਾਰੀਆਂ ਬੋਲੀਆਂ ਤੇ ਜਾਤਾਂ ਵਿੱਚ ਵੰਡਿਆ ਹੋਇਆ ਹੈ।ਪਰ ਫਿਰ ਵੀ ਲੋਕ ਆਪਸ ਵਿੱਚ ਬਹੁਤ ਪਿਆਰ ਨਾਲ ਰਹਿੰਦੇ ਹਨ। ਪਰ ਜਦੋਂ ਵੀ ਉਹਨਾਂ ਵਿੱਚ ਫੁੱਟ ਪਈ ਤਾਂ ਸਰਕਾਰਾਂ ਨੇ ਹਮੇਸ਼ਾਂ ਉਹਨਾਂ ਵੱਲ ਹੋ ਰਹੀ ਉਂਗਲ ਦਾ ਮੂੰਹ ਮੋੜਨ ਲਈ ਧਰਮਾਂ ਦਾ ਪੱਤਾ ਖੇਡਿਆ ਹੈ। ਜਿੱਥੇ ਅਸੀਂ ਕਹਿੰਦੇ ਹਾਂ ਕਿ ਹਿੰਦੋਸਤਾਨ ਦਾ ਸਮਾਜ ਦੋ ਜਮਾਤਾਂ ਵਿੱਚ ਵੰਡਿਆ ਹੋਇਆ ਹੈ।ਇਸੇ ਤਰ੍ਹਾਂ ਇੱਥੋਂ ਦਾ ਇਨਸਾਫ਼ ਤੇ ਲੁੱਟ ਖਸੁੱਟ ਦਾ ਪ੍ਰਬੰਧ ਵੀ ਜਮਾਤਾਂ ਅਨੁਸਾਰ ਹੀ ਹੈ। ਹਮੇਸ਼ਾਂ ਸਿੱਖ, ਹਿੰਦੂ, ਮੁਸਲਮਾਨ, ਬੋਧੀ ਤੇ ਇਸਾਈ ਮਜ਼ਦੂਰ ਦੀ ਲੁੱਟ ਖਸੁੱਟ ਸਰਮਾਏਦਾਰ ਹਿੰਦੂ, ਸਿੱਖ, ਮੁਸਲਮਾਨ, ਬੋਧੀ ਤੇ ਇਸਾਈ ਦੇ ਹੱਥੋਂ ਹੀ ਹੁੰਦੀ ਹੈ। ਪਰ ਜਮਾਤੀ ਸੰਘਰਸ਼ ਨੂੰ ਧਾਰਮਿਕ ਜਨੂੰਨ ਥੱਲੇ ਰੋਲ ਦਿੱਤਾ ਜਾਂਦਾ ਹੈ। ਮੈਂ ਤਾਂ ਅੰਤ ਵਿੱਚ ਇਹੀ ਕਹਿਣਾ ਚਾਹੂੰਗੀ ਕਿ ਲੋਕਾਂ ਨੂੰ ਸਮਝਣ ਦੀ ਲੋੜ ਹੈ ਕਿ ਉਹਨਾਂ ਦਾ ਅਸਲ਼ੀ ਦੁਸ਼ਮਣ ਕੌਣ ਹੈ ਜਿਹੜਾ ਹਰਵਕਤ ਇਸ ਤਾਕ ਵਿੱਚ ਬੈਠਾ ਰਹਿੰਦਾ ਹੈ ਅਤੇ ਉਹਨਾਂ ਦੀਆਂ ਅਸਲੀ ਆਰਥਿਕ ਸਮੱਸਿਆਵਾਂ ਦਾ ਹੱਲ ਦੇਣ ਦੀ ਬਜਾਇ ਉਹਨਾਂ ਦੀ ਕਤਲੋਗਾਰਤ ਦੀ ਖੇਡ ਖੇਡਦਾ ਹੈ ਉਸਨੂੰ ਪਹਿਚਾਨਣ ਦੀ ਲੋੜ ਹੈ।

# Brampton Robotics Aim to Build the STEM Leaders of the Future




Brampton robotics is a non-profit organization with a mission to engage our youth into STEM (Science, Technology, Engineering, Math) education and create STEM learning opportunities for them. We are the pioneers in Brampton to create a common educational platform for Vex IQ Robotics. It's been four years since we started this journey of STEM and have positively impacted the lives of many youths in our community. This initiative was started by high school students and their parents who are now the mentors and brain tank of the organization. They have given strategic direction towards the tremendous growth of the organization. Brampton Robotics teams are known as DISCOBOTS and have achieved 4 World Championship titles at the largest robotics event in the world, as acknowledged by the Guinness Book of Records in 2017. Founder of the Brampton Robotics, Pankaj Saxena who is a professional IT consultant is a strong driving force in promoting and developing a sustainable community program for youth of Brampton. Realizing that awareness regarding STEM is vital in our community and lack of female participation in the field of STEM, he decided to organize events and other initiatives to help achieve these goals. For instance, Brampton Robotics just recently hosted its annual Girl Powered event where we partnered with the Brampton Library to organize information sessions, especially focusing on creating events to inspire young girls in STEM.

This season Team 1140z (photo of the team on the left) of Brampton Robotics won the Vex IQ World Championship and Division Champion award in the Middle School Category at the World Championship,

which was held at the Louisville, Kentucky, United States. The event involved 2000 teams from 40 different countries, including Team 1140z from

Brampton Robotics. In turn, we are proud to mention that the city of Brampton is very well respected in the robotics community at international levels due to our team's strong performance at the World Championships since 2014. This is an indication of positive growth towards innovation for the youth of our community and ensuring that our city is known for its high-potential young minds across the world.


Our vision is to provide equal STEM opportunity to girls. Thus, we are providing young girls with the resources they need to break gender barriers in STEM fields. Brampton Robotics believes strongly in the power of women and therefore, decided to take the initiative to create an all-girls high school robotics team this season (photo of the team on the right). These girls come from different schools in Brampton but share a common passion for STEM and the determination to showcase their innovative ideas. We, as an organization, are helping these girls to collaborate, learn and achieve their goals. While continuing to make a positive impact on the lives of more than 100 youth in our community, we have inspired many mentors and students into STEM. Brampton Robotics organizes information sessions about the future of STEM and provides after-school programs for youth who don't have the opportunity to learn robotics at school or wish to expand their knowledge of STEM even further. We provide tools to inspire the leaders, innovators and problem solvers of tomorrow.

We will be hosting the Ontario Provincial Championship in March 2019; where there are opportunities for local businesses to be the prime sponsors for the event and support our educational initiative. You can help us with our mission to inspire every youth into STEM education and help them be successful in their

lives. Our teams need sponsors and support from the community, if you are interested to support our All-Girls High School Robotics Team or our organization please send us an email at info@bramptonrobotics.org or visit our website http://bramptonrobotics.org for more information. Be part of our mission to help inspire the future STEM leaders of Brampton. We NEED to come together as a city NOW to help create positive change in the future.



# ਪੰਜਾਬੀਓ ! ਮਸਲੇ ਵਿਚਾਰੋ, ਕੀ ਹੋਵੇ - "ਏਜੰਡਾ ਪੰਜਾਬ"



ਕੇਹਰ ਸ਼ਰੀਫ਼

ਬਚਪਨ ਤੋਂ ਗੱਲਾਂ/ਗੀਤ ਸੁਣਦੇ ਆ ਰਹੇ ਹਾਂ-ਰੰਗਲੇ ਪੰਜਾਬ ਦੀਆਂ। ਪਰ ਹੁਣ ਇਸ ਰੰਗਲੇ ਪੰਜਾਬ ਨੂੰ "ਕੰਗਲੇ ਪੰਜਾਬ" (ਜਿਵੇਂ ਹੁਣ ਕਿਹਾ ਜਾਂਦਾ ਹੈ) ਵਿਚ ਬਦਲਣ ਦਾ ਦੋਸ਼ੀ ਕੌਣ ਹੈ? ਇਹ ਸਫਰ ਬਹੁਤ ਲੰਬਾ ਹੈ। ਦੋਸ਼ੀ ਬਹੁਤ ਸਾਰੀਆਂ ਧਿਰਾਂ ਹੋ ਸਕਦੀਆਂ ਹਨ। ਪਰ ਸੋਚਣਾ ਤਾਂ ਪਵੇਗਾ ਹੀ ਕਿ ਇਹ "ਭਾਣਾ" ਕਿਵੇਂ ਤੇ ਕਿਉਂ ਵਾਪਰਿਆ? ਪੰਜਾਬ ਚੌਤਰਫੇ ਹਮਲੇ ਥੱਲੇ ਕਿਵੇਂ ਅੱਪੜਿਆ ? ਆਈ ਬਿਪਤਾ ਦੇਖ ਕੇ ਵੀ ਪੰਜਾਬੀ ਸਮੇਂ ਸਿਰ ਜਾਗਣ ਤੋਂ ਅਵੇਸਲੇ ਕਿਉਂ ਰਹੇ? ਸਾਡੇ ਬੁੱਧੀਜੀਵੀ ਕੱਛੂਕੁੰਮੇ ਦੀ ਜੂਨੇ ਪੈ ਕੇ ਆਪਣੀ "ਅਣਖੀ ਗਰਦਣ" ਲਕੋ ਕੇ ਕਿਉਂ ਜੀਵਨ ਬਸਰ ਕਰਨ ਲੱਗੇ ਰਹੇ ਕਿ ਉਨ੍ਹਾਂ ਨੂੰ "ਤੱਤੀ ਵਾਅ" ਨਾ ਲੱਗੇ - ਜਿਨ੍ਹਾਂ ਲੋਕਾਂ ਦੇ ਦੁੱਖਾਂ ਦਰਦਾਂ ਬਾਰੇ ਪੰਜਾਬੀਆਂ ਨੂੰ ਸੁਚੇਤ ਕਰਦਿਆਂ, ਪੰਜਾਬ ਨੂੰ ਜਗਾ ਕੇ ਮਸਲੇ ਹੱਲ ਕਰਨ ਦਾ ਰਾਹ ਦੱਸਣਾ ਸੀ - ਉਹ ਅਵੇਸਲੇ ਕਿਉਂ ਹੋ ਗਏ, ਵਕਤ ਸਿਰ ਜਾਗੇ ਕਿਉਂ ਨਾ? ਲੋਕਾਂ ਨੂੰ ਜਗਾਇਆ ਕਿਉਂ ਨਾ? ਸਦਾ ਹੀ ਆਮ ਲੋਕਾਂ, ਕਿਰਤੀਆਂ-ਮਿਹਨਤਕਸ਼ਾਂ ਦੇ ਭਲੇ ਵਾਸਤੇ ਲੜਨ ਵਾਲੀਆਂ ਖੱਬੀਆਂ ਧਿਰਾਂ ਆਪਸ ਵਿਚ ਹੀ ਕਿਉਂ ਉਲਝੀਆਂ ਰਹੀਆਂ? ਕਾਮੇ ਕਿਰਤੀਆਂ ਦੀ ਕੋਈ ਵੀ ਸਾਂਝੀ ਲੋਕ ਲਹਿਰ ਕਿਉਂ ਨਾ ਉਸਾਰ ਸਕੀਆਂ? ਆਪ ਵੀ ਇਕੱਠੀਆਂ ਨਾ ਹੋ ਸਕੀਆਂ। ਪੰਜਾਬ ਲੁੱਟਿਆ / ਕੁੱਟਿਆ ਜਾਂਦਾ ਰਿਹਾ ਪਰ ਰਾਖੀ ਕਰਨ ਵਾਲੀਆਂ ਲੋਕ ਧਿਰਾਂ ਵੰਡੀਆਂ ਹੋਈਆਂ ਇਕ ਦੂਜੇ ਦਾ ਵਿਰੋਧ ਕਰਦੀਆਂ ਰਹੀਆਂ। ਦਰਅਸਲ ਇਹ ਪੰਜਾਬ ਵਾਸਤੇ, ਆਪਣੇ ਹੱਕਾਂ ਖਾਤਰ ਲੜਾਕੂ ਸੁਭਾਅ ਵਾਲੇ ਰਵਾਇਤੀ ਪੰਜਾਬੀ ਸੁਭਾਅ ਦੇ ਹਾਣ ਦੇ ਨਾਂ ਹੋ ਸਕੇ। ਸਮਾਂ, ਅਜੇ ਵੀ ਪੰਜਾਬ ਖਾਤਰ ਲੜਨ ਵਾਲੇ ਲੋਕਾਂ ਵਲ ਦੇਖ ਰਿਹਾ ਹੈ। ਕਿਸੇ ਵੀ ਸਾਂਝੀ ਲੋਕ ਲਹਿਰ ਦੇ ਆਸਰੇ ਹੱਕਾਂ ਖਾਤਰ ਲੜਨ ਤੋਂ ਬਿਨਾਂ ਪੰਜਾਬ ਨੇ ਮੁੜ ਟਹਿਕਣਾ ਨਹੀਂ। ਇਹ ਕੰਮ ਸਿਰਫ ਸਰਕਾਰ ਦਾ ਹੀ ਨਹੀਂ ਹਰ ਪੰਜਾਬੀ ਇਸ ਵਿਚ ਆਪਣੇ ਢੰਗ ਨਾਲ ਸ਼ਾਮਲ ਹੋਵੇ - ਸਰਕਾਰ ਲੋਕਾਂ ਦੀ ਮੱਦਦ ਲਵੇ। ਪੰਜਾਬ ਦਾ ਭਲਾ/ਸੁੱਖ-ਸਾਂਦ ਚਾਹੁਣ ਵਾਲਿਆਂ ਨੂੰ ਲੋਕ ਮਸਲਿਆਂ ਬਾਰੇ ਜਬਰਦਸਤ ਲੋਕ ਲਹਿਰ ਉਸਾਰਨੀ ਪਵੇਗੀ।

ਪੰਜਾਬ ਅੰਦਰ ਲੰਬੇ ਸਮੇਂ ਤੋਂ ਲੋਕਤੰਤਰੀ ਪ੍ਰਣਾਲੀ ਰਾਹੀਂ ਚੁਣੇ ਜਾਣ ਤੋਂ ਬਾਅਦ ਜਿੱਤਦੇ ਸਿਆਸੀ ਨੇਤਾ ਅਤੇ ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਅਤੇ ਵਾਰੋ-ਵਾਰੀ ਸਰਕਾਰਾਂ ਚਲਾਉਣ ਵਾਲੀਆਂ ਪਾਰਟੀਆਂ ਆਮ ਕਰਕੇ ਆਪਣੇ ਤੇ ਆਪਣੇ ਕੋੜਮੇਂ' ਦਾ ਬਹੁਤਾ ਫਿਕਰ ਕਰਦੇ ਰਹੇ ਹਨ। ਇਹੀ ਪਾਰਟੀਆਂ ਪੰਜਾਬ ਨੂੰ ਇੱਥੋਂ ਤੱਕ ਪਹੁੰਚਾਉਣ ਦੀਆਂ ਮੁੱਖ ਦੋਸ਼ੀ ਹਨ। ਲੋਕਾਂ ਨਾਲ ਕੀਤੇ ਵਾਅਦੇ ਵਫਾ ਨਾ ਹੋਏ, ਸਗੋਂ ਉਨ੍ਹਾਂ ਨੂੰ "ਸੇਵਾ" ਦੇ ਝੂਠ ਥੱਲੇ ਦੱਬੀ ਰੱਖਿਆ। ਪੰਜਾਬੀਆਂ ਦੇ ਹੱਥੋਂ ਕਿਉਂ ਗੁਆਚ ਗਈ "ਸਰਬੱਤ ਦੇ ਭਲੇ ਵਾਲੀ ਮਾਨਸਿਕਤਾ"? ਇਸ ਕਰਕੇ ਹੀ ਪੰਜਾਬ ਆਪਣੀ ਟਹਿਕ ਗੁਆ ਗਿਆ ਤੇ ਲੋਕ ਇਸਨੂੰ ਫਿਲਮਾਂ ਰਾਹੀ "ਉਡਤਾ ਪੰਜਾਬ" ਕਹਿਣ ਤੱਕ ਪਹੁੰਚ ਗਏ। ਜਿਸ ਨਾਲ ਪੰਜਾਬ ਦਾ ਸਿਰ ਝੁਕਿਆ, ਨੀਵਾਂ ਹੋਇਆ। ਪੰਜਾਬ ਦੇ ਸਿਰ ਨਸ਼ੇੜੀ ਹੋਣ ਦਾ ਕਲੰਕ ਲਾ ਦਿੱਤਾ ਗਿਆ। ਪੰਜਾਬ ਦੀ ਅਣਖ ਨੂੰ ਧੱਬਾ ਲੱਗਿਆ। ਇਸ ਦਾ ਜ਼ੁੰਮੇਵਾਰ ਕੌਣ ਸੀ, ਇਸ ਵਿਚ ਕਿੰਨਾ ਸੱਚ ਤੇ ਕਿੰਨਾ ਝੂਠ ਸੀ ਨਿਖੇੜਿਆ ਨਾ ਗਿਆ। ਹਾਕਮਾਂ ਨੂੰ ਇਹ ਤਾਂ ਦੱਸਣਾ ਹੀ ਪਵੇਗਾ - ਕਿ ਰੰਗਲੇ ਪੰਜਾਬ ਨੂੰ "ਚਿੱਟਾ" ਕਿਹੜੀਆਂ ਸ਼ਕਤੀਆਂ ਨੇ ਕੀਤਾ? ਜਿਨ੍ਹਾਂ ਦੇ ਜ਼ੁੰਮੇ ਰੋਕਣ ਦੀ ਜ਼ੁੰਮੇਵਾਰੀ ਸੀ ਉਨ੍ਹਾਂ ਨੇ ਸਮੇਂ ਸਿਰ ਕਿਉਂ ਨਾ ਰੋਕਿਆ ? ਉਨ੍ਹਾਂ ਦੀ ਹੋਸ਼ਮੰਦੀ ਕਿੱਥੇ ਸੀ? - ਪੰਜਾਬ ਦੇ ਹੋਣਹਾਰ ਪੁੱਤਾਂ ਦੀਆਂ ਅਜਾਈਂ ਜਾਨਾਂ ਕਿਉਂ ਗਵਾ ਦਿੱਤੀਆਂ?

ਪਿਛਲੇ ਲੰਬੇ ਸਮੇਂ ਤੋਂ ਅਜਿਹਾ ਕਿਉਂ ਹੋਇਆ ਕਿ ਪੰਜਾਬ ਤੇ ਇਥੋਂ ਦੇ ਮਿਹਨਤੀ ਲੋਕ ਗਰੀਬ ਹੁੰਦੇ ਗਏ ਤੇ ਸਿਆਸਤਦਾਨ ਅਮੀਰ ਤੋਂ ਅਮੀਰ ਹੁੰਦੇ ਗਏ। ਉਨ੍ਹਾਂ ਦਾ ਕਿਸੇ ਨੇ ਲੇਖਾ-ਜੋਖਾ ਕਿਉਂ ਨਾ ਕੀਤਾ? ਇਸ ਕਰਕੇ ਇਹ ਕੁੱਝ ਬਿਨਾ ਰੋਕ-ਟੋਕ ਚੱਲੀ ਗਿਆ ਕਿ ਚੋਰ ਤੇ ਕੁੱਤੀ ਰਲੇ ਹੋਏ ਸਨ? ਇਸ ਬਾਰੇ ਕੋਈ ਨਿਰਪੱਖ ਜਾਂਚ ਕਮਿਸ਼ਨ ਬਣੇ ਜੋ 6 ਮਹੀਨੇ ਤੋਂ ਇਕ ਸਾਲ ਦੇ ਅੰਦਰ ਅੰਦਰ ਪਿਛਲੇ 15 ਕੁ ਸਾਲ ਦੇ ਸਮੇਂ ਅੰਦਰ ਆਮਦਨ ਤੋਂ ਸੈਂਕੜੇ ਗੁਣਾਂ ਵੱਧ ਜਾਇਦਾਦ ਬਣਾਉਣ ਵਾਲਿਆਂ ਪੰਜਾਬ ਦੇ ਸਿਆਸਤਦਾਨਾਂ/ ਅਫਸਰਸ਼ਾਹਾਂ ਤੇ ਹੋਰ ਵੀ ਕਈਆਂ ਦੀਆਂ ਜਾਇਦਾਦਾਂ ਨੂੰ ਲੱਭ (ਜੋ ਔਖਾ ਕੰਮ ਨਹੀਂ) ਕੇ ਸਾਰੀਆਂ ਜਾਇਦਾਦਾਂ ਨੀਲਾਮ ਕਰੇ, ਇਸ ਨਾਲ ਪੰਜਾਬ ਦਾ ਕੁੱਲ ਕਰਜਾ ਉੱਤਰ ਸਕਦਾ ਹੈ। ਇਹ ਕਿਵੇਂ ਹੋਇਆ ਕਿ ਕੱਲ੍ਹ ਤੱਕ ਜਿਹੜੇ ਸਾਈਕਲ ਖਰੀਦਣ ਜੋਗੇ ਨਹੀਂ ਸਨ - ਉਨ੍ਹਾਂ ਦਾ ਨਾਂ ਸੈਂਕੜੇ ਕਰੋੜਾਂ ਦੀਆਂ ਜਾਇਦਾਦਾਂ ਵਾਲਿਆ ਵਿਚ ਬੋਲਦਾ ਹੈ। ਲੋਕ ਤਾਂ ਆਮ ਹੀ ਗੱਲਾਂ ਕਰਦੇ ਹਨ - ਸਰਕਾਰਾਂ ਨੂੰ ਇਸ ਦਾ ਕਿਉਂ ਨਹੀਂ ਪਤਾ ਲਗਦਾ? ਵਿਧਾਨਕਾਰਾਂ ਵਾਸਤੇ ਸਾਲ ਮਗਰੋਂ ਨਹੀਂ ਹਰ 6 ਮਹੀਨੇ ਬਾਅਦ ਆਮਦਨ ਖਰਚ ਦਾ ਹਿਸਾਬ ਪੇਸ਼ ਕਰਨਾ ਲਾਜ਼ਮੀ ਹੋਵੇ - ਜਿਸ ਦੀ ਜਾਂਚ ਕਰਕੇ ਰਿਪੋਰਟ ਜਨਤਕ ਵੀ ਕੀਤੀ ਜਾਵੇ। ਲੋਕਾਂ ਨੂੰ ਪਤਾ ਤਾਂ ਲੱਗੇ ਕਿ ਉਨ੍ਹਾਂ ਦੇ ਚੁਣੇ ਹੋਏ "ਸੇਵਾਦਾਰ" ਕਰਦੇ ਕੀ ਹਨ।

ਪੰਜਾਬ ਨੂੰ ਪਿਆਰ ਕਰਨ ਵਾਲੇ ਸੂਝਵਾਨ, ਜਾਗਰੂਕਾਂ ਨੇ ਹੁਣੇ ਜਹੇ "ਚਿੱਟੇ ਦੇ ਵਿਰੋਧ ਵਿਚ ਕਾਲਾ-ਹਫਤਾ-ਮਰੋ ਜਾਂ ਵਿਰੋਧ ਕਰੋ" ਦਾ ਸੱਦਾ ਦਿੱਤਾ-ਨਸ਼ਿਆਂ ਦੇ ਵਿਰੋਧੀ ਪੰਜਾਬ ਦਰਦੀ ਲੋਕਾਂ ਨੇ ਵੱਡਾ ਹੁੰਗਾਰਾ ਭਰਿਆ, ਇਹ ਲਹਿਰ ਲਗਾਤਾਰ ਅੱਗੇ ਵਧਦੀ ਵੇਖ ਸਰਕਾਰ ਨੇ ਵਿਚ ਹੀ "ਡੋਪ ਟੈਸਟ" ਵਾਲਾ ਬੇ-ਮਤਲਬਾ "ਜੁਮਲਾ" ਰੋੜ੍ਹ ਦਿੱਤਾ। ਸਰਕਾਰ ਨੂੰ ਚਾਹੀਦਾ ਹੈ ਕਿ "ਠੇਕੇ ਦੀਆਂ ਬੋਤਲਾਂ" ਵਿਚੋਂ ਮਿਲਦੇ ਟੈਕਸ ਨਾਲ ਸਾਹ ਨਾ ਲਵੇ ਠੇਕਿਆਂ ਤੇ ਵਿਕਦਾ ਨਸ਼ਾ ਵੀ ਬੰਦ ਕਰਨ ਦਾ ਸੋਚੇ, ਨਹੀਂ ਤਾਂ ਡੋਪ ਟੈਸਟ ਦਾ ਅਰਥ ਹੀ ਕੋਈ ਨਹੀਂ। ਨਸ਼ਿਆਂ ਦੇ ਖਿਲਾਫ ਉੱਠੀ ਲਹਿਰ ਜਾਰੀ ਰਹੇ ਤਾਂ ਪੰਜਾਬ ਦੇ ਉਜਲੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ। ਅਗਲਾ ਫੌਰੀ ਚੁੱਕਣ ਵਾਲਾ ਕਦਮ ਹੈ ਕਿ ਨਸ਼ਿਆਂ ਦੇ ਸਮਗਲਰਾਂ ਦੀਆਂ ਜਾਇਦਾਦਾਂ ਦੀ ਤੇਜੀ ਨਾਲ ਘੋਖ ਪੜਤਾਲ ਕਰਕੇ - ਇਹ ਸਾਬਤ ਹੋ ਜਾਣ 'ਤੇ ਕਿ ਜਾਇਦਾਦਾਂ ਮਾੜੇ ਧੰਦਿਆਂ ਨਾਲ ਬਣਾਈਆਂ ਗਈਆਂ ਹਨ ਤੁਰੰਤ ਜਬਤ ਕੀਤੀਆਂ ਜਾਣ। ਪੰਜਾਬ ਬਚੇਗਾ ਤੇ ਮਾੜੇ ਧੰਦੇ ਵਾਲਿਆਂ ਨੂੰ ਸੁਨੇਹਾ ਜਾਵੇਗਾ ਕਿ ਉਹ ਇਹ ਰਾਹ ਛੱਡਣ।

ਪੰਜਾਬੀਆਂ ਨੇ ਬਹੁਤ ਸਮਾਂ ਗੁਜ਼ਾਰ ਦਿੱਤਾ ਹੈ ਹਾਕਮਾਂ ਦੇ ਝੂਠੇ ਅਤੇ ਧੋਖੇ ਭਰੇ ਲਾਰਿਆਂ ਵੱਲ ਦੇਖਦਿਆਂ - ਲੋਕਾਂ ਵਲੋਂ ਦਿੱਤੀ ਰਾਜ ਸ਼ਕਤੀ ਹੱਥਾਂ ਵਿਚ ਹੋਣ ਕਰਕੇ ਹਾਕਮ ਤਾਂ ਮਾਲਾ ਮਾਲ ਹੋ ਗਏ ਪੰਜਾਬ ਅਤੇ ਪੰਜਾਬੀ ਲੁੱਟੇ ਗਏ ਗਰੀਬ ਹੋ ਗਏ। ਪੰਜਾਬ ਦੀ ਨੌਜਵਾਨ ਪੀੜ੍ਹੀ ਠੱਗੀ ਗਈ - ਕਿਸਾਨ, ਮਜ਼ਦੂਰ , ਮੁਲਾਜ਼ਮ ਹਰ ਤਬਕੇ ਨੂੰ ਬਰਬਾਦੀ ਵਾਲੇ ਰਾਹ ਵੱਲ ਧੱਕ ਦਿੱਤਾ ਗਿਆ। ਭ੍ਰਿਸ਼ਟਾਚਾਰ ਹਾਕਮਾਂ ਦੀ ਹਿੱਸੇਦਾਰੀ ਤੋਂ ਬਿਨਾਂ ਇਕ ਦਿਨ ਵੀ ਨਹੀਂ ਚੱਲ ਸਕਦਾ। ਅਫਸਰ ਕਦੇ ਵੀ ਭ੍ਰਿਸ਼ਟ ਨਹੀਂ ਹੋ ਸਕਦਾ ਜੇ ਉਸਦਾ ਸਿਆਸੀ ਆਕਾ ਹਿੱਸਾ-ਪੱਤੀ ਮੰਗਣ ਵਾਲਾ ਬੇਈਮਾਨ ਨਾ ਹੋਵੇ। ਮੰਤਰੀਆਂ-ਸੰਤਰੀਆ ਦੀ ਇਸ ਹਿੱਸੇਦਾਰੀ ਨੂੰ ਸਮਝ ਕੇ ਲੋਕਾਂ ਨੂੰ ਵੀ ਸਮਝਾਉਣਾ ਪਵੇਗਾ, ਜਾਗਣਾ/ਜਗਾਉਣਾ ਪਵੇਗਾ।

ਹਰ ਵਾਰ ਹੀ ਚੋਣਾਂ ਲੰਘਾ ਕੇ ਅਗਲੀਆਂ ਚੋਣਾਂ ਦੀ ਉਡੀਕ ਕਰਨ ਲੱਗ ਪੈਣਾ ਇਹ ਭਲਾਂ ਕਿੱਥੋਂ ਦਾ ਲੋਕ ਰਾਜ ਕਿਹਾ ਜਾ ਸਕਦਾ ਹੈ? ਲੋਕ ਰਾਜ ਤਾਂ ਲੋਕਾਂ ਦੀ ਰਾਜ-ਕਾਜ ਵਿਚ ਰੋਜ਼ਾਨਾ ਦੀ ਸ਼ਮੂਲੀਅਤ ਹੀ ਹੋ ਸਕਦੀ ਹੈ। ਆਜ਼ਾਦੀ ਤੋਂ ਅੱਜ ਤੱਕ ਇਸ ਪਾਸੇ ਕੋਈ ਕਦਮ ਨਹੀਂ ਪੁੱਟਿਆ ਗਿਆ। ਆਮ ਲੋਕ ਵੋਟ ਬਾਰੇ ਕਿੰਨਾ ਜਾਣਦੇ ਹਨ - ਸਿਆਸੀ ਪਾਰਟੀਆਂ ਇਸ ਬਾਰੇ ਲੋਕਾਂ ਨੂੰ ਸੁਚੇਤ ਹੋਣ ਹੀ ਨਹੀਂ ਦੇਣਾ ਚਾਹੁੰਦੀਆਂ। ਹਰ ਵਾਰ ਪਿਛਲੀਆਂ ਚੋਣਾਂ ਵਿਚ ਕੀਤੇ ਵਾਅਦੇ ਭੁੱਲ ਕੇ ਨਵੇਂ ਨਾਅਰੇ ਘੜ ਕੇ ਵੋਟਾਂ ਲੁੱਟਣਾ' ਹੀ ਸਿਆਸੀ ਪਾਰਟੀਆਂ ਦਾ 'ਧਰਮ' (ਤੇ ਸ਼ੁਗਲ) ਹੋ ਗਿਆ ਜਾਪਦਾ ਹੈ। ਇਸ ਨੂੰ ਬਦਲੇ ਬਿਨਾਂ ਲੋਕਤੰਤਰ ਦੀ ਰਾਖੀ ਨਹੀਂ ਹੋ ਸਕਦੀ। ਸਵਾਲ ਹੈ ਰਾਖੀ ਕਰੇਗਾ ਕੌਣ? ਜਵਾਬ ਹੈ - ਤੁਸੀਂ, ਲੋਕ !!

ਲੋਕ ਰਾਜ ਹਾਕਮਾਂ ਦਾ ਨਹੀਂ, ਲੋਕਾਂ ਦਾ ਹੁੰਦਾ ਹੈ- ਹਾਕਮ ਥੋੜ ਚਿਰੇ - ਕੱਚੇ ਸੇਵਾਦਾਰ ਹੁੰਦੇ ਹਨ। ਇੱਥੇ ਸੋਚਣ ਦੀ ਗੱਲ ਹੈ ਕਿ ਕੋਈ ਵਿਅਕਤੀ 30-35 ਜਾਂ ਇਸ ਤੋਂ ਵੀ ਵੱਧ ਸਾਲ ਕੰਮ ਕਰਦਾ ਹੈ ਸੇਵਾਮੁਕਤੀ ਤੋਂ ਬਾਅਦ ਉਸਨੂੰ ਪੈਨਸ਼ਨ ਕਿਉਂ ਨਾ ਮਿਲੇ? ਜਦੋਂ ਕਿ ਕਿਸੇ ਵਿਧਾਨਕਾਰ ਜਾਂ ਸੰਸਦ ਮੈਂਬਰ (ਜੋ ਸਰਕਾਰੀ ਮੁਲਾਜਮ ਵੀ ਨਹੀਂ ਹੁੰਦਾ - ਕੱਚਾ (ਸਮਾਂ ਵੱਧ) ਸੇਵਾਦਾਰ ਹੁੰਦਾ ਹੈ ਉਹ ਕਿਸੇ ਵਿਧਾਨ ਸਭਾ ਜਾਂ ਪਾਰਲੀਮੈਂਟ ਵਿਚ ਸਿਰਫ ਪੰਜ ਸਾਲ ਬੈਠ ਕੇ ਕਿਉਂ ਤੇ ਕਿਵੇਂ ਜ਼ਿੰਦਗੀ ਭਰ ਵਾਸਤੇ ਮੋਟੀ ਰਕਮ ਦੇ ਰੂਪ ਵਿਚ ਪੈਨਸ਼ਨ ਲੈਣ ਦਾ ਹੱਕਦਾਰ ਬਣ ਜਾਂਦਾ ਹੈ? ਇਹ ਵੀ ਲੋਕਾਂ ਨੂੰ ਦੱਸਿਆ ਜਾਵੇ



ਕਿ ਉਹ ਆਪਣੀਆਂ ਤਨਖਾਹਾਂ-ਭੱਤਿਆਂ ਵਿਚੋਂ ਕਿੰਨੇ ਪੈਸੇ ਆਪਣੀ ਪੈਨਸ਼ਨ ਦੇ ਕਟਵਾਉਂਦੇ ਹਨ) ਅਜਿਹੇ "ਸੇਵਾਦਾਰ" ਕਿਉਂ ਆਪਣੀ ਤਨਖਾਹ ਜਾਂ ਹੋਰ ਸੁੱਖ-ਸਹੂਲਤਾਂ ਵੀ ਆਪ ਹੀ ਮਿੱਥਣ? ਅਜਿਹੇ ਕੱਚੇ ਸੇਵਾਦਾਰਾਂ ਵਾਸਤੇ ਕਿਉਂ ਨਾ ਕੋਈ ਤਨਖਾਹ/ਭੱਤਾ ਕਮਿਸ਼ਨ ਜਾਂ ਅਜਿਹੀ ਸੰਸਥਾ ਹੋਵੇ ਜੋ ਉਨ੍ਹਾਂ ਨੂੰ ਮਿਲਣ ਵਾਲੇ "ਸੇਵਾ ਫਲ" ਦਾ ਫੈਸਲਾ ਕਰੇ। ਚੋਣਾਂ ਲੜਨ ਵਾਲੇ ਲੋਕ ਸੇਵਾ ਕਰਨ ਦਾ ਵਚਨ ਦੇ ਕੇ ਚੋਣਾਂ ਲੜਦੇ ਹਨ - ਚੋਣਾਂ ਜਿੱਤਦਿਆਂ ਹੀ ਆਜ਼ਾਦੀ ਤੋਂ ਪਹਿਲਾਂ ਵਾਲੀਆਂ ਰਿਆਸਤਾਂ ਦੇ ਰਾਜਿਆਂ ਵਰਗੇ ਵਿਹਾਰ ਦੇ ਚਾਲ-ਚਲਣ ਵਾਲੇ ਬਣ ਜਾਂਦੇ ਹਨ। ਲੋਕਾਂ ਨੂੰ ਪੁੱਛੇ ਬਿਨਾਂ ਹੀ ਸਭ ਤੋਂ ਵੱਧ ਸਹੂਲਤਾਂ ਪ੍ਰਾਪਤ ਕਰਦੇ ਹਨ। ਦੁਨੀਆਂ ਦੀ ਹਰ ਸਹੂਲਤ ਉਹ ਮਾਣਦੇ ਹਨ - ਕਿਉਂ? ਕੀ ਹਰ ਮਿਹਨਤਕਸ਼ ਨਾਗਰਿਕ ਨੂੰ ਉਹ ਸਹੂਲਤਾਂ ਪ੍ਰਾਪਤ ਹਨ ਜੋ ਸਾਡੇ ਅੱਜ ਦੇ "ਚੁਣੇ ਹੋਏ" ਲੋਕ ਨੁਮਾਂਇੰਦੇ (ਅਖੌਤੀ ਸੇਵਾਦਾਰ) ਮਾਣਦੇ ਹਨ ?- ਜੇ ਨਹੀਂ ਤਾਂ ਇਹ "ਸੁਪਰ ਨਾਗਰਿਕ" ਕਿਸ "ਸੰਵਿਧਾਨਕ ਮਰਿਆਦਾ" ਅਧੀਨ ਅਣਗਿਣਤ ਸੁੱਖ-ਸੁਵਿਧਾਵਾਂ ਦੇ ਹੱਦਾਰ ਬਣਦੇ ਹਨ। ਇਹ ਵੀ ਤਾਂ ਲੋਕਾਂ ਨੂੰ ਦੱਸਿਆ ਜਾਣਾ ਚਾਹੀਦਾ ਹੈ।

ਵਿਧਾਨਕਾਰ "ਮਨਮਰਜ਼ੀ" ਪੱਧਰ ਦੀਆਂ ਸਿਹਤ ਸੇਵਾਵਾਂ ਕਿਉਂ ਮਾਣਦੇ ਹਨ? ਕਿਉਂ ਉਨ੍ਹਾਂ ਨੂੰ ਦੇਸ ਪ੍ਰਦੇਸ ਜਿੱਥੇ ਉਹ ਚਾਹੁਣ ਇਲਾਜ ਕਰਵਾਉਣ ਦੀਆਂ ਸਹੂਲਤਾਂ ਮਿਲਦੀਆਂ ਹਨ - ਕੀ ਹਰ ਨਾਗਰਿਕ ਲਈ ਇਹ ਸਹੂਲਤਾਂ ਹਨ? ਜੇ ਨਹੀਂ ਤਾਂ ਕਿਉਂ ਨਹੀਂ? ਵਿਧਾਨਕਾਰਾਂ ਵਾਸਤੇ ਇਹ ਲਾਜ਼ਮੀ ਕੀਤਾ ਜਾਵੇ ਕਿ ਬੀਮਾਰੀ ਵੇਲੇ ਉਨ੍ਹਾਂ ਦਾ ਇਲਾਜ ਵੀ ਆਮ ਨਾਗਰਿਕਾਂ ਵਾਂਗ ਸਿਰਫ ਸਰਕਾਰੀ ਹਸਪਤਾਲ ਵਿਚ ਹੀ ਹੋਵੇ, ਕਿਉਂਕਿ ਸੰਵਿਧਾਨ ਹਰ ਸ਼ਹਿਰੀ ਨੂੰ ਬਰਾਬਰ ਸਮਝਦਾ ਹੈ। ਜੇ ਉਹ ਪ੍ਰਾਈਵੇਟ ਹਸਪਤਾਲ ਜਾਂ ਪਰਦੇਸ ਵਿਚ ਇਲਾਜ ਕਰਵਾਉਣਾ ਚਾਹੁਣ ਤਾਂ ਲੋਕਾਂ ਦੇ ਪੈਸੇ ਨਾਲ ਨਹੀਂ ਉਹ ਆਪਣੇ ਪੈਸੇ ਨਾਲ ਕਰਵਾਉਣ। ਲੋਕ ਰਾਜ ਨਾਲ ਕੀਤਾ ਜਾ ਰਿਹਾ ਇਹ ਮਖੌਲ ਬੰਦ ਹੋਣਾ ਚਾਹੀਦਾ ਹੈ।

ਹਾਕਮਾਂ ਨੂੰ ਚਾਹੀਦਾ ਹੈ ਕਿ ਚੋਣਾਂ ਵੇਲੇ ਆਪਣੇ ਵਲੋਂ ਕੀਤੇ ਵਾਅਦੇ ਨਿਭਾਉਣ - (ਜੋ ਅੱਜ ਤੱਕ ਕਦੇ ਵੀ ਨਿਭਾਏ ਨਹੀਂ ਗਏ ਪਰ ਹਕੂਮਤਾਂ ਕਰਨ ਵਾਲੇ ਇਹ ਮੰਨਣ ਲਈ ਤਿਆਰ ਨਹੀਂ) ਇਹ ਉਨ੍ਹਾਂ ਦੀ ਕਾਨੂੰਨੀ ਤੇ ਇਖਲਾਕੀ ਜ਼ੁੰਮੇਵਾਰੀ ਬਣ ਜਾਂਦੀ ਹੈ। ਜੇ ਉਹ ਅਜਿਹਾ ਨਹੀਂ ਕਰਦੇ ਜਾਂ ਆਪਣੇ ਹੀ ਕੀਤੇ ਵਾਅਦੇ ਨੂੰ "ਜੁਮਲਾ" ਆਖ ਕੇ ਲੋਕਾਂ ਨੂੰ ਟਰਕਾ ਦੇਣ ਤਾਂ ਅਜਿਹੀ ਸਥਿਤੀ ਵਿਚ ਕੋਈ ਨਾ ਕੋਈ ਕਾਨੂੰਨੀ ਨਿਯਮ ਬਨਾਉਣੇ ਚਾਹੀਦੇ ਹਨ ਕਿ ਕੋਈ ਵੀ ਸਿਆਸੀ ਧਿਰ ਅਜਿਹਾ ਨਾ ਕਰ ਸਕੇ। ਇਸ ਬਾਰੇ ਸੋਚਿਆ ਜਾਣਾ ਚਾਹੀਦਾ ਹੈ। ਦੇਸ਼ ਦੇ ਸੂਝਵਾਨਾਂ/ ਬੁੱਧੀਜੀਵੀਆਂ ਨੂੰ ਇਸ ਬਾਰੇ ਗੰਭੀਰਤਾ ਨਾਲ ਬਹਿਸ ਛੇੜਨੀ ਚਾਹੀਦੀ ਹੈ।

ਵਿਰੋਧੀ ਸਿਆਸੀ ਪਾਰਟੀਆਂ ਵਲੋਂ ਹਕੂਮਤ ਦੇ ਗਲਤ ਫੈਸਲਿਆਂ ਬਾਰੇ ਵਿਰੋਧ ਹੀ ਨਹੀਂ ਕਰਨਾ ਹੁੰਦਾ ਸਗੋਂ ਸਰਕਾਰ ਦੀਆਂ ਲੋਕ ਵਿਰੋਧ ਦੀਆਂ ਨੀਤੀਆਂ ਦੇ ਵਿਰੋਧ ਵਿਚ ਲੋਕ ਪੱਖੀ ਬਦਲਵੀਆਂ ਨੀਤੀਆਂ ਦਾ ਖਾਕਾ ਵੀ ਲੋਕਾਂ ਅਤੇ ਸਰਕਾਰਾਂ ਅੱਗੇ ਪੇਸ਼ ਕਰਨਾ ਹੁੰਦਾ ਹੈ ਤਾਂ ਜੋ ਲੋਕ ਪੱਖੀ, ਲੋਕਤੰਤਰੀ ਨੀਤੀਆਂ ਬਨਾਉਣ ਵਿਚ ਮੱਦਦ ਹੋ ਸਕੇ। ਹੁਣ ਮਸਲਿਆਂ ਦੀ ਸਿਰਫ ਚਿੰਤਾ ਹੀ ਕਾਫੀ ਨਹੀਂ ਸਗੋਂ ਚਿੰਤਨ ਕਰਨਾ ਤੇ ਹੱਲ ਦੱਸਣਾ ਜ਼ਰੂਰੀ ਹੈ। (ਇਹਨੂੰ ਕਹਿੰਦੇ ਹਨ ਜੀ ਬਦਲਵੀਂ ਸਿਆਸਤ) ਪਰ ਰਿਵਾਜ਼ ਹੀ ਪੈ ਗਿਆ ਕਿ ਵਿਰੋਧ ਭਰਿਆ ਬਿਆਨ ਜਾਂ ਦੋ-ਚਾਰ ਲੀਰਾਂ ਦੇ ਪੁਤਲੇ ਬਣਾ ਕੇ ਕਿਸੇ ਲੀਡਰ ਦਾ ਨਾਂ ਰੱਖ ਕੇ ਫੂਕ ਦੇਣ ਨਾਲ ਹੀ ਸਬਰ ਕਰ/ਕਰਾ ਲਿਆ ਜਾਂਦਾ ਹੈ। ਇਹ ਰਾਹ ਆਪਣੇ ਆਪ ਨਾਲ ਧੋਖਾ ਹੈ। ਲੋਕਾਂ ਦੀ ਸ਼ਕਤੀ ਨੂੰ ਅਜਾਈਂ ਨਸ਼ਟ ਕਰਨਾ ਵੀ ਹੈ। ਇਸ ਦੀ ਥਾਂ ਲੋਕਾਂ ਨੂੰ ਲੋਕਤੰਤਰ ਬਾਰੇ ਸਿੱਖਿਅਤ ਕਰਨਾ ਪਵੇਗਾ।

ਕਿਸਾਨੀ ਸੰਕਟ ਵਿਚੋਂ ਗੁਜ਼ਰ ਰਹੀ ਹੈ। ਪਿਛਲੇ ਲੰਬੇ ਸਮੇਂ ਤੋਂ ਕਰਜ਼ਾ ਮਾਰੇ ਕਿਸਾਨਾਂ ਦੀਆਂ ਬਹੁਤ ਖੁਦਕੁਸ਼ੀਆਂ ਹੋਈਆਂ ਹਨ। ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੇ ਪਰਵਾਰਾਂ ਦੀਆਂ ਮੁਸੀਬਤਾਂ ਪਹਿਲਾਂ ਤੋਂ ਵੀ ਵਧ ਗਈਆਂ ਹਨ। ਖੁਦਕੁਸ਼ੀਆਂ ਵਾਲੇ ਪਾਸਿਉਂ ਕਿਸਾਨਾਂ ਨੂੰ ਰੋਕਣ ਵਾਸਤੇ ਬਹੁਤੇ ਗੰਭੀਰ ਜਤਨ ਨਹੀਂ ਹੋਏ - ਜੋ ਹੋਣੇ ਚਾਹੀਦੇ ਹਨ। ਸਰਕਾਰਾਂ ਔਖੀਆਂ ਹਾਲਤਾਂ ਹੰਢਾ ਰਹੇ ਕਿਸਾਨਾਂ ਦੀਆਂ ਮੱਦਦਗਾਰ ਹੋਣ। ਸਰਕਾਰੀ ਬਿਆਨਾਂ ਨੂੰ ਅਮਲ ਵਿਚ ਵੀ ਲਿਆਉਣਾ ਚਾਹੀਦਾ ਹੈ। ਕਿਸਾਨ-ਮਜਦੂਰ ਰਲ ਕੇ ਬਹੁਤ ਮਿਹਨਤ ਕਰਦੇ ਹਨ ਪਰ ਫਸਲ/ ਮਿਹਨਤ ਦਾ ਪੂਰਾ ਮੁੱਲ ਨਹੀਂ ਮਿਲ ਰਿਹਾ। ਸਰਕਾਰ ਨੂੰ ਚਾਹੀਦਾ ਹੈ ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਮੁੱਲ ਮਿਲੇ ਤੇ ਜੀਊਣ ਯੋਗ ਹਾਲਤਾਂ ਵੀ ਮਿਲਣ। ਦੁੱਖਾਂ ਦੇ ਮਾਰੇ ਉਹ ਜੂਨ ਪੂਰੀ ਹੀ ਨਾ ਕਰਨ - ਖੁਸ਼ੀ ਨਾਲ ਜਿੰਦਗੀ ਹੰਢਾਉਣ। ਸਮਾਜਿਕ ਪੱਖੋਂ ਹਾਲਾਤ ਬਦਲਣ ਵਾਸਤੇ ਕਿਸਾਨ ਆਪ ਵੀ ਜਤਨ ਕਰਨ। ਸਮਾਜਿਕ ਕਾਰਜਾਂ (ਵਿਆਹਾਂ, ਮਰਨਿਆਂ/ ਪਰਨਿਆਂ 'ਤੇ) ਦੇ ਖਰਚੇ ਘਟਾਉਣੇ ਪੈਣਗੇ। ਵਿਆਹਾਂ ਨੂੰ ਮੇਲੇ ਨਹੀਂ ਪਰਵਾਰਕ ਕਾਰਜ ਹੀ ਰੱਖਣਾ ਚਾਹੀਦਾ ਹੈ। ਇਸ ਵਾਸਤੇ ਮੈਰਿਜ ਪੈਲਸਾਂ ਦੇ ਖਰਚੇ ਛੱਡ ਕੇ ਜੰਞਘਰਾਂ ਦੀ ਵਰਤੋਂ ਹੋ ਸਕਦੀ ਹੈ ਜੋ ਸਸਤੀ ਹੋਵੇਗੀ।

ਧਰਤੀ ਅਤੇ ਵਾਤਾਵਰਣ ਨੂੰ ਬਚਾਉਣ ਵਾਸਤੇ ਕਿਸੇ ਪਾਸਿਉਂ ਕੋਈ ਚੰਗੀ ਅਗਵਾਈ ਨਹੀਂ ਮਿਲ ਰਹੀ। ਪੰਜਾਬ ਅੰਦਰ ਪਾਣੀ ਦਾ ਸੰਕਟ ਹਰ ਰੋਜ਼ ਬਦ ਤੋਂ ਬਦਤਰ ਹੁੰਦਾ ਜਾ ਰਿਹਾ ਹੈ। ਯੂਨੈਸਕੋ ਜਿਸਦਾ ਭਾਰਤ ਵੀ ਮੈਂਬਰ ਹੈ ਸਰਕਾਰਾਂ ਵਲੋਂ ਨਾਗਰਿਕਾਂ ਲਈ ਦਿੱਤਾ ਜਾਣ ਵਾਲਾ ਸਾਫ ਤੇ ਸ਼ੁੱਧ ਪਾਣੀ ਵੀ ਮਨੁੱਖੀ ਅਧਿਕਾਰਾਂ ਵਿਚ ਗਿਣਦੀ ਹੈ। ਕੀ ਸਰਕਾਰਾਂ ਆਪਣੇ ਨਾਗਰਿਕਾਂ ਨੂੰ ਪ੍ਰਦੂਸ਼ਿਤ/ਗੰਦਾ, ਜ਼ਹਿਰਾਂ ਰਲਿਆਂ ਪਾਣੀ ਦੇ ਕੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਨਹੀਂ ਕਰ ਰਹੀਆਂ? ਇਸ ਬਾਰੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੂੰ ਵੀ ਸਰਗਰਮ ਹੋ ਕੇ ਲੋਕਾਂ ਨਾਲ ਖੜ੍ਹਨਾ ਪਵੇਗਾ ਤੇ ਸਰਕਾਰਾਂ ਨੂੰ ਇਸ ਬਿਪਤਾ ਤੋਂ ਨਿਯਾਤ ਪਾਉਣ ਵਾਸਤੇ ਸੁਝਾਅ ਦੇਣੇ ਚਾਹੀਦੇ ਹਨ। ਫੇਰ ਸਰਕਾਰਾਂ ਉਨ੍ਹਾਂ ਸੁਝਾਵਾਂ 'ਤੇ ਅਮਲ ਕਰਨ।

ਨਾਲ ਹੀ ਕਿਸਾਨੀ ਨੇ ਜੇ ਪੰਜਾਬ ਨੂੰ ਬੰਜਰ ਹੋਣੋਂ ਬਚਾਉਣਾ ਹੈ ਤਾਂ ਝੋਨਾ ਲਾਉਣਾ ਉਦੋਂ ਤੱਕ ਬੰਦ ਕਰਨਾ ਚਾਹੀਦਾ ਹੈ ਜਦੋਂ ਤੱਕ ਘੱਟ ਤੋਂ ਘੱਟ ਪਾਣੀ ਨਾਲ ਝੋਨਾ ਪਾਲਣ ਵਾਲਾ ਕੋਈ ਬੀਜ ਜਾਂ ਤਕਨੀਕ ਨਹੀਂ ਆ ਜਾਂਦੀ। ਅਗਲੀਆਂ ਪੀੜ੍ਹੀਆਂ ਨੂੰ ਪਾਣੀ ਤੋਂ ਮਹਿਰੂਮ ਨਾ ਕਰੋ। ਨਾਲ ਹੀ ਸਰਕਾਰ ਫਸਲਾਂ ਬਾਰੇ ਬਦਲਵੀਂ ਕਿਸਾਨ ਪੱਖੀ ਨੀਤੀ ਬਣਾਵੇ ਕਿ ਜਿਹੜੇ ਕਿਸਾਨ ਬਦਲਵੀਆਂ ਫਸਲਾਂ ਬੀਜਣ ਉਨ੍ਹਾਂ ਫਸਲਾਂ ਦੀ ਖਰੀਦਾਰੀ ਦੀ ਸਰਕਾਰ ਵਲੋਂ 100 ਫੀਸਦੀ ਗਰੰਟੀ ਕੀਤੀ ਜਾਵੇ - ਬਦਲਵੀਂ ਫਸਲ ਵਿਚ ਘਾਟਾ ਪੈਣ ਦੀ ਸੂਰਤ ਵਿਚ ਸਰਕਾਰ ਕੋਈ ਫੰਡ ਕਾਇਮ ਕਰਕੇ ਕਿਸਾਨਾਂ ਦਾ ਘਾਟਾ ਪੂਰਾ ਕਰੇ, ਇਸ ਨਾਲ ਪੰਜਾਬ ਵਿਚ ਲਗਾਤਾਰ ਪੈਦਾ ਹੁੰਦੇ ਜਾ ਰਹੇ ਪਾਣੀ ਦੇ ਸੰਕਟ ਤੋਂ ਬਚਣ ਦਾ ਰਾਹ ਵੀ ਮਿਲ ਸਕਦਾ ਹੈ।

ਸਾਡੇ ਦੇਸ਼ ਵਿਚ ਜੁਰਮਾਂ ਨਾਲ ਸਿੱਝਣ ਵਾਸਤੇ ਬਿਨਾਂ ਸੋਚੇ ਹੀ ਮੰਗ ਕਰ ਦਿੱਤੀ ਜਾਂਦੀ ਹੈ - ਇਹਦੇ ਵਾਸਤੇ ਮੌਤ ਦੀ ਸਜ਼ਾ ਦਾ ਕਾਨੂੰਨ ਬਣਾਉ'। ਇਹ ਗਲਤ ਰਾਹ ਹੀ ਕਿਹਾ ਜਾ ਸਕਦਾ। ਦੁਨੀਆਂ ਵਿਚ ਮੌਤ ਦੀ ਸਜ਼ਾ ਖਤਮ ਕਰਨ ਦੀ ਲਹਿਰ ਚੱਲ ਰਹੀ ਹੈ। ਮੌਤ ਦੀ ਸਜ਼ਾ ਕਿਸੇ ਮਸਲੇ ਦਾ ਹੱਲ ਨਹੀਂ !!- "ਸਟੇਟ" ਨੂੰ ਕਿਸੇ ਦੀ ਜਾਨ ਲੈਣ ਦਾ ਹੱਕ ਵੀ ਨਹੀਂ ਹੋਣਾ ਚਾਹੀਦਾ। ਅਸੀਂ ਮੱਧਯੁੱਗ ਵਿਚ ਨਹੀਂ ਰਹਿ ਰਹੇ। ਇਹ 21 ਵੀਂ ਸਦੀ ਅਤੇ ਸੱਭਿਆ ਸਮਾਜ ਦੀ ਨਿਸ਼ਾਨੀ ਵੀ ਨਹੀਂ ਕਹੀ ਜਾ ਸਕਦੀ। ਹਾਂ, ਸਰਕਾਰ ਵਲੋਂ ਇਸ ਤਰ੍ਹਾਂ ਦੀਆਂ ਖੋਖਲੀਆਂ ਗੱਲਾਂ ਕਰਕੇ ਲੋਕਾਂ ਅੰਦਰ ਭੰਬਲਭੂਸਾ ਪੈਦਾ ਕੀਤਾ ਜਾ ਸਕਦਾ ਹੈ। ਮਸਲੇ ਤਾਂ ਸਾਹਮਣੇ ਹਨ ਹੱਲ ਸੱਭਿਅਕ ਹੋਣਾ ਚਾਹੀਦਾ ਹੈ। ਮੌਤ ਦੀ ਸਜ਼ਾ ਦੇ ਥਾਵੇਂ ਉਮਰ ਭਰ ਵਾਸਤੇ ਸਖ਼ਤੀ ਵਾਲੀ ਲਟਕਵੀਂ ਕੈਦ ਕਿਉਂ ਨਹੀਂ ਸੋਚੀ ਜਾ ਸਕਦੀ-ਮੁਜਰਮ ਵੀ ਤਿਲ ਤਿਲ ਹੋ ਕੇ ਮਰੇ, ਕੀਤੇ ਜੁਰਮ ਦੀ ਸਜ਼ਾ ਭੁਗਤੇ।

- ਲੋਕੋ ਜਾਗੋ - ਆਪਣਾ ਏਕਾ ਕਰੋ-ਫ਼ਰਜ਼ ਤਾਂ ਤੁਸੀਂ ਨਿਭਾ ਰਹੇ ਹੋ - ਆਪਣੇ ਹੱਕਾਂ ਬਾਰੇ ਵੀ ਜਾਣੋ ਸੁਚੇਤ ਅਤੇ ਸਰਗਰਮ ਹੋਵੋ।

- ਮਸਲਿਆਂ ਦੀ ਬੁਨਿਆਦ ਜਾਣਕੇ ਉਨ੍ਹਾਂ ਦਾ ਹੱਲ ਲੱਭਣਾ ਜ਼ਰੂਰੀ ਹੈ। ਸਰਕਾਰਾਂ ਇਸ ਪੱਖੋਂ ਹਮੇਸ਼ਾਂ ਟਾਲ਼ਾ ਵੱਟਦੀਆਂ ਹਨ।

- ਪੰਜਾਬੀਆਂ ਨੂੰ ਪੰਜਾਬੀ ਤੇ ਪੰਜਾਬੀਅਤ (ਪੰਜਾਬ ਦੀ ਹਸਤੀ) ਨਾਲੋਂ ਤੋੜਨ ਦੇ ਜਤਨ ਹੋ ਰਹੇ ਹਨ- ਪੰਜਾਬ ਵਿਚ ਪੂਰਨ ਤੌਰ 'ਤੇ ਪੰਜਾਬੀ ਬੋਲੀ ਤੇ ਪੰਜਾਬੀ ਭਾਸ਼ਾ ਨੂੰ ਪਰਫੁਲਤ ਕਰਨ ਵਾਸਤੇ, ਪੰਜਾਬੀ ਭਾਸ਼ਾ ਐਕਟ ਪੂਰਨ ਤੌਰ 'ਤੇ ਲਾਗੂ ਕਰਵਾਉਣ ਦੇ ਜਤਨ ਕਰਨੇ।

- ਆਉਣ ਵਾਲੀਆਂ ਪੀੜੀਆਂ ਵਾਸਤੇ ਵਿਗਿਆਨਕ ਤਰੀਕੇ ਨਾਲ ਪੰਜਾਬੀ ਭਾਸ਼ਾ ਵਿਚ ਮਿਆਰੀ ਸਿੱਖਿਆ ਦਾ ਪਰਬੰਧ ਕਰਨਾ। ਅਤੇ ਹੱਥੀਂ ਕੰਮ ਕਰਨ ਵਾਲੀ ਤਕਨੀਕ ਦਾ ਗਿਆਨ ਦੇਣਾ- ਸਭ ਤੋਂ ਵੱਡੀ ਗੱਲ ਕਿ ਕੰਮ ਦਾ ਸੱਭਿਆਚਾਰ ਮੁੜ ਪੈਦਾ ਕਰਨਾ ਹੈ।

- ਸਮਾਜ ਦੇ ਹਰ ਵਿਅਕਤੀ ਵਾਸਤੇ ਬਰਾਬਰ ਵਿਦਿਆ + ਸਿਹਤ ਤੇ ਹੋਰ ਜੀਉਣਯੋਗ ਸਹੂਲਤਾਂ ਦੇਣ ਦਾ ਪ੍ਰਬੰਧ ਕਰਨਾ।

- ਪੜ੍ਹਾਈ ਖਤਮ ਹੁੰਦਿਆਂ ਹੀ ਹਰ ਕਿਸੇ ਨੂੰ ਉਸਦੀ ਯੋਗਤਾ ਅਨੁਸਾਰ ਰੁਜ਼ਗਾਰ ਦੇਣਾ ਲਾਜ਼ਮੀ ਹੋਵੇ। ਰੁਜ਼ਗਾਰ ਨਾ ਮਿਲਣ ਦੀ ਹਾਲਤ ਵਿਚ ਬੇਰੁਜ਼ਗਾਰੀ ਦੇ ਸਮੇਂ ਗੁਜ਼ਾਰੇ ਯੋਗ ਭੱਤਾ ਦਿੱਤਾ ਜਾਵੇ। ਇਸ ਨਾਲ ਨੌਜਵਾਨ ਬੇਗਾਨਗੀ ਦੀ ਭਾਵਨਾ ਦੇ ਸ਼ਿਕਾਰ ਹੋਣੋਂ ਬਚ ਜਾਣਗੇ।

- ਕਿਸਾਨਾਂ - ਮਜ਼ਦੂਰਾਂ ਭਾਵ ਹਰ ਮਿਹਨਤਕਸ਼ ਨੂੰ ਮਿਹਨਤ ਦਾ ਪੂਰਾ ਮੁੱਲ ਦੇਣਾ। ਬਾਅਦ ਵਿਚ ਹਰ ਕਾਮੇ/ਕਿਸਾਨ ਨੂੰ ਵੀ ਪੈਨਸ਼ਨ ਮਿਲੇ ਤਾਂ ਕਿ ਕਿਸੇ ਨੂੰ ਵੀ ਬੁਢਾਪੇ ਵਿਚ ਆਪਣੇ ਹੀ ਬੱਚਿਆਂ ਜਾਂ ਕਿਸੇ ਦੂਸਰੇ ਦੇ ਹੱਥਾਂ ਵਲ ਦੇਖਣਾ ਨਾ ਪਵੇ। ਭਾਵ ਕਿ ਵੈੱਲਫੇਅਰ ਸਟੇਟ ਹੋਵੇ।

- ਹਰ ਕਾਮੇ ਵਾਸਤੇ ਪੈਨਸ਼ਨ ਦਾ ਪ੍ਰਬੰਧ ਕਰਨ ਨਾਲ ਭ੍ਰਿਸ਼ਟਾਚਾਰ ਵੀ ਘੱਟ ਕੀਤਾ ਜਾ ਸਕਦਾ ਹੈ। ਫੇਰ ਕਿਸੇ ਨੂੰ ਗਲਤ ਰਾਹ ਅਪਣਾ ਕੇ ਰੀਟਾਇਰ ਹੋਣ ਤੋਂ ਬਾਅਦ ਦੇ ਸਮੇਂ ਵਾਸਤੇ ਗਲਤ ਢੰਗਾਂ ਨਾਲ ਮਾਇਆ ਇਕੱਠੀ ਨਹੀਂ ਕਰਨੀ ਪਵੇਗੀ।

- ਟਰਾਂਸਪੋਰਟ ਅਜਿਹਾ ਖੇਤਰ ਹੈ ਜਿੱਥੋਂ ਸਰਕਾਰ ਨੂੰ ਬਹੁਤ ਆਮਦਨ ਹੋ ਸਕਦੀ ਹੈ - ਪਰ ਪਹਿਲਾਂ ਟਰਾਂਸਪੋਰਟ ਦੀ ਨੀਤੀ ਬਦਲ ਕੇ 90 ਫੀਸਦੀ ਸਰਕਾਰੀ ਅਤੇ 10 ਫੀਸਦੀ ਪ੍ਰਾਈਵੇਟ ਵਾਲੀ ਵੰਡ ਕਰਨੀ ਬਹੁਤ ਜ਼ਰੂਰੀ ਹੈ। ਸਰਕਾਰ ਸਿਰਫ ਧਨਾਢਾਂ ਨੂੰ ਪਾਲਣਾ ਬੰਦ ਕਰੇ।

- ਪੰਜਾਬ ਅੰਦਰ ਭਾਰੀ ਸਨਅਤ ਦੇ ਨਾਲ ਹੀ ਖੇਤੀਬਾੜੀ ਅਧਾਰਤ ਸਨਅਤ ਦਾ ਨਿਰਮਾਣ ਤੇ ਪਸਾਰ ਖੇਤੀ ਸੰਕਟ ਤੋਂ ਬਾਹਰ ਨਿਕਲਣ ਵਿਚ ਸਹਾਈ ਹੋ ਸਕਦਾ ਹੈ - ਲੋੜ ਹੈ ਸਰਕਾਰ ਵਲੋਂ ਲੋਕਾਂ ਦੇ ਭਲੇ ਵਾਲੀ ਇੱਛਾਸ਼ਕਤੀ ਦੀ।

- ਸਸਤੀਆਂ ਸਿਹਤ ਸੇਵਾਵਾਂ ਅਤੇ ਹਰ ਕਿਸੇ ਵਾਸਤੇ ਸਸਤੀ ਪਰ ਮਿਆਰੀ ਵਿਦਿਆ ਦਾ ਪ੍ਰਬੰਧ ਕਰਨਾ ਲਾਜ਼ਮੀ ਕੀਤਾ ਜਾਵੇ।

ਪੰਜਾਬੀਆਂ ਨੇ ਬਹੁਤ ਸਮਾਂ ਗੁਜ਼ਾਰ ਦਿੱਤਾ ਹੈ ਹਾਕਮਾਂ ਦੇ ਝੂਠੇ ਅਤੇ ਧੋਖੇਭਰੇ ਲਾਰਿਆਂ ਵੱਲ ਦੇਖਦਿਆਂ-ਜਿਸ ਸਮੇਂ ਅੰਦਰ ਰਾਜ ਸ਼ਕਤੀ ਹੱਥਾਂ ਵਿਚ ਹੋਣ ਕਰਕੇ ਹਾਕਮ ਤਾਂ ਮਾਲਾ ਮਾਲ ਹੋ ਗਏ ਪੰਜਾਬ ਅਤੇ ਪੰਜਾਬੀ ਲੁੱਟੇ ਗਏ। ਪੰਜਾਬ ਦੀ ਨੌਜਵਾਨ ਪੀੜ੍ਹੀ ਠੱਗੀ ਗਈ - ਬਰਬਾਦੀ ਦੇ ਰਾਹੇ ਪਾਈ ਗਈ। ਭ੍ਰਿਸ਼ਟਾਚਾਰ ਹਾਕਮਾਂ ਦੀ ਹਿੱਸੇਦਾਰੀ ਤੋਂ ਬਿਨਾਂ ਇਕ ਦਿਨ ਵੀ ਨਹੀਂ ਚੱਲ ਸਕਦਾ। ਇਸ ਹਿੱਸੇਦਾਰੀ ਨੂੰ ਹਾਕਮ ਲੈਣਾ ਬੰਦ ਕਰ ਦੇਣ ਤਾਂ ਇਹ ਸਮੱਸਿਆ ਹੱਲ ਹੋਣ ਵੱਲ ਵਧਿਆ ਜਾ ਸਕਦਾ ਹੈ । ਜਿਸ ਮਹਿਕਮੇ ਵਿਚ



ਭ੍ਰਿਸ਼ਟਾਚਾਰ ਹੋਵੇ ਉਸ ਮਹਿਕਮੇ ਦੇ ਮੰਤਰੀ ਨੂੰ ਇਸ ਦਾ ਜ਼ੁਮੇਵਾਰ ਸਮਝਿਆ ਜਾਣਾ ਚਾਹੀਦਾ ਹੈ, ਕਿਉਂਕਿ ਉਸ ਨੇ ਸਾਫ ਸੁਥਰਾ ਪ੍ਰਸ਼ਾਸਨ ਦੇਣ ਦੀ ਕਸਮ "ਖਾਧੀ" ਹੁੰਦੀ ਹੈ - ਉਹ ਆਪਣੀ ਕਸਮ ਨੂੰ ਚੇਤੇ ਰੱਖੇ ਤਾਂ ਕਿਧਰੇ ਵੀ ਭ੍ਰਿਸ਼ਟਾਚਾਰ ਨਹੀਂ ਹੋ ਸਕਦਾ।

"ਸੇਵਾ" ਦੀ ਝੂਠੀ ਡੌਂਡੀ ਪਿੱਟਣ ਅਤੇ ਹਕੂਮਤ ਕਰਨ ਵਾਲੇ ਸਿਆਸੀ ਲੋਕਾਂ ਨੇ ਆਪਣੇ ਕੀਤੇ ਵਾਅਦੇ ਨਾ ਨਿਭਾਏ। ਲੰਡੂ ਕਿਸਮ ਦੇ ਗੀਤਕਾਰਾਂ ( ?) /ਗਾਇਕਾਂ ਜਿਨ੍ਹਾਂ ਨੇ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੇ ਹਿੰਸਾ ਦੇ ਰਾਹ ਤੋਰਨ ਵਾਲੇ ਕੁਕਰਮ ਵਿਚ ਬਹੁਤ ਵਾਧਾ ਕੀਤਾ ਇਨ੍ਹਾਂ ਦੇ ਬਣੇ ਮਹੱਲਾਂ ਦੀਆਂ ਨੀਹਾਂ ਵਿਚ ਹਿੰਸਾ ਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਨ ਵਾਸਤੇ ਕੀਤੀ ਕਮਾਈ ਸ਼ਾਮਲ ਹੈ - ਇਨ੍ਹਾਂ ਪੈਸੇ ਦੇ ਲੋਭੀਆਂ ਨੇ ਪੰਜਾਬ ਦੇ ਖਿਲਾਫ ਗੁਨਾਹ ਕੀਤਾ/ ਪਾਪ ਕੀਤਾ ਹੈ - ਮਾਇਆ ਮਗਰ ਦੌੜਨ ਵਾਲੇ ਅਜਿਹੇ ਲੋਕਾਂ ਬਾਰੇ ਬਾਬਾ ਨਾਨਕ ਨੇ ਸਾਨੂੰ ਕੀ ਆਖਿਆ ਹੈ –

"ਪਾਪਾਂ ਬਾਝੋਂ ਹੋਇ ਨਾਹੀਂ ਮੋਇਆਂ ਸਾਥ ਨਾ ਜਾਈ।" ਪੈਸੇ ਦੀ ਅੰਨ੍ਹੀ ਦੌੜ ਵਿਚ ਗੁਆਚਿਆਂ ਵਿਚੋਂ, ਕਿਸੇ ਨੂੰ ਚੇਤਾ ਹੈ ਬਾਬੇ ਦੇ ਬੋਲਾਂ ਦਾ ? ਬਿਲਕੁੱਲ ਨਹੀਂ। ਜੇ ਬੋਲ ਚੇਤੇ ਹੋਣ ਤਾਂ ਇਹ ਇਸ ਰਾਹੇ ਹੀ ਨਾ ਤੁਰਨ। ਸਿਆਸਤਦਾਨ ਇਸ ਰਾਹੇ ਤੁਰਨ ਵਾਲੇ ਸਭ ਤੋਂ ਮੋਹਰੀ ਹਨ।

ਪੰਜਾਬੀਆਂ ਨੂੰ ਆਪਣੇ ਭਰਾਤਰੀ ਰਿਸ਼ਤਿਆਂ 'ਤੇ ਬਹੁਤ ਮਾਣ ਹੁੰਦਾ ਸੀ, ਪਰ ਹਰ ਕਿਸੇ ਤੋਂ ਕਿਸੇ ਤਰ੍ਹਾਂ ਵੀ ਅੱਗੇ ਲੰਘ ਜਾਣ ਦੀ ਦੌੜ ਵਿਚ ਅਸੀਂ ਆਪਣੇ ਹੀ ਦੋਸ਼ੀ ਬਣ ਗਏ ਹਾਂ। ਜਿੱਥੇ ਹੋਰ ਖੇਤਰਾਂ ਵਿਚ ਗੰਧਲਾਪਨ ਆਇਆ ਹੈ, ਰਿਸ਼ਤੇ ਵੀ ਗੰਧਲ ਗਏ ਹਨ। ਸਮਾਜਕ ਮਹੌਲ ਹੁਣ ਇੱਥੋਂ ਤੱਕ ਨਿੱਘਰ ਗਿਆ ਹੈ ਕਿ ਰਿਸ਼ਤੇਦਾਰ ਤਾਂ ਦੂਰ ਦੀ ਗੱਲ ਭੈਣਾਂ-ਭਰਾਵਾਂ ਦੇ ਰਿਸ਼ਤੇ ਸਵਾਰਥੀ ਹੋ ਕੇ ਤਾਰ ਤਾਰ ਹੋ ਰਹੇ ਹਨ- ਇਸੇ ਸਵਾਰਥੀ ਬਿਰਤੀ ਕਰਕੇ ਹਰ ਕੋਈ ਦੂਜੇ ਤੋਂ ਕਿਸੇ ਵੀ ਤਰੀਕੇ ਨਾਲ ਭਾਵ ਕੂਹਣੀ ਮਾਰ ਕੇ ਅੱਗੇ ਲੰਘਿਆ ਚਾਹੁੰਦਾ ਹੈ।

ਅੰਨ੍ਹੇ ਮੁਨਾਫਿਆਂ ਦੇ ਲੋਭੀਆਂ ਵਲੋਂ ਪੰਜਾਬ ਦੀ ਨੌਜਵਾਨੀ ਨੂੰ ਹੀ ਨਹੀਂ ਧਰਤੀ ਨੂੰ ਵੀ ਖਾਦਾਂ ਤੇ ਕੀਟਨਾਸ਼ਕ ਸਪਰੇਆਂ ਨਾਲ "ਨਸ਼ੇ" ਤੇ ਲਾ ਦਿੱਤਾ ਗਿਆ ਹੈ। ਕੀ ਕਿਸਾਨਾਂ ਨੂੰ ਇਸ ਬਾਰੇ ਦੱਸਿਆ ਜਾਂਦਾ ਹੈ ਕਿ ਜਿਹੜੀਆਂ ਖਾਦਾਂ ਤੇ ਸਪਰੇਆਂ ਉਹ ਵਰਤ ਰਹੇ ਹਨ – ਉਹ ਧਰਤੀ ਵਿਚ ਜਜ਼ਬ ਹੋ ਕੇ ਧਰਤੀ ਵਿਚਲੇ ਪਾਣੀ ਨੂੰ ਜ਼ਹਿਰੀ ਕਰਕੇ ਮਨੁੱਖੀ ਜਾਨ ਵਾਸਤੇ ਖਤਰਾ ਪੈਦਾ ਕਰ ਰਹੀਆਂ ਹਨ। ਕਿਹੜੇ ਖਤਰਨਾਕ ਤੱਤ ਹਨ ਜੋ ਰਸਾਇਣਕ ਤੱਤਾਂ ਰਾਹੀਂ ਪਾਣੀ ਵਿਚੋਂ ਫੇਰ ਮਨੁੱਖੀ ਸਰੀਰਾਂ ਵਿਚ ਸ਼ਾਮਲ ਹੋ ਰਹੇ ਹਨ, ਬੀਮਾਰੀਆਂ ਦੇ ਰੂਪ ਵਿਚ ਬਾਹਰ ਨਿਕਲਦੇ ਹਨ ? ਕੀ ਸਰਕਾਰ ਨੇ ਕਦੇ ਕੋਈ ਅਜਿਹਾ ਸਰਵੇਖਣ ਕਰਵਾ ਕੇ ਲੋਕਾਂ ਨੂੰ ਸੁਚੇਤ ਕਰਕੇ ਇਸ ਤੋਂ ਬਚਾਉਣ ਦੇ ਕੋਈ ਜਤਨ ਕੀਤੇ ਹਨ ? ਵਾਤਾਵਰਣ ਨੂੰ ਪ੍ਰਦੂਸ਼ਿਤ / ਪਲੀਤ ਕਰਨ ਵੇਲੇ ਸਾਨੂੰ ਬਾਬੇ ਨਾਨਕ ਦੇ ਬੋਲ "ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।" ਕਿਉਂ ਚੇਤੇ ਨਹੀਂ ਰਹਿੰਦੇ?

ਹਰ ਜੁਰਮ ਬਾਰੇ ਅਵਾਗੌਣ ਸਖਤ ਕਾਨੂੰਨਾਂ ਦੀ ਲੋੜ ਨਹੀਂ ਸਗੋਂ ਸਮਾਜਿਕ ਮਾਹੌਲ ਸੁਧਾਰਨ ਦੀ ਲੋੜ ਹੈ- ਸਿਆਸਤਦਾਨਾਂ, ਅਫਸਰਸ਼ਾਹਾਂ ਤੇ ਹਰ ਨਾਗਰਿਕ ਦੀ ਮਾਨਸਿਕਤਾ ਬਦਲਣ ਦੀ ਲੋੜ ਹੈ। ਪੁਲੀਸ ਹਰ ਨਾਗਰਿਕ ਦੀ ਰਾਖੀ ਵਾਸਤੇ ਹੋਵੇ - ਨਾ ਕਿ ਕੁੱਝ ਗਿਣੇ ਚੁਣੇ ਆਪਣੇ ਆਪ ਨੂੰ "ਪਤਵੰਤੇ" ਕਹਾਉਣ ਵਾਲਿਆਂ ਦੀ ਰਾਖੀ ਲਈ। ਹਰ ਨਾਗਰਿਕ ਪਤਵੰਤਾ ਕਿਉਂ ਨਾ ਹੋਵੇ? ਸੋ ਇਹ ਇਕ ਨੰਬਰ ਦੇ ਤੇ ਦੋ ਨੰਬਰ ਦੇ ਸ਼ਹਿਰੀ ਬਨਾਉਣ ਵਾਲੀ ਕਵਾਇਦ ਬੰਦ ਹੋਵੇ (ਸੰਵਿਧਾਨ ਪੱਖੋਂ ਵੀ ਇਹ ਗਲਤ ਹੈ)। ਸਮਾਜ ਅੰਦਰ ਡਰ-ਭੈਅ ਮੁਕਤ ਮਾਹੌਲ ਪੈਦਾ ਕੀਤਾ ਜਾਵੇ- ਫੇਰ ਕਿਸੇ ਨੂੰ ਵੀ ਵਾਧੂ ਸੁਰੱਖਿਆ ਦੀ ਲੋੜ ਨਹੀਂ ਪਵੇਗੀ। ਅਸਲੋਂ ਹੈਰਾਨ ਕਰਨ ਵਾਲੀ ਗੱਲ ਕਿ ਆਪਣੇ ਆਪ ਨੂੰ "ਧਾਰਮਿਕ ਸੇਵਾਦਾਰ" ( ?) ਕਹਾਉਣ ਵਾਲੇ ਵੀ ਆਪਣੇ ਵਾਸਤੇ ਸੁਰੱਖਿਆ ਦੀ ਮੰਗ ਕਰਦੇ ਹਨ ? ਕੀ ਇਨ੍ਹਾਂ ਨੂੰ ਆਪਣੇ ਇਸ਼ਟ 'ਤੇ ਵੀ ਭਰੋਸਾ ਨਹੀਂ ? ਸੋਚਣ ਵਾਲੀ ਗੱਲ ਇਹ ਵੀ ਹੈ ਕਿ ਇਨ੍ਹਾਂ "ਪਤਵੰਤੇ" ਸਮਝੇ ਜਾਣ ਵਾਲਿਆਂ ਉੱਤੇ ਅਜਾਈਂ ਕੀਤੇ ਜਾਂਦੇ ਖਰਚ ਦੇ ਪੈਸੇ ਬਚਾ ਕੇ ਲੋਕਾਂ ਲਈ ਬਣਦੀਆਂ ਮੁਸੀਬਤਾਂ ਦੇ ਹੱਲ ਕਰਨ ਵਾਸਤੇ ਖਰਚ ਕੀਤੇ ਜਾਣ। ਸੁਰੱਖਿਅਤ ਮਹੌਲ ਸਾਰੇ ਸਮਾਜ ਵਾਸਤੇ ਹੋਣਾ ਚਾਹੀਦਾ ਹੈ, ਕੁੱਝ ਲਈ ਨਹੀਂ।

ਪੰਜਾਬ ਚਿਰਾਂ ਤੋਂ ਚੌਤਰਫੇ ਹਮਲੇ ਦੀ ਮਾਰ ਹੇਠ ਹੈ - ਇਸ ਨੂੰ ਆਪੋ ਆਪਣੀਆਂ ਪਾਰਟੀਆਂ ਦੇ ਨਹੀਂ ਪੰਜਾਬ ਦੇ ਹਿਤੈਸ਼ੀ ਹਮਦਰਦ ਬਣਕੇ ਅੱਗੇ ਆਉ - ਆਪੋ ਆਪਣੀ ਪੈਂਠ ਬਣਾਉਣ ਵਾਲੇ ਹੀਰੋਵਾਦ ਨੇ ਤਾਂ ਪੰਜਾਬ ਦਾ ਪਹਿਲਾਂ ਹੀ ਬਹੁਤ ਨੁਕਸਾਨ ਕਰ ਦਿੱਤਾ ਹੈ। ਨਾ ਇੱਥੇ ਚੱਜ ਦੀ ਵਿੱਦਿਆ ਨੀਤੀ, ਨਾ ਖੇਤੀਬਾੜੀ ਬਾਰੇ ਕੋਈ ਕਿਸਾਨ ਦੇ ਭਲੇ ਵਾਲੀ ਨੀਤੀ, ਨਾ ਹੀ ਸੱਭਿਆਚਾਰਕ ਨੀਤੀ ਜੋ ਸਾਡੀ ਜੀਵਨ ਜਾਚ ਨੂੰ ਸਮੇਂ ਦੇ ਹਾਣ ਦੀ ਬਣਾ ਸਕੇ। ਵਿੱਦਿਅਕ ਅਦਾਰਿਆਂ ਨੂੰ ਸਰਕਾਰ ਦੀ ਕਿਰਪਾ ਨਾਲ ਜਲੇਬੀਆਂ-ਪਕੌੜੇ ਵੇਚਣ ਵਾਲਿਆਂ ਮੁਨਾਫੇਖੋਰਾਂ ਨੇ ਅਗਵਾ ਕੀਤਾ ਹੋਇਆ ਹੈ। ਨਿਰੋਲ ਮੁਨਾਫੇ ਖਾਤਰ "ਹਲਵਾਈਆਂ" ਵਲੋਂ ਖੋਲ੍ਹੀਆਂ "ਯੂਨੀਵਰਸਿਟੀਆਂ" ਕਿਹੜੇ ਜੀਨੀਅਸ ਪੈਦਾ ਕਰਨਗੀਆਂ- ਸਾਫ ਹੈ ਕਿ ਇਨ੍ਹਾਂ ਦੀ ਪਿੱਠ 'ਤੇ ਹਕੂਮਤੀ ਧਿਰਾਂ ਦਾ ਹੱਥ ਹੁੰਦਾ ਹੈ। ਗਿਆਨ ਵਿਹੂਣੀ ਵਿੱਦਿਆ ਦੇ ਕੇ ਸਿਰਫ "ਡਿਗਰੀਆ" ਵੰਡੀਆਂ ਜਾ ਰਹੀਆਂ ਹਨ। ਪ੍ਰਾਈਵੇਟ ਅਦਾਰੇ ਲੋਕਾਂ ਦੀ ਲੁੱਟ ਕਰ ਰਹੇ ਹਨ ? ਕਿਉਂ ਨਹੀਂ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਦੀਆਂ ਤਨਖਾਹਾਂ ਬਰਾਬਰ, ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਮਨਮਰਜ਼ੀ ਦੀਆਂ ਸਰਕਾਰੀ ਸਕੂਲਾਂ ਨਾਲੋਂ ਕਿਤੇ ਵੱਧ ਤੇ ਅਧਿਆਪਕਾਂ ਦੀਆਂ ਤਨਖਾਹਾਂ ਘੱਟ ਕਿਉਂ ਹਨ ? ਪੰਜਾਬ ਅੰਦਰ ਬਹੁਤ ਸਾਰੇ ਮਹਿਕਮਿਆਂ ਅੰਦਰ ਲੱਖਾਂ ਹੀ ਅਸਾਮੀਆਂ ਸਮੇਤ ਅਧਿਆਪਕਾਂ ਦੇ ਖਾਲੀ ਹੋਣ ਬਾਰੇ ਨਿੱਤ ਪੜ੍ਹਦੇ ਹਾਂ, ਲੱਖਾਂ ਹੀ ਸਿੱਖਿਅਤ ਨੌਜਵਾਨ ਵਿਹਲੇ ਫਿਰ ਰਹੇ ਹਨ - ਕੰਮ ਹੋਣ ਦੇ ਬਾਵਜੂਦ ਵਿਹਲੇ ਹੱਥਾਂ ਨੂੰ ਕੰਮ ਕਿਉਂ ਨਹੀਂ ਦਿੱਤਾ ਜਾ ਰਿਹਾ ? ਨੌਜਵਾਨਾਂ ਅੰਦਰ ਬੇਰੋਜ਼ਗਾਰੀ ਵੱਡਾ ਕਾਰਨ ਹੈ ਉਹ ਤਣਾਅ ਭਰੀ ਸਥਿਤੀ ਦਾ ਸਾਹਮਣਾ ਕਰਦਿਆਂ ਕਈ ਵਾਰ ਹਾਰੇ ਜਹੇ ਮਹਿਸੂਸ ਕਰਕੇ, ਢਹਿੰਦੀਆਂ ਕਲਾਂ ਦੇ ਸ਼ਿਕਾਰ ਹੋ ਕੇ, ਹਾਲਤਾਂ ਦਾ ਮੁਕਾਬਲਾ ਨਾ ਕਰਨ ਦੀ ਸੂਰਤ ਵਿਚ ਨਸ਼ਿਆਂ ਵੱਲ ਵੀ ਵਧ ਜਾਂਦੇ ਹਨ- ਸਿੱਧੇ ਤੌਰ 'ਤੇ ਸਰਕਾਰ ਇਸਦੀ ਜ਼ੁਮੇਵਾਰ ਹੈ।

ਕੁਰਾਹੇ ਪਏ ਮਾੜੀ ਕਿਸਮ ਦੇ "ਗੀਤਕਾਰਾਂ" ਅਤੇ "ਗਾਇਕਾਂ" ਨੂੰ ਜਿਹੜੇ ਇਸੇ ਪੰਜਾਬ ਦਾ ਅੰਨ ਖਾਂਦੇ ਹਨ ਵੀ ਸੋਚਣਾ ਪਵੇਗਾ ਤੇ ਉਨ੍ਹਾਂ ਨੂੰ ਵੀ ਬਦਬੋ ਮਾਰਦਾ ਲੱਚਰ ਗਾਇਕੀ ਵਾਲਾ ਲੁੱਚ ਤਲਣਾ ਬੰਦ ਕਰਨਾ ਪਵੇਗਾ। ਪਿਛਲੇ ਸਮੇਂ ਵਿਚ ਉੱਭਰੇ ਇਹ ਅਸਲੋਂ ਫੁਕਰੇ ਤੇ ਨਾਸ਼ੁਕਰੇ ਗਾਇਕ/ਗਾਇਕਾਵਾਂ ਜੋ ਆਪਣੇ ਆਪ ਨੂੰ "ਸੈਲੀਬਰਿਟੀ" ਕਹਾਉਣਾ ਪਸੰਦ ਕਰਨ ਲੱਗ ਪਏ /ਪਈਆਂ ਹਨ ਇਨ੍ਹਾਂ ਦੀ ਲੁੱਚੀ ਗਾਇਕੀ ਸੁਣਨੀ ਵੀ ਲੋਕਾਂ ਨੂੰ ਬੰਦ ਕਰਨੀ ਪਵੇਗੀ। ਸੁੱਚੀਆਂ ਕਲਮਾਂ ਫੜੀ ਬੈਠੇ ਤੇ ਸੱਭਿਅਕ ਸ਼ਬਦ ਲਿਖ ਰਹੇ ਗੀਤਕਾਰਾਂ ਨੂੰ ਆਪਣੇ ਸੱਭਿਆਚਾਰਕ ਗੀਤ ਦੇ ਵਿਹੜੇ ਗੰਦ ਪਾਉਣ ਵਾਲੀਆਂ ਕੰਜਰ ਕਲਮਾਂ ਦੇ ਖਿਲਾਫ ਉੱਠਣਾ ਪਵੇਗਾ। ਜਿਹੜੇ ਆਪਣੀਆਂ ਮਾਵਾਂ -ਭੈਣਾਂ ਨਾਲ ਬੈਠ ਕੇ ਆਪਣੇ ਗਾਏ ਗੀਤ ਨਹੀਂ ਸੁਣ ਸਕਦੇ, ਉਹੀ ਗੰਦ ਸਮਾਜ ਨੂੰ ਪਰੋਸ ਰਹੇ ਹਨ।- ਪੰਜਾਬ ਦੀ ਸੱਭਿਆਚਾਰਕ ਗੀਤ ਤੋਂ ਟੁੱਟੇ "ਗੀਤ" ਲਿਖਣ ਤੇ ਗਾਉਣ ਵਾਲੇ ਸਭ ਤੋਂ ਵੱਡੇ ਦੋਸ਼ੀ ਹਨ- ਉਨ੍ਹਾਂ ਨੂੰ ਵੀ ਪੰਜਾਬ ਵਿਰੋਧੀ ਲਾਅਨਤੀਆਂ ਵਿਚ ਹੀ ਗਿਣਨਾ ਪਵੇਗਾ ਜਿਨ੍ਹਾਂ ਨੇ ਪੰਜਾਬੀ ਸੱਭਿਆਚਾਰ ਨੂੰ ਨਸ਼ਿਆਂ ਤੇ ਹਥਿਆਰਾਂ ਦੇ ਪੈਰਾਂ ਹੇਠ ਰੋਲ ਕੇ ਆਪਣੇ ਘਰ ਭਰੇ ਹਨ- ਉਹ ਬਿਨਾਂ ਕਿਸੇ ਸ਼ੱਕ ਪੰਜਾਬ ਨੂੰ ਚਿੱਕੜ ਵਿਚ ਫਸਾਉਣ ਦੇ ਦੋਸ਼ੀ ਹਨ। ਸ਼ਰਮ ਉਹ ਅਜੇ ਵੀ ਨਹੀਂ ਕਰ ਰਹੇ- ਇਨ੍ਹਾਂ ਦੀਆਂ "ਚਿੱਟੀਆਂ ਕੋਠੀਆਂ" ਦੀ ਜਾਂਚ ਪੜਤਾਲ ਵੀ ਜਰੂਰ ਹੋਵੇ - ਕੀ ਇਹ ਸਿਰਫ ਗਾਇਕੀ ਦੀ ਕਮਾਈ ਹੀ ਹੈ ? ਜਾਂ ਕੁੱਝ ਹੋਰ ਵੀ ਹੈ। ਪਤਾ ਤਾਂ ਲੱਗੇ, ਲੋਕਾਂ ਨੂੰ ਇਨ੍ਹਾਂ ਦੇ ਅਸਲ ਚਿਹਰੇ ਦਿਸਣ। ਜਾਂਚ-ਪੜਤਾਲ ਹੋਵੇ ਤਾਂ ਬੜਾ ਕੁੱਝ ਲੱਭ ਸਕਦਾ ਹੈ।

ਪੰਜਾਬ ਅੰਦਰ ਡੇਰਾਵਾਦ ਨੇ ਵੱਖੋ ਵੱਖ "ਧਰਮਾਂ" ਦੇ ਨਾਂ ਹੇਠ ਲੋਕਾਂ ਨੂੰ ਵਹਿਮਾਂ ਭਰਮਾਂ ਵੱਲ ਧੱਕਿਆ ਹੈ। ਇਹੋ ਵਹਿਮ-ਭਰਮ ਵੱਡੀ ਜੋਕ ਬਣਕੇ ਲਾਅਨਤ ਦੇ ਰੂਪ ਵਿਚ ਪੰਜਾਬ ਨੂੰ ਚੰਬੜੀ ਹੋਈ ਹੈ। ਡੇਰਿਆਂ ਵਿਚ "ਸੱਭਿਆਚਾਰਕ" ਮੇਲਿਆਂ ਦੇ ਨਾਂ 'ਤੇ ਨਾਮਵਰ ਗਵੱਈਆਂ ਉੱਪਰ ਨੋਟਾਂ ਦੀਆਂ ਬੋਰੀਆਂ, ਝੋਲੇ ਭਰ ਭਰ ਕੇ ਸੁੱਟੇ ਜਾਂਦੇ ਹਨ- ਕੀ ਕਦੇ ਕਿਸੇ ਸਰਕਾਰੀ ਜੁੰਮੇਵਾਰ ਨੇ ਕਿਸੇ ਵੀ ਡੇਰੇਦਾਰ ਨੂੰ ਜਾ ਕੇ ਪੁੱਛਿਆ ਹੈ - ਇਹ ਨੋਟਾਂ ਦੀਆਂ ਬੋਰੀਆਂ ਕਿਹੜੇ ਰਾਹੋਂ ਆਈਆਂ ? ਉਨ੍ਹਾਂ ਦੀ ਆਮਦਨ ਦੇ ਕੀ ਸਾਧਨ ਹਨ ? ਕੀ ਇਨ੍ਹਾਂ ਡੇਰਿਆਂ ਨੂੰ ਕਮਾਈ ਕਰਦੀਆਂ ਦੁਕਾਨਾਂ ਵਾਲੇ ਕਾਨੂੰਨ ਹੇਠ ਨਹੀਂ ਲਿਆਉਣਾ ਚਾਹੀਦਾ ? ਪਤਾ ਸਰਕਾਰਾਂ ਨੂੰ ਵੀ ਹੈ ਕਿ ਇਨ੍ਹਾਂ ਡੇਰਿਆਂ ਵਿਚ ਕਿਹੜੇ ਕਿਹੜੇ "ਧੰਦੇ" ਹੁੰਦੇ ਹਨ ? ਪਰ ਮੂੰਹ ਖਾਵੇ ਅੱਖਾਂ ਸ਼ਰਮਾਣ' ਵਾਲੀ ਹਾਲਤ ਹੈ ਇਨ੍ਹਾਂ ਸਿਆਸੀ ਲੀਡਰਾਂ ਦੀ। ਸਾਰੀਆਂ ਹੀ ਧਨਾਢ ਪਾਰਟੀਆਂ ਦੇ ਢੁੱਠਾਂ ਵਾਲੇ ਲੀਡਰ ਇਨ੍ਹਾਂ ਡੇਰੇਦਾਰਾਂ ਤੋਂ ਵੋਟਾਂ ਦੀ ਭੀਖ ਮੰਗਣ ਜਾਂਦੇ ਹਨ - ਬਲਾਤਕਾਰੀ ਰਾਮ ਰਹੀਮ ਵਰਗਿਆਂ ਤੋਂ ਵੀ। ਇਹ ਲੀਡਰ ਫੇਰ ਉਨ੍ਹਾਂ "ਡੇਰੇਦਾਰਾਂ" ਦੇ ਕੰਮ ਵੀ ਤਾਂ ਆਉਂਦੇ ਹਨ। ਮੁਫਤ ਵਿਚ ਇਹ ਡੇਰੇਦਾਰ ਵੀ ਨਹੀਂ ਵਰਤ ਹੁੰਦੇ। ਪਰ ਇਹ ਪੰਜਾਬ ਅੰਦਰ ਸਿਹਤਮੰਦ ਭਾਈਚਾਰਕ ਸਾਂਝ ਦੇ ਜੜ੍ਹੀਂ ਤੇਲ ਦੇਣ ਵਾਲੇ ਅੱਡੇ ਹਨ। ਸਰਕਾਰ ਨੂੰ ਇਨ੍ਹਾਂ ਵਲ ਧਿਆਨ ਦੇਣਾ ਚਾਹੀਦਾ ਹੈ। ਡੇਰੇ ਧਰਮਾਂ ਦੀ ਬਦਨਾਮੀ ਦਾ ਕਾਰਨ ਵੀ ਬਣਦੇ ਹਨ।

ਪੰਜਾਬ ਅੰਦਰ ਲੋਕਪੱਖੀ ਮੀਡੀਏ ਨੂੰ ਤਕੜਾ ਕਰਨ ਦੀ ਲੋੜ ਹੈ - ਤਾਂ ਕਿ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਅਤੇ ਸਮਾਜ ਦੇ ਹੋਰ ਮਿਹਨਤਕਸ਼ ਤਬਕਿਆਂ ਦੀਆਂ ਆਪਣੀਆਂ ਹੱਕੀ ਮੰਗਾਂ ਵਾਲੀਆਂ ਲਹਿਰਾਂ ਦੇ ਉਭਾਰ ਨੂੰ ਆਮ ਲੋਕਾਂ ਤੱਕ ਪਹੁੰਚਾਇਆ ਜਾ ਸਕੇ। ਇਸ ਨਾਲ ਸਮਾਜ ਅੰਦਰ ਭਾਈਚਾਰਕ ਸਾਂਝ ਹੋਰ ਤਕੜੀ ਹੋਵੇਗੀ। ਲੋਕ ਪੱਖੀ ਸਾਹਿਤ ਨੂੰ ਵੀ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਆਮ ਬੰਦੇ ਨੂੰ ਸਮਾਜਕ ਮਸਲਿਆਂ ਬਾਰੇ ਚੇਤੰਨ ਕਰਨਾ ਸਾਡੇ ਬੁੱਧੀਜੀਵੀਆਂ ਦਾ ਕਾਰਜ ਹੋਣਾ ਚਾਹੀਦਾ ਹੈ। ਲੋਕ ਸੇਵਾ ਦਾ ਇਹ ਅਸਲੀ ਰਾਹ ਹੈ।

ਪੰਜਾਬ ਦੇ ਸੂਝਵਾਨੋਂ, ਪੰਜਾਬ ਦੇ ਦਰਦੀਉ - ਪੰਜਾਬੀਉ !!

ਪੰਜਾਬ ਦੀ ਧਰਤੀ ਨੂੰ ਪਿਆਰ ਕਰਨ ਵਾਲਿਉਂ ਮਹੱਬਤੀ ਪੰਜਾਬ ਦੀ ਮੁੜ ਸਿਰਜਣਾ ਵਾਸਤੇ ਇਕੱਠੇ ਹੋ ਕੇ ਲੱਕ ਬੰਨੇ ਬਿਨਾਂ ਨਹੀਂ ਸਰਨਾ। ਬਾਬੇ ਨਾਨਕ ਦੇ, ਗਦਰੀ ਬਾਬਿਆਂ, ਭਗਤ ਸਿੰਘ, ਸਰਾਭੇ ਵਰਗੇ ਅਣਗਿਣਤ ਸ਼ਹੀਦਾਂ ਤੇ ਹੋਰ ਸੂਰਬੀਰਾਂ ਵਾਲੇ ਪੰਜਾਬ ਦੇ ਹਰ ਖਿੱਤੇ ਨੂੰ "ਮੁਨਾਫਿਆਂ ਦੀ ਕੈਂਸਰ" ਨੇ ਪਲੀਤ ਕਰ ਦਿੱਤਾ ਗਿਆ ਹੈ - ਪੰਜਾਬ ਦੀਆਂ ਅਗਲੀਆਂ ਪੀੜੀਆਂ ਨੂੰ ਬਚਾ ਲਵੋ - ਬਚਾ ਲਵੋ।

ਕਿਸ਼ਤਾਂ ਵਿਚ ਉੱਜੜ ਰਹੇ , ਬਰਬਾਦ ਹੋ ਰਹੇ/ਮਰ ਰਹੇ ਪੰਜਾਬ, ਨੂੰ ਬਚਾਉਣ ਦਾ ਸਵਾਲ ਹੈ ਇਸ ਕਰਕੇ :

ਪੰਜਾਬ ਦੇ ਸੋਹਣੇ ਭਵਿੱਖ ਵਾਸਤੇ ਕੀਤੇ ਜਾਣ ਵਾਲੇ ਚੌਤਰਫੇ ਸੰਘਰਸ਼ ਦੀ ਰੂਪ-ਰੇਖਾ ਉਲੀਕੋ - ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਫੇਰ ਰੰਗਲੇ ਪੰਜਾਬ ਦੀਆਂ ਵਾਸੀ ਹੋਣ। ਇਹ ਤਾਂ ਕੁੱਝ ਨੁਕਤੇ ਹੀ ਹਨ ਸੂਝਵਾਨਾਂ ਨੂੰ ਰਲ਼ ਕੇ ਪੂਰਾ "ਏਜੰਡਾ ਪੰਜਾਬ" ਤਿਆਰ ਕਰਨਾ ਪਵੇਗਾ।

– ਇਹ ਇਕ ਅਰਜ਼ ਹੈ, ਤਰਲਾ ਹੈ ਪੰਜਾਬ ਦੇ ਮੋਹ ਵਿਚ ਭਿੱਜੇ ਹੋਏ ਪਰਦੇਸੀ ਪੰਜਾਬੀ ਦਾ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਵੀ ਕਹਿੰਦੀ ਹੈ :

ਉੱਠੋ ਕਿ ਉੱਠ ਕੇ ਦੇਸ਼ ਦਾ ਮੂੰਹ-ਮੱਥਾ ਡੌਲ਼ੀਏ
ਮੁੜ ਕੇ ਪੰਜਾਬ ਸਾਜੀਏ, ਨਾਨਕ ਦੇ ਖ਼ਾਬ ਦਾ।
ਪੱਤਝੜ ਤੋਂ ਬਚਾਈਏ ਧਰਤੀ ਪੰਜਾਬ ਦੀ
ਖੇੜੇ ਦੇ ਵਿੱਚ ਲਿਆਈਏ ਮੁੜ ਫੁੱਲ ਗੁਲਾਬ ਦਾ

# 'ਪਿੰਜਰੇ ਦਾ ਤੋਤਾ' ਬਣਿਆ ਮਾਲਕਾਂ ਦੇ ਗਲੇ ਦੀ ਹੱਡੀ






ਮਨਦੀਪ

ਇਨ੍ਹੀ ਦਿਨੀਂ ਦੇਸ਼ ਦੀ ਵੱਡੀ ਤੇ ਸੁਰੱਖਿਅਤ ਕਹੀ ਜਾਂਦੀ ਜਾਂਚ ਏਜੰਸੀ ਸੀਬੀਆਈ ਸਵਾਲਾਂ ਅਤੇ ਅਸੁੱਰਖਿਆ ਦੇ ਘੇਰੇ 'ਚ ਹੈ। ਇਹ ਅਸੁੱਰਖਿਅਤਾ ਸਰਕਾਰ ਅਤੇ ਸੀਬੀਆਈ ਦੋਹਾਂ ਵਿਚਕਾਰ ਬਣੀ ਹੋਈ ਹੈ। ਮੋਦੀ ਸਰਕਾਰ ਦੇ ਸੱਤਾ ਤੇ ਕਾਬਜ ਹੋਣ ਦੇ ਸਮੇਂ ਤੋਂ ਹੀ ਸੀਬੀਆਈ ਸਵਾਲਾਂ ਦੇ ਘੇਰੇ ਵਿਚ ਸੀ। ਇਸਦੇ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਦੀ ਨਿਯੁਕਤੀ ਦੇ ਸਮੇਂ ਤੋਂ ਹੀ ਲਗਾਤਾਰ ਇਕ ਵਿਵਾਦ ਚੱਲਦਾ ਆ ਰਿਹਾ ਸੀ। ਰਾਕੇਸ਼ ਅਸਥਾਨਾ ਉਪਰ ਗੁਜਰਾਤ ਦੰਗਿਆਂ ਸਮੇਤ ਭ੍ਰਿਸ਼ਟਾਚਾਰ ਦੇ ਅਨੇਕਾਂ ਦੋਸ਼ ਸਨ। ਪਰ ਇਸਦੇ ਬਾਵਜੂਦ ਦੇਸ਼ ਦੇ 'ਨਾ ਖਾਊਂਗਾ ਨਾ ਖਾਣੇ ਦੂੰਗਾ' ਦੇ ਦਮਗਜੇ ਮਾਰਨ ਵਾਲੇ ਪ੍ਰਧਾਨ ਮੰਤਰੀ ਨੇ ਰਾਕੇਸ਼ ਅਸਥਾਨਾ ਵਰਗੇ ਭ੍ਰਿਸ਼ਟ ਵਿਅਕਤੀ ਦੇ ਹੱਥ ਦੇਸ਼ ਦੀ ਸਭ ਤੋਂ ਵੱਡੀ ਤੇ ਨਿਰਪੱਖ ਕਹੀ ਜਾਂਦੀ ਜਾਂਚ ਏਜੰਸੀ ਦੀ ਵਾਗਡੋਰ ਸੌਂਪ ਦਿੱਤੀ ਸੀ। ਉਸ ਸਮੇਂ ਸੀਬੀਆਈ ਵਿਸ਼ੇਸ਼ ਡਾਇਰੈਕਟਰ ਰਾਕੇਸ਼ ਅਸਥਾਨਾ ਅਤੇ ਸੀਬੀਆਈ ਡਾਇਰੈਕਟਰ ਆਲੋਕ ਵਰਮਾ ਦੋਵੇਂ ਹੀ ਮੋਦੀ ਦੇ ਚਹੇਤੇ ਸਨ ਜਿਨ੍ਹਾਂ ਵਿੱਚੋਂ ਅਸਥਾਨਾਂ ਦਾ ਗੁਜਰਾਤ ਮਾਡਲ ਉਸਾਰੀ ਵਿੱਚ ਅਹਿਮ ਯੋਗਦਾਨ ਰਿਹਾ ਸੀ। ਮੋਦੀ ਵਜਾਰਤ ਦੇ ਇਨ੍ਹਾਂ ਦੋਵਾਂ ਤੋਤਿਆਂ ਵਿਚਕਾਰ ਦਰਬਾਰੀ ਵਫਾਦਾਰੀ ਨੂੰ ਲੈ ਕੇ ਲਗਾਤਾਰ ਮੱਤਭੇਦ ਚੱਲਦੇ ਆ ਰਹੇ ਸਨ। ਸੀਬੀਆਈ ਦੇ ਦੋਵੇਂ ਆਹਲਾ ਦਰਜੇ ਦੇ ਅਧਿਕਾਰੀ ਇੱਕ ਦੂਜੇ ਤੇ ਦੋਸ਼ ਲਾ ਕੇ ਦਰਬਾਰੀ ਵਫਾਦਾਰੀ ਦਾ ਸਿਹਰਾ ਹਾਸਲ ਕਰਨ ਦੀ ਦੌੜ ਵਿੱਚ ਸਨ। ਭ੍ਰਿਸ਼ਟਾਚਾਰੀ ਅਤੇ ਦਰਬਾਰੀ ਵਫਾਦਾਰੀ ਦੀ ਇਸ ਦੌੜ ਨੇ ਦੇਸ਼ ਦੇ ਵੱਡੇ ਕਾਰਪੋਰੇਟ ਘਰਾਣੇ, ਨੌਕਰਸ਼ਾਹੀ ਅਤੇ ਪ੍ਰਧਾਨ ਮੰਤਰੀ ਮੋਦੀ ਨੂੰ ਤ੍ਰੇਲੀਆਂ ਲਿਆ ਦਿੱਤੀਆਂ ਹਨ। ਰਾਫੇਲ ਮਾਮਲੇ ਸਮੇਤ ਅਨੇਕਾਂ ਮੁੱਦਿਆਂ ਨੂੰ ਲੈ ਕੇ ਸੀਬੀਆਈ ਦੀ ਭੂਮਿਕਾ ਪਿਛਲੇ ਸਮੇਂ ਤੋਂ ਲਗਾਤਾਰ ਸਵਾਲਾਂ ਦੇ ਘੇਰੇ ਵਿਚ ਚੱਲੀ ਆ ਰਹੀ ਸੀ। ਹਾਕਮ ਧਿਰਾਂ ਅਤੇ ਕਾਰਪੋਰੇਟਰਾਂ ਦੇ 'ਪਿੰਜਰੇ ਦਾ ਤੋਤਾ' ਹਾਕਮਾਂ ਅਤੇ ਕਾਰਪੋਰੇਟਰਾਂ ਦੀ ਰਜਾ ਦੇ ਉਲਟ ਬੋਲਣ ਲੱਗ ਗਿਆ ਸੀ। ਆਲੋਕ ਵਰਮਾ ਦੀ ਵਫਾਦਾਰੀ ਆਪਣੇ ਉਲਟ 'ਚ ਬਦਲਣੀ ਸ਼ੁਰੂ ਹੋ ਗਈ ਸੀ। ਭਾਵੇਂ ਤਾਜਾ ਘਟਨਾਕ੍ਰਮ ਬੀਫ ਨਿਰਯਾਤਕ ਮੋਇਨ ਕੁਰੈਸ਼ੀ ਦੁਆਰਾ ਸੀਬੀਆਈ ਦੇ ਆਹਲਾ ਅਧਿਕਾਰੀਆਂ ਤੇ ਲਾਏ ਰਿਸ਼ਵਤਖੋਰੀ ਦੇ ਮਾਮਲੇ ਨੂੰ ਲੈ ਕੇ ਸੀਨ ਤੇ ਆਇਆ ਹੈ ਪਰੰਤੂ ਇਸਦੀਆਂ ਤੰਦਾਂ ਕਾਰਪੋਰੇਟ ਜਗਤ, ਸਰਕਾਰ ਅਤੇ ਜਾਂਚ ਏਜੰਸੀਆਂ ਦੀ ਤਿਕੜੀ ਨਾਲ ਜੁੜੀਆਂ ਹੋਈਆਂ ਹਨ। ਦੇਸ਼ ਦੀ ਰਾਜਨੀਤੀ ਅੰਦਰ ਸੀਵੀਸੀ, ਪੀਐਮਓ, ਰਾਅ, ਆਈਬੀ ਆਦਿ ਜਾਂਚ ਏਜੰਸੀਆਂ ਅਤੇ ਸਰਕਾਰ ਦੀ ਮਿਲੀਭੁਗਤ ਨਾਲ ਲਗਾਤਾਰ ਵਿਜੈ ਮਾਲੀਆ, ਮੁਹੇਲ ਚੌਕਸੀ, ਲਲਿਤ ਮੋਦੀ, ਰਾਫੇਲ ਡੀਲ ਆਦਿ ਘਪਲਿਆਂ ਨੂੰ ਲੈ ਕੇ ਖਿੱਚੜੀ ਪੱਕ ਰਹੀ ਸੀ। ਸਰਕਾਰ ਸਮੇਤ ਜਾਂਚ ਏਜੰਸੀਆਂ ਖੁਦ ਕਾਰਪੋਰੇਟਰਾਂ ਨਾਲ ਮਿਲ ਕੇ ਘਪਲੇਬਾਜੀ ਤੇ ਸੌਦੇਬਾਜੀ ਵਿਚ ਸ਼ਰੀਕ ਚੱਲੀਆਂ ਆ ਰਹੀਆਂ ਸਨ। ਤਾਜਾ ਘਟਨਾਕ੍ਰਮ ਤੋਂ ਬਾਅਦ ਤੋਤਿਆਂ ਅਤੇ ਮਾਲਕਾਂ ਵਿਚ ਲੁੱਟ ਅਤੇ ਭ੍ਰਿਸ਼ਟਾਚਾਰ ਦੇ ਮਾਲ ਨੂੰ ਲੈ ਕੇ ਮੱਤਭੇਦ ਪੈਦਾ ਹੋ ਗਏ ਤਾਂ ਦੋਸ਼ਾਂ ਦਾ ਬੋਝ ਇਕ-ਦੂਜੇ ਉੱਤੇ ਸੁੱਟਣ ਦੀ ਕਵਾਇਦ ਸ਼ੁਰੂ ਹੋ ਗਈ। ਇਸ ਕੁੱਕੜਖੇਹ 'ਚ ਸਰਕਾਰ ਤੋਂ ਲੈ ਕੇ ਭਰੋਸੇਯੋਗ ਤੇ ਨਿਰਪੱਖ ਕਹੀਆਂ ਜਾਂਦੀਆਂ ਜਾਂਚ ਏਜੰਸੀਆਂ ਸਭ ਦੇ ਸਿਰ ਸਵਾਹ ਪੈਣੀ ਸ਼ੁਰੂ ਹੋ ਗਈ। ਲੋਕਤੰਤਰਿਕ ਕਹੇ ਜਾਂਦੇ ਢਾਚੇ ਦੀ ਸੁਰੱਖਿਆ ਤੇ ਨਿਰਪੱਖਤਾ ਸ਼ਰੇ-ਬਾਜਾਰ ਨੰਗੀ ਹੋ ਗਈ। ਜਾਂਚ ਏਜੰਸੀਆਂ ਦੀ ਭਰੋਸੇਯੋਗਤਾ ਅਤੇ ਸਿਆਸੀ ਦਖਲਅੰਦਾਜੀ ਦੇ ਜੱਗ ਜਾਹਰ ਹੋਣ ਨਾਲ ਮੋਦੀ ਸਰਕਾਰ ਨੇ ਬੁਖਲਾਹਟ 'ਚ ਆ ਕੇ ਰਾਤੋ-ਰਾਤ ਸੀਬੀਆਈ ਦੇ ਦਫਤਰ ਵੱਲ ਮਸ਼ਕਾਂ ਭਰਨ ਦੇ ਹੁਕਮ ਜਾਰੀ ਕੀਤੇ ਅਤੇ ਗੈਰਕਾਨੂੰਨੀ ਢੰਗ ਨਾਲ ਸੀਬੀਆਈ ਡਾਇਰੈਕਟ ਤੇ ਵਿਸ਼ੇਸ਼ ਡਾਇਰੈਕਟ ਸਮੇਤ ਦਰਜਨਾਂ ਅਫਸਰਾਂ ਦੀਆਂ ਬਦਲੀਆਂ ਕਰਕੇ ਸਰਕਾਰ ਦੀ ਕਾਰਗੁਜਾਰੀ ਦੀ ਪ੍ਰੀਖਿਆ ਦਿੱਤੀ। ਉਹੀ ਸਰਕਾਰ ਜਿਹੜੀ ਦਿਨ-ਦਿਹਾੜੇ ਵਾਪਰੇ ਕਾਠੂਆ ਤੋਂ ਲੈ ਕੇ ਹੋਰ ਅਨੇਕਾਂ ਮਾਮਲਿਆਂ 'ਚ ਮੂੰਹ ਤੱਕ ਨਹੀਂ ਖੋਲ੍ਹਦੀ ਉਹ ਅਚਾਨਕ ਰਾਤ ਦੇ ਹਨੇਰੇ 'ਚ ਸਤਰਕ ਹੋ ਗਈ।

ਅਸਲ ਵਿਚ ਸੱਤਾ ਦੇ ਗਲਿਆਰੇ ਲਗਾਤਾਰ ਥਿੜਕ ਰਹੇ ਹਨ। ਭਾਜਪਾ ਸਰਕਾਰ ਸੱਤਾ ਤੇ ਕਾਬਜ ਹੋਣ ਤੋਂ ਬਾਅਦ ਲਗਾਤਾਰ ਆਰਐਸਐਸ ਦੀ ਵਿਚਾਰਧਾਰਾ ਤੋਂ ਪ੍ਰੇਰਿਤ ਹੋ ਕੇ ਭਾਰਤੀ ਰਾਜ ਪ੍ਰਬੰਧ ਦੀਆਂ ਰਵਾਇਤੀ ਸੰਸਥਾਵਾਂ ਅਤੇ ਉਹਨਾਂ ਉੱਤੇ ਬਿਰਾਜਮਾਨ ਅਧਿਕਾਰੀਆਂ ਦੀਆਂ ਨਿਯੁਕਤੀਆਂ ਨੂੰ ਜਿਸ ਮਨਮਰਜੀ ਤੇ ਧੱਕੇਸ਼ਾਹੀ ਨਾਲ ਨਿਰਧਾਰਤ ਕਰਦੀ ਆ ਰਹੀ ਹੈ ਉਸੇ ਤਰ੍ਹਾਂ ਉਸਨੇ ਸੀਬੀਆਈ ਦੇ ਮਾਮਲੇ ਵਿਚ ਵੀ ਫੈਸਲੇ ਲਏ ਹਨ। ਲੋਕਤੰਤਰ ਦੇ ਥੰਮ ਕਹੇ ਜਾਂਦੇ ਨਿਆਂਪਾਲਿਕਾਂ ਦੇ ਮੁੱਖ ਜੱਜਾਂ ਦੇ ਮਾਮਲੇ 'ਚ, ਫਿਰ ਮਨੁੱਖੀ ਸਰੋਤ ਮੰਤਰਾਲਾ ਤੇ ਹੁਣ ਸੀਬੀਆਈ ਦੇ ਵਿਵਾਦ ਨੇ ਦਿਖਾ ਦਿੱਤਾ ਹੈ ਕਿ ਭਾਰਤੀ ਰਾਜ ਪ੍ਰਬੰਧ ਦੀਆਂ ਇਹ ਸੰਸਥਾਵਾਂ ਹਕੂਮਤੀ ਤਾਨਾਸ਼ਾਹੀ ਨੂੰ ਕਾਇਮ ਰੱਖਣ ਅਤੇ ਲੋਕਾਂ ਨੂੰ ਲੋਕਤੰਤਰਿਕ ਪ੍ਰਬੰਧ ਦੇ ਭੁਲੇਖੇ 'ਚ ਰੱਖਣ ਦੇ ਹਕੂਮਤੀ ਸੰਦ ਹਨ। ਇਹਨਾਂ ਦੀ ਜਾਂਚ ਅਤੇ ਨਿਆਂ ਹਮੇਸ਼ਾਂ ਹਾਕਮ ਜਮਾਤਾਂ ਅਤੇ ਕਾਰਪੋਰੇਟ ਘਰਾਣਿਆਂ ਦੇ ਹੱਕ 'ਚ ਹੀ ਭੁਗਤਦੀ ਆ ਰਹੀ ਹੈ। ਹੁਣ ਇਹ ਮਖੌਟਾ ਇਸਦੇ ਅੰਦਰੋਂ ਹੀ ਲਹਿਣਾ ਸ਼ੁਰੂ ਹੋ ਗਿਆ ਹੈ। ਦੇਸ਼ ਦੇ ਇਨਸਾਫਪਸੰਦ ਤੇ ਅਗਾਂਹਵਧੂ ਲੋਕਾਂ ਨੂੰ ਇਸ ਮਖੌਟੇ ਪਿਛਲੀ ਭਾਰਤੀ ਰਾਜ ਸੱਤਾ ਦੀ ਤਾਨਾਸ਼ਾਹੀ ਦੇ ਲਬਾਦੇ ਨੂੰ ਤਹਿਸ਼-ਨਹਿਸ਼ ਕਰਕੇ ਲੋਕਾਸ਼ਾਹੀ ਢਾਂਚਾ ਸਥਾਪਤੀ ਵੱਲ ਵੱਧਣਾ ਚਾਹੀਦਾ ਹੈ।

# Ontario's cap-and-trade cancellation to leave $3 billion fiscal hole



Hadrian Mertins-Kirkwood



The Ford government's cancellation of Ontario's cap-and-trade system will leave a $3 billion hole in the province's books, according to a new report from Ontario's Financial Accountability Officer (FAO), while simultaneously gutting programs designed to reduce greenhouse gas emissions.

Yet the high-profile abdication of the province's flagship environmental policy won't spare households from carbon pricing because the federal government's backstop carbon tax will come into effect instead, says the FAO.

So where does this leave Ontario? Here's what this new report mean for government budgets, household economics and climate action in the province.

**Cutting revenues leads to bigger budget deficits**

The cap-and-trade system came into effect in 2017 as part of the previous government's climate change action plan. By requiring major industrial polluters to purchase emissions permits, the cap-and-trade system incentivized businesses and households to reduce the amount of fossil fuels they consumed.

Revenues generated by permit auctions – approximately $2 billion per year – were placed in a dedicated fund that recycled the money into green infrastructure, energy efficiency and other climate programs as well as dividends to lower-income households.

Despite every indication the program was working, one of the first legislative acts of the newly-elected government was to table Bill 4 to repeal the cap-and-trade system and much of its associated climate program spending.

However, the abrupt repeal has created a big problem for Ontario's budget. According to the FAO, the immediate cancellation of permit auctions will reduce government revenues by $7.2 billion over the next four years.

Many of the province's climate spending commitments, on the other hand, can't be ended on such short notice. Public transit infrastructure projects, for example, are locked in based on the assumption of future carbon pricing revenues.

In total, the FAO estimates, only $4.2 billion in planned program spending can be prevented, which leaves a $3 billion shortfall in the provincial budget.

The cancellation will also invoke administrative and legal costs. For example, Bill 4 includes a compensation program that excludes 99% of existing permit holders. The FAO does not estimate the potential costs of litigation to the government, but they could be significant if permit holders demand restitution.

Overall, the budgetary impact of the cap-and-trade cancellation will be negative for Ontario. But what about for consumers?

**Short-lived respite for energy consumers**

In justifying the repeal of the climate program, the Ford government claimed the average household would save $260 per year. However, that figure makes two incorrect assumptions.

First, the province assumes that nothing will replace the cap-and-trade system. But the federal government's backstop carbon pricing plan is slated to come into effect in January 2019 in every province that does not have a carbon pricing system of its own.

By cancelling the cap-and-trade system, the Ontario government has conceded to the imposition of a federal hybrid system of carbon taxes for

# Who owns and controls Canada's fossil fuel industry?



VANCOUVER - The major investors in Canada's fossil-fuel sector have high stakes in maintaining business as usual rather than addressing the industry's serious climate issues, a new Corporate Mapping Project study reveals.

"Substantial ownership and strategic control of Canada's fossil fuel industry are in the hands of a few major players, including all the Canadian big banks and several US investment funds, governments and some wealthy families—many of which are located outside Canada," says Bill Carroll, co-author of the study. "These entities have both an interest in the sector's continued growth and the economic power to shape its future."

The study, Who Owns Canada's Fossil-Fuel Sector? Mapping the network of ownership and control, was released today by the Canadian Centre for Policy Alternatives BC and Saskatchewan offices and Alberta's Parkland Institute.

Analyzing shareholder and revenue data from recent years, the authors found that ownership of the sector is highly concentrated. The top 25 owners together accounted for more than 40 per cent of total fossil fuel industry revenues during the six-year period studied from 2010 to 2015. The top two investors over this period were Exxon Mobil Corp and the Royal Bank of Canada.

Among the leading pool of investors the study found:

majority ownership of Canadian-based fossil fuel companies by foreign corporations accounted for the largest share (16 per cent) of the sector's revenues between 2010 and 2015.

asset managers and investment funds such as BlackRock and Capital Group followed closely with approximately 15 per cent of revenues.

banks and life insurers are the third-largest type of owner (approximately 12 per cent of revenues), with the big five Canadian banks (RBC, TD, Scotiabank, BMO and CIBC) consistently ranking among the top investors.

wealthy families control approximately 8.5 per cent of revenues (such as the Desmarais family, the Southerns and Hong Kong's richest person, Li Ka-Shing, majority owner of Husky Energy).

foreign governments accounted for three per cent of industry revenues, and Canadian federal and provincial governments together owned two per cent.

The study highlights the important role of banks and institutional investors despite the relatively small ownership stakes any given investor tends to hold in a single fossil fuel company.

"Financial institutions, pension funds and asset managers together own substantial blocs of shares in many of these companies," says Carroll. "Each institutional investor may own less than 10 per cent of any single company, but as a group they own far more. This places them in a position to exert control as a "constellation of interests".

The Royal Bank of Canada (RBC), which promotes itself as "Canada's leading energy bank, for conventional, non-conventional and renewable resources," matches many of its ownership stakes in fossil-fuel companies by sharing board/ senior management members with those of the firms it partly owns. Banks like RBC are also important financiers of the fossil fuel industry through their lending activities.

"Some of the world's largest transnational corporations continue to control several of the largest Canadian fossil-fuel firms. But what stands out in this study are the many comparatively small yet significant holdings of institutional investors that form constellations of interests in partnership with the top-level management of fossil-fuel companies," says co-author Jouke Huijzer of Vrije Universiteit in Brussels.

"Decades ago, foreign control of Canada's energy sector (and other sectors) was seen as a threat to Canadian self-determination and democracy, but the trend towards more Canadian corporate control of fossil-fuel extraction appears to have made little difference in how the industry functions," says Carroll, a University of Victoria sociology professor who is co-director of the Corporate Mapping Project.

The Corporate Mapping Project is jointly led by the University of Victoria, Canadian Centre for Policy Alternatives (BC & Saskatchewan offices) and the Parkland Institute. This research was supported by the Social Science and Humanities Research Council of Canada (SSHRC).

For more information and to arrange interviews, please contact Jean Kavanagh at 604-802-5729, jean@policyalternatives.ca.

consumers and output-based allocations for industry.

Ontario has mounted a legal challenge against the federal government's authority to impose the tax, but legal experts generally agree that the federal plan will proceed.

Second, the actual cost to households depends on how revenues are recycled. Currently, lower-income households in Ontario receive a carbon dividend that offsets most or all of the carbon price they pay. The FAO points out that under the federal system the upfront costs to households will be higher than under the current system – $648 per year vs. $312 per year for a typical household by 2022 – but that also means more potential for revenue redistribution.

If the federal backstop comes into effect with a dividend modeled on the current Ontario system, the FAO says "it would offset the cost of carbon pricing to over 80% of Ontario households."

At this point we still don't know what the federal system will look like, so the repeal of cap-and-trade may or may not save households any money at all. It depends on the details of the federal system that replaces the current cap-and-trade system.

So if the cancellation of cap-and-trade will have a negative budgetary impact without necessarily benefiting households, why are we doing it at all?

**Pulling the plug on climate leadership**

The FAO report does not consider the impact of Bill 4 on greenhouse gas emissions or Ontario's climate commitments, but in the wake of a devastating IPCC report on the impacts of climate change, those are issues we can't afford to ignore.

On the one hand, the replacement of Ontario's cap-and-trade system with the federal backstop carbon price is unlikely to seriously impact greenhouse gas (GHG) emissions. Both systems incentivize comparable emissions reductions and generate significant government revenue.

On the other hand, the rollback of provincial climate policies represents a profound shirking of environmental responsibility from Canada's most populous province and second-largest GHG emitter.

In abandoning its own climate plan, Ontario has signalled an unwillingness to address the single greatest threat to Ontarians' wellbeing.

Hadrian Mertins-Kirkwood is a researcher on international trade and climate policy for the Canadian Centre for Policy Alternatives. Follow Hadrian on Twitter: @hadrianmk.

# ਆਮ ਆਦਮੀ ਪਾਰਟੀ ਨਹੀਂ, ਗਰੀਬ ਆਦਮੀ ਪਾਰਟੀ ਦੀ ਲੋੜ

ਕਾਮਰੇਡ ਗੁਰਮੇਲ ਬਰਗਾੜੀ
416 845 7534



ਆਮ ਆਦਮੀ ਪਾਰਟੀ ਦਾ ਉਭਾਰ ਇਸ ਕਰਕੇ ਹੋਇਆ ਕਿ ਲੋਕ ਦੇਸ ਵਿਚ ਚਲ ਰਹੀਆਂ ਰਵਾਇਤੀ ਪਾਰਟੀਆਂ ਤੋਂ ਅੱਕੇ ਹੋਏ ਸਨ ਉਹਨਾਂ ਸਾਰੀਆਂ ਦੀ ਕਾਰਗੁਜਾਰੀ ਵੇਖ ਲਈ ਸੀ। ਅਜ਼ਾਦੀ ਤੱਕ ਪੁਜਣ ਤੋਂ ਪਹਿਲਾਂ ਕਾਂਗਰਸ ਦਾ ਆਗੂ ਸੀ ਮਹਾਤਮਾ ਗਾਂਧੀ ਜੋ ਖੁਦ ਅਮੀਰ ਘਰਾਣੇ ਨਾਲ ਸਬੰਧਤ ਸੀ ਅਤੇ ਵਲੈਤ ਵਿਚ ਕਨੂੰਨ ਦੀ ਪੜਾਈ ਕਰਕੇ ਉਥੇ ਹੀ ਪ੍ਰੈਕਟਿਸ ਕਰਨ ਲੱਗ ਗਿਆ ਸੀ। ਉਥੇ ਪ੍ਰੈਕਟਿਸ ਕਰਦਿਆਂ ਗਾਂਧੀ ਜੀ ਨੇ ਗੋਰੀ ਚਮੜੀ ਵਾਲਿਆਂ ਵਲੋਂ ਆਪਣੇ ਅਤੇ ਹੋਰ ਅਧੀਨ ਕੌਮਾਂ ਦੇ ਲੋਕ ਨਾਲ ਹੁੰਦਾ ਵਿਤਕਰਾ ਵੇਖ ਕੇ ਦੇਸ਼ ਵਾਪਸ ਆ ਕੇ ਅਜ਼ਾਦੀ ਲਈ ਲੋਕਾਂ ਨੂੰ ਜਗਾਉਣ ਦਾ ਕੰਮ ਸ਼ੁਰੂ ਕੀਤਾ। ਗਾਂਧੀ ਜੀ ਨੇ ਅੰਗਰੇਜ਼ੀ ਸੂਟ ਬੂਟ ਲਾਹ ਕੇ ਦੇਸੀ ਚਪਲ ਤੇ ਲੰਗੋਟੀ ਪਹਿਨ ਕੇ ਗਰੀਬ ਜਨਤਾ ਨੂੰ ਅਜ਼ਾਦੀ ਲਈ ਜਾਗਰਤ ਕਰਨ ਦਾ ਰਾਹ ਚੁਣਿਆ। ਜਨਤਾ ਨੂੰ ਉਮੀਦ ਹੋ ਗਈ ਕਿ ਗਾਂਧੀ ਜੀ ਗਰੀਬ ਜਨਤਾ ਦੇ ਆਗੂ ਹਨ। ਗਾਂਧੀ ਜੀ ਨੇ ਬਦੇਸੀ ਚੀਜਾਂ ਅਤੇ ਬਦੇਸੀ ਕੱਪੜੇ ਦੇ ਬਾਈ ਕਾਟ ਦਾ ਨਾਹਰਾ ਦਿੱਤਾ, ਜਿਸ ਕਰਕੇ ਗਰੀਬ ਜਨਤਾ ਉਹਨਾ ਨੂੰ ਅਪਣਾ ਆਗੂ ਮੰਨਣ ਲਗ ਪਈ। ਅੰਗਰੇਜ਼ ਗਾਂਧੀ ਜੀ ਦੀਆਂ ਨੀਤੀਆਂ ਨੂੰ ਬਦੇਸੀ ਸਮਾਨ ਦਾ ਬਾਈਕਾਟ ਕਰਵਾਉਣ ਕਰਕੇ ਠੀਕ ਨਹੀ ਸਨ ਮੰਨਦੇ। ਉਨਾਂ ਵਲੈਤ ਸਿਖਿਅਕ ਅਤੀ ਅਮੀਰ ਘਰਾਣਿਆਂ ਦੇ ਦੋ, ਇਕ ਹਿੰਦੂ ਅਤੇ ਇਕ ਮੁਸਲਮ, ਨੌਜਵਾਨਾਂ ਨੂੰ ਕਾਂਗਰਸ ਦੀ ਅਗਵਾਈ ਕਰਨ ਲਈ ਭਾਰਤ ਲਿਆਂਦਾ। ਉਹ ਸਨ ਨਹਿਰੂ ਅਤੇ ਜਿਨਾਹ ਜਿਨਾਂ ਨੇ ਅਜਾਦੀ ਮਿਲਣ ਵੇਲੇ ਤੱਕ ਅੰਗਰੇਜਾਂ ਦਾ ਸਾਥ ਦਿਤਾ। ਧਰਮ ਦੇ ਅਧਾਰ ਤੇ ਦੋ ਕੌਮਾਂ ਦੀ ਥਿਉਰੀ ਨੂੰ ਮੰਨ ਕੇ ਖੂਨੀ ਅਜਾਦੀ ਹਾਸਲ ਕੀਤੀ, ਜਿਸ ਦਾ ਗਾਂਧੀ ਜੀ ਵਿਰੋਧ ਕਰਦੇ ਸਨ। ਅਜਾਦੀ ਮਿਲਣ ਤੋਂ ਬਾਅਦ ਗਾਂਧੀ ਜੀ ਅਬਾਦੀਆਂ ਦੇ ਤਬਾਦਲੇ ਦਾ ਵਿਰੋਧ ਕਰਨ ਲਗ ਪਏ, ਨਹਿਰੂ ਅਤੇ ਪਟੇਲ ਨੂੰ ਇਹ ਗੱਲ ਠੀਕ ਨਾ ਲੱਗੀ। ਅਜਾਦੀ ਤੋਂ ਸਾਢੇ ਪੰਜ ਮਹੀਨੇ ਬਾਅਦ ਹੀ ਕਿਸੇ ਸਿਰ ਫਿਰੇ ਨੇ ਗਾਂਧੀ ਜੀ ਨੂੰ ਗੋਲੀਆ ਮਾਰ ਕੇ ਸ਼ਹੀਦ ਕਰ ਦਿੱਤਾ, ਗਰੀਬਾਂ ਦੇ ਮਸੀਹੇ ਨੂੰ ਕਿਸ ਨੇ ਮਰਵਾਇਆ, ਇਹ ਗੱਲ ਅਜੇ ਭੇਦ ਬਣੀ ਹੋਈ ਹੈ। ਅਜਾਦੀ ਅੰਗਰੇਜਾਂ ਦੇ ਪਿਠੂਆਂ ਅਤੇ ਅਮੀਰਾਂ ਦੇ ਹੱਥ ਆ ਗਈ, ਨਹਿਰੂ ਦੀ ਅਗਵਾਈ ਵਿਚ ਸਰਮਾਏ ਦਾਰੀ ਜੁਗ ਸ਼ੁਰੂ ਹੋਇਆ, ਜਿਸ ਵਿੱਚ ਅਮੀਰ ਹੋਰ ਅਮੀਰ ਹੁੰਦੇ ਗਏ ਅਤੇ ਗਰੀਬ ਹੋਰ ਗਰੀਬੀ ਵੱਲ ਧੱਕੇ ਗਏ। ਦੇਸ ਅੰਦਰ ਸਰਮਾਏਦਾਰੀ ਢੰਗ ਦਾ ਵਿਕਾਸ ਸ਼ੁਰੂ ਹੋਇਆ, ਪਰ ਇਸ ਦਾ ਗਰੀਬ ਜਨਤਾ ਨੂੰ ਬਹੁਤਾ ਫਾਇਦਾ ਨਹੀ ਸੀ ਹੋਇਆ। ਗਰੀਬ ਜਨਤਾ ਕਮਿਉਨਿਸਟਾਂ ਵੱਲ ਹੋ ਤੁਰੀ। ਗਰੀਬ ਪੇਂਡੂ ਤੇ ਸ਼ਹਿਰੀ ਵਰਗ ਵਿਚ ਕਮਿਉਨਿਸਟਾਂ ਦਾ ਅਸਰ ਵਧਣ ਲੱਗ ਪਿਆ, 1957 ਦੇਸ ਵਿਆਪੀ ਚੁਣਾਵਾਂ ਵਿਚ ਕਾਮਰੇਡਾਂ ਨੇ ਬੰਗਾਲ ਅਤੇ ਕੈਰਲਾ ਵਿਧਾਨ ਸਭਾ ਚੋਣਾਂ ਵਿਚ ਜਿੱਤ ਪ੍ਰਾਪਤ ਕੀਤੀ, ਅਤੇ ਪਾਰਲੀਮੈਂਟ ਵਿਚ ਮੁੱਖ ਵਿਰੋਧੀ ਧਿਰ ਬਣ ਗਏ। ਨਹਿਰੂ ਸਰਕਾਰ ਇਸ ਤੋਂ ਫਿਕਰ ਮੰਦ ਹੋ ਗਈ, ਉਸਨੇ ਵਿਧਾਨ ਦੀ ਧਾਰਾ 365 ਲਾ ਕੇ ਦੋਵੇਂ ਸਰਕਾਰਾਂ ਤੋੜ ਦਿਤੀਆਂ ਤੇ ਗਵਰਨਰੀ ਰਾਜ ਲਾਗੂ ਕਰ ਦਿੱਤਾ। ਸਾਰੇ ਦੇਸ ਅੰਦਰ ਗਰੀਬ ਜੰਨਤਾ ਨੇ ਇਸ ਦਾ ਬੁਰਾ ਮਨਾਇਆ, ਜਲਸੇ ਜਲੂਸ ਤੇ ਹੜਤਾਲਾਂ ਹੋਈਆਂ। ਕਾਂਗਰਸ ਸਰਕਾਰ ਨੂੰ 1962 ਦੀਆਂ ਚੋਣਾਂ ਵਿਚ ਹਾਰ ਦਾ ਡਰ ਸਤਾਉਣ ਲੱਗ ਪਿਆ, ਰਾਜ-ਸਤਾ ਕਮਿਉਨਿਸਟਾਂ ਪਾਸ ਜਾਂਦੀ ਦਿਸਣ ਲਗੀ।

ਕਾਂਗਰਸ ਪਾਰਟੀ ਨੇ ਕਮਿਉਨਿਸਟਾਂ ਦੇ ਦੇਸ ਵਿਆਪੀ ਅਸਰ ਨੂੰ ਘੱਟ ਕਰਨ ਲਈ ਗਿਣੀ ਮਿਣੀ ਸਾਜਸ਼ ਅਧੀਨ ਚੀਨ ਨਾਲ ਸਰਹੱਦੀ ਝਗੜਾ ਖੜਾ ਕਰ ਲਿਆ। ਦੋਵਾਂ ਦੇਸਾਂ ਦੇ ਪ੍ਰਧਾਨ ਮੰਤਰੀਆਂ ਦੀਆਂ ਝਗੜੇ ਨੂੰ ਨਜਿਠਣ ਲਈ ਪੀਕਿੰਗ ਅਤੇ ਦਿੱਲੀ ਵਿਚ ਉਚ ਪੱਧਰੀ ਮੀਟਿੰਗਾਂ ਹੋਈਆਂ ਪਰ ਗੱਲ ਕਿਸੇ ਸਿਰੇ ਨਾ ਲੱਗੀ। ਭਾਰਤ ਸਰਕਾਰ ਅਪਣੇ ਕਲੇਮ ਕੀਤੇ ਤੋਂ ਇਕ ਇੰਚ ਵੀ ਪਿਛੇ ਹਟਣ ਲਈ ਤਿਆਰ ਨਾ ਹੋਈ, ਤੇ ਚੀਨੀ ਵਫਦ ਖਾਲੀ ਹੱਥ ਵਾਪਸ ਅਪਣੇ ਦੇਸ ਪਰਤ ਗਿਆ। ਭਾਰਤ ਨੇ ਅਪਣੀ ਫੌਜ ਕਲੇਮ ਕੀਤੇ ਇਲਾਕੇ ਵਿਚ ਭੇਜ ਦਿੱਤੀ, ਚੀਨ ਨੇ ਵੀ ਅਪਣੀ ਫੌਜ ਸਰਹੱਦ ਤੇ ਲੈ ਆਂਦੀ, ਦੋਹਾਂ ਧਿਰਾਂ ਵਿਚ ਲੜਾਈ ਸ਼ੁਰੂ ਹੋ ਗਈ। ਸਾਡੀ ਫੌਜ ਚੀਨ ਦੀ ਫੋਜ ਦਾ ਟਾਕਰਾ ਨਾ ਕਰ ਸਕੀ ਅਤੇ ਪਿਛੇ ਹੱਟ ਆਈ, ਚੀਨੀ ਫੌਜ ਅਪਣੇ ਕਲੇਮ ਵਾਲੇ ਇਲਾਕੇ ਤੱਕ ਆ ਕੇ ਰੁਕ ਗਈ। ਜੱਦ ਕਿ ਉਸ ਦਾ ਅਗੋਂ ਕੋਈ ਵਿਰੋਧ ਨਹੀ ਸੀ ਹੋ ਰਿਹਾ। ਚੀਨ ਵਿਚ ਕਮਿਉਨਿਸਟ ਪਾਰਟੀ ਦਾ ਰਾਜ ਹੈ, ਕਮਿਉਨਿਸਟ ਸਰਕਾਰ ਨਾਲ ਲੜਾਈ ਦਾ ਬਹਾਨਾ ਬਣਾ ਕੇ ਸਾਰੇ ਦੇਸ ਵਿਚੋਂ ਕਮਿਉਨਿਸਟ ਆਗੂਆਂ ਅਤੇ ਵਰਕਰਾਂ ਨੂੰ ਜੇਹਲਾਂ ਵਿਚ ਬੰਦ ਕਰ ਦਿੱਤਾ। ਉਨਾਂ ਉਪਰ ਚੀਨ ਦੇ ਏਜੰਟ ਅਤੇ ਦੇਸ ਦੇ ਗਦਾਰ ਹੋਣ ਦੇ ਇਲਜਾਮ ਲਾਕੇ ਖੂਬ ਭੰਡੀ ਪ੍ਰਚਾਰ ਕੀਤਾ ਗਿਆ, ਅਤੇ ਕਾਂਗਰਸ ਨੇ 1962 ਦੀਆਂ ਚੋਣਾਂ ਅਰਾਮ ਨਾਲ ਜਿੱਤ ਲਈਆਂ। ਕਾਂਗਰਸ ਨੇ ਇਹ ਚੋਣਾਂ ਦੇਸ ਦੇ ਜਵਾਨਾਂ ਦੀ ਕੁਰਬਾਨੀ, ਅਤੇ ਬਿਨਾ ਵਜਾ ਕਮਿਉਨਿਸਟ ਆਗੂਆਂ ਨੂੰ ਜੇਹਲਾਂ ਵਿਚ ਸੁੱਟ ਕੇ ਜਿਤੀਆਂ। ਅਗਰ ਚੀਨ ਨੇ ਸਾਡੇ ਇਲਾਕੇ ਉਪਰ ਕਬਜਾ ਕੀਤਾ ਸੀ ਤਾਂ ਉਸ ਵਿਚ ਦੇਸ ਦੇ ਕਮਿਉਨਿਸਟ ਲੀਡਰਾਂ ਤੇ ਵਰਕਰਾਂ ਦਾ ਕੀ ਕਸੂਰ ਸੀ? ਜੇ ਉਹ ਇਲਾਕਾ ਸਾਡਾ ਸੀ ਤਾਂ ਫਿਰ ਉਸ ਨੂੰ ਖਾਲੀ ਕਰਵਾਉਣ ਲਈ ਸਰਕਾਰ ਨੇ ਅੱਜ ਤੱਕ ਕੋਈ ਉਜਰ ਕਿਉਂ ਨਹੀ ਕੀਤਾ?। ਚੋਣਾਂ ਜਿੱਤਣ ਤੋਂ ਬਾਅਦ ਕਮਿਉਨਿਸਟ ਆਗੂਆਂ ਅਤੇ ਵਰਕਰਾਂ ਨੂੰ ਜੇਹਲਾਂ ਵਿਚੋਂ ਇਸ ਸ਼ਰਤ ਤੇ ਛੱਡਣਾ ਸ਼ੁਰੂ ਦਿਤਾ ਗਿਆ, ਕਿ ਜੇਹੜਾ ਆਗੂ ਅਤੇ ਵਰਕਰ ਇਹ ਲਿਖਕੇ ਦੇਵੇਗਾ ਕਿ ਚੀਨ ਹਮਲਾਵਰ ਹੈ, ਉਸ ਨੂੰ ਛਡਿਆ ਜਾਵੇਗਾ। ਹਜਾਰਾਂ ਦੀ ਗਿਣਤੀ ਵਿਚ ਵਰਕਰ ਅਤੇ ਆਗੂ ਜੇਹਲਾਂ ਵਿਚੋਂ ਬਾਹਰ ਆ ਗਏ, ਅਤੇ ਜਾਗਦੀ ਜਮੀਰ ਵਾਲੇ ਹਜਾਰਾਂ ਜੇਹਲਾਂ ਵਿਚ ਹੀ ਰਹੇ। ਥੋੜੇ ਸਮੇ ਬਾਅਦ ਉਨਾਂ ਨੂੰ ਵੀ ਬਿਨਾ ਸ਼ਰਤ ਰਿਹਾ ਕਰ ਦਿਤਾ ਗਿਆ, ਇਸ ਨਾਲ ਪਾਰਟੀ ਵਿਚ ਦੁਫਾੜ ਪੈ ਗਈ। ਮੁਆਫੀ ਮੰਗਕੇ ਆਉਣ ਵਾਲਿਆਂ ਅਪਣਾ ਨਾ ਰੱਖ ਲਿਆ ਕਮਿਉਨਿਸਟ ਪਾਰਟੀ ਇੰਡੀਆ (ਸੀ,ਪੀ,ਆਈ), ਤੇ ਬਿਨਾ ਸ਼ਰਤ ਰਿਹਾ ਹੋਣ ਵਾਲਿਆਂ ਅਪਣਾ ਨਾ ਰੱਖ ਲਿਆ ਕਮਿਉਨਿਸਟ ਪਾਰਟੀ ਮਾਰਕਸਵਾਦੀ(ਸੀ,ਪੀ,ਐਮ)। ਸੀਪੀਆਈ ਕਾਂਗਰਸ ਦੀ ਹਿਮਾਇਤੀ ਬਣ ਗਈ, ਤੇ ਸੀਪੀਐਮ ਕਾਂਗਰਸ ਦੀਆਂ ਵਿਰੋਧੀ ਪਾਰਟੀਆਂ ਦੀ। ਦੋਵੇਂ ਪਾਰਟੀਆਂ ਹੁਣ ਸਰਕਾਰ ਨਾਲ ਲੜਣ ਦੀ ਬਜਾਏ ਆਪਸ ਵਿਚ ਲੜਨ ਲਗ ਪਈਆਂ, ਉਦੋਂ ਦੀ ਪਈ ਦੁਫੇੜ ਕਰਕੇ ਕਮਿਉਨਿਸਟ ਹਾਸ਼ੀਏ ਤੇ ਚਲੇ ਗਏ। ਗਰੀਬ ਲੋਕਾਂ ਦਾ ਕੋਈ ਮਸੀਹਾ ਨਾ ਰਿਹਾ, ਸਰਮਾਏਦਾਰੀ ਪੱਖੀ ਪਾਰਟੀਆਂ ਗਰੀਬ ਲੋਕਾਂ ਨੂੰ ਸਿਰਫ ਲਾਰੇ ਤੇ ਨਾਅਰੇ ਦੇ ਕੇ ਜਿਤਣ ਮਗਰੋਂ ਮੁਕਰ ਦੀਆਂ ਆ ਰਹੀਆ ਹਨ।

2009 ਵਿਚ ਜੱਦ ਕਾਂਗਰਸ ਲਗਾ ਤਾਰ ਦੂਜੀ ਟਰਮ ਜਿੱਤ ਗਈ ਤਾਂ ਉਸ ਦੇ ਆਗੂਆ ਅਤੇ ਲੀਡਰਾਂ ਨੇ ਦੇਸ ਦੇ ਖਜਾਨੇ ਲੁੱਟਣੇ ਸ਼ੁਰੂ ਕਰ ਦਿਤੇ। ਰਿਸ਼ਵਤ ਖੋਰੀ,ਚੋਰ ਬਜਾਰੀ, ਸੀਨਾ-ਜੋਰੀ, ਗੁੰਡਾ-ਗਰਦੀ, ਧੀਆਂ-ਭੈਣਾਂ ਦੀ ਇਜਤ ਤੇ ਸ਼ਰੇ-ਬਜਾਰ ਗੁੰਡਿਆਂ ਵਲੋਂ ਹਮਲੇ ਹੋਣ ਲਗੇ। ਪੁਲੀਸ ਉਹਨਾਂ ਅਗੇ ਬੇਵਸ ਨਜਰ ਆਉਣ ਲੱਗੀ, ਆਮ ਜਨਤਾ,ਗਰੀਬ ਅਮੀਰ ਸਭ ਦਾ ਜਿਉਣਾ ਦੁਭਰ ਕਰ ਦਿਤਾ। ਦੇਸ ਦੀ ਅਜੇਹੀ ਹਾਲਤ ਵੇਖ ਕੇ ਦੇਸ ਭਗਤ ਅਤੇ ਜਾਗਦੀ ਜਮੀਰ ਵਾਲੇ ਲੋਕਾਂਨੇ ਬਾਬਾ ਅੰਨਾ ਹਜਾਰੇ ਦੀ ਅਗਵਾਈ ਵਿਚ ਜਿਸ ਨੂੰ ਗਾਂਧੀਵਾਦੀ ਨੇਤਾ ਕਰਕੇ ਜਾਣਿਆ ਜਾਂਦਾ ਹੈ, ਭਰਿਸ਼ਟਾਚਾਰ ਅਤੇ ਲਾ ਕਨੂਨੀ ਖਿਲਾਫ ਮੋਰਚਾ ਲਾ ਦਿਤਾ ਜਿਸ ਨੂੰ ਸਾਰੇ ਦੇਸ ਵਿਚੋਂ ਹਿਮਾਇਤ ਮਿਲੀ। ਦਿੱਲੀ ਵਿਚ ਵਿਚ ਜੰਤਰ ਮੰਤਰ ਤੇ ਧਰਨਾ ਲਾ ਦਿਤਾ ਗਿਆ ਜਿਸ ਵਿਚ ਲੱਖਾਂ ਲੋਕਾਂ ਨੇ ਸ਼ਮੂਲੀਅਤ ਕੀਤੀ। ਸਾਰੇ ਦੇਸ ਵਿਚ ਲੋਕ ਸੜਕਾਂ ਤੇ ਆ ਗਏ ਸਰਕਾਰ ਨੇ ਲੋਕ ਰੋਹ ਤੋਂ ਡਰਦਿਆਂ ਧਰਨਾਂਕਾਰੀਆਂ ਗੱਲ ਬਾਤ ਸ਼ੁਰੂ ਕੀਤੀ। ਉਸ ਘੋਲ ਦੀਆਂ ਸ਼ਰਤਾਂ ਸਨ ਸਰਬ ਉਚ ਸ਼ਕਤੀ ਵਾਲਾ ਲੋਕਪਾਲ ਬਨਾਉਣਾ ਜਿਸ ਕੋਲ ਵੱਡੇ ਅਫਸਰਾਂ ਅਤੇ ਪ੍ਰਧਾਨ-ਮੰਤਰੀ ਤੱਕ ਦੇ ਖਿਲਾਫ ਸ਼ਿਕਾਇਤ ਸੁਣਨ ਅਤੇ ਫੈਸਲਾ ਕਰਨ ਦਾ ਅਧਿਕਾਰ ਹੋਵੇ। ਸਰਕਾਰ ਨੇ ਮੰਗਾਂ ਮੰਨ ਲਈਆਂ ਅਤੇ ਘੋਲ ਸਮਾਪਤ ਹੋ ਗਿਆ, ਕੁਝ ਮਹੀਨੇ ਟਾਲ ਮਟੋਲ ਕਰਨ ਤੋਂ ਬਾਅਦ ਸਰਕਾਰ ਸਾਫ ਮੁਕਰ ਗਈ ਕਿ ਅਸੀਂ ਅਪਣੇ ਗਲ ਵਿਚ ਰੱਸਾ ਆਪੇ ਕਿਵੇਂ ਪਵਾ ਲਈਏ। ਉਸ ਘੋਲ ਵਿਚੋਂ ਨਿਕਲੀ ਆਮ ਆਦਮੀ ਪਾਰਟੀ ਜਿਸ ਨੇ ਦਿੱਲੀ ਵਿਚ ਆਮ ਲੋਕਾਂ ਦੀ ਸਾਰ ਲੈਣੀ ਸ਼ੁਰੂ ਕੀਤੀ, ਸਰਕਾਰੀ ਚੌਧਰੀਆਂ ਦੀਆਂ ਵਧਕੀਆਂ ਖਿਲਾਫ ਲੋਕਾਂ ਨੂੰ ਜਥੇਬੰਦ ਕੀਤਾ। 2014 ਵਿਚ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ, ਜਿਸ ਵਿਚ ਪਾਰਟੀ ਨੇ ਪਾਰਟੀ ਉਮੀਦਵਾਰਾਂ ਦੀ ਚੋਣ-ਹਲਕੇ ਦੇ ਲੋਕਾਂ ਤੋਂ ਕਰਵਾਈ ਅਤੇ ਚੋਣ ਲੜੀ, ਜਿਸ ਦਾ ਨਤੀਜਾ ਹੈਰਾਨੀ ਜਨਕ ਆਇਆ। ਕਾਂਗਰਸ ਸਿਰਫ 8 ਸੀਟਾਂ ਜਿੱਤ ਸਕੀ, ਬੀ,ਜੇ,ਪੀ 34 ਤੇ ਨਵੀ ਬਣੀ ਆਮ,ਆਦਮੀ,ਪਾਰਟੀ 28 ਸੀਟਾਂ ਲੈ ਗਈ। ਕਾਂਗਰਸ ਨੇ ਬਿਨਾ ਸ਼ਰਤ ਆਮ,ਆਦਮੀ, ਪਾਰਟੀ ਨੂੰ ਹਿਮਾਇਤ ਦੇ ਦਿਤੀ, ਕੇਜਰੀਵਾਲ ਜੋ ਪਾਰਟੀ ਦਾ ਕਨਵੀਨਰ ਸੀ ਨੇ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕ ਕੇ ਮੰਤਰੀ ਮੰਡਲ ਬਣਾਇਆ ਤੇ ਲੋਕ-ਪਖੀ ਕੰਮ ਕਰਨੇ ਸ਼ੁਰੂ ਕਰ ਦਿਤੇ। ਕਾਂਗਰਸ ਨੂੰ ਉਸ ਦੇ ਲੋਕ-ਪਖੀ ਕੰਮ ਠੀਕ ਨਾ ਲਗੇ ਦੋ ਮਹੀਨੇ ਬਾਦ ਹੀ ਕਾਂਗਰਸ ਨੇ ਹਿਮਾਇਤ ਵਾਪਸ ਲੈ ਲਈ ਤੇ ਕੇਜਰੀਵਾਲ ਨੇ ਅਸਤੀਫਾ ਦੇ ਦਿਤਾ ਅਤੇ ਫਿਰ ਲੋਕ ਕਚਹਿਰੀ ਵਿਚ ਜਾ ਹਾਜਰ ਹੋਇਆ। ਅਗੇ ਆਈਆਂ 2014 ਦੀਆਂ ਲੋਕ-ਸਭਾ ਚੋਣਾਂ, ਆਮ,ਆਦਮੀ,ਪਾਰਟੀ ਦੀ ਦਿੱਲੀ ਵਿਚ ਹੋਈ ਜਿੱਤ ਨੇ ਸਾਰੇ ਦੇਸ ਦੀ ਜਨਤਾ ਨੂੰ ਹੈਰਾਨ ਕਰ ਦਿਤਾ। ਸਾਰੇ ਦੇਸ ਵਿਚੋਂ ਕੇਜਰੀਵਾਲ ਨੂੰ ਪਾਰਟੀ ਯੂਨਿਟ ਬਣਾਉਣ ਦੇ ਸਦੇ ਆਓਣ ਲਗੇ, ਤੇ ਆਪ ਮੁਹਾਰੇ ਯੂਨਿਟ ਬਣਨ ਲਗੇ, ਸ਼ਰੀਫ ਤੇ ਧੰਨੀ ਲੋਕ ਦਿਲ ਖੋਹਲ ਕੇ ਫੰਡ ਦੇਣ ਲਗੇ। ਪਾਰਟੀ ਨੇ ਸਾਰੇ ਦੇਸ ਵਿਚ 334 ਸੀਟਾਂ ਤੇ ਚੋਣ ਲੜੀ ਜਿੱਤ ਸਿਰਫ ਪੰਜਾਬ ਵਿਚ ਚਾਰ ਸੀਟਾਂ ਤੇ ਹੋਈ, ਪਰ ਪਾਰਟੀ ਸਾਰੇ ਦੇਸ ਵਿਚੋ ਪੋਲ ਹੋਈਆਂ ਸੀਟਾਂ ਦਾ 4% ਤੋਂ ਉਪਰ ਲੈ ਜਾਣ ਕਰਕੇ ਨੈਸ਼ਨਲ ਪਾਰਟੀ ਦਾ ਦਰਜਾ ਹਾਸਲ ਕਰ ਗਈ।

ਇਸ ਤੋਂ ਬਾਅਦ ਆਈਆਂ ਦੁਬਾਰਾ ਦਿੱਲੀ ਦੀਆਂ ਚੋਣਾਂ, ਉਹਨਾ ਵਿਚ ਆਮ ਅਦਮੀ, ਪਾਰਟੀ ਨੇ ਦਿੱਲੀ ਦੀਆ 70 ਸੀਟਾਂ ਵਿਚੋਂ 67 ਸੀਟਾਂ ਤੇ ਜਿੱਤ ਹਾਸਲ ਕੀਤੀ। ਜਿਸ ਨਾਲ ਕੇਜਰੀਵਾਲ ਨੂੰ ਹੰਕਾਰ ਹੋ ਗਿਆ, ਉਦੋਂ ਤੱਕ ਭਰਿਸ਼ਟ ਪਾਰਟੀਆਂ ਅਪਣੇ ਏਜੰਟ ਕੇਜਰੀਵਾਲ ਨਾਲ ਫਿੱਟ ਕਰ ਚੁਕੀਆਂ ਸਨ। ਉਸ ਨੇ ਅਪਣੀ ਪਾਰਟੀ ਦੇ ਮੋਡੀ ਪ੍ਰਸ਼ਾਂਤ ਭੂਸ਼ਨ ਅਤੇ ਜੋਗਿੰਦਰ ਯਾਦਵ ਪਾਰਟੀ ਵਿਚੋਂ ਕੱਢ ਦਿਤੇ, ਉਹਨਾਂ ਦੀ ਹਿਮਾਇਤ ਕਰਨ ਵਾਲੇ ਪੰਜਾਬ ਤੋਂ ਦੋ ਐਮ ਪੀ ਵੀ ਸਸਪੈਂਡ ਕਰ ਦਿਤੇ। ਪਾਰਟੀ ਵਿਚ ਆਮ ਆਦਮੀ ਦੀ ਥਾਂ ਖਾਸ ਆਦਮੀਆਂ ਦਾ ਠੱਗ ਟੋਲਾ ਭਾਰੂ ਹੋ ਗਿਆ। ਜਿਹਨਾਂ ਨੇ ਪੰਜਾਬ ਵਿਚ 2017 ਦਿਆਂ ਚੋਣਾਂ ਵਿਚ ਪਾਰਟੀ ਦੀਆਂ ਟਿਕਟਾਂ ਬੋਲੀ ਲਾ ਕੇ ਵੇਚੀਆਂ। ਜਿਸ ਦਾ ਨਤੀਜਾ ਇਹ ਨਿਕਲਿਆ ਕਿ 2014 ਦੀਆ ਚੋਣਾਂ ਵਿਚ 34 ਅਸੈਂਬਲੀ ਹਲਕੇ ਜਿਤਣ ਵਾਲੀ ਪਾਰਟੀ ਸਿਰਫ 20 ਸੀਟਾਂ ਤੇ ਸਿਮਟ ਕੇ ਰਹਿ ਗਈ। ਭਰਿਸ਼ਟ ਪਾਰਟੀ ਵਿਚੋਂ ਆਏ ਇਕ ਆਗੂ ਨੇ ਜੋ ਵਿਰੋਧੀ ਪਰਟੀ ਦਾ ਆਗੂ ਬਣਕੇ ਤਾਂ ਪਾਰਟੀ ਵਿਚ ਟਿਕਿਆ ਰਿਹਾ। ਜੱਦ ਵਿਰੋਧੀ ਧਿਰ ਦੇ ਆਗੂ ਦਾ ਅਹੁਦਾ ਬਦਲ ਦਿਤਾ ਗਿਆ, ਤਾਂ ਹੁਣ ਉਸ ਨੇ ਪਾਰਟੀ ਵਿਚ ਖਲਾਰੇ ਪਾਉਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਇਹ ਸਾਰਾ ਕੁਝ ਆਮ ਪਾਰਟੀ ਵਿਚ ਖਾਸ ਆਦਮੀ ਆ ਜਾਂਣ ਕਰਕੇ ਵਾਪਰ ਰਿਹਾ ਹੈ । ਪੰਜਾਬ ਵਿਧਾਨ ਸਭਾ ਦੀਆਂ 42 ਸੀਟਾਂ ਦਿੱਲੀ ਵਾਲੀ ਸੰਜੇ, ਦੁਰਗੇਸ਼, ਜੋੜੀ ਨੇ ਭਰਿਸ਼ਟ ਪਾਰਟੀਆਂ ਵਿਚੋਂ ਆਏ ਲੋਕਾਂ ਨੂੰ ਬੋਲੀ ਲਾਕੇ ਵੇਚੀਆਂ ਜਿਸ ਕਰਕੇ ਪਾਰਟੀ ਨੂੰ ਹਾਰ ਦਾ ਮੂੰਹ ਵੇਖਣਾ ਪਿਆ।

ਹੁਣ ਗੱਲ ਕਰਦੇ ਹਾਂ ਗਰੀਬ ਆਦਮੀ ਪਾਰਟੀ ਬਣਾਉਣ ਦੀ, ਉਸ ਦੀ ਮੈਂਬਰਸ਼ਿੱਪ ਦਾ ਪੈਮਾਨਾ ਕੀ ਹੋਣਾ ਚਾਹੀਦਾ ਹੈ? ਪਾਰਟੀ ਦੀ ਮੈਂਬਰ-ਸ਼ਿਪ ਦੀ ਕੇਹੜੇ ਲੋਕਾਂ ਨੂੰ ਦਿੱਤੀ ਜਾਵੇ? ਇਸ ਲਈ ਕੁਝ ਸੁਝਾ ਹਨ, ਜਿਨ੍ਹਾਂ ਨੂੰ ਵਧਾਇਆ ਘਟਾਇਆ ਵੀ ਜਾ ਸਕਦਾ ਹੈ। ਸੁਝਾਅ ਇਸ ਤਰਾਂ ਹਨ= (1) ਪੰਜ ਏਕੜ ਤੋਂ ਘੱਟ ਵਾਲਾ ਕਿਸਾਨ ਅਤੇ ਉਸ ਦੇ ਪ੍ਰਵਾਰ ਦਾ ਕੋਈ ਵੀ ਮੈਂਬਰ ਜਿਸ ਕੋਲ ਕਾਰ, ਕੋਠੀ ਜਾਂ ਹੋਰ ਅਧੁਨਿਕ ਸਹੂਲਤਾਂ ਨਾ ਹੋਣ। (2) ਛੋਟਾ ਦੁਕਾਨ ਦਾਰ ਅਤੇ ਉਸ ਦਾ ਪਰਿਵਾਰ, ਜਿਸ ਕੋਲ ਕਾਰ ਕੋਠੀ ਜਾਂ ਹੋਰ ਅਧੁਨਿਕ ਸਹੂਲਤਾਂ ਨਾ ਹੋਣ। (3)ਮੁਲਾਜਮ ਜਿਸ ਦੀ ਮਹੀਨੇ ਦੀ ਤਨਖਾਹ 20 ਹਜਾਰ ਮਹਿਨੇ ਤੋਂ ਵੱਧ ਨਾ ਹੋਵੇ ਅਤੇ ਉਸ ਦੇ ਪਰਿਵਾਰ ਮੈਂਬਰ (4) ਸਾਰੀ ਮਜਦੂਰ ਜਮਾਤ ਜਿਸ ਦੇ ਪਰਵਾਰ ਕੋਲ ਅਧੁਨਿਕ ਸਹੂਲਤਾਂ ਦੀ ਘਾਟ ਹੋਵੇ, ਸ਼ਹਿਰ ਵਿਚ 1000 ਸਕੇਅਰ ਫੁੱਟ ਤੋਂ ਵੱਡਾ ਮਕਾਨ ਨਾ ਹੋਵੇ। (5) ਇਹਨਾ ਸਾਰੇ ਵਰਗਾਂ ਵਿਚੋਂ ਆਏ ਵਿਦਿਆਰਥੀ ਜਿਨਾਂ ਕੋਲ ਸਕੂਲ ਜਾਣ ਲਈ ਵੱਡੇ ਮੋਟਰ ਸਾਈਕਲ ਜਾਂ ਕਾਰਾਂ ਨਾ ਹੋਣ। ਹਮਦਰਦ ਮੈਂਬਰ ਸ਼ਿਪ- ਸਾਰੇ ਉਹ ਲੋਕ ਜੋ ਇਮਾਨਦਾਰੀ ਦੀ ਕਮਾਈ ਕਰਦੇ ਹਨ, ਅਤੇ ਕਨੂੰਨ ਦਾ ਰਾਜ ਚਾਹੁੰਦੇ ਹਨ, ਪਾਰਟੀ ਦੀ ਹਮਦਰਦ ਮੈਂਬਰ ਸ਼ਿਪ ਲੈ ਸਕਣ। ਕਮਿਉਨਿਸਟ ਪਾਰਟੀਆਂ ਵਿਚੋਂ ਨਿਰਾਸ਼ ਹੋ ਕੇ ਘਰ ਬੈਠਾ ਕਾਡਰ, (ਅਹੁਦੇਦਾਰ ਨਹੀਂ) ਵੀ ਮੈਂਬਰ ਬਣ ਸਕਣ। ਜਿਨਾ ਚਿਰ ਅਮੀਰ ਅਤੇ ਗਰੀਬ, ਠਗਾਂ-ਚੋਰਾਂ ਅਤੇ ਭਲੇਮਾਣਸਾਂ, ਮੇਹਨਤਕਸ਼ਾਂ ਅਤੇ ਵੇਲੜਾਂ, ਬੇਈਮਾਂਨਾਂ ਅਤੇ ਇਮਾਨਦਾਰਾਂ ਵਿੱਚ ਜਮਾਤੀ ਲਕੀਰ ਨਹੀ ਖਿਚੀ ਜਾਂਦੀ, ਗਰੀਬਾ ਜਨਤਾ ਦਾ ਕਲਿਆਣ ਨਹੀ ਹੋ ਸਕਦਾ। ਗਰੀਬ ਜਨਤਾ ਦੇ ਕਲਿਆਣ ਲਈ ਗਰੀਬ ਜਨਤਾ ਦੇ ਧੀਆਂ ਪੁਤਰਾਂ ਨੂੰ ਹੀ ਇਕ ਮਜਬੂਤ ਪਾਰਟੀ ਬਨਾਉਣ ਲਈ ਹੀ ਅਗੇ ਆਉਣਾ ਪਵੇਗਾ। ਜਗੀਰਦਾਰਾਂ ਅਤੇ ਰਜਵਾੜਿਆਂ ਤੋਂ, ਦਾਲ ਰੋਟੀ ਦੀ ਭੀਖ ਨਹੀ ਮੰਗਣੀ, 70% ਗਰੀਬ ਜਨਤਾ ਨੇ ਰਾਜਸੀ ਤਾਕਤ ਤੇ ਕਬਜਾ ਕਰਨਾ ਹੈ।

# ਸ਼ੇਰਨੀ ਦੀ ਦਹਾੜ

**ਮੋਹਨ ਸ਼ਰਮਾ**

ਆਮ ਕਿਹਾ ਜਾਂਦਾ ਹੈ ਕਿ ਕੁੜੀਆਂ ਪਾਲਣੀਆਂ ਔਖੀਆਂ ਨਹੀਂ, ਸੰਭਾਲਣੀਆਂ ਔਖੀਆਂ ਹਨ। ਪਰ ਇਹ ਵੀ ਸੱਚ ਹੈ ਕਿ ਜੇਕਰ ਕੁੜੀਆਂ ਆਪਣੀ ਆਈ 'ਤੇ ਆ ਜਾਣ ਤਾਂ ਬਾਜ਼ ਵਾਂਗ ਝਪਟ ਕੇ ਨੈਤਿਕ ਕਦਰਾਂ ਕੀਮਤਾਂ ਦੀ ਕੰਗਾਲੀ ਭੋਗਣ ਵਾਲੇ ਨੂੰ ਮੂਧੇ ਮੂੰਹ ਪਟਕਾ ਕੇ ਮਾਰਨ ਦੀ ਸਮਰੱਥਾ ਵੀ ਰੱਖਦੀਆਂ ਹਨ। ਅਜਿਹਾ ਹੀ ਬਹਾਦਰੀ ਭਰਿਆ ਕਾਰਨਾਮਾ ਸੰਗਰੂਰ ਜ਼ਿਲ੍ਹੇ ਦੇ ਇੱਕ ਪਿੰਡ ਨਾਲ ਸਬੰਧਿਤ ਕੁੜੀ ਨੇ ਇੱਕ ਦਹਾਕਾ ਪਹਿਲਾਂ ਕੀਤਾ ਸੀ। ਹਰ ਰੋਜ਼ ਕਾਲਜ ਪੜ੍ਹਨ ਜਾਣ ਵਾਲੀ ਕੁੜੀ ਨੂੰ ਉਸੇ ਪਿੰਡ ਦਾ ਹੀ ਇੱਕ ਮੁੰਡਾ ਵਹਿਸ਼ੀ ਨਜ਼ਰਾਂ ਨਾਲ ਵਿੰਹਦਾ ਸੀ। ਕੁੜੀ ਧਰਤੀ ਵਾਂਗ ਸਭ ਕੁਝ ਸਹਿੰਦੀ ਰਹੀ। ਪਰ ਮੁੰਡੇ ਦੀ ਵਹਿਸ਼ੀ ਤੱਕਣੀ, ਭੱਦੇ ਇਸ਼ਾਰੇ ਅਤੇ ਕਦੇ ਕਦੇ ਬੋਲੇ ਜਾਂਦੇ ਹੋਛੇ ਜਿਹੇ ਸ਼ਬਦ ਦੇਖ ਕੇ ਸੁਣ ਕੇ ਉਹ ਚੁੱਪਚਾਪ ਅਗਾਂਹ ਲੰਘ ਜਾਂਦੀ। ਇਸ ਤਰ੍ਹਾਂ ਮੁੰਡੇ ਦਾ ਹੌਸਲਾ ਦਿਨ-ਬ-ਦਿਨ ਵਧਦਾ ਗਿਆ। ਕੁੜੀ ਇਕਾਂਤ ਵਿੱਚ ਬਹਿ ਕੇ ਉਸ ਦੀਆਂ ਘਟੀਆ ਪੱਧਰ ਦੀਆਂ ਹਰਕਤਾਂ ਬਾਰੇ ਗੰਭੀਰ ਹੋ ਕੇ ਸੋਚਦੀ, 'ਜੇ ਘਰ ਬਾਪੂ ਨੂੰ ਦੱਸਿਆ ਤਾਂ ਕੋਈ ਹੋਰ ਪੰਗਾ ਨਾ ਖੜ੍ਹਾ ਹੋ ਜਾਵੇ। ਇਕਲੌਤੇ ਵੀਰ ਨੇ ਵੀ ਇਹਦੇ ਸੀਰਮੇ ਪੀ ਜਾਣੇ ਨੇ। ਆਪਣੇ ਆਪ ਨੂੰ ਵੱਡਾ ਵੈਲੀ ਸਮਝ ਰਿਹਾ ਇਹ ਮੁੰਡਾ ਐਵੇਂ ਕਿਤੇ ਵੀਰ ਨੂੰ ਸੱਟ ਫੇਟ ਨਾ ਮਾਰ ਦੇਵੇ। ਇਸ ਨਾਲ ਤਾਂ ਦੋ ਘਰਾਂ ਦੀ ਪੱਕੇ ਤੌਰ 'ਤੇ ਦੁਸ਼ਮਣੀ ਪੈ ਜਾਊ। ਨਹੀਂੜ ਨਹੀਂੜ।" ਇਸੇ ਉਧੇੜ-ਬੁਣ ਵਿੱਚ ਕਈ ਦਿਨ ਲੰਘ ਗਏ। ਉਸ ਮੁੰਡੇ ਨੇ ਆਪਣੀਆਂ ਕੋਝੀਆਂ ਹਰਕਤਾਂ ਜਾਰੀ ਰੱਖੀਆਂ। ਪਿੰਡ ਦੇ ਅੱਡੇ ਤੋਂ ਕਾਲਜ ਦੇ ਗੇਟ ਤਕ ਉਸ ਕੁੜੀ ਦਾ ਪਿੱਛਾ ਕਰਨਾ, ਘਟੀਆ ਪੱਧਰ ਦੀਆਂ ਟਿੱਪਣੀਆਂ ਕਰਨਾ ਅਤੇ ਦੋਸਤੀ ਪਾਉਣ ਦੇ ਆਪਣੇ ਵਰਗੇ ਹੀ ਆਵਾਰਾ ਮੁੰਡਿਆਂ ਦੇ ਦੱਸੇ 'ਫਾਰਮੂਲਿਆਂ' ਰਾਹੀਂ ਉਹ ਪੈਂਤੜੇ ਬਦਲਦਾ ਰਿਹਾ, ਪਰ ਕੁੜੀ ਵੱਲੋਂ ਕੋਈ ਹੁੰਗਾਰਾ ਨਾ ਮਿਲਿਆ। ਉਸ ਦੀ ਖ਼ਾਮੋਸ਼ ਤੱਕਣੀ 'ਚੋਂ ਉਹ ਆਸ ਦੀ ਕਿਰਨ ਲੱਭਦਾ ਰਿਹਾ।

ਕੁੜੀ ਤਿੰਨ ਕੁ ਮਹੀਨੇ ਉਸ ਦੀਆਂ ਇਹ ਕਰਤੂਤਾਂ ਝੱਲਦੀ ਰਹੀ। ਇੱਕ ਦਿਨ ਉਹ ਬੱਸ ਵਿੱਚੋਂ ਉਤਰੀ ਤਾਂ ਉਹ ਉਹਦੇ 'ਸਵਾਗਤ' ਲਈ ਅੱਗੇ ਖੜ੍ਹਾ ਸੀ। ਸ਼ਰਮ ਹਯਾ ਦਾ ਪੱਲਾ ਛੱਡ ਕੇ ਉਹ ਕੁੜੀ ਲਈ ਪਟੋਲਾ, ਪੁਰਜ਼ਾ, ਹੀਰ, ਚੌਦਵੀਂ ਦਾ ਚੰਨ ਜਿਹੇ ਸ਼ਬਦ ਵਰਤਦਾ ਰਿਹਾ। ਉਸ ਨੇ ਕੁੜੀ ਦੇ ਘਰ ਤਕ ਉਸ ਦਾ ਪਿੱਛਾ ਕੀਤਾ ਅਤੇ ਫਿਰ ਸਿੱਧਾ ਆਪਣੇ ਘਰ ਵੱਲ ਚੱਲ ਪਿਆ। ਜਾਂਦੇ ਹੋਏ ਉਹ 'ਉਹਦਾ ਖਹਿੜਾ ਨਹੀਂ ਛੱਡਣਾ, ਭਾਵੇਂ ਲੱਗ ਜਾਣ ਹੱਥਕੜੀਆਂ' ਦਾ ਫ਼ਿਲਮੀ ਡਾਇਲਾਗ ਵੀ ਬੋਲ ਗਿਆ।

ਕੁੜੀ ਦੇ ਸਬਰ ਦਾ ਬੰਨ੍ਹ ਟੁੱਟ ਚੁੱਕਿਆ ਸੀ। ਉਸ ਨੇ ਚੱਜ ਨਾਲ ਰੋਟੀ ਵੀ ਨਹੀਂ ਖਾਧੀ। ਬੱਸ ਗੁੰਮ-ਸੁੰਮ ਜਿਹੀ ਬੈਠੀ ਰਹੀ। ਮਾਂ ਨੇ ਬਥੇਰਾ ਪੁੱਛਿਆ, "ਇਉਂ ਕਿਵੇਂ ਵਿੱਟਰੀ ਜਿਹੀ ਬੈਠੀ ਐਂ? ਕਿਸੇ ਨਾਲ ਝਗੜਾ ਤਾਂ ਨਹੀਂ ਹੋਇਆ? ਚੱਲ ਕੋਈ ਨਹੀਂ ਦਿਲ 'ਤੇ ਨਾ ਲਾ। ਰੋਟੀ ਖਾ ਕੇ ਥੋੜ੍ਹਾ ਚਿਰ ਆਰਾਮ ਕਰ ਲੈ। ਆਪੇ ਚਿੱਤ ਠੀਕ ਹੋ ਜਾਊਗਾ।"

"ਠੀਕ ਐ ਬੇਬੇ," ਕਹਿ ਕੇ ਉਹ ਆਪਣੇ ਕਮਰੇ ਵਿੱਚ ਚਲੀ ਗਈ। ਮਾਂ ਵੀ ਕੰਮ-ਕਾਰ ਕਾਰਨ ਥੱਕੀ ਹੋਈ ਮੰਜੇ 'ਤੇ ਪੈ ਗਈ।

ਉਸ ਨੇ ਤੁਰੰਤ ਮੁੰਡੇ ਨੂੰ ਸਬਕ ਸਿਖਾਉਣ ਦਾ ਇਰਾਦਾ ਕਰ ਲਿਆ। ਬਿਨਾਂ ਆਪਣੀ ਮਾਂ ਨਾਲ ਗੱਲ ਕੀਤਿਆਂ ਉਸ ਨੇ ਬਾਪੂ ਦੀ ਦੁਨਾਲੀ ਬੰਦੂਕ ਚੁੱਕ ਲਈ। ਇਕ ਸਿਖਰ ਦੁਪਹਿਰਾ, ਦੂਜਾ ਉਹਦੇ ਅੰਦਰ ਸਿਖਰ ਦੁਪਹਿਰੇ ਵਰਗੀ ਗਰਮੀ ਜਿਹਾ ਗੁੱਸਾ! ਉਹ ਹੱਥ ਵਿਚ ਦੁਨਾਲੀ ਫੜ ਕੇ ਮੁੰਡੇ ਦੇ ਘਰ ਵੱਲ ਤੁਰ ਪਈ।


ਉਸ ਨੇ ਆਲੇ-ਦੁਆਲੇ ਵੇਖਿਆ। ਦੁਪਹਿਰਾ ਹੋਣ ਕਾਰਨ ਗਲੀ ਸੁੰਨੀ ਪਈ ਸੀ। ਉਹਦੇ ਕਦਮ ਆਪਮੁਹਾਰੇ ਮੁੰਡੇ ਦੇ ਘਰ ਵੱਲ ਵਧ ਰਹੇ ਸਨ। ਉਹ ਮੁੰਡੇ ਦੇ ਘਰ ਮੂਹਰੇ ਖਲੋ ਗਈ। ਅੱਗ ਵਰ੍ਹਾਉਂਦੀਆਂ ਨਜ਼ਰਾਂ, ਗਰਜਵੀਂ ਆਵਾਜ਼ ਅਤੇ ਹੱਥ ਵਿੱਚ ਰੌਂਦਾਂ ਨਾਲ ਭਰੀ ਰਾਈਫਲ! ਉਸ ਨੇ ਮੁੰਡੇ ਦਾ ਨਾਂ ਲੈ ਕੇ ਲਲਕਾਰਾ ਮਾਰਿਆ, "ਨਿਕਲ ਉਏ ਜੰਟਿਆ ਬਾਹਰ, ਆ ਤੈਨੂੰ ਆਸ਼ਕੀ ਕਰਨੀ ਸਿਖਾਵਾਂ। ਬੰਦੇ ਦਾ ਪੁੱਤ ਐ ਤਾਂ ਹੁਣ ਕਰ ਉਹੀ ਬਕਵਾਸ ਜਿਹੜਾ ਰੋਜ਼ ਕਰਦੈਂ। ਨਿਕਲ ਬਾਹਰ ਤੇਰਾ ਬੂਥਾ ਭੰਨਾ। ਤੇਰੇ ਵਰਗੇ ਮੁਸ਼ਟੰਡੇ ਦੀਆਂ ਬੋਟੀਆਂ ਕਰਨੀਆਂ ਜਾਣਦੀਆਂ ਮੈਂ।" ਉਸ ਮੁੰਡੇ ਦੇ ਘਰ ਦੇ ਗੇਟ ਮੂਹਰੇ ਸ਼ੇਰਨੀ ਬਣ ਕੇ ਗਰਜਣ ਵਾਲੀ ਕੁੜੀ ਦੀ ਦਹਾੜ ਸੁਣ ਕੇ ਆਂਢੀ-ਗੁਆਂਢੀ ਵੀ ਆ ਗਏ। ਮੁੰਡੇ ਨੇ ਜਦੋਂ ਦਰਵਾਜ਼ੇ ਦੀਆਂ ਵਿਰਲਾਂ ਵਿਚਦੀ ਕੁੜੀ ਦੇ ਹੱਥ ਵਿੱਚ ਰਾਈਫਲ ਵੇਖੀ ਤਾਂ ਉਹ ਕੰਬ ਗਿਆ। ਉਸ ਨੂੰ ਮਰਨ ਮਾਰਨ 'ਤੇ ਉਤਾਰੂ ਕੁੜੀ ਦੇ ਇਸ ਡਰਾਉਣੇ ਰੂਪ ਨੂੰ ਵੇਖ ਕੇ ਮੁੰਡੇ ਨੂੰ ਹੱਥਾਂ ਪੈਰਾਂ ਦੀ ਪੈ ਗਈ। ਡਰਦਾ ਮਾਰਾ ਉਹ ਕੰਧ ਟੱਪ ਕੇ ਭੱਜ ਗਿਆ। ਮੁੰਡੇ ਦੀ ਮਾਂ, ਭੈਣ ਅਤੇ ਆਂਢੀ-ਗੁਆਂਢੀ ਕੁੜੀ ਦੇ ਆਲੇ-ਦੁਆਲੇ ਹੋ ਕੇ ਉਸ ਨੂੰ ਇਸ ਸਭ ਦਾ ਕਾਰਨ ਪੁੱਛਣ ਦੀ ਕੋਸ਼ਿਸ਼ ਕਰਨ ਲੱਗੇ। ਕੁੜੀ ਨੇ ਉਸ ਦੀ ਕਰਤੂਤ ਦਾ ਕੱਚਾ ਚਿੱਠਾ ਸਭ ਦੇ ਸਾਹਮਣੇ ਖੋਲ੍ਹਿਆ ਅਤੇ ਉਸ ਨੂੰ ਸੋਧਣ ਦੇ ਆਪਣੇ ਫ਼ੈਸਲੇ ਤੋਂ ਜਾਣੂ ਕਰਵਾਇਆ ਤਾਂ ਮੁੰਡੇ ਦੀ ਮਾਂ, ਭੈਣ ਅਤੇ ਆਂਢੀ-ਗੁਆਂਢੀਆਂ ਨੇ ਉਸ ਦਾ ਗੁੱਸਾ ਠੰਢਾ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਕੁੜੀ ਦੇ ਬਾਪੂ ਨੂੰ ਕਿਸੇ ਨੇ ਖੇਤ ਸੁਨੇਹਾ ਭੇਜ ਦਿੱਤਾ। ਉਹ ਵਾਹੋਦਾਹੀ ਭੱਜ ਕੇ ਆਇਆ। ਸਾਰੀ ਗੱਲ ਸੁਣ ਕੇ ਉਸ ਨੇ ਭਰੇ ਇਕੱਠ ਵਿੱਚ ਧੀ ਨੂੰ ਬੁੱਕਲ ਵਿੱਚ ਲੈਂਦਿਆਂ ਕਿਹਾ, "ਵਾਹ ਸ਼ੇਰ ਪੁੱਤਾ! ਮੈਨੂੰ ਤੇਰੇ 'ਤੇ ਮਾਣ ਐ। ਤੇਰੇ ਜਿਹੀਆਂ ਬਹਾਦਰ ਤੇ ਸਿਆਣੀਆਂ ਧੀਆਂ ਰੱਬ ਸਭ ਨੂੰ ਦੇਵੇ।" ਇੱਕ ਹੋਰ ਬਜ਼ੁਰਗ ਉਸ ਦੇ ਸਿਰ 'ਤੇ ਹੱਥ ਰੱਖਦਿਆਂ ਕਹਿ ਰਿਹਾ ਸੀ, "ਤੂੰ ਪਿੰਡ ਦੀਆਂ ਸਾਰੀਆਂ ਧੀਆਂ ਧਿਆਣੀਆਂ ਨੂੰ ਸੁਨੇਹਾ ਦਿੱਤੈ ਬਈ ਕੁੜੀਆਂ ਚਿੜੀਆਂ ਨਹੀਂ ਹੁੰਦੀਆਂ, ਲੋੜ ਪੈਣ 'ਤੇ ਬਾਜ਼ ਵੀ ਬਣ ਜਾਂਦੀਆਂ ਨੇ।"

ਉਹ ਇੱਕ ਹੱਥ ਵਿੱਚ ਪਿਤਾ ਦਾ ਹੱਥ ਅਤੇ ਦੂਜੇ ਹੱਥ ਵਿੱਚ ਰਾਈਫਲ ਫੜੀ ਜੇਤੂ ਅੰਦਾਜ਼ ਵਿੱਚ ਘਰ ਵੱਲ ਜਾ ਰਹੀ ਸੀ। ਲੋਕ ਪ੍ਰਸ਼ੰਸਾ ਭਰੀਆਂ ਨਜ਼ਰਾਂ ਨਾਲ ਉਸ ਵੱਲ ਵੇਖ ਰਹੇ ਸਨ। ਮੁੰਡੇ ਦੇ ਘਰ ਵਿੱਚ ਸੋਗੀ ਚੁੱਪ ਪਸਰੀ ਹੋਈ ਸੀ।

94171-48866

# # Me Too ਮੁਹਿੰਮ ਦੇ ਚਲਦਿਆਂ ਮਨ ਦੀਆਂ ਕੁਝ ਭਾਵਨਾਵਾਂ

**# Me Too ਰਰ ਮੁਹਿੰਮ ਦੇ ਚਲਦਿਆਂ ਮਨ ਦੀਆਂ ਕੁਝ ਭਾਵਨਾਵਾਂ ਨੂੰ ਇਕ ਨਿੱਕੀ ਜਿਹੀ ਕਹਾਣੀ ਦੇ ਰੂਪ ਵਿੱਚ ਪੇਸ਼ ਕਰ ਰਹੀ ਹਾਂ। ਮੈਂ ਕੋਈ ਲੇਖਕ ਨਹੀਂ ਹਾਂ ਇਸ ਲਈ ਕੁਝ ਖਾਮੀਆਂ ਵੀ ਰਹੀਆਂ ਹੋਣਗੀਆਂ। ਸੁਝਾਅ ਦਾ ਸਵਾਗਤ ਹੈ।**




ਸਾਡਾ ਕਾਹਦਾ ਮੀਟੂ

ਸ਼ਹਿਰ ਦੇ ਇੱਕ ਸ਼ਾਨਦਾਰ ਹੋਟਲ ਦੇ ਇੱਕ ਕਾਨਫਰੰਸ ਹਾਲ ਕਮਰੇ ਵਿਚ ਸਾਹਮਣੇ ਮੇਜ ਉੱਤੇ ਪਵਨ ਕਪੂਰ ਜੀ ਆਪਣੇ ਕੁਝ ਕਰਿੰਦਿਆ? ਨਾਲ ਬੈਠੇ ਪਤੱਰਕਾਰਾਂ ਦੇ ਸਵਾਲਾਂ ਦਾ ਜਵਾਬ ਦੇ ਰਹੇ ਹਨ ਮਹੌਲ ਬੜਾ ਹੀ ਗਰਮ ਹੈ ਪਰ ਪਵਨ ਕਪੂਰ ਦਾ ਜੋਸ਼ ਦੇਖਣ ਵਾਲਾ ਹੈ ਉਹ ਪੂਰੇ ਉਤਸ਼ਾਹ ਨਾਲ ਹਰ ਸਵਾਲ ਦਾ ਜਵਾਬ ਦੇ ਰਿਹਾ ਹੈ। ਇੱਕ ਪਤੱਰਕਾਰ ਨੇ ਪੁੱਛਿਆ, "ਤੁਸੀਂ ਇੰਨੀ ਵੱਡੀ ਕੰਪਨੀ ਦੇ ਮਾਲਕ ਹੋ" ਤੁਹਾਡੀ ਹੀ ਕੰਪਨੀ ਦੀ ਨਾਮਵਰ ਮਹਿਲਾ ਕਰਮਚਾਰੀ ਨੇ ਤੁਹਾਡੇ ਪਰਸਨਲ ਸੈਕਰੇਟਰੀ ਤੇ ਯੌਨ ਉਤਪੀੜਨ ਦਾ ਦੋਸ਼ ਲਾਇਆ ਹੈ, ਇਸ ਬਾਰੇ ਕੀ ਕਹੋਗੇ"?
ਪਵਨ ਕਪੂਰ ਨੇ ਰੋਹ ਭਰੀ ਅਵਾਜ਼ ਚ ਬੋਲਣਾ ਸ਼ੁਰੂ ਕੀਤਾ "ਦੇਖੋ ਜੀ ਮੈਂ ਹਮੇਸ਼ਾਂ ਹੀ ਔਰਤਾਂ ਦੇ ਅਧਿਕਾਰਾਂ ਦਾ ਪੱਖੀ ਰਿਹਾ ਹਾਂ। ਜਦੋਂ ਮੈਨੂੰ ਮੇਰੀ ਕੰਪਨੀ ਚ ਹੀ ਕੰਮ ਕਰਦੀ ਮਹਿਲਾ ਦੀ ਸ਼ਕਾਇਤ ਮਿਲੀ ਜੋ ਪਰੋਡੇਕਟ ਮੈਨੇਜਰ ਵੀ ਹੈ,ਕਿ ਉਸ ਨਾਲ ਮੇਰੇ ਸੈਕਰੇਟਰੀ ਦਾ ਵਿਵਹਾਰ ਠੀਕ ਨਹੀਂ ਹੈ ਉਹ ਉਸ ਨੂੰ ਤੰਗ-ਪ੍ਰੇਸ਼ਾਨ ਕਰ ਰਿਹਾ ਹੈ ਤਾਂ ਮੈਨੂੰ ਬਹੁਤ ਗੁੱਸਾ ਆਇਆ ਮੈਂ ਉਸੇ ਸਮੇਂ ਸੈਕਰੇਟਰੀ ਨੂੰ ਆਪਣੇ ਆਫਿਸ ਚ ਬੁਲਾ ਕੇ ਤਾੜਿਆ ਤੇ ਉਸਨੂੰ ਨੌਕਰੀ ਤੋਂ ਵੀ ਬਰਖਾਸਤ ਕਰ ਦਿੱਤਾ ਹੈ। ਅੱਗੇ ਹੋਰ ਬਣਦੀ ਕਾਰਵਾਈ ਲਈ ਵੀ ਅਸੀਂ ਯਤਨਸ਼ੀਲ ਰਹੇਂਗੇ ਤਾਂ ਜੋ ਪੀੜਤਾ ਨੂੰ ਪੂਰਾ ਇਨਸਾਫ਼ ਮਿਲ ਸਕੇ"।
ਸ਼ਾਮ ਹੋ ਗਈ ਸੀ ਤੇ ਪ੍ਰੈੱਸ ਕਾਨਫਰੰਸ ਵੀ ਪੰਜਾਂ ਦਸਾਂ ਮਿੰਟਾਂ ਚ ਖਤਮ ਹੋਣ ਵਾਲੀ ਸੀ। ਡਰਾਇਵਰ ਗੱਡੀ ਸਟਾਰਟ ਕਰਕੇ ਹੋਟਲ ਦੇ ਗੇਟ ਅੱਗੇ ਤਿਆਰ ਖੜਾ ਸੀ। ਪਵਨ ਕਪੂਰ ਲੰਮੇ-ਲੰਮੇ ਡੱਗ ਭਰਦਾ ਹੋਟਲ ਤੋਂ ਬਾਹਰ ਆਇਆ ਤੇ ਸਿੱਧਾ ਜਾ ਕੇ ਗੱਡੀ ਵਿਚ ਬੈਠ ਗਿਆ। ਡਰਾਇਵਰ ਨੇ ਗੱਡੀ ਘਰ ਵੱਲ ਨੂੰ ਪਾ ਦਿੱਤੀ। ਗੱਡੀ ਇੱਕ ਖੂਬਸੂਰਤ ਬੰਗਲੇ ਦੇ ਅੱਗੇ ਜਾ ਕੇ ਰੁਕਦੀ ਹੈ ਜਿਸ ਦੇ ਚਾਰੇ ਪਾਸੇ ਰੇਸ਼ਮੀ ਘਾਹ ਦੀ ਚਾਦਰ ਬਿਛੀ ਹੈ ਤੇ ਕਿਆਰੀਆਂ ਰੰਗ ਬਰੰਗੇ ਫੁੱਲਾਂ ਨਾਲ ਮਹਿਕ ਰਹੀਆਂ ਹਨ। ਸ਼ਾਮ ਦੇ ਸੱਤ ਵਜੱਣ ਵਾਲੇ ਸੀ। ਪਵਨ ਕਪੂਰ ਨੇ ਘਰ ਅੰਦਰ ਦਾਖਲ ਹੁੰਦਿਆਂ ਕੋਟ ਲਾਹ ਕੇ ਨੌਕਰ ਨੂੰ ਦੇ ਦਿੱਤਾ। ਪਵਨ ਕਪੂਰ ਦੀ ਬੇਟੀ ਜੋਤੀ ਲੀਵਿੰਗ ਰੂਮ ਚੋਂ ਦੌੜਦੀ ਹੋਈ ਆਉਂਦੀ ਹੈ, "ਪਾਪਾ ਜਲਦੀ ਆਉ ਤੁਹਾਡਾ ਪ੍ਰੈੱਸ ਇੰਟਰਵਿਉ ਆਉਣ ਲੱਗਾ ਹੈ ਟੀਵੀ ਤੇ"। ਸਾਰਾ ਪਰਿਵਾਰ ਜਿਸ ਵਿਚ ਪਵਨ ਕਪੂਰ ਦੀ ਪਤਨੀ ਬੇਟਾ, ਬੇਟੀ ਤੇ ਮਾਤਾ ਪਿਤਾ ਨੇ ਇਕੱਠੇ ਬੈਠ ਕੇ ਟੀਵੀ ਵੱਲ ਉਤਸੁਕਤਾ ਨਾਲ ਦੇਖਦੇ ਹਨ। ਪ੍ਰੋਗਰਾਮ ਸ਼ੁਰੂ ਹੁੰਦਾ ਹੈ। "ਮੈਨੂੰ ਤਾਂ ਪਤਾ ਈ ਨੀ ਸੀ ਮੇਰਾ ਮੁੰਡਾ ਏਡਾ ਸੋਹਣਾ ਬੋਲਦਾ"। ਪਵਨ ਦੀ ਮਾਂ ਨੇ ਉਸਦੇ ਪਿਤਾ ਵੱਲ ਨੂੰ ਹੱਥ ਕਰਕੇ ਉਸਦਾ ਧਿਆਨ ਆਪਣੇ ਵੱਲ ਖਿਚੱਦਿਆਂ ਕਿਹਾ।
"ਡੈਡੀ ਤੁਸੀਂ ਸੱਚੀ ਬਹੁਤ ਵਧੀਆ ਸਪੀਚ ਦਿੱਤੀ ਆ"। ਉਸਦੇ ਬੇਟੇ ਨੇ ਕਿਹਾ।
ਜੋਤੀ ਕੋਲ ਹੀ ਸੋਫੇ ਦੀ ਢੋਅ ਲਾਕੇ ਹੇਠਾਂ ਵਿਛੇ ਗਲੀਚੇ ਤੇ ਬੈਠੀ ਸੀ। ਉਸ ਦੀਆਂ ਅੱਖਾਂ ਵਿਚ ਚਮਕ ਸੀ ਉਹ ਟੀਵੀ ਦੇਖਦੇ ਦੇਖਦੇ ਵਿਚੋਂ ਦੀ ਨਿਗਾਹ ਘੁਮਾ ਕੇ ਆਪਣੇ ਡੈਡੀ ਵੱਲ ਦੇਖ ਰਹੀ ਸੀ ਉਸ ਨੂੰ ਉਹ ਕਿਸੇ ਸੁਪਰ ਹਿਰੋ ਜਿਹਾ ਲੱਗ ਰਿਹਾ ਸੀ। ਉਸ ਨੇ ਕਿਹਾ ਮੰਮੀ ਡੈਡੀ ਤੁਸੀਂ ਸਾਰੇ ਇੱਥੇ ਈ ਬੈਠੇ ਰੇਹੋ ਪ੍ਰੋਗਰਾਮ ਖਤਮ ਹੋਣ ਮਗਰੋਂ ਮੈਂ ਤੁਹਾਡੇ ਨਾਲ ਇਕ ਗਲ ਕਰਨੀ ਆ। ਮੋਬਾਇਲ ਦੀ ਰਿੰਗ ਵਜੱਦੀ ਹੈ। ਪਵਨ ਕਪੂਰ ਗੱਲ ਕਰਨ ਲਈ ਕਮਰੇ ਤੋਂ ਬਾਹਰ ਚਲਿਆ ਜਾਂਦਾ ਹੈ। ਸੀਤਾ ਰਸੋਈ ਵਿਚ ਭਾਂਡੇ ਸਾਫ਼ ਕਰਨ ਮਗਰੋਂ ਕਾਹਲੀ ਕਾਹਲੀ ਟਿਕਾ ਰਹੀ ਹੈ। ਅੱਜ ਉਹ ਜਿਆਦਾ ਹੀ ਲੇਟ ਹੋ ਗਈ ਹੈ ਤੇ ਉਸ ਦਾ ਸਾਰਾ ਧਿਆਨ ਘਰ ਵਿਚ ਇਕੱਲੇ ਬੈਠੇ ਉਸ ਦਾ ਰਾਹ ਤਕੱਦੇ ਬੱਚਿਆਂ ਵੱਲ ਹੈ। ਉਸ ਦਾ ਘਰ ਜੋ ਲੋਹੇ ਦੀਆਂ ਚਾਦਰਾਂ ਦਾ ਬਨਿਆ ਹੈ ਸ਼ਹਿਰ ਦੇ ਬਾਹਰੋ ਬਾਹਰ ਵਸੀ ਮਜ਼ਦੂਰਾਂ ਦੀ ਇੱਕ ਬਸਤੀ ਵਿੱਚ ਹੈ ਜਿਥੋਂ ਕੰਮ ਤੇ ਆਉਣ ਜਾਣ ਨੂੰ ਹੀ ਉਸ ਨੂੰ ਚਾਲੀ ਮਿੰਟ ਤੋਂ ਜਿਆਦਾ ਸਮਾ ਲਗਦਾ।
ਆਸਮਾਨ ਵਿੱਚ ਬਦੱਲ ਛਾਏ ਹੋਣ ਕਰਕੇ ਹਨੇਰਾ ਜਲਦੀ ਹੋ ਗਿਆ ਸੀ। ਪਵਨ ਕਪੂਰ ਮੁਸਕਰਾਉਂਦਿਆਂ ਹੋਇਆਂ ਰਸੋਈ ਵਿਚ ਆਇਆ ਤੇ ਫਰਿੱਜ ਵਿਚੋਂ ਪਾਣੀ ਦੀ ਬੋਤਲ ਕੱਢ ਕੇ ਪੀਣ ਲਗ ਗਿਆ। ਸੀਤਾ ਨੇ ਉਸ ਦੀ ਖੁਸ਼ੀ ਦਾ ਕਾਰਨ ਪੁੱਛਿਆ ਤਾਂ ਉਸਨੇ ਜਵਾਬ ਦਿੱਤਾ ਕਿ ਉਸਨੂੰ ਇੱਕ ਬਹੁਤ ਵੱਡੀ ਬਿਜ਼ਨਸ ਡੀਲ ਮਿਲੀ ਹੈ। ਉਸ ਨੇ ਗੱਲ ਨੂੰ ਅੱਗੇ ਤੋਰਦਿਆਂ ਕਿਹਾ, "ਤੂੰ ਮੇਰਾ ਇੰਟਰਵਿਉ ਨੀ ਸਕੀ ਨਾ, ਚਲ ਕੋਈ ਨੀ ਜਦੋਂ ਦੁਆਰਾ ਰਿਪੀਟ ਟੈਲੀਕਾਸਟ ਆਉ ਓਦੋਂ ਦੇਖ ਲੀਂ"। ਏਦੀਂ ਗੱਲਾਂ ਕਰਦੇ ਉਸ ਨੇ ਸੀਤਾ ਦਾ ਹੱਥ ਫੜ ਲਿਆ। ਸੀਤਾ ਨੇ ਪਵਨ ਕਪੂਰ ਨੂੰ ਪਿਛਾਂਅ ਧੱਕਦਿਆਂ ਆਪਣਾ ਹੱਥ ਛਡਾਇਆ। ਉਸ ਨੂੰ ਸਮਝ ਨੀ ਆ ਰਿਹਾ ਕਿ ਉਹ ਚੁੱਪ ਰਹੇ ਜਾਂ ਰੌਲਾ ਪਾਵੇ ਪਰ ਜੇ ਉਹ ਰੌਲਾ ਪਾਉਂਦੀ ਵੀ ਹੈ ਤਾਂ ਨੌਕਰ ਤੋਂ ਹੱਥ ਧੋ ਬੈਠੇਗੀ। ਘਰ ਵਿਚ ਇਕ ਉਹੀ ਤਾਂ ਕਮਾਉ ਹੈ। ਉਸ ਦੇ ਪਤੀ ਦੀ ਤਾਂ ਦੋ ਸਾਲ ਪਹਿਲਾਂ ਹੀ ਕਾਰਖਾਨੇ ਵਿਚ ਕੰਮ ਕਰਦਿਆਂ ਮੌਤ ਹੋ ਚੁੱਕੀ ਹੈ। ਪਵਨ ਕਪੂਰ ਫਿਰ ਉਸ ਵੱਲ ਵਧਦਾ ਹੈ ਸ਼ੈਲਫ ਉਤੋਂ ਗਲਾਸ ਚਕੱਣ ਦੇ ਬਹਾਨੇ। ਉਹ ਪੂਰੀ ਤਰਾਂ ਆਪਣੇ ਆਪ ਨੂੰ ਉਸਦੇ ਉੱਪਰ ਝੁਕਾ ਦਿੰਦਾ ਹੈ। ਇੰਨੇ ਨੂੰ ਜੋਤੀ ਰਸੋਈ ਵਿਚ ਦਾਖਲ ਹੁੰਦੀ ਹੈ ਤੇ ਆਪਣੇ ਡੈਡੀ ਦੀ ਇਹ ਹਰਕਤ ਦੇਖ ਕੇ ਦੰਗ ਰਹਿ ਜਾਂਦੀ ਹੈ। ਪਵਨ ਕਪੂਰ ਭਵਤੱਰ ਕੇ ਪਿੱਛੇ ਮੁੜਕੇ ਦੇਖਦਾ ਹੈ। ਉਸ ਹੱਥੋਂ ਕੱਚ ਦਾ ਗਿਲਾਸ ਛੁੱਟ ਕੇ ਟੁੱਟ ਜਾਂਦਾ ਹੈ ਨਾਲ ਹੀ ਜੋਤੀ ਦੇ ਮਨ ਅੰਦਰ ਵਸੀ ਸੁਪਰ ਹੀਰੋ ਦੀ ਛਵੀ ਵੀ ਜੋ ਉਸਨੇ ਆਪਣੇ ਡੈਡੀ ਲਈ ਉਕੇਰੀ ਸੀ। ਜਿਸ ਨਾਲ ਉਸ ਨੇ ਆਪਣੇ ਨਾਲ ਕਾਲਜ ਵਿਚ ਇਕ ਟੀਚਰ ਵਲੋਂ ਹੋਏ ਯੌਨ ਉਤਪੀੜਨ ਦੀ ਗਲ ਸਾਂਝੀ ਕਰਨੀ ਸੀ ਜਿਸ ਨੇ ਕਈ ਹਫਤਿਆਂ ਤੋਂ ਉਸ ਨੂੰ ਸੌਣ ਨਹੀਂ ਦਿੱਤਾ ਸੀ। ਪਰ ਉਹ ਕੁਝ ਵੀ ਬੋਲੇ ਬਿਨਾ ਉਥੋਂ ਚਲੀ ਗਈ। ਸੀਤਾ ਵੀ ਘਰ ਜਾਣ ਲਈ ਬਾਹਰ ਆ ਗਈ। ਜੋ ਕੁਝ ਵੀ ਅੱਜ ਉਸ ਨਾਲ ਹੋਇਆ ਸੀ ਉਸ ਬਾਰੇ ਸੋਚ ਕੇ ਉਸ ਦਾ ਸਾਹ ਘੁਟਦਾ ਸੀ। ਉਹ ਕਿਸ ਨਾਲ ਸਾਂਝਾ ਕਰੇ ਆਪਣਾ ਦੁੱਖ। ਉਸਨੇ #ਮੀਟੂ ਬਾਰੇ ਸੁਣਿਆ ਸੀ ਜਿਸ ਦੀ ਹਰ ਪਾਸੇ ਚਰਚਾ ਹੋ ਰਹੀ ਸੀ ਪਰ ਉਸਦੀ ਪਹੁੰਚ ਤੋ ਇਹ ਦੂਰ ਸੀ। ਇਸ ਦੇ ਲਈ ਵੀ ਘੱਟੋ-ਘਟ ਸਰਦੇ ਪੁਜਦੇ ਮਧੱਵਰਗੀ ਹੋਣਾ ਜਰੂਰੀ ਸੀ। ਤੇ ਉਹ ਤਾਂ ਲੋਕਾਂ ਦੇ ਘਰਾਂ ਵਿਚ ਭਾਂਡੇ ਮਾਂਜਣ ਵਾਲੀ ਆ ਉਸ ਦੀ ਕਹਾਣੀ ਤੋਂ ਤਾਂ ਕਿਸੇ ਨੂੰ ਮਨੋਰੰਜਨ ਤਕ ਵੀ ਨੀ ਮਿਲਣਾ।

Rimpy gill-Birmingham, United Kingdom

# ਗੌਤਮ ਰਿਸ਼ੀ ਦੇ ਘਰੇ ਜੋ ਚੰਦ ਚਾੜ੍ਹਿਆ, ਸੁਹਾਗਣਾਂ ਉਹ ਚੰਦ ਵੇਂਹਦੀਆਂ

ਛੁੱਟੀ ਭੈਣ ਜੀ ਸਕੂਲ ਵਿਚੋਂ ਲੈ ਗਏ
ਕਰੂਏ ਦੇ ਵਰਤਾਂ ਦੀ

ਗੌਤਮ ਰਿਸ਼ੀ ਦੇ ਘਰੇ ਜੋ ਚੰਦ ਚਾੜ੍ਹਿਆ,
ਸੁਹਾਗਣਾਂ ਉਹ ਚੰਦ ਵੇਂਹਦੀਆਂ

ਇੱਕ ਅਧਿਆਪਕ ਮਿੱਤਰ ਦਾ ਫੋਨ ਆਇਆ ਕਿ ਅਸੀਂ ਸਕੂਲ ਵੱਲੋਂ ਬੱਚੀਆਂ ਨੂੰ 26 ਅਕਤੂਬਰ ਨੂੰ ਸਾਇੰਸ ਸਿਟੀ ਕਪੂਰਥਲਾ ਦਿਖਾਉਣ ਲੈ ਕੇ ਜਾਵਾਂਗੇ।

ਇਸ ਦਿਨ ਕਰਵਾ ਚੌਥ ਦੇ ਵਰਤ ਰੱਖੇ ਜਾਣਗੇ। ਸਾਡੇ ਸਾਇੰਸ ਆਧਿਆਪਕਾ (M.Sc.) ਕਹਿੰਦੇ ਮੈਂ ਕਰਵਾ ਚੌਥ ਦਾ ਵਰਤ ਰੱਖਣਾ ਹੈ। ਅਸੀਂ ਕਿਹਾ ਕਿ ਬੱਚਿਆਂ ਨੂੰ ਸਾਇੰਸ ਸਿਟੀ ਵਿਖੇ ਕੌਣ ਸਮਝਾਵੇਗਾ ਸਾਇੰਸ ਬਾਰੇ...?

ਕੀ ਇਹ ਹਾਲ ਹੈ ਸਾਡੇ ਪੜ੍ਹੀਆਂ ਲਿਖੀਆਂ ਸਾਇੰਸ ਅਧਿਆਪਕ ਬੀਬੀਆਂ ਦਾ...?

ਕਰਵਾਚੌਥ ਦਾ ਤਿਉਹਾਰ ਨਾਲ ਜੁੜੀਆਂ ਕਹਾਣੀਆਂ ਤੋਂ ਲੱਗਦਾ ਹੈ ਇਸ ਦੀ ਸਿਰਜਣਾ ਵੀ ਕਮਾਲ ਦੇ ਮਹਾਨ ਗੱਪ ਛੜੱਪ ਹੀ ਹਨ।

ਜਿਸ ਚੰਦਰਮਾ ਨੂੰ ਔਰਤਾਂ ਸਾਰਾ ਦਿਨ ਵਰਤ ਰੱਖਣ ਤੇ ਦੇਰ ਰਾਤ ਚੜ੍ਹਦੇ ਚੰਦ ਨੂੰ ਮੱਥੇ ਲਾ ਕੇ ਵਰਤ ਤੋੜਦੀਆਂ ਹਨ। ਉਹ ਸਾਡੀ ਧਰਤੀ ਦਾ ਉਪ ਗ੍ਰਹਿ ਹੈ। ਉਸ ਦੀ ਆਪਣੀ ਕੋਈ ਰੌਸ਼ਨੀ ਨਹੀਂ ਹੈ।

ਇੱਕ ਮਿਥਿਹਾਸਕ ਕਥਾ ਅਨੁਸਾਰ ਜਦੋਂ ਇੰਦਰ ਦੇਵਤਾ ਗੌਤਮ ਰਿਸ਼ੀ ਦੀ ਘਰਵਾਲੀ ਅਹੱਲਿਆ ਨਾਂ ਦੀ ਔਰਤ 'ਤੇ ਮੋਹਤ ਹੋ ਗਿਆ ਸੀ ਤਾਂ ਇੱਕ ਰਾਤ ਉਹ ਚੰਦਰਮਾ ਨੂੰ ਆਪਣੇ ਨਾਲ ਸਹਿਯੋਗੀ ਬਣਾ ਕੇ ਗੌਤਮ ਰਿਸ਼ੀ ਦੇ ਘਰ ਉਸਦੀ ਪਤਨੀ ਦੀ ਇੱਜਤ ਲੁੱਟਣ ਜਾਂਦਾ ਹੈ।

ਕਥਾ ਅਨੁਸਾਰ ਇੰਦਰ ਦੇਵਤਾ ਚੰਦਰਮਾ ਨੂੰ ਕੁੱਕੜ ਬਣ ਕੇ ਅੱਧੀ ਰਾਤ ਨੂੰ ਬਾਂਗ ਦੇਣ ਲਈ ਕਹਿੰਦਾ ਹੈ ਤੇ ਜਦੋਂ ਕੁੱਕੜ ਨੇ ਬਾਂਗ ਦੇ ਦਿੱਤੀ ਤਾਂ ਗੌਤਮ ਰਿਸ਼ੀ ਗੰਗਾ ਵਿੱਚ ਇਸ਼ਨਾਨ ਕਰਨ ਲਈ ਚੱਲ ਪਿਆ।

ਇੰਦਰ ਗੌਤਮ ਦੇ ਘਰ ਪਾੜ ਲਾਉਣ ਲਗਦਾ ਹੈ। ਉਧਰ ਕਹਿੰਦੇ ਗੰਗਾ ਸੁੱਤੀ ਪਈ ਹੁੰਦੀ ਹੈ। ਉਹ ਅੱਧੀ ਰਾਤ ਨੂੰ ਜਗਾਉਣ 'ਤੇ ਸਰਾਪ ਦਿੰਦੀ ਹੈ ਕਿ ਜਾਹ ਤੇਰਾ ਘਰ ਪੱਟਿਆ ਗਿਆ ਹੈ। ਉਹ ਭੱਜ ਕੇ ਘਰ ਆਉਂਦਾ ਹੈ ਚੰਦਰਮਾ ਦੇ ਗਿੱਲੀ ਧੋਤੀ ਮਾਰਦਾ ਹੈ, ਜੋ ਕਿ ਚੰਦਰਮਾ 'ਤੇ ਦਾਗ ਦਿਖਾਈ ਦਿੰਦਾ ਹੈ।

ਜਿਹੜਾ ਚੰਦਰਮਾ ਕਿਸੇ ਔਰਤ ਦੇ ਸੁਹਾਗ ਉਜਾੜਨ ਵਿੱਚ ਭਾਗੀਦਾਰ ਹੋਵੇ, ਔਰਤਾਂ ਉਸ ਚੰਦਰਮਾ ਨੂੰ ਮੱਥੇ ਲਗਾ ਕੇ ਵਰਤ ਤੋੜਦੀਆਂ ਹਨ। ਆਪਣੇ ਸੁਹਾਗ ਦੀਆਂ ਸ਼ੁੱਭਕਾਮਨਾਵਾਂ ਮੰਗਦੀਆਂ ਹਨ...?

**ਗੌਤਮ ਰਿਸ਼ੀ ਦੇ ਘਰੇ ਜੋ ਚੰਦ ਚਾੜ੍ਹਿਆ,**
**ਸੁਹਾਗਣਾਂ ਉਹ ਚੰਦ ਵੇਂਹਦੀਆਂ**

ਕਰਵਾਚੌਥ ਦਾ ਤਿਉਹਾਰ ਔਰਤਾਂ ਦੀ ਮਾਨਸਿਕ ਗੁਲਾਮੀ ਦਾ ਚਿੰਨ ਹੈ ਜੋ ਪੀੜ੍ਹੀ ਦਰ ਪੀੜ੍ਹੀ ਵਿਗਿਆਨ ਦੇ ਯੁੱਗ ਨਾਲ ਫੁੱਲ ਫਲ ਵੀ ਰਿਹਾ ਹੈ।

ਮਿਥਿਹਾਸਕ ਕਹਾਣੀਆਂ ਕਰਮਕਾਂਡ ਵਿੱਚ ਬਦਲ ਗਈਆਂ ਹਨ। ਕਰਮਕਾਂਡ ਨੂੰ ਅਸੀਂ ਭੇਡ ਚਾਲ ਵਿੱਚ ਲਾਗੂ ਕਰਨ ਲਈ ਸਦੀਆਂ ਤੋਂ ਯਤਨਸ਼ੀਲ ਹਾਂ।

ਹਨੇਰਾ ਢੋਅ ਕੇ ਜਿੰਦਗੀ ਜਿਉਣ ਲਈ ਅਸੀਂ ਮਿੱਥਾਂ ਦੀਆਂ ਬੁੱਢੀਆਂ ਪੈਰੀਂ ਪਈਆਂ ਬੇੜੀਆਂ ਨੂੰ ਸਵੀਕਾਰ ਕਰ ਲਿਆ ਹੈ।

ਜਿਵੇਂ ਵੱਡੇ ਵਡੇਰਿਆਂ ਨੇ ਲੀਹ ਤੋਰੀ ਹੈ ਅਸੀਂ ਉਸ ਨੂੰ ਤਬਦੀਲ ਨਹੀਂ ਕੀਤਾ, ਉਵੇਂ ਸਵੀਕਾਰ ਕਰ ਲਿਆ ਹੈ।

ਨਵੀਆਂ ਲੀਹਾਂ ਪਾਉਣ ਵਾਲੇ ਮੁਹਰੈਲ ਨਹੀਂ ਬਣੇ ਸਗੋਂ ਲਕੀਰ ਦੇ ਫ਼ਕੀਰ ਬਣ ਕੇ ਟਾਈਮ ਪਾਸ ਕਰੀ ਜਾਂਦੇ ਹਾਂ।

ਮਰਦ ਪ੍ਰਧਾਨ ਸਮਾਜ ਵਿੱਚ ਔਰਤਾਂ ਨੂੰ ਜਗੀਰੂ ਕਦਰਾਂ ਕੀਮਤਾਂ ਦੇ ਸਾਏ ਹੇਠ ਬਚਪਨ, ਜਵਾਨੀ 'ਤੇ ਬੁਢਾਪੇ ਨੂੰ ਸਿਰ ਸੁੱਟ ਕੇ ਜਿਉਣ ਦਾ ਕੁੱਢਰ ਢੰਗ ਹੀ ਸਿਖਾਉਂਦਾ ਹੈ।

ਕਰਵਾਚੌਥ ਦਾ ਤਿਉਹਾਰ ਔਰਤਾਂ ਵਲੋਂ ਅਪਣੇ ਪਤੀ ਦੀ ਲੰਮੀ ਉਮਰ ਦੀ ਕਾਮਨਾ ਤੇ ਸੁਹਾਗ ਵਾਸਤੇ ਇਸ ਵਰਤ ਦੀਆਂ ਪ੍ਰਚਲਤ ਧਾਰਨਾਵਾਂ ਹਨ।

ਕੀ ਕਿਸੇ ਔਰਤ ਦੇ ਇੱਕ ਦਿਨ ਭੁੱਖੇ ਰਹਿਣ ਨਾਲ ਉਸਦੇ ਪਤੀ ਦੀ ਉਮਰ ਲੰਮੀ ਹੋ ਸਕਦੀ ਹੈ? ਬਿਲਕੁਲ ਨਹੀਂ।

ਕਿਸੇ ਕੁਆਰੀ ਕੁੜੀ ਦੇ ਭੁੱਖੇ ਰਹਿਣ ਨਾਲ ਚੰਦ ਵਰਗਾ ਵਰ (ਪਤੀ) ਧਰਿਆ ਪਿਆ ਮਿਲ ਸਕਦਾ ਹੈ?

ਭਾਰਤ ਅੰਦਰ 83 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹਨ।

ਇਹਨਾਂ ਚੋਂ ਕਿੰਨੀਆਂ ਔਰਤਾਂ ਦੇ ਪਤੀ ਲੰਮੀ ਉਮਰ ਮਾਣਦੇ ਹਨ?

ਕੀ ਵਰਤ ਰੱਖਣ ਕਰਕੇ ਉਹਨਾਂ ਲੋਕਾਂ/ ਮੁੰਡਿਆਂ ਦੇ ਮੁੱਖ 'ਤੇ ਕੀ ਚੰਦ ਵਰਗੀ ਲਾਲੀ ਹੋਵੇਗੀ ਜੋ 20 ਰੁਪੈ ਰੋਜਾਨਾ ਆਮਦਨ ਹੋਣ ਕਰਕੇ ਹਮੇਸ਼ਾ ਹੀ ਵਰਤ 'ਤੇ ਰਹਿੰਦੇ ਹਨ?

ਪੰਜਾਬ ਅੰਦਰ ਖੁਦਕੁਸ਼ੀਆਂ ਕਰਦੇ ਕਿਸਾਨਾਂ ਦੀਆਂ ਔਰਤਾਂ ਦੇ ਵਰਤ ਰੱਖੇ ਕਿਸ ਕੰਮ ਆਏ..?

ਆਓ ਨਵੇਂ ਸਮਾਜ ਦੀ ਸਿਰਜਣਾ ਲਈ ਇਹਨਾਂ ਮਿਥਿਹਾਸਕ ਕਹਾਣੀਆਂ ਨੂੰ ਕਬਰਾਂ ਵਿੱਚ ਦਫ਼ਨਾਈਏ। ਉਹਨਾਂ ਉਪਰ ਵਿਗਿਆਨਕ ਸੋਚ ਦੇ ਬੂਟੇ ਲਾਈਏ।

ਸਾਡੇ ਘਰਾਂ ਵਿੱਚ, ਸਮਾਜ ਵਿੱਚ ਔਰਤ ਪ੍ਰਤੀ ਰੂੜ੍ਹੀਵਾਦੀ ਧਾਰਨਾਵਾਂ ਨੂੰ ਨੂੰ ਨੰਗਿਆਂ ਕਰੀਏ। ਔਰਤਾਂ ਨੂੰ ਬਰਾਬਰ ਦੇ ਮਨੁੱਖ ਮੰਨੀਏ।

**-ਜਗਸੀਰ ਜੀਦਾ**

# ਬੁੱਧੀਜੀਵੀਆਂ ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ ਕਿੰਨਾ ਕੁ ਹਾਂਪੱਖੀ

-ਬੂਟਾ ਸਿੰਘ ਨਵਾਂਸ਼ਹਿਰ
94634-74342



ਆਖ਼ਿਰ ਇਕ ਮਹੀਨੇ ਬਾਦ 29 ਸਤੰਬਰ ਨੂੰ ਮੁਲਕ ਦੀ ਸੁਪਰੀਮ ਕੋਰਟ ਦੇ ਬੈਂਚ ਵੱਲੋਂ ਘਰਾਂ ਵਿਚ ਨਜ਼ਰਬੰਦ ਪੰਜ ਸ਼ਖ਼ਸੀਅਤਾਂ ਗੌਤਮ ਨਵਲੱਖਾ, ਐਡਵੋਕੇਟ ਸੁਧਾ ਭਾਰਦਵਾਜ, ਪ੍ਰੋਫੈਸਰ ਵਰਾਵਰਾ ਰਾਓ, ਐਡਵੋਕੇਟ ਅਰੁਣ ਫ਼ਰੇਰਾ ਅਤੇ ਪ੍ਰੋਫੈਸਰ ਵਰਨੋਨ ਗੋਂਜ਼ਾਲਵਿਜ਼ ਦੀ ਗ੍ਰਿਫ਼ਤਾਰੀ ਦੇ ਮਾਮਲੇ ਵਿਚ ਜੋ ਪਾਟਵਾਂ ਫ਼ੈਸਲਾ ਸੁਣਾਇਆ ਗਿਆ ਉਹ ਗੰਭੀਰ ਪੜਚੋਲ ਦੀ ਮੰਗ ਕਰਦਾ ਹੈ। ਮਹਾਂਰਾਸ਼ਟਰ ਦੇ ਮੁੱਖ ਮੰਤਰੀ ਫੜਨਵੀਸ ਅਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਵੱਲੋਂ ਫ਼ੈਸਲੇ ਉੱਪਰ ਖ਼ੁਸ਼ੀ ਜ਼ਾਹਿਰ ਕਰਨਾ ਸੁਭਾਵਿਕ ਹੈ ਕਿਉਂਕਿ ਸੁਪਰੀਮ ਕੋਰਟ ਨੇ ਦਖ਼ਲ ਦੇਣ ਤੋਂ ਨਾਂਹ ਕਰਕੇ ਮਹਾਂਰਾਸ਼ਟਰ ਪੁਲਿਸ ਦੇ ਹੱਥ ਮਜ਼ਬੂਤ ਕਰ ਦਿੱਤੇ ਜੋ ਬੇਕਸੂਰਾਂ ਨੂੰ ਜੇਲ੍ਹਾਂ ਵਿਚ ਡੱਕਕੇ ਮਨੁੱਖੀ ਹੱਕਾਂ ਦਾ ਘੋਰ ਘਾਣ ਕਰਨ ਤੇ ਮਨਮਾਨੀਆਂ ਲਈ ਨਹਾਇਤ ਬਦਨਾਮ ਹੈ ਅਤੇ ਜਿਸ ਦੇ ਜਾਇੰਟ ਕਮਿਸ਼ਨਰ ਅਤੇ ਐਡੀਸ਼ਨਲ ਡਾਇਰੈਕਟਰ ਜਨਰਲ ਪੱਧਰ ਦੇ ਉੱਚ ਅਧਿਕਾਰੀਆਂ ਨੂੰ ਮੀਡੀਆ ਅਦਾਲਤ ਲਾਕੇ ਉੱਘੀਆਂ ਸ਼ਖ਼ਸੀਅਤਾਂ ਦੀ ਕਿਰਦਾਰਕੁਸ਼ੀ ਕਰਨ ਤੋਂ ਵੀ ਗੁਰੇਜ਼ ਨਹੀਂ।

ਦੂਜੇ ਪਾਸੇ, ਉਹਨਾਂ ਹਿੱਸਿਆਂ ਨੂੰ ਇਸ ਫ਼ੈਸਲੇ ਨਾਲ ਮਾਯੂਸੀ ਹੋਈ ਹੈ ਜਿਹਨਾਂ ਨੂੰ ਉਮੀਦ ਸੀ ਕਿ ਸਰਵਉੱਚ ਅਦਾਲਤ ਜਾਅਲੀ ਸਬੂਤਾਂ ਨੂੰ ਸਵੀਕਾਰ ਨਹੀਂ ਕਰੇਗੀ ਅਤੇ ਮਾਮਲੇ ਨੂੰ ਖ਼ਾਰਜ ਕਰ ਦੇਵੇਗੀ। ਲੇਕਿਨ ਪੰਜ ਪਟੀਸ਼ਨਕਰਤਾ ਸ਼ਖ਼ਸੀਅਤਾਂ ਅਨੁਸਾਰ ਸੁਪਰੀਮ ਕੋਰਟ ਦਾ ਫ਼ੈਸਲਾ ਸਵਾਗਤਯੋਗ ਹੈ ਕਿਉਂਕਿ ਉਹ ਇਸ ਪਾਸੇ ਨਿਆਂ ਪ੍ਰਣਾਲੀ ਦਾ ਧਿਆਨ ਖਿੱਚਣ ਵਿਚ ਕਾਮਯਾਬ ਰਹੇ ਕਿ ਰਾਜ ਦੀਆਂ ਤਾਕਤਾਂ ਯੂ.ਏ.ਪੀ.ਏ. ਵਰਗੇ ਜਾਬਰ ਕਾਨੂੰਨਾਂ ਦੀ ਕਿੰਨੀ ਘੋਰ ਦੁਰਵਰਤੋਂ ਕਰ ਰਹੀਆਂ ਹਨ। ਕਿ ਹਾਲ ਦੀ ਘੜੀ ਜਮਹੂਰੀ ਹੱਕਾਂ ਦੇ ਕਾਰਕੁੰਨਾਂ ਦੀ ਆਜ਼ਾਦੀ ਅਤੇ ਮਾਣ-ਸਨਮਾਨ ਨੂੰ ਖ਼ਤਰਾ ਟਲ ਗਿਆ ਅਤੇ ਘੱਟਸੰਮਤੀ ਫ਼ੈਸਲੇ ਨੇ ਉਹਨਾਂ ਵੱਲੋਂ ਲਏ ਸਟੈਂਡ ਦੀ ਪੁਸ਼ਟੀ ਕਰ ਦਿੱਤੀ ਹੈ। ਉਹਨਾਂ ਨੂੰ ਇਹ ਵੀ ਤਸੱਲੀ ਹੈ ਕਿ ਪੂਰਾ ਮੁਲਕ ਇਕ ਮਹੀਨੇ ਤੋਂ ਇਸ ਮਾਮਲੇ ਨੂੰ ਸੁਣ ਰਿਹਾ ਸੀ। ਇਸ ਮਾਮਲੇ ਨਾਲ ਇਹ ਸਪਸ਼ਟ ਹੋ ਗਿਆ ਕਿ ਯੂ.ਏ.ਪੀ.ਏ. ਵਰਗੇ ਕਾਨੂੰਨਾਂ ਦਾ ਗ਼ਲਤ ਇਸਤੇਮਾਲ ਕੋਈ ਵਿਰਲਾ-ਟਾਵਾਂ ਮਾਮਲਾ ਨਹੀਂ। ਪਟੀਸ਼ਨਕਰਤਾਵਾਂ ਨੇ ਆਪਣੇ ਸਾਂਝੇ ਬਿਆਨ ਵਿਚ ਦੋ ਤਰ੍ਹਾਂ ਦੀ ਦਹਿਸ਼ਤਗਰਦੀ ਦੀ ਗੱਲ ਕਰਦਿਆਂ ਕਿਹਾ ਕਿ "ਸਟੇਟ ਦੇ ਕਾਰਿੰਦਿਆਂ ਦੀਆਂ ਗ਼ੈਰਕਾਨੂੰਨੀ ਅਤੇ ਨਜਾਇਜ਼ ਕਾਰਵਾਈਆਂ" ਦੂਜੀ ਕਿਸਮ ਦੀ ਦਹਿਸ਼ਤਗਰਦੀ ਹੈ ਜੋ "ਹਿੰਸਾ ਨੂੰ ਅੰਜਾਮ ਦੇਣ ਵਾਲੇ ਅਸਲ ਦੋਸ਼ੀਆਂ ਦਾ ਪਿੱਛਾ ਕਰਨ ਦੀ ਬਜਾਏ ਆਪਣੀਆਂ ਤਾਕਤਾਂ ਦਾ ਇਸਤੇਮਾਲ ਉਹਨਾਂ ਨੂੰ ਸਤਾਉਣ ਲਈ ਕਰਦੀਆਂ ਹਨ ਜਿਹਨਾਂ ਨੂੰ ਉਹਨਾਂ ਦੇ ਮੌਜੂਦਾ ਮਾਲਕਾਂ ਦੀ ਸਿਆਸਤ ਮਨਜ਼ੂਰ ਨਹੀਂ।" ਇਹ ਮਹੱਤਵਪੂਰਨ ਹੈ ਕਿ ਇਹਨਾਂ ਸਿਰਮੌਰ ਸ਼ਖ਼ਸੀਅਤਾਂ ਨੇ ਰਾਜਕੀ ਦਹਿਸ਼ਤਗਰਦੀ ਦਾ ਗੰਭੀਰ ਨੋਟਿਸ ਲਿਆ ਹੈ।

ਨਿਸ਼ਚੇ ਹੀ ਇਸ ਫ਼ੈਸਲੇ ਕੁਛ ਹਫ਼ਤੇ ਰਾਹਤ ਮਿਲ ਗਈ ਨਹੀਂ ਤਾਂ ਹੁਣ ਤਕ ਇਹਨਾਂ ਪੰਜਾਂ ਨੂੰ ਵੀ ਤੁਰੰਤ ਪਹਿਲਾਂ ਗ੍ਰਿਫ਼ਤਾਰ ਕੀਤੇ ਪੰਜ ਸਾਥੀਆਂ ਪ੍ਰੋਫੈਸਰ ਸ਼ੋਮਾ ਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਸੁਧੀਰ ਧਾਵਲੇ, ਮਹੇਸ਼ ਰਾਵਤ ਅਤੇ ਰੋਨਾ ਵਿਲਸਨ ਦੀ ਤਰ੍ਹਾਂ ਮਹਾਂਰਾਸ਼ਟਰ ਦੀਆਂ ਜੇਲ੍ਹਾਂ ਵਿਚ ਸੁੱਟ ਦਿੱਤਾ ਜਾਣਾ ਸੀ। ਪਰ, ਯੂ.ਏ.ਪੀ.ਏ. ਵਰਗੇ ਬੇਮਿਸਾਲ ਜਾਬਰ ਕਾਨੂੰਨਾਂ ਨਾਲ ਲੈਸ ਪੁਲਿਸ ਰਾਜ ਮਨਮਾਨੀਆਂ ਦੇ ਮੱਦੇਨਜ਼ਰ ਬੁਨਿਆਦੀ ਸਵਾਲ ਇਹ ਹੈ: ਕੀ ਇਹ ਫ਼ੈਸਲਾ ਪੁਲਿਸ ਦੀਆਂ ਮਨਮਾਨੀਆਂ ਉੱਪਰ ਰੋਕ ਲਾਉਂਦਾ ਹੈ ਜਾਂ ਉਹਨਾਂ ਨੂੰ ਵਾਜਬੀਅਤ ਮੁਹੱਈਆ ਕਰਦਾ ਹੈ? ਇਹਨਾਂ ਲੋਕਪੱਖੀ ਬੁੱਧੀਜੀਵੀਆਂ ਨੂੰ ਪੁਣੇ ਪੁਲਿਸ ਵੱਲੋਂ 28 ਅਗਸਤ ਨੂੰ ਇੱਕੋ ਵਕਤ ਜੰਗੀ ਪੈਮਾਨੇ 'ਤੇ ਉਹਨਾਂ ਦੇ ਘਰਾਂ ਉੱਪਰ ਛਾਪੇ ਮਾਰਕੇ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹਨਾਂ ਨੂੰ ਜੂਨ ਵਿਚ ਗ੍ਰਿਫ਼ਤਾਰ ਕੀਤੀਆਂ ਪੰਜ ਸ਼ਖ਼ਸੀਅਤਾਂ ਪ੍ਰੋਫੈਸਰ ਸ਼ੋਮਾ ਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਦਲਿਤ ਚਿੰਤਕ ਸੁਧੀਰ ਧਾਵਲੇ, ਕਾਰਕੁੰਨ ਮਹੇਸ਼ ਰਾਵਤ ਅਤੇ ਰੋਨਾ ਵਿਲਸਨ ਦੇ ਮਾਮਲੇ ਨਾਲ ਜੋੜਿਆ ਗਿਆ। ਪਹਿਲਾਂ ਉਹਨਾਂ ਬਾਰੇ ਕਿਹਾ ਗਿਆ ਕਿ ਉਹ ਭੀਮਾ-ਕੋਰੇਗਾਓਂ ਵਿਖੇ ਹਿੰਸਾ ਭੜਕਾਉਣ ਲਈ ਜ਼ਿੰਮੇਵਾਰ ਹਨ। ਬਾਦ ਵਿਚ ਪੁਲਿਸ ਨੇ ਕਹਾਣੀ ਬਦਲਕੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ "ਸ਼ਹਿਰੀ ਨਕਸਲੀ" ਹਨ ਅਤੇ ਰੋਨਾ ਵਿਲਸਨ ਦੇ ਲੈਪਟਾਪ ਵਿੱਚੋਂ ਕਥਿਤ ਤੌਰ 'ਤੇ ਬਰਾਮਦ ਹੋਈਆਂ ਚਿੱਠੀਆਂ ਦੱਸਦੀਆਂ ਹਨ ਕਿ ਇਹ "ਸ਼ਹਿਰੀ ਨਕਸਲੀ" ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼ ਰਚ ਰਹੇ ਸਨ। ਸੰਗੀਨ ਜੁਰਮਾਂ ਤਹਿਤ ਜਮਹੂਰੀ ਕਾਰਕੁੰਨਾਂ ਦੀਆਂ ਧੜਾਧੜ ਗ੍ਰਿਫ਼ਤਾਰੀਆਂ ਨਾਲ ਬੌਧਿਕ ਹਲਕਿਆਂ ਵਿਚ ਹਾਹਾਕਾਰ ਮੱਚਣੀ ਸੁਭਾਵਿਕ ਸੀ। ਮੁਲਕ ਦੀਆਂ ਉੱਘੀਆਂ ਸ਼ਖ਼ਸੀਅਤਾਂ ਇਤਿਹਾਸਕਾਰ ਰੋਮਿਲਾ ਥਾਪਰ, ਅਰਥਸ਼ਾਸਤਰੀ ਪ੍ਰੋਫੈਸਰ ਪ੍ਰਭਾਤ ਪਟਨਾਇਕ ਅਤੇ ਪ੍ਰੋਫੈਸਰ ਦੇਵਕੀ ਜੈਨ, ਸਮਾਜ ਵਿਗਿਆਨੀ ਪ੍ਰੋਫੈਸਰ ਸਤੀਸ਼ ਦੇਸ਼ਪਾਂਡੇ ਅਤੇ ਮਨੁੱਖੀ ਅਧਿਕਾਰਾਂ ਦੀ ਸੀਨੀਅਰ ਐਡਵੋਕੇਟ ਮਾਜਾ ਦਾਰੂਵਾਲਾ ਨੇ ਫ਼ੌਰੀ ਤੌਰ 'ਤੇ ਉੱਦਮ ਕਰਕੇ ਗ੍ਰਿਫ਼ਤਾਰੀਆਂ ਦੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਦਖ਼ਲ ਦੀ ਮੰਗ ਕੀਤੀ। ਸੁਪਰੀਮ ਕੋਰਟ ਨੇ ਮਹਾਂਰਾਸ਼ਟਰ ਪੁਲਿਸ ਦੇ ਟਰਾਂਜ਼ਿਟ ਰਿਮਾਂਡ ਉੱਪਰ ਆਰਜ਼ੀ ਰੋਕ ਲਾਉਂਦਿਆਂ ਆਦੇਸ਼ ਦਿੱਤਾ ਕਿ ਜਦੋਂ ਤਕ ਇਸ ਪਟੀਸ਼ਨ ਦੀ ਸੁਣਵਾਈ ਮੁਕੰਮਲ ਨਹੀਂ ਹੁੰਦੀ ਪੁਲਿਸ ਇਹਨਾਂ ਸ਼ਖ਼ਸੀਅਤਾਂ ਨੂੰ ਟਰਾਂਜ਼ਿਟ ਰਿਮਾਂਡ ਉੱਪਰ ਪੁਣੇ ਨਹੀਂ ਲਿਜਾ ਸਕਦੀ। ਪਟੀਸ਼ਨ ਦੇ ਨਿਬੇੜੇ ਤਕ ਉਹਨਾਂ ਨੂੰ ਪੁਲਿਸ ਦੇ ਪਹਿਰੇ ਹੇਠ ਘਰਾਂ ਵਿਚ ਬੰਦ ਰੱਖਿਆ ਗਿਆ। ਇਸ ਦਖ਼ਲ ਨਾਲ ਪੁਲਿਸ ਦੀ ਇਹਨਾਂ ਸ਼ਖ਼ਸੀਅਤਾਂ ਨੂੰ ਪਾਬੰਦੀਸ਼ੁਦਾ ਸੀ.ਪੀ.ਆਈ.(ਮਾਓਵਾਦੀ) ਨਾਲ ਸਬੰਧਤ ਹੋਣ ਦੇ ਇਲਜ਼ਾਮ ਤਹਿਤ ਜਾਬਰ ਕਾਨੂੰਨ ਯੂ.ਏ.ਪੀ.ਏ. ਲਗਾਕੇ ਫਟਾਫਟ ਅਣਮਿੱਥੇ ਸਮੇਂ ਲਈ ਜੇਲ ਵਿਚ ਡੱਕਣ ਦੀ ਸਾਜ਼ਿਸ਼ ਨਾਕਾਮ ਹੋ ਗਈ। ਸੱਤਾ ਦੇ ਦਲਾਲ ਸਰਕਾਰੀ ਵਕੀਲਾਂ ਨੂੰ ਪੂਰੀ ਤਾਕਤ ਸਰਵਉੱਚ ਅਦਾਲਤ ਨੂੰ ਪੁਲਿਸ ਦੀ ਮਨਘੜਤ ਕਹਾਣੀ ਬਾਰੇ ਕਾਇਲ ਕਰਨ ਉੱਪਰ ਲਗਾਉਣੀ ਪੈ ਗਈ।

ਇਸ ਫ਼ੈਸਲੇ ਤੋਂ ਜ਼ਾਹਿਰ ਹੈ ਕਿ ਪੁਣੇ ਪੁਲਿਸ ਵੱਲੋਂ ਰਾਜਸੀ ਇਸ਼ਾਰੇ 'ਤੇ ਘੜਿਆ ਬੇਬੁਨਿਆਦ ਪੁਲੰਦਾ ਬੈਂਚ ਨੂੰ ਧੁਰ ਅੰਦਰੋਂ ਕਾਇਲ ਨਹੀਂ ਕਰ ਸਕਿਆ। ਭਾਵੇਂ ਬਹੁਸੰਮਤੀ ਫ਼ੈਸਲੇ ਨੇ ਪੁਲਿਸ ਵੱਲੋਂ ਪੇਸ਼ ਕਹਾਣੀ ਨੂੰ ਮੰਨ ਲਿਆ ਲੇਕਿਨ ਘੱਟਗਿਣਤੀ ਦੇ ਅਸਹਿਮਤੀ ਵਾਲੇ ਫ਼ੈਸਲੇ ਅਤੇ ਸਖ਼ਤ ਟਿੱਪਣੀਆਂ ਤੋਂ ਜ਼ਾਹਿਰ ਹੈ ਕਿ ਬਹੁਸੰਮਤੀ ਨੇ ਪਟੀਸ਼ਨ ਦਾ ਫ਼ੈਸਲਾ ਤੱਥਾਂ ਨੂੰ ਦਰਕਿਨਾਰ ਕਰਕੇ ਅਤੇ ਪੁਲਿਸ ਦੀਆਂ ਮਨਮਾਨੀਆਂ ਬਾਰੇ ਅੱਖਾਂ ਮੀਟਕੇ ਲਿਆ। ਦਰਅਸਲ, ਇਹ ਸੱਤਾਧਾਰੀ ਬੌਸਾਂ ਦੇ ਦਬਾਓ ਹੇਠ ਲਿਆ ਸਿਆਸੀ ਫ਼ੈਸਲਾ ਸੀ। ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਤੱਥ ਸਾਹਮਣੇ ਲਿਆਂਦਾ ਕਿ 27 ਸਤੰਬਰ ਦੀ ਸ਼ਾਮ ਨੂੰ ਸੁਪਰੀਮ ਕੋਰਟ ਦੀ ਵੈੱਬਸਾਈਟ ਉੱਪਰ ਜੋ ਸੂਚਨਾ ਪਾਈ ਗਈ ਸੀ ਉਸ ਮੁਤਾਬਿਕ ਇਹ ਫ਼ੈਸਲਾ ਜਸਟਿਸ ਚੰਦਰ ਚੂਹੜ ਨੇ ਲਿਖਣਾ ਸੀ। ਜਸਟਿਸ ਚੰਦਰ ਚੂਹੜ ਨਿਆਂਸ਼ਾਸਤਰ ਦੇ ਤਰਕ ਅਨੁਸਾਰ ਫ਼ੈਸਲੇ ਦੇਣ ਲਈ ਜਾਣੇ ਜਾਂਦੇ ਹਨ ਅਤੇ ਉਹਨਾਂ ਦੇ ਫ਼ੈਸਲੇ ਕਈ ਵਾਰ ਸੱਤਾਧਾਰੀਆਂ ਲਈ ਸਮੱਸਿਆ ਖੜ੍ਹੀ ਕਰ ਦਿੰਦੇ ਹਨ। ਇਸ ਲਈ ਜਦੋਂ ਜਸਟਿਸ ਚੰਦਰ ਚੂਹੜ ਵੱਲੋਂ ਫ਼ੈਸਲਾ ਲਿਖੇ ਜਾਣ ਦੀ ਸੂਹ ਮਹਾਂਰਾਸ਼ਟਰ ਸਰਕਾਰ ਨੂੰ ਮਿਲੀ ਤਾਂ ਸੱਤਾਧਾਰੀ ਬੌਸਾਂ ਨੇ ਚੀਫ਼ ਜਸਟਿਸ ਦੀਪਕ ਮਿਸ਼ਰਾ ਉੱਪਰ ਫ਼ੈਸਲਾ ਲਿਖਣ ਲਈ ਦਬਾਓ ਪਾਇਆ ਹੋਵੇਗਾ। ਇਸ ਤਰ੍ਹਾਂ ਰਾਤੋਰਾਤ ਦੋ ਫ਼ੈਸਲੇ ਹੋਂਦ ਵਿਚ ਆ ਗਏ ਅਤੇ ਜਸਟਿਸ ਚੰਦਰਚੂਹੜ ਦਾ ਫ਼ੈਸਲਾ ਘੱਟਗਿਣਤੀ ਵਿਚ ਰਹਿ ਗਿਆ। ਜਸਟਿਸ ਦੀਪਕ ਮਿਸ਼ਰਾ ਜਾਂਦੇ ਜਾਂਦੇ ਵੀ ਆਪਣੇ ਰਾਜਸੀ ਆਕਾਵਾਂ ਨੂੰ ਵੱਡੀ ਰਾਹਤ ਦੇ ਗਿਆ।

ਸੁਣਵਾਈ ਦੌਰਾਨ ਪੁਣੇ ਪੁਲਿਸ ਅਤੇ ਸਰਕਾਰੀ ਵਕੀਲ ਵੱਲੋਂ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਦਾ ਸਨਸਨੀਖ਼ੇਜ਼ ਇਲਜ਼ਾਮ ਚੁਪਚੁਪੀਤੇ ਹੀ ਠੰਡੇ ਬਸਤੇ ਵਿਚ ਪਾ ਲਿਆ ਗਿਆ। ਬਹੁਗਿਣਤੀ ਬੈਂਚ ਨੇ ਉਹਨਾਂ ਪੁਲਿਸ ਅਧਿਕਾਰੀਆਂ ਦੀ ਸਖ਼ਤੀ ਨਾਲ ਜਵਾਬਤਲਬੀ ਕਰਨ ਦੀ ਕੋਈ ਜ਼ਰੂਰਤ ਮਹਿਸੂਸ ਨਹੀਂ ਕੀਤੀ ਜਿਹਨਾਂ ਨੇ ਮਕਬੂਲ ਸ਼ਖ਼ਸੀਅਤਾਂ ਨੂੰ ਪ੍ਰਧਾਨ ਮੰਤਰੀ ਦੀ ਹੱਤਿਆ ਦੇ ਸਾਜ਼ਿਸ਼ਘਾੜੇ ਬਣਾਕੇ ਮੀਡੀਆ ਵਿਚ ਪੇਸ਼ ਕੀਤਾ ਅਤੇ ਜਾਂਚ ਦੀ ਬਜਾਏ ਮੀਡੀਆ ਟਰਾਇਲ ਜ਼ਰੀਏ ਉਹਨਾਂ ਦਾ ਅਕਸ ਵਿਗਾੜਿਆ। ਬਹੁਸੰਮਤੀ ਦੀ ਇਸ ਟਿੱਪਣੀ ਵਿਚ ਡੂੰਘੇ ਅਰਥ ਸਮੋਏ ਹੋਏ ਹਨ ਕਿ "ਮੌਜੂਦਾ ਪੜਾਅ 'ਤੇ ਸਮੱਗਰੀ (ਕਥਿਤ ਸਬੂਤਾਂ) ਦੀ ਸਮਰੱਥਾ ਜਾਂ ਇਸਦੇ ਲੋੜੀਂਦੀ ਹੋਣ ਦਾ ਮੁਲਅੰਕਣ ਨਹੀਂ ਕੀਤਾ ਜਾ ਸਕਦਾ ਨਾ ਹੀ ਇਹ ਜਾਂਚ ਕਰਨਾ ਸੰਭਵ ਹੈ ਕਿ ਇਹ ਸੱਚੀ ਹੈ ਜਾਂ ਮਨਘੜਤ ਕਿਉਂਕਿ ਇਹ ਧਿਰਾਂ ਪ੍ਰਤੀ ਪੱਖਪਾਤ ਦਾ ਕਾਰਨ ਬਣੇਗਾ। ਜੇ ਉਹਨਾਂ ਦੇ ਖ਼ਿਲਾਫ਼ ਕੋਈ ਸਬੂਤ ਨਹੀਂ ਤਾਂ ਉਚਿਤ ਪੜਾਅ ਉੱਪਰ ਮੁਲਜ਼ਿਮ ਇਸ ਨੂੰ ਖ਼ਾਰਜ ਕਰਵਾਏ ਜਾਣ ਦੀ ਚੋਣ ਕਰ ਸਕਦੇ ਹਨ।" ਇਹੀ ਤਾਂ ਰਾਜਸੀ ਬੌਸਾਂ ਦੇ ਇਸ਼ਾਰੇ 'ਤੇ ਪੁਲਿਸ ਦਾ ਮਨੋਰਥ ਹੈ ਕਿ ਮੁਲਜ਼ਿਮ ਖ਼ੁਦ ਨੂੰ ਬੇਕਸੂਰ ਸਾਬਤ ਕਰਨ ਲਈ ਕਈ ਕਈ ਸਾਲ ਜੇਲ੍ਹਾਂ ਵਿਚ ਸੜਦੇ ਰਹਿਣ। ਇਸ ਤੋਂ ਸੁਪਰੀਮ ਕੋਰਟ ਦੇ ਉਹਨਾਂ ਜੱਜਾਂ ਦਾ ਅਸਲ ਚਿਹਰਾ ਬੇਨਕਾਬ ਹੋ ਜਾਂਦਾ ਹੈ ਜੋ ਭਾਰਤ ਦੇ ਤਾਨਾਸ਼ਾਹ ਸਟੇਟ ਦੇ ਪਰੈਸ਼ਰ ਕੁੱਕਰ ਨੂੰ ਫਟ ਜਾਣ ਤੋਂ ਬਚਾਉਣ ਲਈ "ਜਮਹੂਰੀਅਤ ਲਈ ਸੇਫਟੀਵਾਲਵ ਜ਼ਰੂਰੀ" ਹੋਣ ਦੀਆਂ ਨਸੀਹਤਾਂ ਦਿੰਦੇ ਹਨ ਅਤੇ ਨੰਗੀ ਧੱਕੇਸ਼ਾਹੀ ਦੇ ਮਾਮਲਿਆਂ ਵਿਚ ਅੱਖਾਂ ਮੀਟਕੇ ਸੱਤਾ ਪੱਖੀ ਫ਼ੈਸਲੇ ਸੁਣਾਉਂਦੇ ਹਨ।

ਚੀਫ਼ ਜਸਟਿਸ ਆਫ ਇੰਡੀਆ ਦੀਪਕ ਮਿਸ਼ਰਾ ਦੀ ਮੋਦੀ ਸਰਕਾਰ ਨਾਲ ਨੇੜਤਾ ਜੱਗ ਜ਼ਾਹਿਰ ਹੈ। ਉਸ ਉੱਪਰ ਬੈਂਚ ਬਣਾਉਣ ਵੇਲੇ ਮਨਮਾਨੀਆਂ ਕਰਨ ਅਤੇ ਚੋਣਵੇਂ ਮਾਮਲੇ ਆਪਣੀ ਪਸੰਦ ਦੇ ਬੈਂਚਾਂ ਦੇ ਹਵਾਲੇ ਕਰਨ ਦੇ ਇਲਜ਼ਾਮ ਸੁਪਰੀਮ ਕੋਰਟ ਦੇ ਸੀਨੀਅਰ ਜੱਜਾਂ ਵੱਲੋਂ ਹੀ ਲਗਾਏ ਜਾ ਚੁੱਕੇ ਹਨ। ਇਹ ਹੈਰਾਨੀ ਦੀ ਗੱਲ ਨਹੀਂ ਜੇ ਜਸਟਿਸ ਦੀਪਕ ਮਿਸ਼ਰਾ ਨੇ ਇਹ ਮਾਮਲਾ ਸੁਣਵਾਈ ਲਈ ਆਪਣੇ ਹੱਥ ਵਿਚ ਰੱਖਕੇ ਮਹਾਂਰਾਸ਼ਟਰ ਪੁਲਿਸ ਦੀ ਨਹਾਇਤ ਘਿਣਾਉਣੀ ਭੂਮਿਕਾ ਨੂੰ ਵਾਜਬੀਅਤ ਮੁਹੱਈਆ ਕੀਤੀ ਅਤੇ ਪੁਲਿਸ ਵੱਲੋਂ ਘੜੀ ਗਈ ਕਹਾਣੀ ਉੱਪਰ ਸਰਵਉੱਚ ਅਦਾਲਤ ਦੀ ਮੋਹਰ ਲਗਾਕੇ ਇਸ ਨਾਜ਼ੁਕ ਘੜੀ ਸੰਘ ਬਰਗੇਡ ਨੂੰ ਅਗਲੇਰੀ ਬਦਨਾਮੀ ਤੋਂ ਬਚਾ ਲਿਆ। ਇਹ ਹੈਰਾਨੀ ਨਹੀਂ ਹੋਵੇਗੀ ਜੇ ਹੁਣ ਸੇਵਾਮੁਕਤ ਹੋ ਚੁੱਕੇ ਮਿਸ਼ਰਾ ਨੂੰ ਸੰਘ ਬਰਗੇਡ ਵੱਲੋਂ ਕਿਸੇ ਵੱਡੀ ਬਖ਼ਸ਼ਿਸ਼ ਨਾਲ ਨਿਵਾਜ਼ਿਆ ਜਾਂਦਾ ਹੈ।

ਬਹੁਸੰਮਤੀ (ਚੀਫ਼ ਜਸਟਿਸ ਦੀਪਕ ਮਿਸ਼ਰਾ ਅਤੇ ਜਸਟਿਸ ਏ ਐੱਮ ਖ਼ਾਨਵਿਲਕਰ) ਨੇ ਆਪਣੇ ਫ਼ੈਸਲੇ ਵਿਚ ਪੰਜ ਬੁੱਧੀਜੀਵੀਆਂ ਨੂੰ ਸਿਰਫ਼ ਇੰਨੀ ਕੁ ਰਾਹਤ ਦਿੱਤੀ ਕਿ ਉਹ ਪੁਲਿਸ ਹਿਰਾਸਤ ਦੀ ਬਜਾਏ ਪੁਲਿਸ ਦੀ ਨਿਗਰਾਨੀ ਹੇਠ ਚਾਲੀ ਦਿਨ ਹੋਰ ਨਜ਼ਰਬੰਦ ਰਹਿਣਗੇ ਅਤੇ ਇਸ ਦੌਰਾਨ ਉਹ ਪੁਲਿਸ ਵੱਲੋਂ ਦਰਜ ਮਾਮਲੇ ਤੋਂ ਰਾਹਤ ਲੈਣ ਲਈ ਹੇਠਲੀ ਅਦਾਲਤ ਵਿਚ ਕਾਨੂੰਨੀ ਚਾਰਾਜੋਈ ਕਰ ਸਕਦੇ ਹਨ। ਇਹ ਸੀਨੀਅਰ ਜਸਟਿਸ ਬੜੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਪੁਲਿਸ ਵੱਲੋਂ ਯੂ.ਏ.ਪੀ.ਏ. ਲਗਾਉਣ ਦੀ ਮਨਸ਼ਾ ਨਾਲ ਹੀ ਇਹਨਾਂ ਨੂੰ ਪਾਬੰਦੀਸ਼ੁਦਾ ਜਥੇਬੰਦੀ ਦੇ ਮੈਂਬਰ ਦੱਸਿਆ ਗਿਆ ਹੈ ਅਤੇ ਹੇਠਲੀ ਅਦਾਲਤ ਇਹਨਾਂ ਨੂੰ ਜ਼ਮਾਨਤ ਨਹੀਂ ਦੇਵੇਗੀ ਜੋ ਕਿ ਪੂਰੀ ਤਰ੍ਹਾਂ ਪੁਲਿਸ ਦੀ ਸਹਿਮਤੀ ਨਾਲ ਹੀ ਸੰਭਵ ਹੈ। ਅਰੁਣ ਫ਼ਰੇਰਾ ਅਤੇ ਵਰਨੋਨ ਗੋਂਜ਼ਾਲਵਿਜ਼ (ਇਸੇ ਤਰ੍ਹਾਂ ਦਲਿਤ ਚਿੰਤਕ ਸੁਧੀਰ ਧਾਵਲੇ) ਪਹਿਲਾਂ ਵੀ ਐਸੇ ਫ਼ਰਜ਼ੀ ਇਲਜ਼ਾਮਾਂ ਤਹਿਤ ਖ਼ੁਦ ਨੂੰ ਬੇਕਸੂਰ ਸਾਬਤ ਕਰਦਿਆਂ ਕ੍ਰਮਵਾਰ ਸਾਢੇ ਚਾਰ ਅਤੇ ਪੰਜ ਸਾਲ ਤਕ ਜੇਲ੍ਹਾਂ ਵਿਚ ਸੜ ਚੁੱਕੇ ਹਨ। ਬੈਂਚ ਵੱਲੋਂ ਝੂਠੀ ਐੱਫ.ਆਈ.ਆਰ. ਖ਼ਾਰਜ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਅਤੇ ਵਿਸ਼ੇਸ਼ ਜਾਂਚ ਦੀ ਮੰਗ ਇਹ ਤਕਨੀਕੀ ਦਲੀਲ ਦੇਕੇ ਰੱਦ ਕਰ ਦਿੱਤੀ ਕਿ ਮੁਲਜ਼ਿਮਾਂ ਨੂੰ ਇਹ ਹੱਕ ਨਹੀਂ ਕਿ ਉਹਨਾਂ ਉੱਪਰ ਇਲਜ਼ਾਮਾਂ ਦੀ ਜਾਂਚ ਕਿਹੜੀ ਏਜੰਸੀ ਕਰੇ। ਬੈਂਚ ਦੀ ਬਹੁਗਿਣਤੀ ਦਾ ਮੱਤ ਸੀ ਕਿ ਇਹ ਅਸਹਿਮਤ ਆਵਾਜ਼ਾਂ ਨੂੰ ਦਬਾਉਣ ਦਾ ਮਾਮਲਾ ਨਹੀਂ ਜਿਵੇਂ ਕਿ ਰੋਮਿਲਾ ਥਾਪਰ ਅਤੇ ਹੋਰ ਬੁੱਧੀਜੀਵੀਆਂ ਦੀ ਪਟੀਸ਼ਨ ਕਹਿੰਦੀ ਹੈ। ਕਿ ਇਹਨਾਂ ਬੁੱਧੀਜੀਵੀਆਂ ਦੇ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦੇ ਮੈਂਬਰਾਂ ਨਾਲ ਸੱਚਮੁੱਚ ਸਬੰਧ ਹਨ ਅਤੇ ਮਹਾਂਰਾਸ਼ਟਰ ਪੁਲਿਸ ਨੇ ਮੰਦਭਾਵਨਾ ਨਾਲ ਕੇਸ ਦਰਜ ਨਹੀਂ ਕੀਤਾ। ਇਹ ਵੀ ਕਿ ਪੁਲਿਸ ਦੀ ਕਾਰਗੁਜ਼ਾਰੀ ਪੱਖਪਾਤਰਹਿਤ ਅਤੇ ਤਸੱਲੀਬਖ਼ਸ਼ ਹੈ, ਸਿਟ (ਵਿਸ਼ੇਸ਼ ਜਾਂਚ ਟੀਮ) ਬਣਾਉਣ ਦੀ ਕੋਈ ਲੋੜ ਨਹੀਂ।

ਇਸ ਮਾਮਲੇ ਵਿਚ ਜਸਟਿਸ ਚੰਦਰਚੂੜ ਦੀ ਰਾਇ ਚਾਹੇ ਘੱਟਸੰਮਤੀ ਸੀ ਲੇਕਿਨ ਉਹਨਾਂ ਦੀਆਂ ਟਿੱਪਣੀਆਂ ਮਾਮਲੇ ਨੂੰ ਸੰਜੀਦਗੀ ਨਾਲ ਲੈਕੇ ਕੀਤੀਆਂ ਗਈਆਂ। ਉਹਨਾਂ ਦੀ ਰਾਇ ਸੀ ਕਿ ਗ੍ਰਿਫ਼ਤਾਰੀਆਂ ਬੇਬੁਨਿਆਦ ਹਨ। ਮਹਾਂਰਾਸ਼ਟਰ ਪੁਲਿਸ ਦੀ ਭੂਮਿਕਾ ਪੱਖਪਾਤੀ ਹੈ ਅਤੇ ਇਸ ਉੱਪਰ ਭਰੋਸਾ ਨਹੀਂ ਕੀਤਾ ਜਾ ਸਕਦਾ। ਪੁਲਿਸ ਅਧਿਕਾਰੀਆਂ ਵੱਲੋਂ ਜਿਸ ਤਰੀਕੇ ਨਾਲ ਕਥਿਤ ਚਿੱਠੀਆਂ ਅਤੇ ਦਸਤਾਵੇਜ਼ ਮੀਡੀਆ ਵਿਚ ਜਨਤਕ ਕੀਤੇ ਗਏ, ਉਹ ਮਹਾਂਰਾਸ਼ਟਰ ਪੁਲਿਸ ਦੀ ਕਾਰਗੁਜ਼ਾਰੀ ਨੂੰ ਸ਼ੱਕੀ ਬਣਾਉਂਦੇ ਹਨ ਅਤੇ ਇਸੇ ਕਰਕੇ ਇਹ ਮਾਮਲਾ ਸੁਪਰੀਮ ਕੋਰਟ ਵੱਲੋਂ ਵਿਸ਼ੇਸ਼ ਜਾਂਚ ਟੀਮ ਬਣਾਕੇ ਆਪਣੀ ਨਿਗਰਾਨੀ ਹੇਠ ਜਾਂਚ ਕਰਾਉਣ ਦੇ ਯੋਗ ਹੈ। ਪੰਜ ਮੁਲਜ਼ਿਮਾਂ ਦੀ ਗ੍ਰਿਫ਼ਤਾਰੀ ਸਟੇਟ ਵੱਲੋਂ ਉਹਨਾਂ ਦੀ ਆਵਾਜ਼ ਨੂੰ ਦਬਾਉਣ ਦਾ ਯਤਨ ਹੈ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਮੀਡੀਆ ਵਿਚ ਜਾਕੇ ਉਹਨਾਂ ਦੇ ਖ਼ਿਲਾਫ਼ ਨਫ਼ਰਤ ਫੈਲਾਈ ਗਈ।

ਘੱਟਸੰਮਤੀ ਦੀ ਇਹ ਟਿੱਪਣੀ ਮਹੱਤਵਪੂਰਨ ਹੈ ਕਿ "ਅਦਾਲਤ ਨੂੰ ਉਹਨਾਂ ਦੀ ਆਜ਼ਾਦੀ ਯਕੀਨੀ ਬਣਾਉਣ ਲਈ ਚੁਕੰਨੇ ਰਹਿਣਾ ਹੋਵੇਗਾ ਜੋ ਲੀਹ ਤੋਂ ਹੱਟਵੇਂ ਕਾਜ ਹੱਥ ਲੈਂਦੇ ਹਨ।" ਘੱਟਸੰਮਤੀ ਫ਼ੈਸਲੇ ਦੀਆਂ ਇਹਨਾਂ ਟਿੱਪਣੀਆਂ ਤੋਂ ਜ਼ਾਹਿਰ ਹੈ ਕਿ ਇਸ ਪ੍ਰਬੰਧ ਹੇਠ ਸਵਾਲ ਉਠਾਉਣ ਅਤੇ ਲੋਕ ਹਿਤਾਂ ਲਈ ਕੰਮ ਕਰਨ ਵਾਲਿਆਂ ਨੂੰ ਕਿਸ ਤਰ੍ਹਾਂ ਦੇ ਖ਼ਤਰੇ ਦਰਪੇਸ਼ ਹਨ ਇਸ ਦਾ ਅਹਿਸਾਸ ਨਿਆਂਪਾਲਿਕਾ ਵਿਚਲੇ ਸੰਵੇਦਨਸ਼ੀਲ ਜੱਜਾਂ ਨੂੰ ਵੀ ਹੈ।


ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨੇ ਭਾਰਤੀ ਅਦਾਲਤੀ ਪ੍ਰਬੰਧ ਦੇ ਨਿਆਂ ਦਾ ਟੀਰ ਇਕ ਵਾਰ ਫਿਰ ਸਪਸ਼ਟ ਕਰ ਦਿੱਤਾ ਹੈ। ਇਹ ਫ਼ੈਸਲਾ ਝੂਠੇ ਕੇਸ ਬਣਾਉਣ ਲਈ ਬਦਨਾਮ ਭਾਰਤੀ ਪੁਲਿਸ ਨੂੰ ਕਲੀਨ ਚਿੱਟ ਹੈ ਅਤੇ ਲੋਕ ਹਿੱਤਾਂ ਦੀ ਗੱਲ ਕਰਨ ਵਾਲੇ ਬੁੱਧੀਜੀਵੀਆਂ ਨੂੰ ਅਨਿਸ਼ਚਿਤ ਸਮੇਂ ਲਈ ਲਟਕੇ ਰਹਿਣ ਵਾਲੇ ਮੁਕੱਦਮੇ ਦੇ ਰੂਪ ਵਿਚ ਸਜ਼ਾ ਦੇਣ ਦਾ ਸੋਚਿਆ-ਸਮਝਿਆ ਤਰੀਕਾ ਹੈ। ਇਸ ਫ਼ੈਸਲੇ ਅਨੁਸਾਰ ਇਹ ਬੁੱਧੀਜੀਵੀ ਸਾਥੀ ਹੁਣ ਹੇਠਲੀਆਂ ਅਦਾਲਤਾਂ ਦੇ ਰਹਿਮ ਉੱਪਰ ਹਨ। ਚਾਹੇ ਦਿੱਲੀ ਹਾਈਕੋਰਟ ਨੇ ਗੌਤਮ ਨਵਲੱਖਾ ਦੀ ਪਟੀਸ਼ਨ ਦੇ ਅਧਾਰ 'ਤੇ ਫ਼ੈਸਲਾ ਸੁਣਾਉਂਦਿਆਂ ਗ੍ਰਿਫ਼ਤਾਰੀ ਨੂੰ ਗ਼ੈਰਕਾਨੂੰਨੀ ਕਰਾਰ ਦੇਕੇ ਉਹਨਾਂ ਦੀ ਘਰ ਵਿਚ ਨਜ਼ਰਬੰਦੀ ਆਰਜ਼ੀ ਤੌਰ 'ਤੇ ਖ਼ਤਮ ਦਿੱਤੀ ਪਰ ਇਹਨਾਂ ਸਾਥੀਆਂ ਅੱਗੇ ਹੁਣ ਮਹਾਂਰਾਸ਼ਟਰ ਦੀ ਅਦਾਲਤ ਵਿਚ ਇਸ ਝੂਠੇ ਕੇਸ ਨੂੰ ਚੁਣੌਤੀ ਦੇਕੇ ਖ਼ੁਦ ਨੂੰ ਬੇਕਸੂਰ ਸਾਬਤ ਕਰਨ ਦੀ ਲੰਮੀ ਲੜਾਈ ਬਾਕੀ ਹੈ।

**ਪੁਣੇ ਅਦਾਲਤ ਵੱਲੋਂ ਜ਼ਮਾਨਤ ਦੀਆਂ ਦਰਖ਼ਾਸਤਾਂ ਰੱਦ**

ਤਾਜ਼ਾ ਜਾਣਕਾਰੀ ਅਨੁਸਾਰ ਪੁਣੇ ਸਪੈਸ਼ਲ ਕੋਰਟ ਵੱਲੋਂ 26 ਅਕਤੂਬਰ ਨੂੰ ਐਡਵੋਕੇਟ ਸੁਧਾ ਭਾਰਦਵਾਜ, ਅਰੁਣ ਫਰੇਰਾ ਅਤੇ ਵਰਨੋਨ ਗੋਂਜ਼ਾਲਵੇਜ਼ ਦੀਆਂ ਜ਼ਮਾਨਤ ਦੀਆਂ ਦਰਖ਼ਾਸਤਾਂ ਰੱਦ ਕਰ ਦਿੱਤੀਆਂ ਗਈਆਂ। ਵਰਨੋਨ ਅਤੇ ਅਰੁਣ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। 28 ਅਗਸਤ ਤੋਂ ਘਰਾਂ ਵਿਚ ਨਜ਼ਰਬੰਦ ਕੀਤੇ ਪੰਜ ਬੁੱਧੀਜੀਵੀਆਂ ਨੂੰ ਸੁਪਰੀਮ ਕੋਰਟ ਵੱਲੋਂ ਸਤੰਬਰ ਦੇ ਅਖ਼ੀਰ ਵਿਚ ਦਿੱਤੀ ਚਾਰ ਹਫ਼ਤੇ ਦੀ ਰਾਹਤ 26 ਤਾਰੀਕ ਨੂੰ ਖ਼ਤਮ ਹੋ ਗਈ ਸੀ। ਇਸ ਲਈ ਇਹਨਾਂ ਤਿੰਨਾਂ ਵੱਲੋਂ ਪੁਣੇ ਦੀ ਅਦਾਲਤ ਵਿਚ ਜ਼ਮਾਨਤ ਲਈ ਪਹੁੰਚ ਕੀਤੀ ਗਈ ਸੀ। ਜੱਜ ਨੇ ਪੁਲਿਸ ਦੀ ਬੋਲੀ ਬੋਲਦਿਆਂ ਆਪਣੇ ਫ਼ੈਸਲੇ ਵਿਚ ਕਿਹਾ ਹੈ ਕਿ ਜਾਂਚ ਅਹਿਮ ਪੜਾਅ ਉੱਪਰ ਹੈ ਅਤੇ ਮੁਲਜ਼ਿਮ ਜ਼ਮਾਨਤ ਦਿੱਤੇ ਜਾਣ ਦੇ ਹੱਕਦਾਰ ਨਹੀਂ। ਲੰਘੇ ਬੁੱਧਵਾਰ ਨੂੰ ਬੰਬੇ ਹਾਈਕੋਰਟ ਨੇ ਪੁਣੇ ਅਦਾਲਤ ਵੱਲੋਂ ਐਡਵੋਕੇਟ ਸੁਰਿੰਦਰ ਗਾਡਲਿੰਗ ਸਮੇਤ ਉਹਨਾਂ ਪੰਜ ਬੁੱਧੀਜੀਵੀਆਂ ਤੇ ਕਾਰਕੁੰਨਾਂ ਦੇ ਪੁਲਿਸ ਰਿਮਾਂਡ ਵਿਚ ਤਿੰਨ ਮਹੀਨੇ ਦਾ ਹੋਰ ਵਾਧਾ ਕਰਨ ਦੀ ਮੰਗ ਰੱਦ ਕਰ ਦਿੱਤੀ ਸੀ ਜਿਹਨਾਂ ਨੂੰ 6 ਜੂਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਫ਼ੈਸਲਾ ਸਰਕਾਰ ਦੇ ਖ਼ਿਲਾਫ਼ ਸੀ। ਇਸ ਦੇ ਖ਼ਿਲਾਫ਼ ਮਹਾਂਰਾਸ਼ਟਰ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਪਾਈ ਸਪੈਸ਼ਲ ਲੀਵ ਪਟੀਸ਼ਨ ਉੱਪਰ ਸੋਮਵਾਰ ਨੂੰ ਸੁਣਵਾਈ ਹੋਣ ਦੀ ਸੰਭਾਵਨਾ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਨੇ ਮਹਾਂਰਾਸ਼ਟਰ ਪੁਲਿਸ ਲਈ ਪੰਜ ਹੋਰ ਬੁੱਧੀਜੀਵੀਆਂ ਨੂੰ ਜੇਲ ਵਿਚ ਡੱਕਣ ਦਾ ਰਾਹ ਪੱਧਰਾ ਕਰ ਦਿੱਤਾ ਹੈ। ਝੂਠੇ ਸਬੂਤਾਂ ਅਤੇ ਬੇਬੁਨਿਆਦ ਮਾਮਲਿਆਂ ਦੇ ਬਾਵਜੂਦ ਇਹ ਅਦਾਲਤੀ ਫ਼ੈਸਲੇ ਪੂਰੀ ਤਰ੍ਹਾਂ ਸਿਆਸੀ ਫ਼ੈਸਲੇ ਹਨ ਅਤੇ ਅਦਾਲਤਾਂ ਦਾ ਜਮਾਤੀ ਕਿਰਦਾਰ ਇਕ ਵਾਰ ਨੰਗਾ ਹੋ ਰਿਹਾ ਹੈ।

ਇਹਨਾਂ ਫ਼ੈਸਲਿਆਂ ਦੀਆਂ ਗੰਭੀਰ ਅਰਥ-ਸੰਭਾਵਨਾਵਾਂ ਬਾਬਤ ਜਮਹੂਰੀ ਤਾਕਤਾਂ ਨੂੰ ਪੂਰਾ ਸੁਚੇਤ ਹੋਣਾ ਚਾਹੀਦਾ ਹੈ ਅਤੇ ਗ੍ਰਿਫ਼ਤਾਰ ਬੁੱਧੀਜੀਵੀਆਂ ਦੀ ਰਿਹਾਈ ਦੇ ਨਾਲ-ਨਾਲ ਯੂ.ਏ.ਪੀ.ਏ. ਨੂੰ ਵਾਪਸ ਕਰਵਾਉਣ ਲਈ ਇਕਜੁੱਟ ਹੋਕੇ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। ਦੱਬੇਕੁਚਲੇ ਲੋਕਾਂ ਦੀ ਗੱਲ ਕਰਨ ਵਾਲੇ ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁੰਨਾਂ ਦੇ ਖ਼ਿਲਾਫ਼ ਦਰਜ ਝੂਠੇ ਪਰਚੇ ਵਾਪਸ ਲੈਣ ਅਤੇ ਉਹਨਾਂ ਨੂੰ ਰਿਹਾਅ ਕੀਤੇ ਜਾਣ ਲਈ ਧੜੱਲੇ ਨਾਲ ਲਾਮਬੰਦੀ ਕਰਨੀ ਚਾਹੀਦੀ ਹੈ। ਮਨੁੱਖੀ ਹੱਕਾਂ ਦੇ ਘਾਣ, ਨਬਰਾਬਰੀ ਅਤੇ ਨੰਗੇ ਅਨਿਆਂ ਉੱਪਰ ਟਿਕੇ ਇਸ ਆਦਮਖ਼ੋਰ ਪ੍ਰਬੰਧ ਵਿਚ ਵਿਆਪਕ ਲੋਕ ਲਾਮਬੰਦੀ ਹੀ ਜਮਹੂਰੀ ਹੱਕਾਂ ਦੀ ਰਾਖੀ ਦੀ ਜ਼ਾਮਨੀ ਹੈ।

# ਅੰਮ੍ਰਿਤਸਰ ਰੇਲ ਹਾਦਸਾ : 'ਲੋਕ ਰਾਵਣ ਸਾੜਦੇ ਨੇ ਅਸੀਂ ਆਪਣਾ ਘਰ ਹੀ ਸਾੜ ਲਿਆ









ਅੰਮ੍ਰਿਤਸਰ ਦੇ ਜੌੜਾ ਫਾਟਕ ਇਲਾਕੇ ਤੋਂ ਕੁਝ ਹੀ ਦੂਰੀ ਉੱਤੇ ਹੈ ਕ੍ਰਿਸ਼ਨਾ ਨਗਰ। ਭਰਵੀਂ ਆਬਾਦੀ ਵਾਲੇ ਇਸੀ ਇਲਾਕੇ ਦੇ ਜ਼ਿਆਦਾਤਰ ਲੋਕਾਂ ਦੀ ਮੌਤ ਨੂੰ ਦਸਹਿਰੇ 19 ਅਕਤੂਬਰ 2018) ਮੌਕੇ ਹੋਏ ਦਰਦਨਾਕ ਰੇਲ ਹਾਦਸੇ ਵਿਚ ਹੋਈ ਸੀ।

ਇਸ ਇਲਾਕੇ ਦੀ ਹਰ ਗਲੀ ਨੁੱਕਰ ਵਿਚ ਹਾਦਸੇ ਦੀ ਗੱਲ ਚਲ ਰਹੀ ਸੀ। ਤੰਗ ਗਲੀਆਂ ਵਿੱਚੋਂ ਹੁੰਦੇ ਹੋਏ ਅਸੀਂ ਇੱਕ ਛੋਟੇ ਜਿਹੇ ਮਕਾਨ ਦੇ ਅੱਗੇ ਰੁਕੇ ਜੋ ਕਿ ਰੇਲ ਹਾਦਸੇ 'ਚ ਮਾਰੇ ਗਏ ਨਰਿੰਦਰਪਾਲ ਦਾ ਸੀ। ਘਰ ਅੰਦਰ ਨਰਿੰਦਰਪਾਲ ਦੀ ਪਤਨੀ ਦਰਸ਼ਨਾਂ ਮਿਲੀ। ਘਰ ਦੇ ਹਾਲਾਤ ਤੋਂ ਪਤਾ ਲੱਗਦਾ ਸੀ ਕਿ ਨਰਿੰਦਰਪਾਲ ਦਿਹਾੜੀ ਕਰ ਕੇ ਪਰਿਵਾਰ ਦਾ ਪੇਟ ਪਾਲਦਾ ਸੀ। ਇੱਕ ਬੈੱਡ ਅਤੇ ਉਸ ਦੇ ਨਾਲ ਹੀ ਟੁੱਟੀ ਹੋਈ ਲੱਕੜ ਦੀ ਅਲਮਾਰੀ 'ਚ ਰੱਖੇ ਹੋਏ ਭਾਂਡੇ ਨਜ਼ਰ ਆਏ। ਗੈਸ ਦੀ ਥਾਂ ਰਸੋਈ ਵਿਚ ਹੀਟਰ ਪਿਆ ਸੀ ਜਿਸ ਤੋਂ ਸਪਸ਼ਟ ਸੀ ਕਿ ਰੋਟੀ ਹੀਟਰ ਦੇ ਸਹਾਰੇ ਹੀ ਬਣਦੀ ਹੈ।

ਇੰਨੇ ਨੂੰ ਇੱਕ ਹਨੇਰੇ ਕਮਰੇ ਵਿੱਚ 45 ਸਾਲਾ ਦਰਸ਼ਨਾਂ ਬਾਹਰ ਆਈ ਅਤੇ ਪਹਿਲਾਂ ਤੋਂ ਮੌਜੂਦ ਕੁੜੀਆਂ ਨਾਲ ਬੈਠ ਗਈ। ਗੱਲਬਾਤ ਦੌਰਾਨ ਦਰਸ਼ਨਾਂ ਦੇਵੀ ਨੇ ਦੱਸਿਆ ਕਿ ਉਸ ਦੀਆਂ ਤਿੰਨ ਧੀਆਂ ਅਤੇ ਬੇਟਾ ਹੈ ਜਿਸ ਦਾ ਵਿਆਹ ਹੋ ਚੁੱਕਾ ਹੈ।

ਦਰਸਨਾ ਮੁਤਾਬਕ ਜਦੋਂ ਗੱਡੀ ਲੋਕਾਂ ਨੂੰ ਕੁਚਲਦੀ ਹੋਈ ਨਿਕਲੀ ਤਾਂ ਮੁਹੱਲੇ ਵਿਚ ਰੌਲਾ ਪੈ ਗਿਆ। ਇਸ ਤੋਂ ਬਾਅਦ ਉਸ ਨੇ ਆਪਣੇ ਪਤੀ ਦੀ ਭਾਲ ਸ਼ੁਰੂ ਕੀਤੀ। ਦਰਸਨਾ ਨੇ ਦੱਸਿਆ, "ਰੇਲਵੇ ਟਰੈਕ ਦੇ ਨੇੜੇ ਬੇਸੁੱਧ ਹਾਲਤ 'ਚ ਪਤੀ ਨਰਿੰਦਰਪਾਲ ਉਨ੍ਹਾਂ ਨੂੰ ਮਿਲਿਆ ਜਿਸ ਤੋਂ ਬਾਅਦ ਉਸ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।"

**'ਪੁੱਤਰ ਦੀ ਲਾਸ਼ ਚੁੱਕਣੀ ਪਵੇਗੀ ਕਦੇ ਸੋਚਿਆ ਵੀ ਨਹੀਂ ਸੀ'**



ਕ੍ਰਿਸ਼ਨਾ ਨਗਰ ਦੀ ਇੱਕ ਹੋਰ ਗਲੀ 'ਚ ਅਸੀਂ ਦਾਖਲ ਹੋਏ ਤਾਂ ਮਹਿਲਾਵਾਂ ਦੇ ਰੋਣ ਦੀ ਆਵਾਜ਼ ਨੇ ਸਾਡਾ ਧਿਆਨ ਖਿੱਚਿਆ।

ਜਦੋਂ ਥੋੜ੍ਹਾ ਅੱਗੇ ਜਾ ਕੇ ਦੇਖਿਆ ਤਾਂ ਤਕਰੀਬਨ 45 ਕੂ ਸਾਲਾ ਅਨਿਲ ਕੁਮਾਰ ਨਜ਼ਰ ਆਇਆ। ਮੂਲ ਰੂਪ 'ਚ ਇਲਾਹਾਬਾਦ ਦਾ ਰਹਿਣ ਵਾਲਾ ਅਨਿਲ ਕੁਮਾਰ ਪਿਛਲੇ ਵੀਹ ਸਾਲਾਂ ਤੋਂ ਅੰਮ੍ਰਿਤਸਰ ਇੱਕ ਦੁਕਾਨਦਾਰ ਦੇ ਕੋਲ ਨੌਕਰੀ ਕਰ ਰਿਹਾ ਸੀ।

ਅਨਿਲ ਨੇ ਦੱਸਿਆ ਕਿ ਉਹ ਕਿਰਾਏ ਦੇ ਮਕਾਨ 'ਚ ਰਹਿੰਦਾ ਹੈ ਅਤੇ ਇਕਲੌਤੇ ਬੇਟੇ ਆਕਾਸ਼ ਦੇ ਚਲੇ ਜਾਣ ਤੋਂ ਬਾਅਦ ਹੁਣ ਧੀ ਦਾ ਸਹਾਰਾ ਰਹਿ ਗਿਆ ਹੈ।

ਭਰੀਆਂ ਅੱਖਾਂ ਨਾਲ ਅਨਿਲ ਨੇ ਦੱਸਿਆ, "ਆਕਾਸ਼ ਦੀ ਮਾਂ ਨੂੰ ਅਜੇ ਇਸ ਘਟਨਾ ਬਾਰੇ ਪਤਾ ਨਹੀਂ ਹੈ। ਦਸਹਿਰੇ ਵਾਲੇ ਦਿਨ ਦੁਪਹਿਰੇ ਸਮੇਂ ਮੈਂ ਆਕਾਸ਼ ਦੇ ਨਾਲ ਇਕੱਠਿਆਂ ਖਾਣਾ ਖਾਧਾ ਸੀ। ਸ਼ਾਮੀ ਚਾਰ ਵਜੇ ਦੇ ਕਰੀਬ ਉਹ ਆਪਣੇ ਦੋਸਤ ਦੇ ਨਾਲ ਦੁਸਹਿਰਾ ਦੇਖਣ ਚਲਾ ਗਿਆ।"

ਅਨਿਲ ਨੇ ਦੱਸਿਆ ਕਿ ਰਾਤੀ ਨੌਂ ਵਜੇ ਉਸ ਨੂੰ ਹਾਦਸੇ ਬਾਰੇ ਪਤਾ ਲੱਗਾ ਜਿਸ ਤੋਂ ਬਾਅਦ ਉਹ ਸਿਵਲ ਹਸਪਤਾਲ ਪਹੁੰਚਿਆ ਜਿੱਥੇ ਮ੍ਰਿਤਕ ਲੋਕਾਂ ਵਿਚ ਆਕਾਸ਼ ਵੀ ਸ਼ਾਮਲ ਸੀ।

"ਜਿਸ ਪੁੱਤਰ ਨੇ ਬੁਢਾਪੇ 'ਚ ਬੋਝ ਚੁੱਕਣਾ ਸੀ ਹੁਣ ਉਸ ਦੀ ਲਾਸ਼ ਚੁੱਕਣੀ ਪਵੇਗੀ ਇਹ ਮੈਂ ਕਦੇ ਸੁਪਨੇ 'ਚ ਵੀ ਨਹੀਂ ਸੀ ਸੋਚਿਆ ਸੀ।"

**'ਹਾਦਸਾ ਭੁੱਲਣਾ ਔਖਾ'**

35 ਸਾਲਾ ਸੁਮਨ ਦਾ ਘਰ ਜੌੜਾ ਫਾਟਕ ਦੇ ਬਿਲਕੁਲ ਨੇੜੇ ਹੈ ਅਤੇ ਹਾਦਸੇ ਵਕਤ ਉਹ ਛੱਤ ਉੱਤੇ ਹੋਰ ਮਹਿਲਾਵਾਂ ਨਾਲ ਦਸਹਿਰਾ ਦੇਖ ਰਹੀ ਸੀ।

ਸਾਡੀ ਟੀਮ ਜਦੋਂ ਉਸ ਦੇ ਘਰ ਪਹੁੰਚੀ ਤਾਂ ਉਹ ਛੱਤ ਉੱਤੇ ਖੜ੍ਹ ਕੇ ਆਪਣੇ ਮੋਬਾਈਲ ਉੱਤੇ ਹਾਦਸੇ ਦੀ ਵੀਡੀਓ ਦੇਖ ਰਹੀ ਸੀ ਜੋ ਉਸ ਦੀ ਬੇਟੀ ਨੇ ਆਪਣੇ ਮੋਬਾਈਲ ਵਿਚ ਕੈਦ ਕੀਤੀ ਹੋਈ ਸੀ।

ਸੁਮਨ ਨੇ ਕਿਹਾ ਕਿ ਹਾਦਸੇ ਤੋਂ ਬਾਅਦ ਦਾ ਮਾਹੌਲ ਸ਼ਬਦਾ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਬਹੁਤ ਖੌਫਜਾਦਾ ਸੀ। ਸੁਮਨ ਨੇ ਦੱਸਿਆ ਕਿ ਉਹ ਪਿਛਲੇ ਵੀਹ ਸਾਲ ਤੋਂ ਇੱਥੇ ਰਹਿ ਰਹੀ ਹੈ ਅਤੇ ਹਰ ਸਾਲ ਇੱਥੇ ਦਸਹਿਰਾ ਹੁੰਦਾ ਸੀ।

ਰੋਜ਼ਾਨਾ ਕਈ ਗੱਡੀਆਂ ਇੱਥੇ ਟਰੈਕ ਤੋਂ ਲੰਘਦੀਆਂ ਹਨ ਪਰ ਕਦੇ ਕੋਈ ਹਾਦਸੇ ਨਹੀਂ ਹੋਇਆ। ਇਸ ਵਾਰ ਇਸ ਹਾਦਸੇ ਨੇ ਪੂਰੇ ਸ਼ਹਿਰ ਨੂੰ ਹਿਲਾ ਕੇ ਰੱਖ ਦਿੱਤਾ।

ਇੰਨੀ ਦੇਰ ਨੂੰ ਛੱਤ ਉੱਤੇ ਦੀਪ ਨਾਮਕ ਇੱਕ ਹੋਰ ਮਹਿਲਾ ਆਈ। ਉਸ ਨੇ ਦੱਸਿਆ ਕਿ ਸਭ ਕੁਝ ਉਸ ਦੀਆਂ ਅੱਖਾਂ ਸਾਹਮਣੇ ਹੋਇਆ। ਇੱਕ ਪਲ ਵਿਚ ਖ਼ੁਸ਼ੀਆਂ ਗ਼ਮ ਵਿਚ ਬਦਲ ਗਈਆਂ। ਹਰ ਪਾਸੇ ਚੀਕਾਂ ਹੀ ਚੀਕਾਂ ਸੁਣਾਈ ਦੇ ਰਹੀਆਂ ਸਨ।

ਦੀਪ ਮੁਤਾਬਕ ਉਨ੍ਹਾਂ ਨੇ ਆਪਣੇ ਘਰ ਦੀਆਂ ਚਾਦਰਾਂ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਢੱਕਣ ਲਈ ਦਿੱਤੀਆਂ। ਦੀਪ ਨੇ ਦੱਸਿਆ 1947 ਦੀ ਵੰਡ ਸਮੇਂ ਹੋਈ ਕਾਤਲੋ ਗਾਰਤ ਬਾਰੇ ਸੁਣਿਆ ਸੀ ਪਰ ਇਸ ਹਾਦਸੇ ਦੌਰਾਨ ਇਹ ਸਾਰਾ ਕੁਝ ਆਪਣੀ ਅੱਖੀਂ ਦੇਖਿਆ।



**ਅਸਲ ਮੌਤਾਂ ਕਿੰਨੀਆਂ ?**

ਐਤਵਾਰ ਸ਼ਾਮ ਤੱਕ ਇੱਕ ਹੋਰ ਵਿਅਕਤੀ ਵੱਲੋਂ ਹਸਪਤਾਲ ਵਿੱਚ ਦਮ ਤੋੜ ਜਾਣ ਕਰਕੇ ਇਹ ਗਿਣਤੀ 58 ਹੋ ਗਈ।

ਇਸ ਤੋਂ ਪਹਿਲਾਂ ਅੰਮ੍ਰਿਤਸਰ ਤੋਂ ਸਥਾਨਕ ਪੱਤਰਕਾਰ ਰਵਿੰਦਰ ਸਿੰਘ ਰੋਬਿਨ ਨੂੰ ਡਿਪਟੀ ਕਮਿਸ਼ਨਰ, ਕਮਲਦੀਪ ਸਿੰਘ ਨੇ ਐਤਵਾਰ ਨੂੰ ਦੱਸਿਆ ਕਿ ਹਾਦਸੇ ਵਿੱਚ ਜਾਨਾਂ ਗੁਆਉਣ ਵਾਲਿਆਂ ਦੀ ਗਿਣਤੀ 57 ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ, "ਪਹਿਲੀ ਗਿਣਤੀ ਹਾਦਸੇ ਵਾਲੀ ਥਾਂ ਤੋਂ ਮਿਲੇ ਬੈਗਾਂ ਉੱਪਰ ਆਧਾਰਿਤ ਸੀ ਜਦਕਿ ਹੁਣ ਜੋ ਗਿਣਤੀ ਦੱਸੀ ਜਾ ਰਹੀ ਹੈ ਉਹ ਉਨ੍ਹਾਂ ਲਾਸ਼ਾਂ 'ਤੇ ਆਧਾਰਿਤ ਹੈ ਜਿਨ੍ਹਾਂ ਦੀ ਪਛਾਣ ਹੋ ਚੁੱਕੀ ਹੈ।"

ਉਨ੍ਹਾਂ ਅੱਗੇ ਕਿਹਾ ਕਿ 57 ਵਿੱਚੋਂ 56 ਦੀ ਪਹਿਚਾਣ ਹੋ ਚੁੱਕੀ ਹੈ ਅਤੇ ਇੱਕ ਦੀ ਪਹਿਚਾਣ ਹੋਣੀ ਹਾਲੇ ਬਾਕੀ ਹੈ।

ਮੌਤਾਂ ਬਾਰੇ ਹਾਦਸੇ ਵਾਲੇ ਦਿਨ ਪੁਲਿਸ ਕਮਿਸ਼ਨਰ ਐੱਸਐੱਸ ਸ੍ਰੀਵਾਸਤਵ ਨੇ ਬੀਬੀਸੀ ਨੂੰ ਦੱਸਿਆ ਸੀ ਕਿ 59 ਮੌਤਾਂ ਹੋਈਆਂ ਹਨ ਅਤੇ 57 ਜ਼ਖਮੀਂ ਹੋਏ ਹਨ।

ਸ਼ਨਿੱਚਰਵਾਰ ਸਵੇਰੇ ਅੰਮ੍ਰਿਤਸਰ ਦੇ ਏਡੀਸੀ ਹਿਮਾਂਸ਼ੂ ਨੇ ਵੀ 59 ਮੌਤਾਂ ਦੀ ਪੁਸ਼ਟੀ ਕੀਤੀ ਸੀ।

# ਇਹ ਸੁਲਗਦੀਆਂ ਚਿੰਗਾੜੀਆਂ ਕਦੇ ਭਾਂਬੜ ਬਣਨਗੀਆਂ

ਅਧਿਆਪਕ ਯੋਗਤਾ ਪ੍ਰੀਖਿਆ ਪਾਸ ਨੌਜਵਾਨ ਸੰਘਰਸ਼ ਦੇ ਰਾਹ ਨਰਸਿੰਮ੍ਹਾ-ਮਨਮੋਹਨ ਦੀ ਜੋੜੀ ਵੱਲੋਂ 1991 ਵਿੱਚ ਲਾਗੂ ਕੀਤੀਆਂ ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਦੀਆਂ ਨੀਤੀਆਂ ਤਹਿਤ ਹੋਰਨਾਂ ਅਦਾਰਿਆਂ ਦੇ ਨਾਲ ਨਾਲ ਅਹਿਮ ਅਦਾਰੇ ਸਿੱਖਿਆ ਖੇਤਰ ਨੂੰ ਵੀ ਬਰਬਾਦ ਕੀਤਾ ਜਾ ਰਿਹਾ ਹੈ। 'ਸਿੱਖਿਆ ਦਾ ਅਧਿਕਾਰ-ਕਾਨੂੰਨ 2010' ਤਹਿਤ ਅਧਿਆਪਕ ਭਰਤੀ ਹੋਣ ਲਈ 'ਅਧਿਆਪਕ ਯੋਗਤਾ ਪ੍ਰੀਖਿਆ' (T.E.T.) ਪਾਸ ਕਰਨਾ ਲਾਜ਼ਮੀ ਕੀਤਾ ਗਿਆ ਹੈ। ਪੰਜਾਬ ਵਿੱਚ ਇਸ ਸਮੇਂ ਕਰੀਬ 65 ਹਜ਼ਾਰ ਈ ਟੀ ਟੀ ਅਤੇ ਬੀਐੱਡ ਉਮੀਦਵਾਰ ਇਸ ਪ੍ਰੀਖਿਆ ਨੂੰ ਪਾਸ ਕਰ ਚੁੱਕੇ ਹਨ। ਪਰ ਫਿਰ ਵੀ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ ਹਨ। ਜੇਕਰ ਅਧਿਆਪਕ-ਵਿਦਿਆਰਥੀ ਅਨੁਪਾਤ ਨੂੰ ਤਰਕਸੰਗਤ ਬਣਾ ਲਿਆ ਜਾਵੇ ਤਾਂ ਇਹਨਾਂ ਸਾਰੇ ਹੀ ਟੈਸਟ ਪਾਸ ਉਮੀਦਵਾਰਾਂ ਨੂੰ ਰੁਜ਼ਗਾਰ ਦਿੱਤਾ ਜਾ ਸਕਦਾ ਹੈ। ਕਿਉਂਕਿ ਇਸ ਸਮੇਂ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਅਸਾਮੀਆਂ ਵੱਡੀ ਪੱਧਰ 'ਤੇ ਖਾਲੀ ਹਨ। ਦੇਸ਼ ਦੇ ਹਰ ਨਾਗਰਿਕ ਨੂੰ ਯੋਗਤਾ ਮੁਤਾਬਕ ਰੁਜ਼ਗਾਰ ਮੁਹੱਈਆ ਕਰਵਾਉਣਾ ਸਰਕਾਰਾਂ ਦੀ ਸੰਵਿਧਾਨਕ ਜਿੰਮੇਵਾਰੀ ਹੁੰਦੀ ਹੈ। ਪੰਜਾਬ ਦੀ ਸੱਤਾਧਾਰੀ ਕਾਂਗਰਸ ਪਾਰਟੀ ਨੇ ਤਾਂ ਵਿਧਾਨ ਸਭਾ ਚੋਣਾਂ-2017 ਦੌਰਾਨ 'ਘਰ-ਘਰ ਨੌਕਰੀ' ਦੇਣ ਦਾ ਵਾਅਦਾ ਵੀ ਕੀਤਾ ਸੀ। ਪਰ ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਿੱਖਿਆ ਮੰਤਰੀ ਓ ਪੀ ਸੋਨੀ ਲੋਕ-ਵਿਰੋਧੀ ਨੀਤੀਆਂ ਰਾਹੀਂ ਸਿੱਖਿਆ ਖੇਤਰ ਨੂੰ ਤਬਾਹ ਕਰਨ 'ਤੇ ਤੁਲੇ ਹੋਏ ਹਨ।

ਅਧਿਆਪਕ ਯੋਗਤਾ ਟੈਸਟ ਪਾਸ ਉਮੀਦਵਾਰਾਂ ਨੂੰ ਸਕੂਲਾਂ ਵਿੱਚ ਅਧਿਆਪਕ ਭਰਤੀ ਕਰਨ ਦੀ ਬਜਾਏ ਅਧਿਆਪਕ ਅਸਾਮੀਆਂ 'ਚ ਕਟੌਤੀ ਕੀਤੀ ਜਾ ਰਹੀ ਹੈ, ਸਕੂਲਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ, ਵਿਦਿਆਰਥੀਆਂ ਘੱਟ ਗਿਣਤੀ ਵਾਲੇ ਸਰਕਾਰੀ ਸਕੂਲਾਂ ਨੂੰ ਬੰਦ ਕੀਤਾ ਜਾ ਰਿਹਾ ਹੈ। ਪੜ੍ਹਨ-ਲਿਖਣ, ਸਾਰੀਆਂ ਯੋਗਤਾਵਾਂ ਪੂਰੀਆਂ ਕਰਨ ਦੇ ਬਾਵਜੂਦ ਰੋਜ਼ੀ-ਰੋਟੀ ਦਾ ਸਾਧਨ ਨਾ ਬਣਨ 'ਤੇ ਝੁਰਦੇ ਬੇਚੈਨ, ਸੜਕਾਂ 'ਤੇ ਹਕੂਮਤੀ ਡਾਂਗਾਂ ਦਾ ਸੇਕ ਝੱਲਦੇ ਇਹਨਾਂ ਬੇਰੁਜ਼ਗਾਰ ਅਧਿਆਪਕਾਂ ਦੀ ਕਹਾਣੀ ਬੇਹੱਦ ਦਰਦਨਾਕ ਹੈ। ਮਾਪਿਆਂ ਨੇ ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਪੜ੍ਹਾਈ ਕਰਵਾਉਣ ਵੇਲੇ ਬਿਹਤਰ ਜ਼ਿੰਦਗੀ ਦੇ ਸੁਪਨੇ ਸੰਜੋਏ ਹੋਣਗੇ, ਪਰ ਪੱਲੇ ਕੀ ਪਿਆ ?

ਰੁਜ਼ਗਾਰ ਦੀ ਖ਼ਾਤਰ ਸੰਘਰਸ਼ ਕਰਦੇ ਨੌਜਵਾਨਾਂ ਉਪਰ ਸਰਕਾਰੀ ਲਾਠੀਆਂ ਦਾ ਕਹਿਰ ਵਰ੍ਹਦਾ ਹੈ, ਖਿੱਚ-ਧੂਹ ਹੰਦੀ ਹੈ, ਪੱਗਾਂ ਲੱਥਦੀਆਂ ਹਨ, ਸਿਰ ਲਹੂ-ਲੁਹਾਣ ਹੁੰਦੇ ਹਨ, ਉਲਟਾ 'ਹੱਕ' ਮੰਗਦੇ ਨੌਜਵਾਨਾਂ 'ਤੇ ਝੂਠੇ ਪਰਚੇ ਦਰਜ਼ ਕੀਤੇ ਜਾਂਦੇ ਹਨ। ਸਾਰੀਆਂ ਯੋਗਤਾਵਾਂ ਪੂਰੀਆਂ ਕਰਨ, ਧਰਨੇ, ਰੈਲੀਆਂ, ਰੋਸ-ਮੁਜ਼ਾਹਰੇ, ਭੁੱਖ-ਹੜਤਾਲਾਂ, ਮਰਨ-ਵਰਤ, ਜੇਲ੍ਹ-ਭਰੋ ਅੰਦੋਲਨਾਂ ਤੋਂ ਬਾਅਦ ਵੀ ਸਰਕਾਰ ਦੇ ਕੰਨਾਂ 'ਤੇ ਜੂੰਆ ਨਹੀਂ ਸਰਕਦੀ। ਪਰ ਇਸਦਾ ਬਦਲ ਕੀ ਹੈ ? ਕੀ ਚੁੱਪ ਵੱਟਕੇ, ਦਮ ਘੁਟਵੀਂ ਜ਼ਿੰਦਗੀ ਜਿਉਂਦਿਆਂ, ਘਰ ਬੈਠਕੇ ਇਸ ਲੁਟੇਰੇ ਪ੍ਰਬੰਧ ਤੋਂ ਹਾਰ ਕਬੂਲ ਲਈ ਜਾਵੇ ? ਨਹੀਂ, ਬਿਲਕੁਲ ਨਹੀਂ। ਸੰਘਰਸ਼ ਦਾ ਪਿੜ ਮਘਾਈ ਰੱਖਦਿਆਂ ਹੀ ਨੌਜਵਾਨਾਂ ਦੇ ਤਣੇ ਮੁੱਕੇ ਇਸ ਜ਼ਾਬਰ ਪ੍ਰਬੰਧ ਦਾ ਹੰਕਾਰ ਤੋੜ ਸਕਦੇ ਹਨ। ਟੈੱਟ ਪਾਸ ਬੇਰੁਜ਼ਗਾਰ ਬੀਐੱਡ ਅਧਿਆਪਕ ਯੂਨੀਅਨ, ਪੰਜਾਬ ਨੇ ਇਹਨਾਂ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਰਾਹ ਤੁਰਨ ਲਈ ਪ੍ਰੇਰਿਆ ਹੈ। ਨੌਜਵਾਨਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਹੈ ਕਿ ਸਾਰੀਆਂ ਵਿਦਿਅਕ ਯੋਗਤਾਵਾਂ ਪੂਰੀਆਂ ਕਰਨ ਦੇ ਬਾਵਜੂਦ ਹੁਣ ਤੁਹਾਡੇ ਬੇਰੁਜ਼ਗਾਰ ਰਹਿਣ ਦਾ ਜ਼ਿੰਮੇਵਾਰ ਇਹ 'ਲੁਟੇਰਾ ਪ੍ਰਬੰਧ' ਹੈ, ਜਿਸ ਨੂੰ ਸੰਘਰਸ਼ਾਂ ਦੇ ਰਾਹ ਪੈ ਕੇ ਹੀ ਟੱਕਰ ਦਿੱਤੀ ਜਾ ਸਕਦੀ ਹੈ। ਐਨਾ ਹੀ ਨਹੀਂ, ਸਗੋਂ ਇਸ ਜਥੇਬੰਦੀ ਨੇ ਹੋਰ ਵੱਖ-ਵੱਖ ਖੇਤਰਾਂ ਦੀਆਂ ਯੋਗਤਾਵਾਂ ਪੂਰੀਆਂ ਕਰਨ ਵਾਲ਼ੇ ਨੌਜਵਾਨਾਂ ਨਾਲ ਸਾਂਝ ਪਾਉਂਦਿਆਂ ਸ਼ਹੀਦ ਭਗਤ ਸਿੰਘ ਦੇ ਜਨਮਦਿਨ ਮੌਕੇ ਹਾਕਮ-ਧਿਰ ਨੂੰ ਵੰਗਾਰ ਦਿੱਤੀ ਹੈ ਕਿ ਇਹਨਾਂ ਨੌਜਵਾਨਾਂ ਨੂੰ 'ਝੂਠੇ ਲਾਅਰਿਆਂ' ਰੱਖਣ ਦਾ ਭਰਮ ਪਾਲ਼ੀਂ ਬੈਠੇ ਹਾਕਮ ਇਹ ਯਾਦ ਰੱਖਣ ਕਿ ਇਹ ਬਲ਼ਦੀਆਂ ਚਿੰਗਾੜੀਆਂ ਕਦੇ ਭਾਂਬੜ ਜਰੂਰ ਬਣਨਗੀਆਂ।



# ਉਹ ਪੁਲ ਜਿੱਥੇ ਪਰਵਾਸੀਆਂ ਨੇ ਅਮਰੀਕਾ ਜਾਣ ਲਈ ਲਾਏ ਡੇਰੇ

ਐਨਾ ਹੈਬ੍ਰਿਅਲਾ ਰੋਖਾਸ ਬੀਬੀਸੀ ਪੱਤਰਕਾਰ





"ਉਹ ਡੁੱਬ ਰਹੇ ਹਨ, ਉਹ ਡੁੱਬ ਰਹੇ ਹਨ!" ਇੱਕ ਔਰਤ ਬਦਹਵਾਸੀ ਵਿੱਚ ਚੀਕੀ ਅਤੇ ਚਾਰ ਲੋਕਾਂ ਸੂਚੀਆਤੇ ਨਦੀ ਵਿੱਚ ਡੁੱਬ ਰਹੇ ਦੋ ਬੱਚਿਆਂ ਨੂੰ ਬਚਾਉਣ ਲਈ ਛਾਲ ਮਾਰ ਦਿੱਤੀ। ਇਹ ਬੱਚੇ ਗਵਾਟੇਮਾਲਾ ਤੋਂ ਮੈਕਸੀਕੋ 'ਚ ਦਾਖ਼ਲ ਹੋਣ ਲਈ ਨਦੀਂ 'ਚ ਉਤਰੇ ਪਰਵਾਸੀਆਂ ਦੇ ਕਾਫ਼ਲੇ ਦਾ ਹਿੱਸਾ ਸਨ। ਕੁਝ ਪਲਾਂ ਲਈ ਇਹ ਬੱਚੇ ਪਾਣੀ ਅੰਦਰ ਸਨ, ਫੇਰ ਇਹ ਬਾਹਰ ਦਿਖੇ ਅਤੇ ਬਚਾਅ ਲਈ ਗਏ ਲੋਕ ਉਨ੍ਹਾਂ ਦੀ ਮਦਦ ਕਰ ਸਕੇ।

ਕੁਝ ਦੇਰ ਬਾਅਦ ਬੇੜੀਆਂ ਵੀ ਮੁਹਿੰਮ ਵਿੱਚ ਸ਼ਾਮਿਲ ਹੋ ਗਈਆਂ ਅਤੇ ਸਾਰਿਆਂ ਨੂੰ ਸੁਰੱਖਿਅਤ ਕੰਢੇ 'ਤੇ ਲਿਆਂਦਾ ਗਿਆ।

ਗ਼ਰੀਬੀ, ਅਰਪਾਧ ਅਤੇ ਅਸਥਿਰਤਾ ਤੋਂ ਪ੍ਰਭਾਵਿਤ ਹੋਂਡੂਰਾਮ ਦੇ ਸੈਂਕੜੇ ਲੋਕਾਂ ਦੇ ਕਾਫ਼ਲੇ ਨੇ ਬਿਹਤਰ ਜ਼ਿੰਦਗੀ ਦੀ ਭਾਲ ਵਿੱਚ ਅਮਰੀਕਾ ਵੱਲ ਰੁਖ਼ ਕੀਤਾ। ਇਹ ਕਾਫ਼ਲਾ ਗਵਾਟੇਮਾਲਾ ਅਤੇ ਮੈਕਸੀਕੋ ਤੋਂ ਹੁੰਦਿਆਂ ਹੋਇਆ ਅਮਰੀਕੀ ਸੀਮਾ ਤੱਕ ਪਹੁੰਚੇਗਾ। ਗਵਾਟੇਮਾਲਾ ਤੋਂ ਮੈਕਸੀਕੋ 'ਚ ਦਾਖ਼ਲ ਹੋਣ ਲਈ ਇਸ ਕਾਫ਼ਲੇ ਨੂੰ ਕਈ ਖ਼ਤਰੇ ਚੁੱਕਣੇ ਪਏ ਹਨ। ਇਸ ਸ਼ਨੀਵਾਰ ਨੂੰ ਕਈ ਪਰਵਾਸੀਆਂ ਨੇ ਸਰਹੱਦ 'ਤੇ ਪੁੱਲ 'ਤੇ ਬਣੀ ਲੰਬੀ ਰੇਖਾ ਨੂੰ ਤੋੜ ਕੇ ਮੈਕਸੀਕੋ ਦੇ ਅਧਿਕਾਰੀਆਂ ਕੋਲੋਂ ਪਨਾਹ ਮੰਗਣ ਦੀ ਹਿੰਮਤ ਕੀਤੀ। ਇਹ ਲੋਕ ਗਵਾਟੇਮਾਲਾ ਅਤੇ ਮੈਕਸੀਕੋ ਨੂੰ ਵੰਡਣ ਵਾਲੀ ਸੂਚੀਆਤੇ ਨਦੀ ਨੂੰ ਪਾਰ ਕਰਨ ਲੱਗੇ, ਜੋ ਦੋਵਾਂ ਦੇਸਾਂ ਨੂੰ ਵੱਖ ਕਰਦੀ ਹੈ।







ਹਾਲਾਂਕਿ ਇਹ ਨਦੀ ਬਹੁਤੀ ਡੂੰਘੀ ਨਹੀਂ ਹੈ ਪਰ ਇਹ ਕਾਫੀ ਚੌੜੀ ਹੈ। ਮੌਸਮੀ ਬਰਸਾਤ ਕਰਕੇ ਇਨ੍ਹਾਂ ਦਿਨਾਂ ਵਿੱਚ ਪਾਣੀ ਤੇਜ਼ ਰਫ਼ਤਾਰ ਨਾਲ ਵਗ ਰਿਹਾ ਹੈ।

ਪ੍ਰਵਾਸੀਆਂ ਨੇ ਪੁੱਲ ਹੇਠਾਂ ਮੋਟੀ ਰੱਸੀ ਵੀ ਬੰਨ੍ਹ ਲਈ ਹੈ, ਜਿਸ ਨੂੰ ਫੜ੍ਹ ਕੇ ਪ੍ਰਵਾਸੀਆਂ ਨੇ ਸਰਹੱਦ ਪਾਰ ਕੀਤੀ। ਸਰਹੱਦ ਸੁਰੱਖਿਆ ਕੰਟਰੋਲ ਰੂਮ ਵੀ ਇਸੇ ਪੁੱਲ 'ਤੇ ਹੀ ਹੈ। ਕੁਝ ਲੋਕਾਂ ਨੇ ਤੈਰ ਕੇ ਨਦੀ ਪਾਰ ਕੀਤੀ ਅਤੇ ਕੁਝ ਨੇ ਰਾਫ਼ਟ 'ਤੇ, ਪੁਲਿਸ ਨੇ ਰਾਫ਼ਟ ਵਾਲਿਆਂ ਨੂੰ ਨਾ ਬਿਠਾਉਣ ਦੀ ਚਿਤਾਵਨੀ ਦਿੱਤੀ ਸੀ। ਕੁਝ ਲੋਕਾਂ ਨੇ ਇਸ ਚਿਤਾਵਨੀ ਨੂੰ ਤੋੜਿਆ।

ਮੈਕਸੀਕੋ ਦੀ ਪੁਲਿਸ ਨੇ ਅਜੇ ਤੱਕ ਅਜੇ ਤੱਕ ਪਰਵਾਸੀਆਂ ਦੇ ਇਸ ਕਾਫ਼ਲੇ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ ਹੈ। ਹਾਲਾਂਕਿ ਮੈਕਸੀਕੋ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਸਰਹੱਦ ਪਾਰ ਕਰਕੇ ਆਏ ਕਰੀਬ 900 ਪਰਵਾਸੀਆਂ ਨੂੰ ਪ੍ਰਵਾਸੀ ਨਿਯਮਾਂ 'ਚੋਂ ਲੰਘਣਾ ਪਵੇਗਾ ਅਤੇ ਉਨ੍ਹਾਂ ਨੂੰ ਵਾਪਸ ਉਨ੍ਹਾਂ ਦੇਸ ਵੀ ਭੇਜਿਆ ਜਾ ਸਕਦਾ ਹੈ।

**ਇੰਤਜ਼ਾਰ** : ਜਿਨ੍ਹਾਂ ਲੋਕਾਂ ਨੇ ਸਰਹੱਦ ਪਾਰ ਕਰਨ ਦਾ ਫ਼ੈਸਲਾ ਕੀਤਾ ਹੈ ਉਨ੍ਹਾਂ ਲਈ ਹਾਲਾਤ ਬੇਹੱਦ ਮੁਸ਼ਕਲ ਹੈ। ਹੋਂਡੂਰਾਮ ਤੋਂ ਨਿਕਲੇ ਇਸ ਕਾਫ਼ਲੇ ਦਾ ਇਹ ਸਭ ਤੋਂ ਅਹਿਮ ਪੜਾਅ ਵੀ ਹੈ।

ਅਜੇ ਵੀ ਬਹੁਤ ਸਾਰੇ ਲੋਕ ਪੁੱਲ 'ਤੇ ਮੈਕਸੀਕੋ ਦੇ ਅਧਿਕਾਰੀਆਂ ਦਾ ਇੰਤਜ਼ਾਰ ਕਰ ਰਹੇ ਹਨ। ਇਹ ਲੋਕ ਕਹਿਰ ਦੀ ਗਰਮੀ 'ਚ ਪੁੱਲ 'ਤੇ ਬੈਠੇ ਹਨ ਅਤੇ ਉਨ੍ਹਾਂ ਲਈ ਹਾਲਾਤ ਮੁਸ਼ਕਲ ਹੁੰਦੇ ਜਾ ਰਹੇ ਹਨ।

ਉਹ ਖੁੱਲ੍ਹੇ ਅਸਮਾਨ ਹੇਠਾਂ ਸੌਂਦੇ ਹਨ, ਉਨ੍ਹਾਂ ਕੋਲ ਨਾ ਪੀਣ ਵਾਲਾ ਪਾਣੀ ਹੈ ਨਾ ਪਖਾਣੇ ਦੀ ਵਿਵਸਥਾ। ਪੇਸ਼ਾਬ ਦੀ ਬਦਬੂ ਵੀ ਇੱਥੇ ਫੈਲ ਰਹੀ ਹੈ।

ਲੋਕ ਜੋ ਉਨ੍ਹਾਂ ਨੂੰ ਦੇ ਰਹੇ ਹਨ, ਉਹ ਉਹੀ ਖਾ ਰਹੇ ਹਨ। ਇਨ੍ਹਾਂ ਵਿਚੋਂ ਸਿਰਫ਼ ਕੁਝ ਲੋਕਾਂ ਕੋਲ ਹੀ ਖਾਣਾ ਖਰੀਦਣ ਲਈ ਪੈਸੇ ਹਨ।

ਇੱਥੇ ਕੂੜੇ ਦੇ ਢੇਰ ਵੀ ਲੱਗ ਗਏ ਹਨ। ਬੱਚਿਆਂ ਨੂੰ ਗਰਮੀ ਤੋਂ ਬਚਾਉਣ ਲਈ ਮਾਪੇ ਹਵਾ ਝੱਲ ਰਹੇ ਹਨ।

ਗਰਮੀ ਕਾਰਨ ਕੋਈ ਬੇਹੋਸ਼ ਨਾ ਹੋਵੇ ਜਾਂ ਹੀਟ ਸਟ੍ਰੋਕ ਕਾਰਨ ਕਿਸੇ ਦੀ ਜਾਨ ਨਾ ਚਲੀ ਜਾਵੇ ਇਸ ਲਈ ਪਾਣੀ ਛਿੜਕਾਇਆ ਜਾ ਰਿਹਾ ਹੈ।

ਕਈ ਬੱਚੇ ਬੇਹੋਸ਼ ਵੀ ਹੋ ਗਏ ਅਤੇ ਕਈ ਔਰਤਾਂ ਲਾਪਤਾ ਵੀ ਹੋ ਗਈਆਂ ਹਨ।

**ਰੋਜ਼ਾਨਾ 300 ਅਰਜ਼ੀਆਂ** : ਮੈਕਸੀਕੋ ਦੇ ਅਧਿਕਾਰੀ ਪਰਵਾਸੀਆਂ ਨੂੰ ਦਾਖ਼ਲ ਹੋਣ ਵੀ ਦੇ ਰਹੇ ਹਨ ਪਰ ਪ੍ਰਕਿਰਿਆ ਬਹੁਤ ਹੌਲੀ ਹੈ।

ਗਵਾਟੇਮਾਲਾ ਦੇ ਇੱਕ ਗ਼ੈਰ ਸਰਕਾਰੀ ਸੰਗਠਨ ਯੋ ਐਮੋ ਮਾਤਬਕ, "ਇਹ ਸੰਕਟ ਹੈ, ਬੱਚੇ ਬਹੁਤ ਜ਼ਿਆਦਾ ਪ੍ਰੇਸ਼ਾਨ ਹਨ, ਜੇਕਰ ਉਨ੍ਹਾਂ ਲੰਬਾ ਸਮਾਂ ਇੱਥੇ ਬਿਤਾਉਣਾ ਪਿਆ ਤਾਂ ਉਹ ਮਰ ਵੀ ਸਕਦੇ ਹਨ।"

ਮੈਕਸੀਕੋ ਦੇ ਨੈਸ਼ਨਲ ਸਕਿਊਰਿਟੀ ਕਮਿਸ਼ਨਰ ਰੇਨਾਟੋ ਸੈਲੇਸ ਹੈਰੇਡੀਆ ਨੇ ਬੀਬੀਸੀ ਨੂੰ ਕਿਹਾ, "ਅਸੀਂ ਪਰਵਾਸੀਆਂ ਦੀਆਂ ਅਰਜ਼ੀਆਂ ਲੈ ਰਹੇ ਹਾਂ ਅਤੇ ਉਨ੍ਹਾਂ ਨੂੰ ਆਉਣ ਦੇ ਰਹੇ ਹਾਂ। ਉਨ੍ਹਾਂ ਲੋਕਾਂ ਨੂੰ ਸ਼ਰਨ ਮਿਲ ਜਾਵੇਗੀ ਜੋ ਸਾਬਿਤ ਕਰਨਗੇ ਕਿ ਉਨ੍ਹਾਂ ਦੇ ਦੇਸ ਵਿੱਚ ਮਨੁੱਖ ਸੰਕਟ ਹੈ ਅਤੇ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ।"

ਸੈਲੇਸ ਦਾ ਕਹਿਣਾ ਹੈ ਕਿ ਹਰ ਅਰਜ਼ੀ ਦੀ ਵਿਅਕਤੀਗਤ ਜਾਂਚ ਹੋਵੇਗੀ, ਜਿਸ ਵਿੱਚ 40 ਦਿਨਾਂ ਦਾ ਸਮਾਂ ਲੱਗ ਸਕਦਾ ਹੈ। ਰੋਜ਼ਾਨਾ ਕਰੀਬ 300 ਸ਼ਰਨਾਰਥੀਆਂ ਦੀਆਂ ਅਰਜ਼ੀਆਂ ਸਵੀਕਾਰ ਕੀਤੀਆਂ ਜਾ ਰਹੀਆਂ ਹਨ।"

ਕੁਝ ਪਰਵਾਸੀਆਂ ਦੇ ਮੈਕਸੀਕੋ ਵਿੱਚ ਦਾਖ਼ਲ ਹੋਣ ਤੋਂ ਬਾਅਦ ਪੁੱਲ 'ਤੇ ਕੁਝ ਥਾਂ ਬਣੀ ਤਾਂ ਪਿੱਛਿਓਂ ਹੋਰ ਪਰਵਾਸੀ ਇੱਥੇ ਪਹੁੰਚ ਗਏ।

ਸਥਾਨਕ ਮੀਡੀਆ ਰਿਪੋਰਟਾਂ ਹੋਂਡੂਰਾਮ ਤੋਂ ਪਰਵਾਸੀਆਂ ਦਾ ਇੱਕ ਨਵਾਂ ਕਾਫ਼ਲਾ ਨਿਕਲਿਆ ਹੈ ਜੋ ਕੁਝ ਦਿਨਾਂ 'ਚ ਇੱਥੇ ਪਹੁੰਚ ਸਕਦਾ ਹੈ।

ਵਰਲਡ ਵਿਜ਼ਨ ਐਨਜੀਓ ਨਾਲ ਜੁੜੀਆਂ ਟੋਨਾਤੀਉ ਮਾਗੋਸ ਕਹਿੰਦੇ ਹਨ, "ਪੁੱਲ੍ਹ 'ਤੇ ਗੰਦਗੀ ਕਾਰਨ ਇੱਥੇ ਮਨੁੱਖ ਸੰਕਟ ਪੈਦਾ ਹੋਣ ਦਾ ਵੱਡਾ ਖ਼ਤਰਾ ਹੈ।"

ਉਨ੍ਹਾਂ ਮੁਤਾਬਕ ਪਖਾਣਿਆਂ ਦੀ ਘਾਟ ਅਤੇ ਵਧਦੇ ਤਾਪਮਾਨ ਕਾਰਨ ਇੱਥੇ ਮਹਾਮਾਰੀ ਫੈਲ ਸਕਦੀ ਹੈ ਜਿਸ ਦੀ ਮਾਰ ਹੇਠ ਬੱਚਿਆਂ ਦੇ ਆਉਣ ਦਾ ਖ਼ਤਰਾ ਵਧੇਰੇ ਹੈ।

**ਗ਼ਰੀਬੀ ਅਤੇ ਹਿੰਸਾ** : ਇਹ ਸਾਰੇ ਪਰਵਾਸੀਆਂ ਨੇ ਗ਼ਰੀਬੀ ਅਤੇ ਹਿੰਸਾ ਤੋਂ ਬਚਣ ਲਈ ਆਪਣਾ ਦੇਸ ਛੱਡਿਆ ਹੈ। ਪੈਡ੍ਰੋ ਨਾਮ ਦੇ ਪਰਵਾਸੀ ਨੇ ਦੱਸਿਆ, "ਨਾ ਸਾਡੇ ਕੋਲ ਕੰਮ ਹੈ ਨਾ ਨੌਕਰੀ। ਗੈਂਗ ਦੇ ਹਮਲਿਆਂ ਦਾ ਖ਼ਤਰਾ ਵੀ ਹੈ। ਆਪਣੀ ਛੋਟੀ ਜਿਹੀ ਮੈਕੇਨਿਕ ਦੀ ਦੁਕਾਨ ਨੂੰ ਖੋਲ੍ਹਣ ਲਈ ਮੈਨੂੰ ਫਿਰੌਤੀ ਦੇਣੀ ਪਈ ਪਰ ਮੈਂ ਇਹ ਫਿਰੌਤੀ ਕਈ ਦਿਨਾਂ ਨਹੀਂ ਦੇ ਸਕਿਆਂ ਅਤੇ ਦੁਕਾਨ ਬੰਦ ਕਰਨੀ ਪਈ" ਇਸ ਲੰਬੇ, ਥਕਾਉਣ ਵਾਲੇ ਅਤੇ ਖ਼ਤਰਨਾਕ ਸਫ਼ਰ 'ਤੇ ਨਿਕਲੇ ਵਧੇਰੇ ਪਰਵਾਸੀਆਂ ਨੂੰ ਲੱਗਦਾ ਹੈ ਕਿ ਅਮਰੀਕਾ 'ਚ ਹੀ ਉਨ੍ਹਾਂ ਨੂੰ ਬਿਹਤਰ ਜ਼ਿੰਦਗੀ ਮਿਲੇਗੀ।

ਪਰ ਉਧਰ ਅਮਰੀਕਾ ਵਿੱਚ ਇਨ੍ਹਾਂ ਪਰਵਾਸੀਆਂ ਦਾ ਸਵਾਗਤ ਨਹੀਂ ਹੋ ਰਿਹਾ। ਅਧਿਕਾਰੀ ਉਨ੍ਹਾਂ ਨਾਲ ਨਜਿੱਠਣ ਦੀ ਤਿਆਰੀ ਕਰ ਰਹੇ ਹਨ। ਰਾਸ਼ਟਰਪਤੀ ਟਰੰਪ ਨੇ ਮੈਕਸਿਕੋ ਨਾਲ ਇਸ ਕਾਫ਼ਲੇ ਨੂੰ ਵਿਚਾਲੇ ਹੀ ਰੋਕਣ ਲਈ ਕਹਿ ਦਿੱਤਾ ਹੈ।

ਹਾਲ ਦੇ ਦਿਨਾਂ ਵਿੱਚ ਬਿਆਨਾਂ ਵਿੱਚ ਉਨ੍ਹਾਂ ਨੇ ਕੇਂਦਰੀ ਅਮਰੀਕਾ ਤੋਂ ਆਉਣ ਵਾਲੇ ਪਰਵਾਸੀਆਂ ਨੂੰ ਅਪਰਾਧੀ ਤੱਕ ਦੱਸਿਆ ਹੈ।

ਹੋਂਡੂਰਾਮ ਦੇ ਰਾਸ਼ਟਰਪਤੀ ਹਵਾਨ ਓਰਲਾਂਡੋ ਹਰਨਾਗੇਜ਼ ਨੇ ਗਵਾਟੇਮਾਲਾ ਦੇ ਰਾਸ਼ਟਰਪਤੀ ਜਿਮੀ ਮੋਰਾਲੇਜ਼ ਅਤੇ ਮੈਕਸੀਕੋ ਦੇ ਰਾਸ਼ਟਰਪਤੀ ਐਨਰੀਕੋ ਪੇਨਿਆ ਨੀਟੋ ਨੇ ਫ਼ੋਨ 'ਤੇ ਗੱਲਬਾਤ ਕੀਤੀ।

ਫੋਨ 'ਤੇ ਉਨ੍ਹਾਂ ਨੇ ਕਰਦਿਆਂ ਭਰੋਸਾ ਦਿਵਾਇਆ ਹੈ ਕਿ ਉਹ ਪਰਵਾਸੀਆਂ ਨੂੰ ਲੈ ਕੇ ਗਲੋਬਲ ਸਮਝੌਤੇ ਦਾ ਸਨਮਾਨ ਕਰਨਗੇ।

ਮੈਕਸੀਕੋ ਦੇ ਰਾਸ਼ਟਰਪਤੀ ਦਫ਼ਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਸਮਝੌਤੇ ਪਰਵਾਸੀਆਂ ਦੇ ਸੁਰੱਖਿਅਤ, ਨਿਯਮਿਤ ਅਤੇ ਵਿਵਸਥਿਤ ਯਾਤਰਾ ਨੂੰ ਵਧਾਵਾ ਦਿੰਦੇ ਹਾਂ।ਗਵਾਟੇਮਾਲਾ ਅਤੇ ਹੋਂਡੂਰਾਮ ਦੇ ਰਾਸ਼ਟਰਪਤੀਆਂ ਮੁਤਾਬਕ ਉਨ੍ਹਾਂ ਨੇ ਵਾਪਸੀ ਦੀ ਚਾਹਤ ਰੱਖਣ ਵਾਲੇ ਪਰਵਾਸੀਆਂ ਨੂੰ ਸੁਰੱਖਿਅਤ ਰਸਤਾ ਉਪਲਬਧ ਕਰਵਾਇਆ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਕਰੀਬ 2 ਹਜ਼ਾਰ ਪ੍ਰਵਾਸੀ ਵਾਪਸ ਹੋਂਡੂਰਾਮ ਆ ਗਏ ਹਨ।

**'ਅਸੀਂ ਬਹੁਤ ਪ੍ਰੇਸ਼ਾਨ ਹਾਂ'** : ਪਰ ਕਾਫ਼ਲੇ ਵਿੱਚ ਸ਼ਾਮਿਲ ਵਧੇਰੇ ਲੋਕਾਂ ਲਈ ਵਾਪਸ ਜਾਣਾ ਬਦਲ ਨਹੀਂ ਹੈ। ਨਦੀ ਪਾਰ ਕਰਨ ਵਾਲੇ ਪਰਵਾਸੀ ਡੇਵਿਡ ਲੋਪੇਜ਼ ਕਹਿੰਦੇ ਹਨ, "ਅਸੀਂ ਇਥੋਂ ਤੱਕ ਪਹੁੰਚੇ ਹਾਂ, ਹੁਣ ਇਥੋਂ ਪਿੱਛੇ ਨਹੀਂ ਜਾਣਾ। ਮੈਕਸੀਕੋ ਪਹੁੰਚਣਾ ਉਪਲਬਧੀ ਹੈ, ਹੁਣ ਅਸੀਂ ਇਥੋਂ ਉੱਤਰ ਵੱਲ ਹੀ ਜਾਵਾਂਗੇ।"

For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca
MAXVALUE REALTY LTD
REALTOR
CALGARY REAL ESTATE BOARD
MaxValue Reality Ltd.

Taranjit "T.J" Mand
Real Estate Associate

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

Martindale Dental Clinic
Open 7 days a week

Dr. A. Kler D.D.S.
Dr. A. Cheema D.D.S.
Dr. K. Sahota D.M.D.
All Services provided by General Dentists
ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਵਿਚ ਗੱਲ ਕਰ ਸਕਦੇ ਹੋ।
ਦੰਦਾਂ ਦੀ ਹਰ ਕਿਸਮ ਦੀ ਸਮੱਸਿਆ ਲਈ ਤਸੱਲੀਬਖਸ਼ ਸੇਵਾਵਾਂ ਲਈ ਮਿਲੋ।
105-126 Martindale Dr.N.E.
Calgary, AB T3J3G5
403-590-4888
martindaledentist.com

# ਡੱਗ ਫੋਰਡ ਦੀ ਸਰਕਾਰ ਦੇ ਵਰਕਰ ਤੇ ਲੋਕ ਵਿਰੋਧੀ ਰਵੱਈਏ ਖਿਲਾਫ਼ ਬਰੈਂਪਟਨ 'ਚ ਰੋਹ ਭਰਪੂਰ ਰੈਲੀ






ਭਾਵੇਂ ਇਸ ਗੱਲ ਦੇ ਸੰਕੇਤ ਇਲੈਕਸ਼ਨ ਹੋਣ ਤੋਂ ਪਹਿਲਾਂ ਹੀ ਮਿਲਣੇ ਸ਼ੁਰੂ ਹੋ ਗਏ ਸਨ ਕਿ ਡੱਗ ਫੋਰਡ ਦੀ ਅਗਵਾਈ 'ਚਬਣਨ ਵਾਲੀ ਸਰਕਾਰ ਲੋਕ ਵਿਰੋਧੀ ਫੈਸਲੇ ਲਵੇਗੀ ਤਦੇ ਹੀ ਤਾਂ ਅਗਾਂਹਵਧੂ ਲੋਕਾਂ ਵਲੋਂ ਇਸ ਪਾਰਟੀ ਦਾ ਵਿਰੋਧ ਕੀਤਾ ਗਿਆ ਸੀ। ਇਸ ਪਾਰਟੀ ਦੀ ਮਦਦ ਕਰਨ ਵਾਲੇ ਲੋਕਾਂ ਨੂੰ ਵੀ ਸ਼ਾਇਦ ਇਹ ਪਤਾ ਨਹੀਂ ਸੀ ਕਿ ਡੱਗ ਫੋਰਡ ਦੀ ਸਰਕਾਰ ਏਨੇ ਥੋੜ੍ਹੇ ਜਿਹੇ ਸਮੇਂ 'ਚ ਹੀ ਏਨੇ ਲੋਕ ਵਿਰੋਧੀ ਫੈਸਲੇ ਲਵੇਗੀ। ਬਰੈਂਪਟਨ ਮਿਲਟਨ ਤੇ ਮਾਰਖਮ 'ਚ ਬਣਨ ਵਾਲੀਆਂ ਯੂਨੀਵਰਸਿਟੀਆਂ ਦੇ ਫੰਡ ਰੋਕ ਦੇਣਾ, ਬਰੈਂਪਟਨ 'ਚ ਬਣਨ ਵਾਲੇ ਹਸਪਤਾਲ ਦੇ ਫੰਡਾਂ ਤੋਂ ਮੁਨਕਰ ਹੋ ਜਾਣਾ, ਕਾਰ ਇੰਸ਼ੋਰੈਂਸ ਨੂੰ ਘੱਟ ਨਾ ਕਰਨਾ, ਬਿਲ 148 ਰਾਹੀਂ ਵਰਕਰਾਂ ਵਲੋਂ ਜਿੱਤੇ ਬਹੁਤ ਸਾਰੇ ਹੱਕਾਂ ਨੂੰ ਮੁੜ ਖਤਮ ਕਰਨ ਦਾ ਤਹੱਈਆ ਕਰ ਲੈਣਾ। ਮਿਨੀਅਮ ਵੇਜ 15 ਡਾਲਰ ਕਰਨ ਦੇ ਤਾਂ ਇਹ ਪਹਿਲਾਂ ਹੀ ਖਿਲਾਫ਼ ਸੀ ਪਰ ਸਰਕਾਰ ਬਣ ਜਾਣ 'ਤੇ ਮਿਨੀਅਮ ਵੇਜ ਨੂੰ ਤਿੰਨ ਸਾਲ ਲਈ ਫਰੀਜ ਕਰ ਦੇਣਾ ਤਾਂ ਵਰਕਰ ਵਿਰੋਧੀ ਹੋਣ ਦੀ ਹੱਦ ਹੈ। ਪਿਛਲੀ ਸਰਕਾਰ ਨੇ ਕਾਨੂੰਨ ਪਾਸ ਕਰਕੇ ਵਰਕਰਾਂ ਨੂੰ ਬਿਮਾਰ ਹੋ ਜਾਣ ਤੇ ਦੋ ਦਿਨਾਂ ਦੀ ਪੇਡ ਛੁੱਟੀ ਮਿਲਣ ਦਾ ਹੱਕ ਦਿੱਤਾ ਗਿਆ ਸੀ ਜੋ ਡੱਗ ਫੋਰਡ ਦੀ ਸਰਕਾਰ ਵਲੋਂ ਫਿਰ ਖਤਮ ਕਰ ਦਿੱਤਾ ਗਿਆ ਹੈ। ਇਕੋ ਜਿਹੇ ਕੰਮ ਦੀ ਇਕੋ ਜਿੰਨੀ ਤਨਖਾਹ ਦਾ ਕਾਨੂੰਨ ਵੀ ਖਤਮ ਕਰ ਦਿੱਤਾ ਜਾਵੇਗਾ। ਸਕੂਲਾਂ ਦੀ ਰਿਪੇਅਰ ਲਈ ਮਿਲਣ ਵਾਲੇ ਫੰਡਜ਼ ਵੀ ਕੈਂਸਲ ਕਰ ਦਿੱਤੇ ਗਏ। ਫੋਰਡ ਦੀ ਸਰਕਾਰ ਵਲੋਂ ਵਰਕਰ ਵਿਰੋਧੀ ਲਏ ਗਏ ਫੈਸਲਿਆਂ ਦੇ ਖਿਲਾਫ਼ 25 ਅਕਤੂਬਰ ਦਿਨ ਵੀਰਦਾਰ ਨੂੰ ਬਹੁਤ ਸਾਰੀਆਂ ਵਰਕਰਜ਼ ਤੇ ਲੋਕਪੱਖੀ ਜਥੇਬੰਦੀਆਂ ਵਲੋਂ ਬਰੈਂਪਟਨ 'ਚ ਸਟੀਲਜ਼ ਐਵੇਨਿਊ ਤੇ ਹਾਈਵੇ 10 ਤੇ ਪੈਂਦੇ ਕਾਰਨਰ ਤੇ ਇਕ ਜ਼ਬਰਦਸਤ ਰੈਲੀ ਕੀਤੀ ਗਈ। ਸੈਂਕੜੇ ਹੀ ਲੋਕਾਂ ਨੇ ਹਾਰਨ ਵਜਾ-ਵਜਾ ਕੇ ਆਪਣੀ ਹਮਾਇਤ ਦਾ ਇਜ਼ਹਾਰ ਕੀਤਾ। ਬਰੈਂਪਟਨ ਐਕਸ਼ਨ ਕਮੇਟੀ ਦੀ ਆਰਗੇਨਾਈਜ਼ਰ ਨਵੀ ਔਜਲਾ ਨੇ ਬੋਲਦਿਆਂ ਕਿਹਾ ਕਿ ਫੋਰਡ ਦੀ ਸਰਕਾਰ ਵਲੋਂ ਪਹਿਲਾਂ ਹੀ ਬੜੀ ਨੀਵੀਂ ਪੱਧਰ ਦੀ ਜ਼ਿੰਦਗੀ ਜਿਉਂਦੇ ਵਰਕਰਾਂ ਨੂੰ ਬੜੀ ਬੁਰੀ ਤਰ੍ਹਾਂ ਨਾਲ ਕੁਚਲਿਆ ਜਾ ਰਿਹਾ ਹੈ। ਅੱਜ ਦੇ ਮਹਿੰਗਾਈ ਵਾਲੇ ਸਮੇਂ 'ਚ ਇਹ ਵਰਕਰ ਬਹੁਤ ਹੀ ਮੁਸ਼ਕਿਲ ਨਾਲ ਆਪਣੇ ਬੱਚੇ ਪਾਲ ਰਹੇ ਹਨ। ਵਰਕਰਾਂ ਨੂੰ ਮਿਲਣ ਵਾਲੀਆਂ ਛੋਟੀਆਂ ਮੋਟੀਆਂ ਸਹੂਲਤਾਂ ਨੂੰ ਵੀ ਖੋਹ ਲੈਣਾ ਇਸ ਸਰਕਾਰ ਦਾ ਵਰਕਰ ਵਿਰੋਧੀ ਚਿਹਰਾ ਪੂਰੀ ਤਰ੍ਹਾਂ ਨਾਲ ਨੰਗਾ ਹੋ ਗਿਆ ਹੈ। ਫੋਰਡ ਦੀ ਸਰਕਾਰ ਖਜ਼ਾਨਾ ਖਾਲੀ ਹੋਣ ਦੇ ਨਾਂ ਥੱਲੇ ਵੱਡੀਆਂ ਕਾਰਪੋਰੇਸ਼ਨਾਂ ਨੂੰ ਹੋਰ ਮੁਨਾਫ਼ੇ ਕਮਾਉਣ ਦੀ ਖੁੱਲ੍ਹ ਦੇ ਰਹੀ ਹੈ। ਬਰੈਂਪਟਨ ਦੀ ਵੱਡੀ ਵਸੋਂ ਵਾਲੇ ਲੋਕਾਂ ਕੋਲੋਂ ਨਵੀਂ ਬਣਨ ਜਾ ਰਹੀ ਯੂਨੀਵਰਸਿਟੀ ਵੀ ਖੋਹ ਲੈਣਾ, ਇਸ ਸਰਕਾਰ ਦਾ ਇਕ ਬੇਹੂਦਾ ਕਦਮ ਹੈ ਜਿਸ ਨਾਲ ਹਜ਼ਾਰਾਂ ਹੀ ਲੋਕ ਨਿਰਾਸ਼ਤਾ 'ਚ ਡੁੱਬ ਗਏ ਹਨ। ਓਂਟਾਰੀਓ ਫੈਡਰੇਸ਼ਨ ਆਫ਼ ਲੇਬਰ ਦੀ ਆਗੂ ਮਲੀਸ਼ਾ ਨੇ ਵੀ ਫੋਰਡ ਦੀਆਂ ਵਰਕਰਜ਼ ਵਿਰੋਧੀ ਨੀਤੀਆਂ ਦੀ ਜ਼ੋਰਦਾਰ ਸ਼ਬਦਾਂ 'ਚ ਨਿੰਦਾ ਕੀਤੀ। ਉਸਨੇ ਆਪਣੀ ਸਪੀਚ 'ਚ ਕਿਹਾ ਕਿ ਡੱਗ ਫੋਰਡ ਦੀ ਸਰਕਾਰ ਨੇ ਲੋਕਾਂ ਦੇ ਹੱਕਾਂ 'ਤੇ ਕੁਹਾੜਾ ਫੇਰਨ ਤੋਂ ਸਿਵਾਏ ਕੋਈ ਵੀ ਕੰਮ ਅਜਿਹਾ ਨਹੀਂ ਕੀਤਾ ਜੋ ਲੋਕਪੱਖੀ ਹੋਵੇ। ਵਰਕਰਜ਼ ਯੂਨਾਈਟਿਡ ਕੈਨੇਡਾ ਦੇ ਆਗੂ ਇੰਦਰਦੀਪ ਸਿੰਘ ਨੇ ਵੀ.ਪੀ.ਸੀ. ਸਰਕਾਰ ਦੀਆਂ ਲੋਕ ਵਿਰੋਧੀ ਪਾਲਸੀਆਂ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ। ਉਨ੍ਹਾਂ ਨੇ ਅੱਗੇ ਬੋਲਦਿਆਂ ਕਿਹਾ ਕਿ ਸਾਰੀਆਂ ਹੀ ਜਥੇਬੰਦੀਆਂ ਵਲੋਂ ਇਕੱਠੇ ਹੋ ਕੇ ਲੋਕਾਂ ਦੇ ਮਸਲਿਆਂ ਲਈ ਸੰਘਰਸ਼ ਕਰਨਾ ਸਮੇਂ ਦੀ ਲੋੜ ਹੈ। ਇਸ ਰੈਲੀ 'ਚ ਬਰੈਂਪਟਨ ਐਕਸ਼ਨ ਕਮੇਟੀ, ਵਰਕਰਜ਼ ਐਕਸ਼ਨ ਸੈਂਟਰ (ਟੋਰਾਂਟੋ) ਓਂਟਾਰੀਓ ਫੈਡਰੇਸ਼ਨ ਆਫ਼ ਲੇਬਰ, ਸੀ. ਐਲ. ਸੀ., ਵਰਕਰਜ਼ ਯੂਨਾਈਟਿਡ ਕੈਨੇਡਾ, ਕੈਨੇਡੀਅਨ ਯੂਨੀਅਨ ਆਫ਼ ਪੋਸਟਲ ਵਰਕਰਜ਼ ਯੂਨਾਈਟਿਡ ਸਟੀਲ ਵਰਕਰਜ਼, ਦੇਸ਼ ਭਗਤ ਸਪੋਰਟਸ ਐਂਡ ਕਲਚਰਲ ਸੁਸਾਇਟੀ, ਨੌਰਥ ਅਮੈਰਕਿਨ ਤਰਕਸ਼ੀਲ ਸੁਸਾਇਟੀ, ਸਰੋਕਾਰਾਂ ਦੀ ਆਵਾਜ਼, ਅਲਾਇੰਸ ਆਫ਼ ਪ੍ਰੋਗਰੈਸਿਵ ਕੈਨੇਡੀਅਨਜ਼, ਤਰਕਸ਼ੀਲ ਸੁਸਾਇਟੀ ਆਫ਼ ਕੈਨੇਡਾ, ਜੈਮਜ਼ ਪੌਟਰ ਤੇ ਡਰਿੰਕ ਵਾਟਰ ਸੀਨੀਅਰਜ਼ ਕਲੱਬ, ਸੀ.ਪੀ.ਸੀ. ਜੀ. ਟੀ. ਏ. ਵੈਸਟ ਦੇ ਮੈਂਬਰਾਂ ਨੇ ਹਿੱਸਾ ਲਿਆ। ਇਨ੍ਹਾਂ ਤੋਂ ਇਲਾਵਾ ਉਘੇ ਕਵੀ ਅਮਰ ਸੂਫ਼ੀ, ਬਲਵੰਤ ਸਿੰਘ, ਸੁਖਦੇਵ ਸਿੰਘ ਤੋਂ ਇਲਾਵਾ ਪ੍ਰੋ. ਜਗੀਰ ਸਿੰਘ ਕਾਹਲੋਂ ਜਿਹੇ ਹੋਰ ਬਹੁਤ ਸਾਰੇ ਐਕਟੇਵਿਸਟਾ ਨੇ ਵੀ ਹਿੱਸਾ ਲਿਆ। ਮੀਡੀਏ ਤੋਂ ਸ੍ਰ. ਚਮਕੌਰ ਸਿੰਘ ਨੇ ਪੂਰਾ ਸਮਾਂ ਹਾਜ਼ਰੀ ਲਵਾਈ। ਐਨ.ਡੀ.ਪੀ. ਦੇ ਆਗੂ ਜਗਰੂਪ ਸਿੰਘ ਨੇ ਵੀ ਥੋੜ੍ਹੇ ਸਮੇਂ ਲਈ ਆਪਣੀ ਹਾਜ਼ਰੀ ਲਵਾਈ। ਵਰਕਰਜ਼ ਯੂਨੀਅਨਾਂ ਤੇ ਪੰਜਾਬੀ ਕਮਿਊਨਿਟੀ ਦੀਆਂ ਏਨੀਆਂ ਜਥੇਬੰਦੀਆਂ ਵਲੋਂ ਬੜੇ ਲੰਮੇ ਸਮੇਂ ਬਾਅਦ ਇਹੋ ਜਿਹੀ ਭਰਵੀਂ ਸ਼ਮੂਲੀਅਤ ਦੇਖਣ ਨੂੰ ਮਿਲੀ ਹੈ ਜੋ ਇਕ ਚੰਗਾ ਸ਼ਗਨ ਹੈ। ਆਉਣ ਵਾਲੇ ਸਮੇਂ 'ਚ ਫੋਰਡ ਸਰਕਾਰ ਵਲੋਂ ਹੋਰ ਵੀ ਬਹੁਤ ਸਾਰੀਆਂ ਲੋਕ ਵਿਰੋਧੀ ਤੇ ਵਰਕਰਜ਼ ਵਿਰੋਧੀ ਪਾਲਿਸੀਆਂ ਲਿਆਂਦੀਆਂ ਜਾਣਗੀਆਂ ਜਿਨ੍ਹਾਂ ਦਾ ਹੋਰ ਵੀ ਤਕੜੇ ਹੋ ਕੇ ਵਿਰੋਧ ਕਰਨਾ ਬੇਹੱਦ ਜ਼ਰੂਰੀ ਤੇ ਸਮੇਂ ਦੀ ਬਣਦੀ ਲੋੜ ਹੋਵੇਗੀ। ਅੰਤ ਵਿਚ ਸਾਰੇ ਹੀ ਮੀਡੀਏ ਦਾ ਲੋਕਾਂ ਦਾ ਤੇ ਸਾਰੀਆਂ ਜਥੇਬੰਦੀਆਂ ਦਾ ਧੰਨਵਾਦ ਕੀਤਾ ਗਿਆ।

**ਨਾਹਰ ਸਿੰਘ ਔਜਲਾ**








ਇਨਕਲਾਬ ਜ਼ਿੰਦਾਬਾਦ! ਸਾਮਰਾਜਵਾਦ ਮੁਰਦਾਬਾਦ!

ਜ਼ਿੰਦਗੀ ਭਰ ਲੋਕ ਹਿਤਾਂ ਲਈ ਸੰਘਰਸ਼ਸ਼ੀਲ, ਨਕਸਲਬਾੜੀ ਲਹਿਰ ਦੇ ਉੱਘੇ ਆਗੂ

ਕਾਮਰੇਡ ਸ਼ਮਸ਼ੇਰ ਸਿੰਘ ਸ਼ੇਰੀ ਦੀ ਬਰਸੀ 'ਤੇ

ਯਾਦਗਾਰੀ ਸਮਾਗਮ

ਮਿਤੀ 29-10-2018 ਦਿਨ ਸੋਮਵਾਰ ਸਮਾਂ:-11 ਵਜੇ ਸਵੇਰੇ

ਸਥਾਨ:-ਪਿੰਡ ਖੋਖਰ ਕਲਾਂ (ਸ਼ਹੀਦੀ ਲਾਟ) ਨੇੜੇ ਲਹਿਰਾਗਾਗਾ (ਸੰਗਰੂਰ)

ਵੱਲੋਂ:-

ਇਨਕਲਾਬੀ ਜਮਹੂਰੀ ਮੋਰਚਾ ਪੰਜਾਬ, ਲੋਕ ਸੰਗਰਾਮ ਮੰਚ (RDF) ਪੰਜਾਬ, ਇਨਕਲਾਬੀ ਲੋਕ ਮੋਰਚਾ ਪੰਜਾਬ



ਮੈਟਰੋ ਇਮੀਗ੍ਰੇਸ਼ਨ

1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਊਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜ਼ਾ ਕੇਸ
3. ਵਿਜ਼ਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜ਼ਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਊਜਲ ਦੇ ਕੇਸ ਜਿਵੇਂ ਸਪਾਊਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਊਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਿਸ਼ਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ)
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜ਼ਿਟਰ ਵੀਜ਼ਾ
15. ਵਿਜ਼ਿਟਰ, ਵਰਕ, ਸਟੂਡੈਂਟ ਵੀਜ਼ਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ, ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਮਿਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜ਼ਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ




Suresh Gupta
Certified Immigration Practitioner (RCIC) Member ICCRC
905-913-7700
416-886-9400
info@metroimmigration.com
www.metroimmigration.com
12-2355 Derry Road East, Mississauga, Ont. L5S 1V6

ਅਧਿਆਪਕ-ਸੰਘਰਸ਼

# ਕੁੱਝ ਅਹਿਮ ਪੱਖਾਂ ਦੀ ਚਰਚਾ



ਪੰਜਾਬ ਦੇ ਅਧਿਆਪਕਾਂ ਦਾ ਸੰਘਰਸ਼ ਸੂਬੇ ਦੇ ਸਿਆਸੀ ਦ੍ਰਿਸ਼ 'ਤੇ ਉੱਭਰ ਆਇਆ ਹੈ। ਕਈ ਮਹੀਨਿਆਂ ਤੋਂ ਵਿਸ਼ਾਲ ਜਨਤਕ ਲਾਮਬੰਦੀਆਂ ਤੇ ਐਕਸ਼ਨਾਂ ਦੀ ਲਗਾਤਾਰ ਲੜੀ ਨੇ ਅਤੇ ਹਕੂਮਤੀ ਧੱਕੇਸ਼ਾਹੀ, ਧਮਕੀਆਂ ਤੇ ਵਰਜਣਾ ਦੇ ਬਾਵਜੂਦ ਡਟੇ ਹੋਏ ਅਧਿਆਪਕਾਂ ਨੇ ਆਖਰ ਨੂੰ ਲੋਕ ਹਿੱਸਿਆਂ ਦਾ ਧਿਆਨ ਖਿੱਚ ਲਿਆ ਹੈ। ਇਹ ਅਧਿਆਪਕਾਂ ਦੇ ਜੁਝਾਰ ਇਰਾਦਿਆਂ ਤੇ ਜੂਝਣ ਦੇ ਦਮ ਖਮ ਦਾ ਸਿੱਟਾ ਹੈ ਕਿ ਆਖਰ ਨੂੰ ਮੌਕਾਪ੍ਰਸਤ ਸਿਆਸੀ ਪਾਰਟੀਆਂ ਤੇ ਲੀਡਰਾਂ ਨੂੰ ਅਧਿਆਪਕ ਮਸਲਿਆਂ 'ਤੇ ਜ਼ੁਬਾਨ ਖੋਹਲਣ ਲਈ ਮਜ਼ਬੂਰ ਹੋਣਾ ਪਿਆ ਹੈ ਤੇ ਹੁਣ ਉਹਨਾਂ ਨੂੰ ਇਹਦੇ 'ਚੋਂ ਸਿਆਸੀ ਲਾਹਾ ਲੈਣ ਦੀਆਂ ਆਸਾਂ ਜਾਗ ਪਈਆਂ ਹਨ। ਮੌਜੂਦਾ ਅਧਿਆਪਕ ਸੰਘਰਸ਼ ਕੁੱਝ ਪੱਖਾਂ ਤੋਂ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਹ ਘੋਲ ਸਰਗਰਮੀ ਜਨਤਕ ਖੇਤਰ ਦੇ ਅਦਾਰਿਆਂ ਨੂੰ ਬਿਲੇ ਲਾਉਣ ਦੀ ਹਕੂਮਤੀ ਨੀਤੀ ਦੇ ਅਸਰਾਂ ਖਿਲਾਫ ਲੋਕ ਸਮੂਹਾਂ 'ਚ ਪੈਦਾ ਹੋ ਰਹੇ ਰੋਸ ਦੇ ਆਏ ਦਿਨ ਉਚੇਰੇ ਪੱਧਰਾਂ ਵਲ ਵਧਣ ਦੇ ਸੰਕੇਤ ਦੇ ਰਹੀ ਹੈ। ਇਹ ਵੀ ਦਰਸਾਉਂਦੀ ਹੈ ਕਿ ਸਿੱਖਿਆ ਖੇਤਰ 'ਚ ਆਰਥਿਕ ਸੁਧਾਰਾਂ ਵਾਲੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਮੌਜੂਦਾ ਕਾਂਗਰਸ ਹਕੂਮਤ ਕਿਸ ਹੱਦ ਤੱਕ ਤਹੂ ਹੈ। ਇਹ ਹਕੂਮਤ ਕਈ ਮਹੀਨਿਆਂ ਦੇ ਲੰਮੇ ਸੰਘਰਸ਼ ਤੇ ਵਿਸ਼ਾਲ ਅਧਿਆਪਕ ਲਾਮਬੰਦੀ ਦੇ ਸਾਹਮਣੇ ਦੇ ਬਾਵਜੂਦ ਆਪਣੇ ਇਰਾਦਿਆਂ 'ਤੇ "ਡਟੀ" ਹੋਈ ਹੈ ਤੇ ਨਵੀਆਂ ਆਰਥਿਕ ਨੀਤੀਆਂ ਲਾਗੂ ਕਰਨ ਦੀ ਧੁੱਸ 'ਚ ਕਾਫੀ ਸਿਆਸੀ ਕੀਮਤ ਤਾਰਨ ਲਈ ਇੱਛਾ ਸ਼ਕਤੀ ਦਾ ਪ੍ਰਗਟਾਵਾ ਕਰ ਰਹੀ ਹੈ। ਇਹ ਪ੍ਰਗਟਾਵਾ ਇਸ ਹੱਦ ਤੱਕ ਹੈ ਕਿ ਪਿਛਲੇ ਕਈ ਮਹੀਨਿਆਂ ਦੀ ਵਿਆਪਕ ਲਾਮਬੰਦੀ ਵਾਲੀ ਜ਼ੋਰਦਾਰ ਸਰਗਰਮੀ ਤੇ ਅਧਿਆਪਕਾਂ ਦੇ ਜ਼ਾਹਰ ਹੋ ਰਹੇ ਲੜਾਕੂ ਰੌਂਅ ਨੂੰ ਦਰ ਕਿਨਾਰ ਕਰਦਿਆਂ ਤਨਖਾਹ ਘਟਾਉਣ ਦਾ ਸਿਰੇ ਦਾ ਧੱਕੜ ਫੈਸਲਾ ਕੀਤਾ ਗਿਆ ਹੈ। ਇਸ ਫੈਸਲੇ ਨਾਲ ਸਾਹਮਣਾ ਹੋਣ ਵਾਲੇ ਰੋਹ ਨੂੰ ਜਾਣਦਿਆਂ ਕੀਤਾ ਗਿਆ ਹੈ। ਅਧਿਆਪਕ ਤਬਕੇ ਦਾ ਹਕੂਮਤ ਨਾਲ ਮੌਜੂਦਾ ਭੇੜ ਇਸ ਹਕੀਕਤ ਦੀ ਵੀ ਮੁੜ ਅਮਲੀ ਤੇ ਜ਼ੋਰਦਾਰ ਪੁਸ਼ਟੀ ਕਰਦਾ ਹੈ ਕਿ ਸਰਕਾਰੀ ਸਿੱਖਿਆ ਖੇਤਰ ਦੀ ਤਬਾਹੀ ਦੇ ਕਦਮਾਂ 'ਚੋਂ ਵਿਸ਼ੇਸ਼ ਕਰਕੇ ਠੇਕਾ ਭਰਤੀ ਦੀ ਨੀਤੀ ਧੁੱਸ, ਸਿੱਖਿਆ ਖੇਤਰ ਦਾ ਜਾਨਦਾਰ ਅੰਗ ਬਣਦੇ ਅਧਿਆਪਕ ਤਬਕੇ ਦੇ ਹਿਤਾਂ ਨਾਲ ਸਿੱਧੇ ਤੇ ਤਿੱਖੇ ਟਕਰਾਅ 'ਚ ਆਉਂਦੀ ਹੈ ਤੇ ਇਹ ਠੇਕਾ ਭਰਤੀ ਵਾਲਾ ਤਬਕਾ ਹੀ ਅਧਿਆਪਕ ਲਹਿਰ ਦੀ ਨੋਕ ਬਣ ਸਕਦਾ ਹੈ।

ਸਾਰੀਆਂ ਹਕੂਮਤਾਂ ਵਾਰੋ ਵਾਰੀ ਸਿੱਖਿਆ ਸਮੇਤ ਸਭਨਾਂ ਜਨਤਕ ਅਦਾਰਿਆਂ ਦੀ ਤਬਾਹੀ ਦੇ ਕਦਮ ਅੱਗੇ ਵਧਾਉਂਦੀਆਂ ਆ ਰਹੀਆਂ ਹਨ। ਰੈਗੂਲਰ ਭਰਤੀ ਦੀ ਥਾਂ, ਠੇਕਾ ਮੁਲਾਜਮਾਂ ਦੀ ਨੀਤੀ ਸਰਕਾਰੀ ਖੇਤਰ ਦਾ ਭੋਗ ਪਾਉਣ ਵੱਲ ਜਾਂਦੇ ਕਦਮਾਂ 'ਚੋਂ ਅਹਿਮ ਕਦਮ ਹੈ। ਬਾਕੀ ਅਧਿਆਪਕ ਮੰਗਾਂ ਵੀ ਏਸੇ ਨਿੱਜੀਕਰਨ ਦੀ ਨੀਤੀ ਨਾਲ ਟਕਰਾਅ 'ਚ ਆਉਂਦੇ ਅਧਿਆਪਕ ਹਿਤਾਂ 'ਚੋਂ ਹੀ ਨਿਕਲਦੀਆਂ ਹਨ ਤੇ ਇਸ ਨੀਤੀ ਨੂੰ ਅੱਗੇ ਵਧਾਉਣ ਦੀ ਨੀਤ ਵਾਲੀ ਹਕੂਮਤ ਇਹਨਾਂ ਨੂੰ ਮੰਨਣ ਤੋਂ ਇਨਕਾਰੀ ਹੈ। ਦੋ-ਚਾਰ ਨਿੱਕੇ ਨਿਗੂਣੇ ਕਦਮ ਅਧਿਆਪਕਾਂ ਨੂੰ ਰਾਹਤ ਦੇਣ ਜੋਗੇ ਨਹੀਂ ਹਨ, ਵਰਾਉਣ ਵਰਚਾਉਣ ਜੋਗੇ ਵੀ ਨਹੀਂ ਹਨ। ਇਸੇ ਲਈ ਨਾਲ ਹੀ ਦਹਿਸ਼ਤ ਪਾਉਣ ਤੇ ਜਬਰ ਦੇ ਜ਼ੋਰ ਦਬਾਉਣ ਦੇ ਕਦਮਾਂ ਦਾ ਪੂਰ ਚੱਲ ਰਿਹਾ ਹੈ। ਮੁਅੱਤਲੀਆਂ, ਬਦਲੀਆਂ ਤੇ ਨੋਟਿਸਾਂ ਦੇ ਕਦਮ ਆ ਰਹੇ ਹਨ। ਡਰਾਵੇ ਤੇ ਧਮਕੀਆਂ ਦੀ ਭਰਮਾਰ ਹੈ ਪਰ ਇਹਨਾਂ ਦੇ ਅਸਰ ਦੇ ਝਲਕਾਰੇ ਨਾ ਮਾਤਰ ਹਨ। ਮੋੜਵਾਂ ਜਵਾਬ ਠੋਕਵਾਂ ਹੈ, ਅਧਿਆਪਕ ਹਰ ਸੰਭਵ ਸ਼ਕਲ ਰਾਹੀਂ ਵਿਰੋਧ ਜਤਾ ਰਹੇ ਹਨ, ਸਨਮਾਨ ਵਾਪਸੀ ਤੋਂ ਲੈ ਕੇ ਮੁਅੱਤਲੀਆਂ ਲਈ ਪੇਸ਼ਕਸ਼ਾਂ ਵਰਗੀਆਂ ਸ਼ਕਲਾਂ ਵੀ ਹਥਿਆਰ ਬਣੀਆਂ ਹੋਈਆਂ ਹਨ। ਸਿੱਖਿਆ ਸਕੱਤਰ ਦੀਆਂ ਧਮਕੀਆਂ ਦਹਿਸ਼ਤ ਦੀ ਥਾਂ ਰੋਹ ਦਾ ਪਸਾਰਾ ਕਰ ਰਹੀਆਂ ਹਨ। ਅਜਿਹਾ ਲੜਾਕੂ ਇਰਾਦਾ ਇਸ ਹਕੀਕਤ ਦਾ ਹੀ ਪ੍ਰਗਟਾਵਾ ਹੈ ਕਿ ਹਕੂਮਤੀ ਹਮਲਾ ਏਨਾ ਬੇਕਿਰਕ, ਵਿਆਪਕ ਤੇ ਡੂੰਘਾ ਹੈ ਜਿਨ੍ਹਾਂ ਨੇ ਅਧਿਆਪਕ ਤਬਕੇ ਦੇ ਅਜਿਹੇ ਹਿਤ ਦਾਅ 'ਤੇ ਲਾ ਦਿੱਤੇ ਹਨ ਜੋ ਉਹਨਾਂ ਨੂੰ ਕਰੋ ਜਾਂ ਮਰੋ ਵਰਗੀ ਹਾਲਤ ਮੂੰਹ ਧੱਕ ਰਹੇ ਹਨ, ਮੁੜ-ਮੁੜ ਸੰਘਰਸ਼ ਦੀ ਲੋੜ ਖੜ੍ਹੀ ਕਰਦੇ ਹਨ। ਹੋਰਨਾਂ ਮਹਿਕਮਿਆਂ ਵਾਲੇ ਮੁਲਾਜਮਾਂ ਦੇ ਮੁਕਾਬਲੇ ਅਰਾਮਦਾਇਕ ਗਿਣੀ ਜਾਂਦੀ ਨੌਕਰੀ ਵਾਲੇ ਜੇਕਰ ਅਜਿਹੇ ਦਮਖਮ ਤੇ ਦ੍ਰਿੜਤਾ ਦਾ ਪ੍ਰਗਟਾਵਾ ਕਰ ਰਹੇ ਹਨ ਤਾਂ ਇਹ ਵਿਕਸਿਤ ਹੋ ਰਹੀ ਹਾਲਤ ਦਾ ਸੰਕੇਤ ਹੈ ਕਿ ਨਿੱਜੀਕਰਨ ਦੀਆਂ ਨੀਤੀਆਂ ਦਾ ਹਮਲਾ ਕਿਸ ਹੱਦ ਲੋਕਾਂ ਦੀਆਂ ਜ਼ਿੰਦਗੀਆਂ ਜ਼ਿਬ੍ਹਾ ਕਰ ਰਿਹਾ ਹੈ, ਕਬੀਲਦਾਰੀਆਂ ਦੀਆਂ ਵਿਉਂਤਾਂ ਉਖਾੜ ਕੇ ਸੁੱਟ ਰਿਹਾ ਹੈ। ਸੰਘਰਸ਼ ਬਿਨ੍ਹਾਂ ਕੋਈ ਰਾਹ ਹੀ ਨਹੀਂ ਬਚਦਾ, ਵਿੱਚ ਵਿਚਾਲੇ ਦੀ ਹਾਲਤ ਨੂੰ ਸਿਰੇ ਲਾ ਦਿੰਦਾ ਹੈ ਤੇ ਕਰੋ ਜਾਂ ਮਰੋ ਵਾਲੀ ਹਾਲਤ ਸਿਰਜ ਦਿੰਦਾ ਹੈ ਤੇ ਨਵੀਆਂ ਤੋਂ ਨਵੀਆਂ ਪਰਤਾਂ ਨੂੰ ਸੰਘਰਸ਼ਾਂ ਦੇ ਪਿੜ 'ਚ ਲੈ ਆਉਂਦਾ ਹੈ।

ਅਧਿਆਪਕ ਰੋਹ ਦਾ ਸਾਹਮਣਾ ਕਰ ਰਹੀ ਕਾਂਗਰਸ ਹਕੂਮਤ ਦੇ ਕਦਮ ਤੇ ਸਮੁੱਚਾ ਵਿਹਾਰ ਦਰਸਾਉਂਦਾ ਹੈ ਕਿ ਆਪਣੇ ਫੈਸਲੇ 'ਤੇ ਦ੍ਰਿੜਤਾ ਨਾਲ ਖੜ੍ਹਨ ਦਾ ਪ੍ਰਭਾਵ ਦੇ ਰਹੀ ਹਕੂਮਤ ਅੰਦਰੋਂ ਡਾਵਾਂਡੋਲ ਹੈ। ਸਿੱਖਿਆ ਮੰਤਰੀ ਦੀ ਬੁਖਲਾਹਟ ਸਾਫ ਝਲਕਦੀ ਹੈ, ਅਫਸਰਸ਼ਾਹੀ 'ਤੇ ਟੇਕ ਰੱਖ ਕੇ ਨਿਭਣ ਦੇ ਕਦਮ ਵੀ ਏਸੇ ਕਮਜ਼ੋਰ ਪੈਂਤੜੇ ਦਾ ਹੀ ਪ੍ਰਗਟਾਵਾ ਹਨ। ਮੁੱਖ ਮੰਤਰੀ ਦਾ ਪ੍ਰੈਸ ਕਾਨਫਰੰਸ 'ਚ ਸਫਾਈ ਦੇਣ ਲਈ ਮਜ਼ਬੂਰ ਹੋਣਾ ਵੀ ਕਮਜ਼ੋਰ ਹਕੂਮਤੀ ਹਾਲਤ ਦਾ ਸੰਕੇਤ ਹੀ ਹੈ। ਪਰ ਇਸਦੇ ਬਾਵਜੂਦ ਉਹਨਾਂ ਦੀ ਨੀਤੀ ਧੁੱਸ ਅਜੇ ਉਹਨਾਂ ਨੂੰ ਏਸੇ ਪੈਂਤੜੇ 'ਤੇ ਖੜ੍ਹੇ ਰਹਿਣ ਲਈ ਧੱਕ ਰਹੀ ਹੈ, ਲੋਕਾਂ 'ਚ ਹੋ ਰਹੇ ਸਿਆਸੀ ਹਰਜੇ ਦੇ ਬਾਵਜੂਦ ਇਹੀ ਇਰਾਦਾ ਜ਼ਾਹਰ ਹੋ ਰਿਹਾ ਹੈ ਪਰ ਇਹ ਪੈਂਤੜਾ ਹਕੂਮਤ ਨੂੰ ਮਹਿੰਗਾ ਪੈਣ ਜਾ ਰਿਹਾ ਹੈ। ਆਉਂਦੀਆਂ ਚੋਣਾਂ 'ਚ ਜਾਣ ਦੀ ਮਜ਼ਬੂਰੀ ਹਕੂਮਤੀ 'ਦਮ ਖਮ' 'ਤੇ ਆਂਚ ਲਿਆਉਣ ਦਾ ਸਬੱਬ ਬਣਨੀ ਹੈ।

ਅਧਿਆਪਕ ਲਹਿਰ ਦੇ ਨੁਕਤਾ ਨਜ਼ਰ ਤੋਂ ਮਹੱਤਵਪੂਰਨ ਵਰਤਾਰਾ ਵਿਸ਼ਾਲ ਏਕਤਾ ਤਾਂਘ ਦਾ ਵਾਰ-ਵਾਰ ਹੋ ਰਿਹਾ ਪ੍ਰਗਟਾਵਾ ਤੇ ਸਾਕਾਰ ਹੋਈ ਏਕਤਾ ਦੀਆਂ ਬਰਕਤਾਂ ਦੀ ਸਮੁੱਚੇ ਅਧਿਆਪਕ ਸੰਘਰਸ਼ 'ਤੇ ਦਿਖ ਰਹੀ ਮੋਹਰ ਛਾਪ ਹੈ। ਅਧਿਆਪਕਾਂ 'ਚ ਮੌਜੂਦ ਏਕਤਾ ਤਾਂਘ ਦਾ ਹੀ ਸਿੱਟਾ ਹੈ ਕਿ ਵੱਖ-ਵੱਖ ਵੰਨਗੀਆਂ ਦੀਆਂ ਲੀਡਰਸ਼ਿਪਾਂ ਵਖਰੇਵਿਆਂ ਦੀਆਂ ਉਲਝਣਾਂ ਤੇ ਔਕੜਾਂ ਦੇ ਬਾਵਜੂਦ ਸਾਂਝਾ ਸੰਘਰਸ਼ ਚਲਾ ਰਹੀਆਂ ਹਨ। ਇੱਕ ਅਰਸੇ ਤੋਂ ਪਾਟੋਧਾੜ ਦਾ ਸ਼ਿਕਾਰ ਚਲੀ ਆ ਰਹੀ ਅਧਿਆਪਕ ਲਹਿਰ ਦੇ ਅਜਿਹੇ ਸੰਘਰਸ਼ ਦੀ ਉਸਾਰੀ ਇਸ ਤਾਜ਼ਾ ਦੌਰ ਦੀ ਸਭ ਤੋਂ ਅਹਿਮ ਪ੍ਰਾਪਤੀ ਬਣਦੀ ਹੈ ਜਿਸਨੂੰ ਸਾਂਭਣਾਂ ਤੇ ਪੱਕੇ ਪੈਰੀ ਕਰਨਾ ਸਭਨਾਂ ਸੁਹਿਰਦ ਲੀਡਰਸ਼ਿਪਾਂ ਦਾ ਭਖਦਾ ਸਰੋਕਾਰ ਹੋਣਾ ਚਾਹੀਦਾ ਹੈ। ਖਾਸ ਕਰਕੇ ਕੈਟਾਗਰੀਆਂ 'ਚ ਵੰਡੀਆਂ ਵੱਖ ਵੱਖ ਵੰਨਗੀਆਂ ਤੇ ਰੈਗੂਲਰ ਅਧਿਆਪਕਾਂ ਦਾ ਸਾਂਝਾ ਸੰਘਰਸ਼ ਉਸਰਨ ਦੇ ਸੁਲੱਖਣੇ ਰੁਝਾਨ ਨੂੰ ਪਾਲਣ ਪੋਸ਼ਣ ਤੇ ਅਗਲੇ ਪੜਾਅ 'ਤੇ ਲਿਜਾਣ ਲਈ ਵਿਸ਼ੇਸ਼ ਯਤਨ ਜੁਟਾਉਣ ਦੀ ਜ਼ਰੂਰਤ ਹੈ। ਵੱਖ-ਵੱਖ ਵੰਨਗੀਆਂ ਦੀਆਂ ਵਿੱਥਾਂ ਦਾ ਘਟਣਾ ਤੇ ਮਿਟਣਾ ਬੇਹਦ ਅਹਿਮ ਹੈ। ਸਾਕਾਰ ਹੋਈ ਏਕਤਾ ਨਾਲ ਆਪਣੀ ਤਾਕਤ ਦੇ ਅਹਿਸਾਸ ਦਾ ਹੋ ਰਿਹਾ ਸੰਚਾਰ ਅਜਿਹੀ ਮੁੱਲਵਾਨ ਕਮਾਈ ਬਣਦੀ ਹੈ ਜਿਸਨੂੰ ਲਾਜ਼ਮੀ ਹੀ ਇੱਕ ਟਰੇਡ ਇੱਕ ਯੂਨੀਅਨ ਦੇ ਨਾਅਰੇ ਨੂੰ ਅਮਲੀ ਜਾਮਾ ਪਹਿਨਾਉਣ ਦੀ ਦਿਸ਼ਾ 'ਚ ਹੋਣ ਵਾਲੇ ਯਤਨਾਂ ਲਈ ਜੁਟਾਇਆ ਜਾਣਾ ਚਾਹੀਦਾ ਹੈ।

ਮੌਜੂਦਾ ਸੰਘਰਸ਼ ਸਰਗਰਮੀ ਵੱਲੋਂ ਲੋਕਾਂ ਦਾ ਧਿਆਨ ਖਿੱਚ ਲੈਣ ਨਾਲ ਹਮਦਰਦੀਆਂ ਤੇ ਸਰੋਕਾਰਾਂ ਦੇ ਬਣ ਰਹੇ ਮਹੌਲ ਦਾ ਸੰਘਰਸ਼ ਦੀ ਠੋਸ ਤਕੜਾਈ ਲਈ ਹਿੱਸਾ ਪਵਾਉਣ ਖਾਤਰ ਅਧਿਆਪਕ ਆਗੂਆਂ ਤੇ ਕਾਰਕੁੰਨਾਂ ਨੂੰ ਵਿਸ਼ੇਸ਼ ਗੌਰ ਕਰਨੀ ਬਣਦੀ ਹੈ। ਪਿੰਡਾਂ 'ਚ ਮੌਜੂਦ ਮਿਹਨਤਕਸ਼ ਜਨਤਾ ਦੀਆਂ ਜਥੇਬੰਦੀਆਂ ਨਾਲ ਰਾਬਤਾ ਸਿਰਜਣ ਤੇ ਪਿੰਡ ਪੱਧਰ 'ਤੇ ਉਹਨਾਂ ਦੀ ਸਹਾਇਤਾ ਨਾਲ ਮਾਪਿਆਂ ਵਜੋਂ ਲੋਕਾਂ ਦੀ ਲਾਮਬੰਦੀ ਦੇ ਪੱਖ ਨੂੰ ਸੰਬੋਧਿਤ ਹੋਣ ਦਾ ਵੇਲਾ ਹੈ। ਇਸ ਲਾਮਬੰਦੀ ਦੇ ਪੱਖ ਲਈ ਤਨਖਾਹਾਂ ਘਟਾਉਣ ਦੇ ਮੌਜੂਦਾ ਕਦਮਾਂ ਤੇ ਹੋਰਨਾਂ ਫੈਸਲਿਆਂ ਨੂੰ ਲੋਕਾਂ ਦੇ ਸਿੱਖਿਆ ਤੇ ਰੁਜ਼ਗਾਰ ਦੇ ਹੱਕ 'ਤੇ ਹਮਲੇ ਵਜੋਂ ਦਰਸਾਉਣ ਦੀ ਲੋੜ ਹੈ। ਖਾਸ ਕਰਕੇ ਨਿੱਜੀਕਰਨ ਦੀਆ ਨੀਤੀਆਂ ਦੇ ਸਮੁੱਚੇ ਹਮਲੇ ਦੇ ਅੰਗ ਵਜੋਂ ਸਿਹਤ, ਟਰਾਂਸਪੋਰਟ, ਖੇਤੀ ਖੇਤਰ, ਪੈਟਰੋਲ ਕੀਮਤਾਂ ਤੱਕ ਦੇ ਵੱਖ-ਵੱਖ ਖੇਤਰਾਂ 'ਚ ਵਡੇਰੇ ਹਮਲੇ ਦੀ ਤਸਵੀਰ 'ਚ ਫਿੱਟ ਕਰਕੇ ਉਘਾੜਨ ਦੀ ਜ਼ਰੂਰਤ ਹੈ। ਸਿਰਫ ਅਧਿਆਪਕ ਸੰਘਰਸ਼ ਦੀ ਹਮਾਇਤ ਅਤੇ ਅਧਿਆਪਕ ਮੰਗਾਂ ਦੀ ਹਮਾਇਤ 'ਤੇ ਆਉਣ ਨਾਲੋਂ ਜ਼ਿਆਦਾ ਸਰਕਾਰੀ ਸਿੱਖਿਆ ਖੇਤਰ ਬਚਾਉਣ ਦੀ ਸਾਂਝੀ ਜਦੋਜਹਿਦ ਦੀ ਲੋੜ ਉਭਾਰੀ ਜਾਣੀ ਚਾਹੀਦੀ ਹੈ। ਇਸ ਸਾਂਝ ਦੀ ਉਸਾਰੀ ਲਈ ਜ਼ਰੂਰਤ ਹੈ ਕਿ ਸਿੱਖਿਆ ਖੇਤਰ ਦੇ ਉਜਾੜੇ ਲਈ ਬਹੁ-ਪਰਤੀ ਤੇ ਬਹੁ-ਧਾਰੀ ਹੱਲੇ ਦੀਆਂ ਬਾਕੀ ਧਾਰਾਂ ਤੇ ਪਰਤਾਂ ਦੀ ਹੋ ਰਹੀ ਉਧੇੜ ਦਿਖਾਈ ਜਾਵੇ।

ਕਿਤਾਬਾਂ-ਕਾਪੀਆਂ ਤੇ ਵਜੀਫੇ ਨਾ ਭੇਜਣ ਤੋਂ ਲੈ ਕੇ, ਖਾਲੀ ਅਸਾਮੀਆਂ, ਸਹੂਲਤਾਂ ਦੀ ਘਾਟ ਤੱਕ ਦੇ ਸਭਨਾਂ ਕਦਮਾਂ ਨੂੰ ਬਜਟਾਂ ਗ੍ਰਾਂਟਾਂ ਦੀ ਤੋਟ ਨਾਲ ਜੋੜਨਾ ਚਾਹੀਦਾ ਹੈ ਤੇ ਬੱਜਟਾਂ ਦੀਆਂ ਹਕੂਮਤੀ ਤਰਜੀਹਾਂ ਨੂੰ ਹਮਲੇ ਹੇਠ ਲਿਆਉਣਾ ਚਾਹੀਦਾ ਹੈ। ਸਰਕਾਰੀ ਖਜ਼ਾਨਾ ਜਟਾਉਣ ਲਈ ਵੱਡੇ ਕਾਰੋਬਾਰਾਂ ਤੇ ਜਾਇਦਾਦਾਂ ਤੋਂ ਲੈ ਕੇ ਵੱਡੀਆਂ ਕੰਪਨੀਆਂ ਤੇ ਮੁਨਾਫਿਆਂ 'ਤੇ ਟੈਕਸ ਲਾਉਣ ਦੀ ਮੰਗ ਕਰਨੀ ਚਾਹੀਦੀ ਹੈ। ਇਹਨਾਂ ਮੰਗਾਂ ਦੀ ਢੁਕਵੀਂ ਸਥਾਨਬੰਦੀ ਨੂੰ ਲੋਕ ਲਾਮਬੰਦੀ ਨਾਲ ਜੋੜ ਕੇ ਦੇਖਿਆ ਜਾਣਾ ਚਾਹੀਦਾ ਹੈ। ਸੰਘਰਸ਼ 'ਚ ਸ਼ਾਮਲ ਇਨਕਲਾਬੀ ਚੇਤਨਾ ਵਾਲੇ ਕਾਰਕੁੰਨਾਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੇ ਬੁਨਿਆਦੀ ਹਿਤਾਂ ਤੱਕ ਲਿਜਾਣ ਵਾਲੀਆਂ ਅਹਿਮ ਸਾਂਝੀਆਂ ਮੰਗਾਂ 'ਤੇ ਸਾਂਝੇ ਸੰਘਰਸ਼ਾਂ ਦੀ ਉਸਾਰੀ ਦੀ ਜ਼ਰੂਰਤ ਦੇ ਨੁਕਤਾ-ਨਜ਼ਰ ਤੋਂ ਮੌਜੂਦ ਸੰਘਰਸ਼ ਦਾ ਮਹੱਤਵ ਗ੍ਰਹਿਣ ਕਰਨ ਤੇ ਇਸ ਸੇਧ ਨੂੰ ਘੋਲ ਦੌਰਾਨ ਲਾਗੂ ਕਰਨ ਲਈ ਯਤਨ ਜਟਾਉਣ।

ਮੌਜੂਦਾ ਅਧਿਆਪਕ ਸੰਘਰਸ਼ ਦਾ ਇੱਕ ਅਹਿਮ ਸੰਕੇਤ ਸੂਬੇ ਦੀ ਜਨਤਾ 'ਚ ਆਮ ਰੂਪ 'ਚ ਬੇਚੈਨੀ ਦੇ ਪਸਾਰੇ ਦੀ ਗਹਿਰਾਈ ਨੂੰ ਦਰਸਾਉਣਾ ਬਣਦਾ ਹੈ ਤੇ ਇਸ ਬੇਚੈਨੀ ਦੇ ਸੰਘਰਸ਼ ਦਾ ਰੁਖ ਲੈਣ ਦੀ ਸੰਭਾਵਨਾਵਾਂ ਉਘਾੜਨ ਪੱਖੋਂ ਵੀ ਬਣਦਾ ਹੈ। ਅਧਿਆਪਕ ਤਬਕਾ ਲੋਕਾਂ ਦੀਆਂ ਉਹਨਾਂ ਪਰਤਾਂ 'ਚ ਸ਼ੁਮਾਰ ਹੈ ਜਿਹੜੀਆਂ ਪਰਤਾਂ ਕਾਰਪੋਰੇਟ ਜਗਤ ਲਈ ਖਪਤ ਦੀ ਮੰਡੀ ਵਜੋਂ ਮਹੱਤਵਪੂਰਨ ਹਨ। ਅਜਿਹੀਆਂ ਪਰਤਾਂ 'ਤੇ ਵੀ ਹੋ ਰਿਹਾ ਤਿੱਖਾ ਹੱਲਾ ਤੇ ਹੋ ਰਿਹਾ ਬੇਚੈਨੀ ਦਾ ਪਸਾਰਾ, ਇਕ ਪਾਸੇ ਡੂੰਘੇ ਹੋ ਰਹੇ ਆਰਥਿਕ ਸੰਕਟਾਂ ਦਰਮਿਆਨ ਲੁਟੇਰੀਆਂ ਜਮਾਤਾਂ ਦੀਆਂ ਸਖਤ ਚੋਣਾਂ ਦੀ ਹਾਲਤ ਦਿਖਾ ਰਿਹਾ ਹੈ, ਜਿਵੇਂ ਤਨਖਾਹਾਂ ਘਟਾਉਣ ਦਾ ਫੈਸਲਾ ਇਸ ਦੌਰ ਦੇ ਆਮ ਚਲਣ ਨਾਲੋਂ ਕੁੱਝ ਵੱਖਰਾ ਹੈ ਕਿਉਂਕਿ ਆਮ ਤੌਰ 'ਤੇ ਹਕੂਮਤਾਂ ਨਵੇਂ ਆਉਣ ਵਾਲੇ ਹਿੱਸਿਆਂ ਤੇ ਨਵੇਂ ਫੁਰਮਾਨ ਲਾਗੂ ਕਰਦੀਆਂ ਹਨ ਜਿਹੜੇ ਅਜੇ ਗੈਰ ਜਥੇਬੰਦਕ ਹਾਲਤ 'ਚ ਹੁੰਦੇ ਹਨ ਤੇ ਨਿਗੂਣੀਆਂ ਤਨਖਾਹਾਂ ਤੇ ਵੀ ਕੰਮ ਲਈ ਮਜਬੂਰ ਹੋ ਜਾਂਦੇ ਹਨ ਪਰ ਇਸ ਵਾਰ ਇਹ ਗਿਣਤੀ ਵੀ ਚੱਕ ਦਿੱਤੀ ਗਈ ਹੈ। ਦੂਜੇ ਪਾਸੇ ਇਹਨਾਂ ਕਦਮਾਂ ਰਾਹੀਂ ਹੋਣ ਜਾ ਰਹੀ ਸਮਾਜਿਕ ਉਥਲ ਪੁਥਲ ਦੇ ਸੰਕੇਤ ਵੀ ਸਪਸ਼ਟ ਹਨ। ਇਹਨਾਂ ਪਰਤਾਂ ਦੀ ਬੇਚੈਨੀ ਨੂੰ ਘੋਲਾਂ 'ਚ ਪਲਟਣਾ ਤੇ ਕਿਰਤੀ ਜਮਾਤਾਂ ਦੇ ਘੋਲਾਂ ਨਾਲ ਕੜੀ ਜੋੜ ਕਰਕੇ, ਬੁਨਿਆਦੀ ਇਨਕਲਾਬੀ ਤਬਦੀਲੀ ਲਈ ਜਮਾਤੀ ਸੰਗਰਾਮ ਦੇ ਅੰਗ ਵਜੋਂ ਉਸਾਰਨ ਦੀਆਂ ਵਿਕਸਿਤ ਹੋ ਰਹੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਲਈ ਤਾਣ ਜਟਾਉਣ ਦੀ ਜ਼ਰੂਰਤ ਉਭਰੀ ਹੋਈ ਹੈ ਤੇ ਵਿਕਸਿਤ ਹੋ ਰਹੀ ਹਾਲਤ 'ਚ ਉਪਰੋਕਤ ਦਿਸ਼ਾ-ਸੇਧ 'ਤੇ ਪਕੜ ਰਖਦਿਆਂ ਸਾਂਝੇ ਘੋਲਾਂ ਦੇ ਵਿਚਾਰ ਨੂੰ ਹਰਮਨ ਪਿਆਰਾ ਕਰਨਾ ਚਾਹੀਦਾ ਹੈ ਤੇ ਵੱਖ-ਵੱਖ ਤਬਕਿਆਂ ਦੀ ਜਮਾਤੀ ਏਕਤਾ ਦਾ ਸੰਦੇਸ਼ ਉਭਾਰਨਾ ਚਾਹੀਦਾ ਹੈ।

ਮੌਜੂਦਾ ਸੰਘਰਸ਼ ਦੌਰਾਨ ਇੱਕ ਨੁਕਤਾ ਘੋਲ ਸ਼ਕਲਾਂ ਦੀ ਚੋਣ ਦਾ ਹੈ। ਹਕੂਮਤਾਂ ਦਾ ਲੋਕਾਂ ਦੇ ਹਿਤਾਂ 'ਤੇ ਹਮਲਾ ਜਿਸ ਤਰ੍ਹਾਂ ਦੀ ਗਹਿਰਾਈ ਤੇ ਪਸਾਰ ਅਕਾਰ ਹਾਸਲ ਕਰ ਰਿਹਾ ਹੈ ਤੇ ਤੇਜ਼ੀ ਫੜ ਰਿਹਾ ਹੈ ਤਾਂ ਇਹ ਜਾਹਰ ਹੈ ਕਿ ਇਹ ਦੌਰ ਹਕੂਮਤਾਂ ਨਾਲ ਲੋਕਾਂ ਦੇ ਜੋਰਦਾਰ ਭੇੜ ਦਾ ਦੌਰ ਹੈ ਤੇ ਵਿਸ਼ਾਲ ਜਨਤਕ ਸੰਗਰਾਮਾਂ ਦੀ ਜ਼ਰੂਰਤ ਹੈ।

ਅਜਿਹੀ ਤਿੱਖ ਵਾਲੇ ਹਮਲੇ ਦੇ ਟਾਕਰੇ ਲਈ ਮਰਨ ਵਰਤ, ਭੁੱਖ ਹੜਤਾਲ ਜਾਂ ਰੋਸ ਜ਼ਾਹਰ ਕਰਨ ਦੀਆਂ ਹੇਠਲੀਆਂ ਸ਼ਕਲਾਂ ਦੀ ਅਸਰਕਾਰੀ ਦੀ ਸੀਮਤਾਈ ਨੂੰ ਪਹਿਚਾਨਣ ਦੀ ਲੋੜ ਹੈ। ਅਜਿਹੀਆਂ ਸ਼ਕਲਾਂ ਨਾ ਸਿਰਫ ਜਦੋਜਹਿਦ ਦੀ ਜ਼ਰੂਰਤ ਦੇ ਮੇਚ ਦੀਆਂ ਨਹੀਂ ਬਣਦੀਆਂ ਸਗੋਂ ਇਹ ਲੋਕਾਂ ਤੇ ਹਕੂਮਤ ਦੇ ਦੁਸ਼ਮਣਾਨਾ ਰਿਸ਼ਤੇ ਦੀ ਨਿਤਰਵੀਂ ਪੇਸ਼ਕਾਰੀ ਹੋਣ 'ਚ ਰੁਕਾਵਟ ਬਣਦੀਆਂ ਹਨ ਤੇ ਇਹਦਾ ਤੱਤ ਆਪਣਿਆਂ ਨਾਲ ਰੋਸੇ ਵਾਲਾ ਬਣਾ ਧਰਦੀਆਂ ਹਨ। ਜਿਵੇਂ ਕਿਤੇ ਹਕੂਮਤ 'ਤੇ ਲੋਕਾਂ ਦੇ ਕਿਸੇ ਹਿੱਸੇ ਵੱਲੋਂ ਖਾਣਾ ਤਿਆਗਣ ਦਾ ਕੋਈ ਦਬਾਅ ਬਣਦਾ ਹੋਵੇ ਜਾਂ ਕਿਸੇ ਹਕੂਮਤੀ ਅੰਗ ਦਾ ਦਿਲ ਪਸੀਜ ਸਕਦਾ ਹੋਵੇ । ਜਦੋਂ ਕਿ ਹਕੀਕਤ ਇਹ ਹੈ ਕਿ ਮੌਜੂਦਾ ਆਦਮ ਖਾਣੇ ਲੁਟੇਰੇ ਨਿਜ਼ਾਮ ਨੂੰ ਚਲਾਉਣ ਵਾਲੇ ਇਹ ਹਾਕਮ ਕਿਰਤੀ ਲੋਕਾਂ ਨੂੰ ਕੀੜੇ ਮਕੌੜੇ ਸਮਝਦੇ ਹਨ, ਜਿਹੜੇ ਸ਼ਰੇਆਮ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਸਕਦੇ ਹਨ, ਜੇਲ੍ਹੀਂ ਤੂੜ ਸਕਦੇ ਹਨ, ਸਰਮਾਏਦਾਰਾਂ ਦੇ ਮੁਨਾਫਿਆਂ ਲਈ ਲੋਕਾਂ ਨੂੰ ਬਿਮਾਰੀਆਂ ਮੂੰਹ ਧੱਕ ਸਕਦੇ ਹਨ ਤੇ ਮੁਨਾਫੇ ਦੇ ਹਿੱਤਾਂ ਦੀ ਪੂਰਤੀ ਲਈ ਸਾਰੀ ਮਨੁੱਖਤਾ ਦਾ ਘਾਣ ਕਰ ਸਕਦੇ ਹਨ। ਇਹ ਨਾ ਅਜਿਹਾ ਦਬਾਅ ਮੰਨਦੇ ਹਨ, ਨਾ ਪਸੀਜਦੇ ਹਨ। ਇਹ ਲੋਕ ਤਾਕਤ ਦੇ ਜ਼ੋਰ, ਲੋਕਾਂ ਦੇ ਸੰਗਰਾਮਾਂ ਤੇ ਕੁਰਬਾਨੀਆਂ ਦੇ ਇਰਾਦਿਆਂ ਦੇ ਜ਼ੋਰ 'ਤੇ ਭਿੜ ਕੇ ਹੀ ਰੋਕੇ ਜਾ ਸਕਦੇ ਹਨ। ਘੋਲ ਦੀਆਂ ਲੀਡਰਸ਼ਿਪਾਂ ਨੂੰ ਇਸ ਵਿਚਾਰ 'ਤੇ ਪਕੜ ਬਣਾਉਣੀ ਚਾਹੀਦੀ ਹੈ ਕਿ ਇਹ ਜਮਾਤੀ ਸਮਾਜ ਹੈ ਤੇ ਇਹ ਸੰਘਰਸ਼ ਜਮਾਤਾਂ ਦਾ ਭੇੜ ਹੈ ਤੇ ਇਹ ਭੇੜ ਆਏ ਦਿਨ ਤਿੱਖਾ ਹੋ ਰਿਹਾ ਹੈ। ਜਦੋਂ ਹਕੂਮਤੀ ਨੀਤੀ ਤੇ ਚਲਣ ਇਸ ਹਕੀਕਤ ਨੂੰ ਹੋਰ ਵਧੇਰੇ ਉਘਾੜ ਰਿਹਾ ਹੋਵੇ ਤਾਂ ਲੋਕਾਂ ਵਾਲੇ ਪੱਖਾਂ ਤੋਂ ਵੀ ਇਸਨੂੰ ਉਘਾੜਨ 'ਤੇ ਜ਼ੋਰ ਲਾਉਣਾ ਚਾਹੀਦਾ ਹੈ।

ਜਿੱਥੋਂ ਤੱਕ ਅਜਿਹੀਆਂ ਸ਼ਕਲਾਂ ਰਾਹੀਂ ਲੋਕਾਂ ਨੂੰ ਉਭਾਰਨ ਦਾ ਸੰਬੰਧ ਹੈ ਇਹ ਸ਼ਕਲਾਂ ਲੋਕਾਂ ਨੂੰ ਭਾਵੁਕਤਾ ਤੇ ਹਮਦਰਦੀ ਦੇ ਪੱਧਰ 'ਤੇ ਉਭਾਰਨ ਦਾ ਸਾਧਨ ਤਾਂ ਬਣ ਸਕਦੀਆਂ ਹਨ ਪਰ ਹਕੂਮਤੀ ਹਮਲੇ ਦਾ ਟਾਕਰਾ ਮੌਤ ਦੇ ਮੂੰਹ 'ਚ ਜਾ ਰਹੇ ਸਾਥੀਆਂ ਦੀ ਹਮਦਰਦੀ ਦੀ ਭਾਵਨਾ ਨਾਲ ਨਹੀਂ ਕੀਤਾ ਜਾ ਸਕਦਾ, ਹਕੂਮਤ ਨੂੰ ਦਬਾਅ ਅਧੀਨ ਝੁਕਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਟਾਕਰੇ ਲਈ ਵਿਸ਼ਾਲ ਜਨ ਸਮੂਹਾਂ ਦੀ ਚੇਤਨਾ, ਇਰਾਦਾ, ਦ੍ਰਿੜਤਾ, ਤੇ ਸਪਸ਼ਟਤਾ ਲੋੜੀਂਦੀ ਹੈ। ਲੋਕਾਂ ਨੂੰ ਇਸ ਲਮਕਵੀਂ ਤੇ ਬੇਮੇਚੀ ਜਾਪਦੀ ਜੱਦੋਜਹਿਦ ਲਈ ਤਿਆਰ ਕਰਨਾ ਅਣਥੱਕ ਮਿਹਨਤ ਦੀ ਮੰਗ ਕਰਦਾ ਕਾਰਜ ਹੈ, ਪਰ ਇਸਤੋਂ ਬਿਨਾਂ ਹੋਰ ਕੋਈ ਸਿੱਧ ਪੱਧਰਾ ਤੇ ਸਰਲ ਰਸਤਾ ਨਹੀਂ ਹੈ। ਜਦੋਂ ਲੀਡਰਸ਼ਿਪਾਂ ਦਾ ਮੱਥਾ ਅਜਿਹੀਆਂ ਹਾਲਤਾਂ ਨਾਲ ਲੱਗ ਰਿਹਾ ਹੋਵੇ, ਜਦੋਂ ਤਾਕਤ ਥੋੜ੍ਹੀ ਹੋਵੇ, ਹਮਲਾ ਵੱਡਾ ਹੋਵੇ ਤੇ ਲੋਕ ਅਜੇ ਚੇਤਨਾ ਤੇ ਇਰਾਦੇ ਪੱਖੋਂ ਲੜਾਈ ਦੀ ਮੰਗ ਨੂੰ ਹੁੰਗਾਰਾ ਭਰਨ ਤੋਂ ਪਿੱਛੇ ਹੋਣ ਤਾਂ ਲੋਕਾਂ ਨੂੰ ਉਸ ਪੱਧਰ ਤੱਕ ਲੈ ਜਾਣ ਲਈ ਹੋਰ ਵਧੇਰੇ ਦ੍ਰਿੜ ਇਰਾਦਾ ਤੇ ਸਬਰ ਲੋੜੀਂਦਾ ਹੁੰਦਾ ਹੈ। ਇਸ ਲਈ ਮੌਜੂਦਾ ਦੌਰ 'ਚ ਜਨਤਕ ਲਾਮਬੰਦੀ ਦੇ ਅਧਾਰ 'ਤੇ ਸਮੂਹਿਕ ਸ਼ਮੂਲੀਅਤ ਵਾਲੇ ਤਿੱਖੇ ਘੋਲ ਉਸਾਰਨ ਦਾ ਰਾਹ ਹੀ ਫੜਨਾ ਚਾਹੀਦਾ ਹੈ ਜੀਹਦੇ ਰਾਹੀਂ ਹਕੂਮਤ ਨੂੰ ਘੇਰ ਕੇ, ਦਬਾਅ ਬਣਾ ਕੇ ਹੋਰ ਸਿਆਸੀ ਤੇ ਪਦਾਰਥਕ ਪ੍ਰਾਪਤੀਆਂ ਕੀਤੀਆਂ ਜਾ ਸਕਣ। ਇੱਕ ਹੋਰ ਗਹੁ-ਕਰਨਯੋਗ ਨੁਕਤਾ ਮੌਕਾਪ੍ਰਸਤ ਸਿਆਸੀ ਪਾਰਟੀਆਂ ਦੇ ਲੀਡਰਾਂ ਦੀ ਸੰਘਰਸ਼ ਦੇ ਮੰਚਾਂ 'ਤੇ ਮੌਜੂਦਗੀ ਹੈ ਜਿਸਦੀ ਇਜ਼ਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਮੌਕਾਪ੍ਰਸਤ ਲੀਡਰਾਂ ਦੇ ਆਪਸੀ ਕੁਰਸੀ ਭੇੜ ਦਾ ਅਖਾੜਾ ਅਧਿਆਪਕ ਸੰਘਰਸ਼ ਨੂੰ ਨਹੀਂ ਬਣਨ ਦੇਣਾ ਚਾਹੀਦਾ। ਉਂਝ ਵੀ ਅਜੇ ਤੱਕ ਤਾਂ ਬਾਦਲਾਂ ਦੇ ਰਾਜ ਤੋਂ ਲੋਕਾਂ ਦਾ ਗੁੱਸਾ ਠੰਢਾ ਨਹੀਂ ਹੋਇਆ। 10 ਸਾਲ ਪੱਕੇ ਹੋਣ ਲਈ ਜਿਸ ਹਕੂਮਤ ਖਿਲਾਫ ਜਦੋਜਹਿਦ ਕੀਤੀ ਹੋਵੇ, ਉਹਨਾਂ ਲੀਡਰਾਂ ਨੂੰ ਸੰਘਰਸ਼ 'ਚ ਆ ਕੇ ਹਮਾਇਤ ਦਾ ਦੰਭ ਕਰਨ ਦੀ ਇਜ਼ਾਜ਼ਤ ਕਿਵੇਂ ਦਿੱਤੀ ਜਾ ਸਕਦੀ ਹੈ। ਵੱਖ-ਵੱਖ ਮੌਕਾਪ੍ਰਸਤ ਲੀਡਰਾਂ ਨੂੰ ਅਧਿਆਪਕ ਮਸਲਿਆਂ 'ਤੇ ਮਗਰਮੱਛ ਦੇ ਹੰਝੂ ਵਹਾਉਣ ਲਈ ਮੰਚ ਮਹੁੱਈਆ ਕਰਵਾਉਣ ਤੋਂ ਬਚਣਾ ਚਾਹੀਦਾ ਹੈ। ਜਿਥੋਂ ਤੱਕ ਪਾਰਟੀਆਂ ਦੇ ਆਪਸੀ ਟਕਰਾਅ ਦਾ ਘੋਲ ਲਈ ਲਾਹਾ ਲੈਣ ਦਾ ਸੰਬੰਧ ਹੈ, ਅਜਿਹਾ ਕੁੱਝ ਕਰਨਾ ਉਹਨਾਂ ਦੀਆਂ ਆਪਣੀਆਂ ਵੋਟ ਗਿਣਤੀਆਂ ਦੀ ਜ਼ਰੂਰਤ ਹੈ ਤੇ ਉਹ ਆਪਣੇ ਤੌਰ 'ਤੇ ਫਿਰ ਵੀ ਕਰਦੇ ਰਹਿੰਦੇ ਹਨ। ਲੀਡਰਸ਼ਿਪਾਂ ਨੂੰ ਤਾਂ ਇਹ ਸੋਚਣਾ ਚਾਹੀਦਾ ਹੈ ਕਿ ਇਹਨਾਂ ਮੌਕਾਪ੍ਰਸਤ ਪਾਰਟੀਆਂ ਤੇ ਲੀਡਰਾਂ ਦੇ ਦੰਭ ਨੂੰ ਵੀ ਲੋਕਾਂ 'ਚ ਕਿਵੇਂ ਉਜਾਗਰ ਕੀਤਾ ਜਾਵੇ ਤੇ ਸੰਸਾਰੀਕਰਨ ਦੀਆਂ ਨੀਤੀਆਂ ਦੇ ਪੈਰੋਕਾਰਾਂ ਵਜੋਂ ਉਹਨਾਂ ਦੇ ਅਸਲ ਕਿਰਦਾਰ ਨੂੰ ਕਿਵੇਂ ਨਸ਼ਰ ਕੀਤਾ ਜਾਵੇ।

ਮੌਜੂਦਾ ਅਧਿਆਪਕ ਸੰਘਰਸ਼ ਪਦਾਰਥਕ ਪੱਧਰ 'ਤੇ ਚਾਹੇ ਕਿੰਨੀ ਵੀ ਪ੍ਰਾਪਤੀ ਕਰੇ ਪਰ ਸਿਆਸੀ ਪ੍ਰਾਪਤੀ ਕੀਤੀ ਜਾ ਚੁੱਕੀ ਹੈ ਤੇ ਹੋਰ ਹੋਣ ਜਾ ਰਹੀ ਹੈ। ਅਧਿਆਪਕ ਏਕਤਾ ਪੀਡੀ ਹੋਣ, ਕੈਟਾਗਰੀਆਂ ਦੀਆਂ ਵਿੱਥਾਂ ਘਟਣ ਤੇ ਵਿਸ਼ਾਲ ਏਕਤਾ ਦੀ ਲੋੜ ਉਭਾਰਨ ਦੀ ਪ੍ਰਾਪਤੀ ਅਧਿਆਪਕ ਲਹਿਰ ਲਈ ਛੋਟੀ ਪ੍ਰਾਪਤੀ ਨਹੀਂ ਹੈ। ਅਧਿਆਪਕਾਂ ਲਈ ਹਊਆ ਬਣੇ ਆ ਰਹੇ ਸਿੱਖਿਆ ਸਕੱਤਰ ਦੇ ਪੈਰਾਂ ਹੇਠ ਰੁਲਦੇ ਨਾਦਰਸ਼ਾਹੀ ਫੁਰਮਾਨ ਲੋਕਾਂ ਦੀ ਸਮੂਹਿਕ ਹਸਤੀ ਦੇ ਜ਼ੋਰ ਦਾ ਅਹਿਸਾਸ ਪੈਦਾ ਕਰਨ ਲਈ ਅਗਲੀ ਅਹਿਮ ਪ੍ਰਾਪਤੀ ਹੈ। ਵਿਸ਼ਾਲ ਗਿਣਤੀ ਅਧਿਆਪਕਾਂ 'ਚ ਹਕੂਮਤੀ ਨੀਤੀ ਦਾ ਨਸ਼ਰ ਹੋਣਾ ਤੇ ਸੰਘਰਸ਼ ਦਾ ਅਣਸਰਦੀ ਲੋੜ ਵਜੋਂ ਉਭਰ ਆਉਣਾ ਅਧਿਆਪਕ ਲਹਿਰ ਲਈ ਅਜਿਹੀ ਕਮਾਈ ਬਣਦਾ ਹੈ ਜਿਸਨੂੰ ਘੋਲ ਦੇ ਅਗਲੇਰੇ ਵਿਕਾਸ ਲਈ ਜੁਟਾਇਆ ਜਾਣਾ ਚਾਹੀਦਾ ਹੈ। ਇਹਨਾਂ ਪ੍ਰਾਪਤੀਆਂ ਨੂੰ ਸਾਂਭਣ, ਪੱਕੇ ਪੈਰੀਂ ਕਰਨ ਨਾਲ ਹੀ ਅਧਿਆਪਕ ਲਹਿਰ ਦਾ ਸ਼ਾਨਾਮੱਤਾ ਭਵਿੱਖ ਉਸਰਨਾ ਹੈ ਤੇ ਇਹਨਾਂ ਨੇ ਹੀ ਮੌਜੂਦਾ ਘੋਲ ਦੀ ਜਿੱਤ ਦਾ ਅਧਾਰ ਵੀ ਬਣਨਾ ਹੈ।

(ਸੁਰਖ ਲੀਹ ਦੇ ਬਲਾਗ ਤੋਂ ਧੰਨਵਾਦ ਸਹਿਤ)

**ਵਰਗ-ਚੇਤਨਾ ਮੰਚ**
**ਪ੍ਰਕਾਸ਼ਕ : ਯਸ਼ ਪਾਲ,**
**ਸੰਪਰਕ ਨੰਬਰ : 98145-35005**

**ਇੰਜੀਨੀਅਰ ਪਿਆਰਾ ਸਿੰਘ ਚਾਹਲ ਪਿਛਲੇ ਪੈਤੀ ਸਾਲ ਤੋਂ ਲੋਕ ਸੰਗੀਤ ਮੰਡਲੀ ਭਦੌੜ ਦਾ ਮੋਹਰੀ ਰੋਲ ਕਰਨ ਵਾਲਾ ਲੋਕ ਪੱਖੀ ਗਾਇਕ ਹੈ। ਅੱਜ ਕੱਲ ਉਹ ਕੈਨੇਡਾ ਵਿੱਚ ਹੈ। ਸ਼ਾਇਰ ਵਜੋਂ ਗਜ਼ਲ ਗੀਤ ਰਾਹੀਂ ਵਿਚਰਦਾ ਹੈ। ਉਸ ਦੀ ਸ਼ਾਇਰੀ ਦੇ ਕੁਝ ਰੰਗ ਪੇਸ਼ ਹਨ :**

ਕਿਹੜੇ ਵਿੱਚ ਲਫ਼ਜ ਪਾਵਾਂ, ਕਿੰਜ ਕਲਮ ਚਲਾਵਾਂ ਮੈਂ।
ਕਿਰਤੀ ਕਿਰਸਾਨੀ ਦਾ, ਦੁੱਖ ਕਿਵੇਂ ਵੰਡਾਵਾਂ ਮੈਂ।
ਅਤੇ ਕਿਹੜੀ ਸੁਰ ਛੇੜਾਂ, ਕਿੰਜ ਦਰਦ ਵੰਡਾਵਾਂ ਮੈਂ,
ਤੇਰੇ ਖ਼ੂੰਨ ਪਸੀਨੇ ਦਾ; ਕਿੰਜ ਗੀਤ ਬਣਾਵਾਂ ਮੈਂ।

ਕਰਜ਼ੇ 'ਚ ਪਰੁੰਨੇ ਪਏ, ਬੇਕਿਰਕ ਹਾਲਾਤਾਂ ਦੇ;
ਇਹਨਾਂ ਤੱਤੀਆਂ ਲੋਆਂ ਨਾਲ ਝੁਲਸੇ ਜਜ਼ਬਾਤਾਂ ਦੇ।
ਦਮ ਤੋੜ ਗਏ ਸੁਪਨਿਆਂ ਨੂੰ; ਕਿੰਜ ਮੋੜ ਲਿਆਵਾਂ ਮੈਂ
ਤੇਰੇ ਖ਼ੂਨ ਪਸੀਨੇ ਦਾ; ਕਿੰਜ ਗੀਤ ਬਣਾਵਾਂ ਮੈਂ।

ਰਹਿਨੈ ਕਰਜਾਈ ਹੀ;ਹਾੜ੍ਹੀ ਕੀ ਸਾਉਣੀ ਕੀ;
ਖੇਤਾਂ 'ਚੋਂ ਖ਼ਬਰ ਆਉਂਦੀ ਖੁਦਕੁਸ਼ੀ ਸਨਾਉਣੀ ਦੀ ;
ਘਰ ਖਾਲੀ ਹੋ ਰਿਹਾਂ ਨੂੰ; ਕਿੰਜ ਫੇਰ ਵਸਾਵਾਂ ਮੈਂ।
ਤੇਰੇ ਖ਼ੂੰਨ ਪਸੀਨੇ ਦਾ; ਕਿੰਜੁ ਗੀਤ ਬਣਾਵਾਂ ਮੈਂ।

ਤੰਗੀਆਂ ਕਮਜੋਰੀਆਂ ਦੀ; ਕਿਵੇਂ ਦੁਖਦੀ ਰਗ ਛੇੜਾਂ;
ਇਹਨਾ ਵਗਦੇ ਨੈਣਾਂ ਦੇ; ਕਿਵੇਂ ਹੱਥੀਂ ਖ਼ੂਹ ਗੇੜਾਂ।
ਜ਼ਿਬਾ ਹੋਈਆਂ ਸੱਧਰਾਂ ਦੇ; ਕਿੰਜ ਵੈਣ ਸੁਣਾਵਾਂ ਮੈਂ।
ਤੇਰੇ ਖ਼ੂੰਨ ਪਸੀਨੇ ਦਾ; ਕਿੰਜ ਗੀਤ ਬਣਾਵਾਂ ਮੈਂ।

ਸੋਚਾਂ ਨੂੰ ਹਲੂਣ ਦੇਵੇ; ਕੁਝ ਐਸਾ ਕਰਨਾ ਹੈ,
ਆਪ ਜਿਉਣਾ ਹੋਰਾਂ ਨੂੰ; ਜਿਉਣ ਜੋਗੇ ਕਰਨਾ ਹੈ।
ਇਹ ਸੁਨੇਹਾ 'ਚਾਹਲ ' ਦਾ; ਹਰ ਰੋਜ ਫੈਲਾਵਾਂ ਮੈਂ।
ਤੇਰੇ ਖ਼ੂੰਨ ਪਸੀਨੇ ਦਾ; ਕਿੰਜ ਗੀਤ ਬਣਾਵਾਂ ਮੈਂ।

ਖੇਤਾਂ ਦੇ ਰਾਖਿਆਂ ਨੂੰ ਹੁਣ ਖੇਤ ਖਾ ਰਹੇ ਨੇ।
ਉਹ ਫਸਲ ਉਗਾਂਉਂਦੇ ਰਹੇ ਭਾ ਹੋਰ ਲਾ ਰਹੇ ਨੇ।
ਮੁੜਕੇ ਦੇ ਮੋਤੀਆਂ ਦਾ ਕਿੰਜ ਮੁਲ ਪਾਵਾਂਗਾ ਮੈਂ,
ਤੇਰੇ ਖ਼ੂੰਨ ਪਸੀਨੇ ਦਾ ਕਿੰਜ ਮੁਲ ਪਾਵਾਮਾਂ ਮੈਂ।

ਪੀੜਾਂ ਹੀ ਪੀੜਾਂ ਨੇ ਦਿਲ ਛਲਣੀ ਕੀਤਾ ਏ।
ਕੁਝ ਯਾਦ ਨਹੀਂ ਜਿਸ ਦਿਨ ਰੱਜ ਖਾਧਾ ਪੀਤਾ ਏ।
ਮੱਚਦੀ ਅੱਗ ਢਿੱਡ ਦੀ ਨੂੰ ਦਸ ਕਿਵੇਂ ਬੁਝਾਵਾਂ ਮੈਂ,
ਤੇਰੇ ਖ਼ੂੰਨ ਪਸੀਨੇ ਦਾ ਕਿੰਜ ਗੀਤ ਬਣਾਵਾਂ ਮੈਂ।

ਤੇਰੇ ਦੁੱਖਾਂ ਦੇ ਵੀ ਪਰਛਾਵੇਂ ਢਲ ਜਾਣਗੇ।
ਦੱਬੇ ਕੁਚਲੇ ਲੋਕੀਂ ਜਦ ਸਾਰੇ ਰਲ ਜਾਣਗੇ।
ਏਕੇ ਵਿੱਚ ਬਰਕਤ ਦੀ ਗੱਲ ਵੀ ਸਮਝਾਵਾਂ ਮੈਂ,
ਤੇਰੇ ਖ਼ੂੰਨ ਪਸੀਨੇ ਦਾ ਕਿੰਜ ਗੀਤ ਬਣਾਵਾਂ ਮੈਂ।

ਇਸ ਤਰਾਂ ਇਨਸਾਨ ਨੂੰ ਮਜਬੂਰੀਆਂ ਨੇਂ ਘੇਰਿਆ ਹੈ।
ਫਿਸ ਹੀ ਪੈਂਦਾ ਹੈ ਬੰਦਾ ਜੋ ਜਰਾ ਕੁ ਛੇੜਿਆ ਹੈ।

ਦਾਸਤਾਨ-ਏ-ਜ਼ਿੰਦਗੀ ਸੌਖੀ ਨਹੀਂ ਕਰਨੀ ਬਿਆਨ,
ਜ਼ਖਮ ਹੋਰ ਦਰਦ ਦਿੰਦਾ ਜਿਨਾ ਵੀ ਉਚੇੜਿਆ ਹੈ।

ਸੱਚ ਆਖਾਂ ਸੱਚ ਮੈਥੋਂ ਲਿਖ ਪੜ ਸੁਣ ਨਹੀਂ ਹੋਣਾ,
ਕਿਉਂਕਿ ਜਦ ਇਹ ਮਿਲਿਆ ਮੈਨੂੰ ਮੈਂ ਹੀ ਬੂਹਾ ਭੇੜਿਆ ਹੈ।

ਮੁਸ਼ਕਲਾਂ ਹੀ ਮੁਸ਼ਕਿਲਾਂ ਨੂੰ ਹੋਰ ਦੇ ਗਈਆਂ ਮੁਸ਼ਕਿਲਾਂ ,
ਇਨ੍ਹਾਂ ਵਿਚ ਹੀ ਰਹਿ ਕੇ ਜ਼ਿੰਦਗੀ ਦਾ ਪਹੀਆ ਰੇੜਿਆ ਹੈ।

ਬਹੁਤ ਸੱਟਾਂ ਸਹਿ ਲੈਂਦੈ ਬੰਦਾ ਫਿਰ ਵੀ ਸਾਬਤ ਰਹਿੰਦਾ ਹੈ,
ਸ਼ੀਸ਼ਾ ਨਹੀਂ ਇਕ ਠੋਕਰ ਨਾਲ ਹੀ ਜਾਂਦਾ ਜੋ ਤਰੇੜਿਆ ਹੈ।

ਸੋਚਦਾ ਰਹਿਨੈ ਸਦਾ ਸੋਚਾਂ ਦੇ ਬੂਹੇ ਢੋ ਕੇ ਰੱਖਾਂ,
ਸੋਚਾਂ ਹੀ ਨੇ ਜਿਨਾ ਮੇਰਾ ਦਰਦ ਦਿਲ ਦਾ ਛੇੜਿਆ ਹੈ।

ਕਲਮ ਹੀ ਹਥ ਫੜ ਮੇਰਾ ਕਾਗ਼ਜ਼ ਤੇ ਵਹਿਣ ਲਾ ਦੇਵੇ,
ਉੱਗ ਹੀ ਪੈਂਦਾ ਹੈ ਆਪੇ ਜੋ ਜੋ ਜਾਂਦਾ ਕੇਰਿਆ ਹੈ।

ਨਬਜ਼ਾਂ ਫੜਾਂ ਸਮੇ ਦੀਆਂ ਮਰਜ਼ਾਂ ਨਾ ਸਮਝ ਪੈਂਦੀਆਂ,
ਅਜੇ ਤਾਂ ਜ਼ਮੀਰ ਨੂੰ ਸਵਾਰਥਾਂ ਨੇ ਘੇਰਿਆ ਹੈ।

ਜੁਅਰਤ ਨਹੀਂ ਪੈਂਦੀ 'ਚਾਹਲ' ਅਸਲ ਨੂੰ ਅਸਲ ਕਹਿਣ ਦੀ,
ਇਹ ਉੱਡਣਾ ਸੱਪ ਮੈਥੋ ਲੜਿਆ ਜਦ ਵੀ ਇਸ ਨੂੰ ਛੇੜਿਆ ਹੈ।

ਰੱਬ ਰੱਬ ਕਰਦੀ ਰਹਿੰਦੀ ਦੁਨੀਆ,
ਰੱਬ ਤਾਂ ਕਿਤੇ ਥਿਆਇਆ ਨਹੀਂ।
ਜਾਂ ਤਾਂ ਰੱਬ ਮੋਹ ਤੋੜ ਹੋ ਗਿਆ,
ਜਾਂ ਧਰਤੀ ਤੇ ਆਇਆ ਨਹੀਂ।

ਕੁਝ ਹੋਜੇ ਉਪਰ ਹੱਥ ਕਰਕੇ,
ਲੋਕ ਇਹੀ ਕਹਿ ਛੱਡਦੇ ਨੇ
ਉਸਦੀਆਂ ਉਹੀ ਜਾਣੇ ਉਸਦਾ,
ਭੇਦ ਕਿਸੇ ਨੇ ਪਾਇਆ ਨਹੀਂ ।

ਜੇ ਰੱਬ ਮਿਲਿਆ ਤਾਂ ਇਹ ਪੁਛਿਓ,
ਰੱਖਿਆ ਐਨਾ ਫਰਕ ਕਿਓਂ,
ਕਾਣੀ ਵੰਡ ਜਦ ਹੋਣ ਲੱਗੀ ਸੀ,
ਕੀ ਤੈਨੂੰ ਤਰਸ ਵੀ ਆਇਆ ਨਹੀਂ ।

ਦਿਨੋ ਦਿਨ ਨਿਘਰਦੀ ਹਾਲਤ ,
ਸਖਤ ਮਿਹਨਤ ਕੰਮ ਆਈ ਨਾ ;
ਨਿੱਤ ਕਿਸਾਨ ਖੁਦਕੁਸ਼ੀ ਕਰਦੇ,
ਰੱਬ ਨੇ ਕਦੇ ਬਚਾਇਆ ਨਹੀਂ ।

ਭਾਣਾ ਮੰਨਦੇ ਮੰਨਦੇ ਲੋਕੀਂ,
ਭਾਣਾ ਬਣਕੇ ਰਹਿ ਗਏ ਨੇ;
ਨਿੱਤ ਅਸਿਹ ਵਾਪਰਦੇ ਭਾਣੇ,
ਬੰਦਾ ਅਜੇ ਥਕਾਇਆ ਨਹੀਂ।

ਨਿੱਤ ਦਰਿੰਦੇ ਕਰ ਜਾਂਦੇ ਨੇ ,
ਚੀਰਹਰਣ ਅਬਲਾਵਾਂ ਦੇ ;
ਅੱਜ ਵੀ ਜ਼ਿਬਾ ਹੁੰਦੀ ਪੰਚਾਲੀ,
ਰੱਬ ਨੂੰ ਦਰਦ ਵੀ ਆਇਆ ਨਹੀਂ।

ਨੱਕ ਰਗੜਦੀ ਰਹਿੰਦੀ ਦੁਨੀਆ,
ਵੱਖ ਕਮਰੇ ਅਰਦਾਸਾਂ ਲਈ;
ਫਿਰ ਵੀ ਉਹ ਕਦੇ ਭੁਲ ਭੁਲੇਖੇ,
ਚੌਖਟ ਲੰਘ ਕੇ ਆਇਆ ਨਹੀਂ ।

ਜਾਂ ਤਾਂ ਰੱਬ ਦੀ ਹੋਂਦ ਨਹੀਂ ਹੈ ,
ਜਾਂ ਹੋ ਗਿਆ ਸਰਕਾਰ ਜਿਹਾ।
ਲੱਖ ਕਰਲੋ ਧਰਨੇ ਹੜਤਾਲਾਂ,
ਇਹ ਕਦੇ ਮੰਨਣ ਤੇ ਆਇਆ ਨਹੀਂ।

ਜਾਂ ਵਧਦੀ ਮਹਿੰਗਾਈ ਤੇ,
ਮਿਲਾਵਟ ਤੋਂ ਡਰ ਗਿਆ ਹੋਣੈ;
ਜਾਂ ਪਰਦੂਸ਼ਤ ਹਵਾ ਪਾਣੀ ਤੋਂ,
ਡਰਦੇ ਫੇਰਾ ਪਾਇਆ ਨਹੀਂ।

ਚੰਗਾ ਹੋਜੇ ਮੈਂ ਕੀਤਾ ਹੈ ,
ਮਾੜਾ ਰੱਬ ਦੀ ਮਰਜ਼ੀ ਹੈ;
ਇਓਂ ਕਹਿ ਬੰਦਾ ਸੁਰਖ਼ੂ ਹੋਜੇ,
ਮਨ ਤੇ ਬੋਝ ਵੀ ਪਾਇਆ ਨਹੀਂ ।

ਕਹਿੰਦੇ ਰੱਬ ਅਨਮੋਲ ਸਚਾਈ,
ਇਹ ਤਾਂ ਇਕ ਵਿਸ਼ਵਾਸ਼ ਦਾ ਨਾਂ,
ਫਿਰ ਵੀ ਸੱਚ ਕਿਉਂ ਚੜਦਾ ਫਾਂਸੀ,
ਝੂਠ ਨੂੰ ਫਾਹੇ ਲਾਇਆ ਨਹੀਂ।

ਮੈਂ ਤਾਂ ਕਹਿਨਾ ਬਹੁਤ ਵੇਖ ਲਿਆ,
ਆਪ ਹੀ ਆਪਣੀ ਫਿਕਰ ਕਰੋ;
"ਚਾਹਲ "ਉਸ ਨੇ ਕੀ ਆਉਣਾ,
ਜਿਸ ਹੁਣ ਤੱਕ ਮੂੰਹ ਵਿਖਾਇਆ ਨਹੀਂ"

ਜ਼ਮੀਰਾਂ ਮਰ ਗਈਆਂ ਪਹਿਲਾਂ ਤਾਂ ਫਿਰ ਕੌਮਾਂ ਵੀ ਮਰ ਜਾਣਾ।
ਨਾ ਲਹਿਰਾਂ ਉਠਣੀਆਂ ਮੁੜਕੇ ਸਮੇ ਦਾ ਵੇਗ ਖੜ੍ਹ ਜਾਣਾ।

ਨੇਰੇ ਤੋਂ ਚਾਨਣ ਦਾ, ਇਹ ਰਸਤਾ ਹੈ ਬੜਾ ਟੇਡਾ,
ਜੋ ਖ਼ੁਦ ਨੇਰਾ ਹੀ ਢੋਅ ਰਹੇ ਨੇ, ਉਨ੍ਹਾਂ ਕੀ ਚਾਨਣ ਕਰ ਜਾਣਾ।

ਵਕਤ ਜਹਿਰੀਲਾ ਏ, ਡੰਗ ਤੇ ਡੰਗ ਚਲਾ ਰਿਹਾ ਏ ,
ਲਕੀਰਾਂ ਕੁਟਦੇ ਰਹਿ ਜਾਣਾ, ਸੱਪ ਨੇ ਕੋਲੋਂ ਤੁਰ ਜਾਣਾ।

ਇਸ ਧਰਤੀ ਤੇ ਆਏ ਯੋਧੇ, ਹੀਰੇ ਬਲਕਾਰ ਤੇ ਅਣਖੀ,
ਕੀ ਉਹਨਾ ਦੀ ਸ਼ਹਾਦਤ ਦਾ ਵੀ ਕਿਸੇ ਸੌਦਾ ਕਰ ਜਾਣਾ।

ਮਰਨ ਤੋਂ ਪਹਿਲਾਂ ਤਾਂ, ਜ਼ਿੰਦਗੀ ਜੀ ਕੇ ਵੇਖ ਲਵੋ ,
ਕੀ ਪਤਾ ਤੁਰਦੀ ਤੁਰਦੀ ਜਿੰਦ ਦਾ ਪਹੀਆ ਕਦ ਹੈ ਖੜ੍ਹ ਜਾਣਾ।

ਮੱਥਿਓਂ ਲੱਪ ਚਿਣਗਾਂ ਦੀ, ਜੇਕਰ ਬੁਝ ਗਈ ਫਿਰ ਤਾਂ,
ਹਨੇਰੇ ਨੇ ਪਸਰ ਜਾਣਾ, ਵਕਤ ਨੂੰ ਕਾਲਾ ਕਰ ਜਾਣਾ।

ਮੇਰੇ ਇਹ ਗੀਤ ਜੇਕਰ ਰਹਿ ਗਏ, ਇਕ ਮਨ ਪਰਚਾਵਾ ਹੀ,
ਇਨ੍ਹਾਂ ਨੇ ਫਿਰ ਕਦੋਂ ਇਹ ਸਚ ਦਾ ਸੰਗਰਾਮ ਕਰ ਜਾਣਾ।

'ਚਾਹਲ' ਜੇ ਹੋਕਰੇ ਮਾਰੇ ਤੋਂ, ਵੀ ਨਾ ਜਾਗੇ ਸੁੱਤੇ ਲੋਕ,
ਇਸ ਮਾਰੂ ਵਕਤ ਨੇ, ਸੁੱਤੇ ਪਿਆਂ ਤੇ ਵਾਰ ਕਰ ਜਾਣਾ।

ਜੋ ਹੱਕ ਸੱਚ ਤੇ ਖੜਦੇ ਮੈਂ ਸਦਕੇ ਜਾਵਾਂ।
ਲੋਕ ਹਿੱਤਾਂ ਲਈ ਲੜਦੇ ਮੈਂ ਸਦਕੇ ਜਾਵਾਂ।

ਲੋਕ ਹਿਤੈਸ਼ੀ ਯੋਧੇ ਸੱਚੇ ਦੇਸ਼ ਭਗਤ,
ਵਿਚ ਮੈਦਾਨੇ ਲੜਦੇ ਮੈਂ ਸਦਕੇ ਜਾਵਾਂ।

ਕਹਿਣੀ ਕਰਨੀ ਦੇ ਪੂਰੇ ਖੁਲੀ ਕਿਤਾਬ ਜਹੇ,
ਸੱਚ ਲਿਖਦੇ ਸੱਚ ਪੜਦੇ ਮੈਂ ਸਦਕੇ ਜਾਵਾਂ।

ਲੋੜ ਪਵੇ ਕੁਰਬਾਨੀ ਦੀ ਝਟਪਟ ਆਵਣ,
ਨਾਂ ਅੰਦਰੀਂ ਜਾ ਵੜਦੇ ਮੈਂ ਸਦਕੇ ਜਾਵਾਂ।

ਨਾਂ ਹੱਕ ਖੋਹਣ ਆਪ ਨਾਂ ਖੋਹਣ ਦਿੰਦੇ ਨੇ,
ਹੱਕ ਦੇ ਪਹਿਰੇ ਖੜਦੇ ਮੈਂ ਸਦਕੇ ਜਾਵਾਂ

ਪਰਖਣ ਨਿਰਖਣ ਬੀਜਣ ਬੀਜ ਭਰੋਸੇ ਦੇ,
ਵੇਖੇ ਨਾਂ ਝਗੜਦੇ ਮੈਂ ਸਦਕੇ ਜਾਵਾਂ।

ਸਿਰ ਤੋਂ ਪਾਣੀ ਲੰਘ ਜਾਵੇ ਤਾਂ ਭਿੜ ਜਾਵਣ,
ਜੁਲਮ ਦੇ ਮੂਹਰੇ ਅੜਦੇ ਮੈਂ ਸਦਕੇ ਜਾਵਾਂ।

ਲਕੀਰ ਦੇ ਫਕੀਰ ਨਾਂ ਪਿਛਲੱਗ ਹੁੰਦੇ ਨੇ ,
ਪਰਬਤ 'ਚੋਂ ਰਾਹ ਘੜਦੇ ਮੈਂ ਸਦਕੇ ਜਾਵਾਂ।

ਸਰਹੱਦਾਂ ਦੇ ਰਾਖੇ ਸੰਕਟ ਮੋਚਕ ਬਣ ,
ਵਰਦੀ ਅੱਗ ਵਿਚ ਖੜਦੇ ਮੈਂ ਸਦਕੇ ਜਾਵਾਂ।

'ਚਾਹਲ' ਜਾਵਾਂ ਕੁਰਬਾਨ ਇਹ ਮਸਤ ਫਰਿਸ਼ਤਿਆਂ ਤੋਂ,
ਭੀੜ ਪਈ ਤੋਂ ਅਪੜਦੇ ਮੈਂ ਸਦਕੇ ਜਾਵਾਂ।

ਚਲ ਹੋਰ ਅਗਾਂਹ ਚਲ ਜ਼ਿੰਦਗੀ ਜ਼ਰਾ ਕਦਮਾਂ ਨੂੰ ਸੰਭਾਲ ਕੇ।
ਅਜੇ ਹੋਰ ਚਾਨਣ ਲੱਭਣੇ ਮੱਥਿਆਂ ਦੇ ਦੀਵੇ ਬਾਲ਼ਕੇ।

ਅਜੇਸੋਚਾਂ 'ਚ ਨੇ ਬਿਜਲੀਆਂ ਜੁਸਿਆਂ ਵਿਚ ਚਿਣਗਾਂ ਬਲਦੀਆਂ,
ਅਤੇ ਨੇਰੇ ਖੜ੍ਹੇ ਵੰਗਾਰਦੇ ਰੱਖੀਏ ਮਸ਼ਾਲਾਂ ਬਾਲ਼ਕੇ।

ਅਜੇ ਮੁੱਕਣਾਂ ਹੈ ਜ਼ਬਰ ਨੇ 'ਤੇ ਖੁਦਕੁਸ਼ੀ ਦੀ ਖਬਰ ਨੇ ,
ਅਜੇ ਹਸਰਤਾਂ ਦੇ ਨੈਣ ਨੇ ਰਖ ਦੇਂਦੇ ਦੀਦੇ ਗਾਲ਼ ਕੇ।

ਕਰਜ਼ੇ ਵੀ ਸੰਘੀਆਂ ਘੁੱਟ ਰਹੇ ਕਿਸੇ ਡੂੰਘੇ ਖ਼ੂਹ ਵਿਚ ਸੁੱਟ ਰਹੇ,
ਵਿਆਜਾਂ ਵਿਚ ਬੰਨ੍ਹੇ ਵਹੀ ਖਾਤੇ ਅਜੇ ਘੋਖਣੇ ਖ਼ੁੰਗਾਲ ਕੇ

ਕੁਝ ਹੋਸ਼ ਨੂੰ ਵੀ ਸਾਣ ਲੈ ਤੇ ਮੁੱਕਿਆਂ ਨੂੰ ਤਾਣ ਲੈ,
ਅਜੇਨਕਸ਼ ਹੋਰ ਨਿਖਰਨੇਂ ਮੁੜਕੇ ਦੀ ਕੀਮਤੀ ਘਾਲ਼ ਤੇ।

ਨਜ਼ਰਾਂ ਅਜੇ ਹੋਰ ਜਮਾਉਣੀਆਂ ਮੰਜ਼ਲਾਂ ਤੇ ਵੀ ਟਿਕਾਉਣੀਆਂ,
ਅਜੇ ਨਿਰਖਾਂ ਰਹਿੰਦੀਆਂ ਕਰਨੀਆਂ ਸਮਿਆਂ ਦੀ ਪੈੜਚਾਲ ਤੇ।

ਅਜੇ ਕਾਫ਼ਲੇ ਕੁਝ ਸੋਚਦੇ ਵਿਚਾਰਾਂ ਦੀ ਸਾਂਝ ਲਈ ਲੋਚਦੇ,
ਅਜੇ ਰਲ ਮੁਹਿੰਮਾਂ ਚਲਣੀਆਂ ਰੱਖੀਂ ਜ਼ਜ਼ਬੇ ਸੰਭਾਲ ਕੇ।

ਲੰਬੇ ਨੇ ਪੈਂਡੇ ਚੱਲੀਏ ਜਾ ਕੇ ਪਿੜ ਸੰਘਰਸ਼ੀਂ ਮੱਲੀਏ,
ਕਹੇ 'ਚਾਹਲ' ਜਿੰਦੜੀਏ ਗਾਉਣ ਦੇ ਸਮਿਆਂ ਦੀ ਸੁਰਤਾਲ ਤੇ।

ਵਾਹ ਕਨੇਡਾ ਨਹੀਂ ਰੀਸਾਂ ਤੂੰ ਕੀ ਕੀ ਰੰਗ ਦਿਖਾ ਦੇਵੇਂ।
ਜਿਨਾ ਕਦੇ ਫਲੀ ਨਾ ਭੰਨੀ ਨੂੰ ਵੀ ਕੰਮ ਤੇ ਲਾ ਦੇਵੇਂ ।

ਕਈ ਕਿਲਿਆਂ ਦੇ ਮਾਲਕ ਜਿਹੜੇ ਜਟ ਸਰਦਾਰ ਕਹਾਉਂਦੇ ਥੇ,
ਚਾਲ਼ੀ ਡਾਲਰ ਇਕ ਦਿਨ ਦੇ ਤੇ ਬੇਰੀ ਤੋੜਨ ਲਾ ਦੇਵੇਂ।

ਕੰਮ ਤੋਂ ਆਇਐਂ ਕੰਮ ਤੇ ਜਾਣੈ ਕੰਮ ਨਹੀਂ ਤਾਂ ਕੁੱਝ ਵੀ ਨਹੀਂ,
ਕੰਮ ਕੰਮ ਕੰਮ ਕੰਮ ਕਹਿੰਦੇ ਰਹੀਏ ਕੰਮਾਂ ਵਿਚ ਉਲਝਾ ਦੇਵੇਂ ।

ਛੇ ਵਜਦੇ ਨੂੰ ਕੰਮ ਤੇ ਤੁਰਜੇ ਪੰਦਰਾਂ ਮੁਰਬਿਆਂ ਵਾਲੀ ਜੱਟੀ,
ਮੁੜਦੀ ਨੂੰ ਅਠ ਵਜ ਜਾਣ ਭਾਵੇਂ ਰੋਟੀ ਟੁਕ ਕਰਵਾ ਦੇਵੇਂ।

ਕੈਨਰੀਆਂ ਗਰੀਨ ਹਾਉਸ ਫੈਕਟਰੀ ਹਡ ਭੰਨ ਦਿੰਦੇ ਆਥਣ ਤਾਈਂ,
ਲਹੂ ਮਾਸ ਜਿਥੇ ਇਕ ਹੋ ਜਾਂਦਾ ਉਹ ਵੀ ਸਭ ਕਰਵਾ ਦੇਵੇਂ।

ਆਪਣੇ ਹੀ ਨੇ ਜਿਹੜੇ ਇਥੇ ਪਹਿਲੋਂ ਆਕੇ ਧਨੀ ਹੋ ਗਏ,
ਉਨ੍ਹਾਂ ਹੱਥੋਂ ਨਵਿਆਂ ਦਾ ਰਜ ਕੇ ਸ਼ੋਸ਼ਣ ਕਰਵਾ ਦੇਵੇਂ।
ਮੈਨੂੰ ਇਥੇ ਟਾਵਾਂ ਟਾਵਾਂ ਹੀ ਰਿਸ਼ਤਾ ਕੋਈ ਨਜ਼ਰੀਂ ਆਵੇ ,
ਡਾਲਰਾਂ ਪਿਛੇ ਖ਼ੂੰਨ ਦੇ ਰਿਸ਼ਤੇ ਵੀ ਨੁਕਰੇ ਲਗਵਾ ਦੇਵੇਂ ।

ਤੇਰੇ ਰੰਗ ਵਿਚ ਰੰਗੀ ਦੁਨੀਆ ਊਰੀ ਵਾਗੂੰ ਘੁੰਮਦੀ ਦਿਸੇ ,
ਟੈਕਸਾਂ ਜੁਰਮਾਨਿਆਂ ਦੇ ਫਰਲਿਆਂ ਨਾਲ ਤੌਬਾ ਕਰਵਾ ਦੇਵੇਂ

'ਚਾਹਲ' ਤੈਨੂੰ ਕੀ ਆਖੇ ਦੁਨੀਆ ਹੀ ਪਾਗਲ ਤੇਰੇ ਪਿੱਛੇ,
ਆਈਲੈਟਸ ਮਹਿੰਗੀਆਂ ਫੀਸਾਂ ਸਾਡੀਆਂ ਪੈਲੀਆਂ ਵਿਕਵਾ ਦੇਵੇਂ।

ਦੇਸ਼ ਪਰਾਇਆ ਅਸੀਂ ਪਰਾਏ ਵੱਜਦੇ ਹਾਂ ਮਾਏਂ।
ਨਦੀਓਂ ਵਿਛੜੇ ਨੀਰਾਂ ਵਰਗੇ ਲਗਦੇ ਹਾਂ ਮਾਏਂ।

ਤੁਰ ਪਏ ਭਵਿੱਖ ਤਰਾਸ਼ਣ ਵਿਚ ਪਰਦੇਸਾਂ ਦੇ ,
ਨੇਰੇ ਵਿਚ ਵੀ ਚਾਨਣ ਬਣਕੇ ਜਗਦੇ ਹਾਂ ਮਾਏ।

ਦੇਸ਼ ਵੀ ਚੰਗਾ ਲੋਕ ਵੀ ਵਧੀਆ ਕੰਮ ਵੀ ਮਿਲਦਾ ਹੈ ,
ਆਪਣੇ ਦੇਸ਼ ਲਈ ਇਹੋ ਦੁਆਵਾਂ ਮੰਗਦੇ ਹਾਂ ਮਾਏ।

ਭੁੱਲ ਨਾ ਹੋਵੇ ਤੇਰੀ ਚੂਰੀ ਦੀ ਖ਼ੁਸ਼ਬੋਈ ਮਾਂ,
ਤੇਰੇ ਹੱਥ ਦੀ ਤਵੇ ਦੀ ਰੋਟੀ ਲਭਦੇ ਹਾਂ ਮਾਏਂ।

ਤੇਰੇ ਅਸ਼ੀਰਵਾਦ ਅਸੀਸਾਂ ਦਾ ਹੀ ਸਹਾਰਾ ਹੈ,
ਲਖ ਮੁਸੀਬਤਾਂ ਆਵਣ ਹੱਸਕੇ ਝੱਲਦੇ ਹਾਂ ਮਾਏਂ।

ਤੂੰ ਤਾਂ ਹਰ ਵੇਲੇ ਹੀ ਮਾਏਂ ਸਾਡੀ ਸੁੱਖ ਮੰਗੀ,
ਮੱਥੇ ਧੂੜ ਤੇਰੇ ਚਰਨਾਂ ਦੀ ਮੰਗਦੇ ਹਾਂ ਮਾਏਂ।

ਵੇਖੀਂ ਕਿਧਰੇ ਫਿਕਰੀਂ ਡੁੱਬੀ ਸਿਵਿਆਂ ਦੇ ਨਾ ਰਾਹ ਪੈਜੀਂ,
ਏਨੇ ਸਮੇਂ ਦੀ ਮੋਹਲਤ ਤੈਥੋਂ ਮੰਗਦੇ ਹਾਂ ਮਾਏਂ।

ਦਿਲ ਚਹੁੰਦਾ ਹੈ ਮਾਰ ਉਡਾਰੀ ਵਤਨਾਂ ਨੂੰ ਚੱਲੀਏ,
ਮਜਬੂਰੀ ਵਿਚ ਮਨ ਸਮਝਾ ਕੰਮ ਲਗਦੇ ਹਾਂ ਮਾਏਂ।

ਅਜੇ ਪਤਾ ਨਹੀਂ ਕਿਨੀਆਂ ਮੰਜ਼ਲਾਂ ਹੋਰ ਉਡੀਕਦੀਆਂ,
ਬਿਖੜੇ ਰਾਹਾਂ ਦੇ ਪਾਂਧੀ ਜਿਹੇ ਲਗਦੇ ਹਾਂ ਮਾਏਂ।

ਆਪਣੇ ਕਿਰਤ ਦੀ ਕਦਰ ਪਵੇ ਪਰਵਾਸ ਦੀ ਲੋੜ ਨਹੀਂ,
ਹੁੰਨਰਾਂ ਦੇ ਸ਼ੋਸ਼ਣ ਤੋਂ ਅੱਕਕੇ ਭੱਜਦੇ ਹਾਂ ਮਾਏਂ।

'ਚਾਹਲ' ਗਮ ਵਿਛੋੜੇ ਦਾ ਮੂੰਹੋਂ ਨਾ ਬੋਲ ਹੋਵੇ,
ਸੁੰਨ ਹੋਏ ਵਜੂਦ ਦੇ ਸਾਰਥੀ ਲਗਦੇ ਹਾਂ ਮਾਏਂ।

ਹਿੰਮਤ ਅਤੇ ਇਰਾਦਾ ਹੋਵੇ ਜੋ ਚਾਹੀਦਾ ਹੋ ਜਾਂਦਾ ਹੈ।
ਢੇਰੀ ਢਾ ਕੇ ਬਹਿ ਜਾਈਏ ਤਾਂ ਸਭ ਕੁਝ ਉਲਟਾ ਹੋ ਜਾਂਦਾ ਹੈ।

ਹੰਝੂਆਂ ਦੀ ਮਾਲਾ ਪਰੋਕੇ ਖੁਸ਼ਬੂਆਂ ਦੇ ਹਾਰ ਨਹੀਂ ਬਣਦੇ,
ਇੰਜ ਤਾਂ ਗਮ ਦਾ ਗਹਿਰਾ ਸਾਗਰ ਹੋਰ ਵੀ ਗਹਿਰਾ ਹੋ ਜਾਂਦਾ ਹੈ।

ਔਖਾ ਵੇਲਾ ਪਰਖਦਾ ਰਹਿੰਦਾ ਵਕਤ ਦੀਆਂ ਕਸਵੱਟੀਆਂ ਉੱਤੇ,
ਸੋਨਾ ਜਿਵੇਂ ਕੁਠਾਲੀ ਪੈ ਕੇ ਵਧ ਚਮਕੀਲਾ ਹੋ ਜਾਂਦਾ ਹੈ।

ਨੇਹਰੀਆਂ ਝੱਖੜਾਂ ਦੇ ਵਿਚੋਂ ਦੀ ਮੰਜਲ ਤੱਕ ਜਦ ਪਹੁੰਚ ਜਾਈਦਾ,
ਏਸ ਖੁਸ਼ੀ ਨੂੰ ਮਾਨਣ ਦਾ ਸੁੱਖ ਹੋਰ ਵੀ ਦੂਣਾ ਹੋ ਜਾਂਦਾ ਹੈ।

ਹਾਰਾਂ ਦੇ ਪਰਛਾਵੇਂ ਫੜ ਕੇ ਹੋਰ ਪਿਛਾਂ ਵਲ ਵੇਖ ਵੇਖ ਕੇ,
ਅੱਗੇ ਵਧ ਸਕਣ ਵਾਲਾ ਵੀ ਆਪ ਹੀ ਫਾਡੀ ਹੋ ਜਾਂਦਾ ਹੈ।

ਤਨ ਦੇ ਜ਼ਖਮ ਵੀ ਸੀਨੇ ਦੇ ਵਿਚ ਰੜਕਣ ਬਣ ਕੇ ਨਾਂ ਹੀਂ,
ਰਚ ਕੇ ਸਾਹੀਂ ਜਿੰਦਗੀ ਦੇ ਜੋ ਜੀਵਣਜੋਗਾ ਹੋ ਜਾਂਦਾ ਹੈ।

ਉਚੀਆਂ ਸੁੱਚੀਆਂ ਸੋਚਾਂ ਦੀ ਪਰਵਾਜ਼ ਤਿਖੇਰੀ ਹੋ ਜਾਂਦੀ ਹੈ,
ਉਡਣਾ ਪੰਛੀ ਜਦ 'ਚਾਹਲ' ਅੰਬਰਾਂ ਦਾ ਸੂਹਾ ਹੋ ਜਾਂਦਾ ਹੈ।

**ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,**
**ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ**
**ਕੈਲਗਰੀ : ਮਾਸਟਰ ਭਜਨ 403-455-4220**
**ਟੋਰਾਂਟੋ : ਹਰਬੰਸ ਸਿੰਘ 416-817-7142**
**ਦੇਵਿੰਦਰ ਤੂਰ 416-902-9372**
**ਹਰਨੇਕ ਧਾਲੀਵਾਲ ਵਿਨੀਪੈੱਗ 204-488-6960**

# ਨਵੇਂ ਵਿਚਾਰਾਂ ਦਾ ਚਾਨਣ ਵੰਡੇਗਾ: ਮੇਲਾ ਗ਼ਦਰੀ ਬਾਬਿਆਂ ਦਾ

## • ਨੌਨਿਹਾਲ ਸਿੰਘ ਲਹਿਰਾਉਣਗੇ ਗ਼ਦਰੀ ਝੰਡਾ • ਪ੍ਰੋ. ਤੈਲਤੁੰਬੜੇ ਹੋਣਗੇ ਮੁੱਖ ਵਕਤਾ



ਜਲੰਧਰ: ਸੰਸਾਰ ਭਰ ਦੀ ਕਿਰਤੀ ਜਮਾਤ ਦੀ ਮੁਕਤੀ ਦੇ ਮਾਰਗ ਦਰਸ਼ਕ ਮਹਾਂ ਦਾਰਸ਼ਨਿਕ, ਕਾਰਲ ਮਾਰਕਸ ਦੀ 200 ਸਾਲਾ (5 ਮਈ 1818-2018) ਜਨਮ ਵਰ੍ਹੇਗੰਢ ਨੂੰ ਸਮਰਪਿਤ ਹੋਏਗਾ 30 ਅਕਤੂਬਰ ਤੋਂ ਸ਼ੁਰੂ ਹੋ ਕੇ 2 ਨਵੰਬਰ ਸਰਘੀ ਵੇਲੇ ਤੱਕ ਚੱਲਣ ਵਾਲਾ ਤਿੰਨ ਰੋਜ਼ਾ 27ਵਾਂ ਮੇਲਾ ਗ਼ਦਰੀ ਬਾਬਿਆਂ ਦਾ।

ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਪ੍ਰੈਸ ਮਿਲਣੀ 'ਚ ਜਾਣਕਾਰੀ ਸਾਂਝੀ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 30 ਅਕਤੂਬਰ ਸਵੇਰੇ 10 ਵਜੇ ਸ਼ਮ੍ਹਾਂ ਰੌਸ਼ਨ ਕਰਨ ਨਾਲ ਤਿੰਨ ਦਿਨ ਚੱਲਣ ਵਾਲਾ ਮੇਲਾ, ਚੁਫ਼ੇਰੇ ਫੈਲੀ ਧੁੰਦ ਦੂਰ ਕਰਨ ਲਈ ਨਵੇਂ ਵਿਚਾਰਾਂ ਦਾ ਚਾਨਣ ਵੰਡੇਗਾ।

ਪ੍ਰੈਸ ਕਾਨਫਰੰਸ ਦੇ ਸ਼ੁਰੂ 'ਚ ਹੀ ਮੁਲਕ ਦੇ ਮੰਨੇ-ਪ੍ਰਮੰਨੇ ਬੁੱਧੀਜੀਵੀਆਂ, ਅਰੁਨ ਫਰੇਰਾ, ਗੋਜ਼ਾਲਵੇਸ, ਸੁਧਾ ਭਾਰਦਵਾਜ ਆਦਿ ਨੂੰ ਨਜ਼ਰਬੰਦੀ ਤੋਂ ਵੀ ਅੱਗੇ ਵੱਧਕੇ ਹਿਰਾਸਤ ਵਿੱਚ ਲੈਣ ਦੀ ਕਾਰਵਾਈ ਦੀ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਨਿੰਦਾ ਕੀਤੀ ਗਈ।

30 ਅਕਤੂਬਰ ਨੂੰ ਪਹਿਲੇ ਦਿਨ ਗਾਇਨ ਅਤੇ ਭਾਸ਼ਣ ਮੁਕਾਬਲੇ ਹੋਣਗੇ। ਸ਼ਾਮ 7 ਵਜੇ ਆਜ਼ਾਦ ਥੀਏਟਰ ਗਰੁੱਪ (ਲੇਖਕ ਅਜੈ ਸ਼ਰਮਾ, ਨਿਰਦੇਸ਼ਕ ਰਵਿੰਦਰ ਭਗਤ) ਵੱਲੋਂ ਨਾਟਕ 'ਮੁਕਤੀ' ਖੇਡਿਆ ਜਾਏਗਾ।

ਦੂਜੇ ਦਿਨ 31 ਅਕਤੂਬਰ ਨੂੰ ਕਾਰਲ ਮਾਰਕਸ ਦੇ ਜੀਵਨ ਅਤੇ ਸੰਗਰਾਮ ਸਬੰਧੀ ਕਮੇਟੀ ਦੇ ਮੈਂਬਰ ਹਰਵਿੰਦਰ ਭੰਡਾਲ ਦੁਆਰਾ ਲਿਖੀ ਪੁਸਤਕ 'ਕਾਰਲ ਮਾਰਕਸ: ਵਿਅਕਤੀ, ਯੁੱਗ ਅਤੇ ਸਿਧਾਂਤ' ਉਪਰ ਕੁਇਜ਼ ਮੁਕਾਬਲਾ ਹੋਏਗਾ। ਇਸ ਰੋਜ਼ ਹੀ ਸਬ-ਜੂਨੀਅਰ, ਜੂਨੀਅਰ ਅਤੇ ਸੀਨੀਅਰ ਲੜਕੀਆਂ/ਲੜਕਿਆਂ ਦੇ ਗਰੁੱਪ ਚਿੱਤਰਕਲਾ ਮੁਕਾਬਲੇ 'ਚ ਭਾਗ ਲੈਣਗੇ। ਸ਼ਾਮ 4 ਵਜੇ ਕਵੀ ਦਰਬਾਰ ਅਤੇ ਰਾਤ ਨੂੰ ਪੀਪਲਜ਼ ਵਾਇਸ ਵੱਲੋਂ ਦਸਤਾਵੇਜ਼ੀ ਫ਼ਿਲਮ ਹੋਏਗੀ।

ਪਹਿਲੀ ਨਵੰਬਰ ਸਵੇਰੇ ਠੀਕ 10 ਵਜੇ ਗ਼ਦਰੀ ਝੰਡਾ ਲਹਿਰਾਉਣ ਦੀ ਰਸਮ ਸੀਨੀਅਰ ਟਰੱਸਟੀ ਕਾਮਰੇਡ ਨੌਨਿਹਾਲ ਸਿੰਘ ਅਦਾ ਕਰਨਗੇ। ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ 'ਜੀ ਆਇਆਂ ਨੂੰ' ਕਹਿਣਗੇ।

ਇਸ ਮੌਕੇ ਹੀ ਕਾਵਿ-ਨਾਟ ਰੂਪੀ, ਅਮੋਲਕ ਸਿੰਘ ਦਾ ਲਿਖਿਆ ਝੰਡੇ ਦਾ ਗੀਤ ਹੋਏਗਾ। ਜਿਸਦੀ ਤਿਆਰੀ ਲਈ ਅੱਜ ਤੋਂ ਲੱਗੀ ਵਰਕਸ਼ਾਪ 'ਚ 15 ਨਾਟ-ਸੰਗੀਤ ਮੰਡਲੀਆਂ ਦੇਸ਼ ਭਗਤ ਯਾਦਗਾਰ ਹਾਲ ਪੁੱਜ ਗਈਆਂ ਹਨ।

ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੇ ਪ੍ਰਧਾਨਗੀ ਭਾਸ਼ਣ, ਹਰਵਿੰਦਰ ਭੰਡਾਲ ਦੀ ਪੁਸਤਕ 'ਕਾਰਲ ਮਾਰਕਸ: ਵਿਅਕਤੀ, ਯੁੱਗ ਅਤੇ ਸਿਧਾਂਤ' ਅਤੇ ਸੋਵੀਨਰ ਲੋਕ ਅਰਪਣ ਹੋਏਗਾ। ਸ਼ਹੀਦਾਂ ਦੇ ਪਿੰਡਾਂ ਦਾ ਸਨਮਾਨ ਹੋਏਗਾ।

ਜਾਣੇ-ਪਹਿਚਾਣੇ ਵਿਦਵਾਨ ਪ੍ਰੋ. ਆਨੰਦ ਤੈਲਤੁੰਬੜੇ (ਗੋਆ ਯੂਨੀਵਰਸਿਟੀ) ਦੇ ਮੁੱਖ ਭਾਸ਼ਣ ਦੇਣਗੇ। ਉਪਰੰਤ ਦੇਸ ਰਾਜ ਛਾਜਲੀ ਲੋਕ ਸੰਗੀਤ ਮੰਡਲੀ ਛਾਜਲੀ, ਕਵੀਸ਼ਰੀ ਜਥਾ ਮੁਖਤਿਆਰ ਜ਼ਫ਼ਰ, ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ) ਗੀਤਾਂ ਤੋਂ ਇਲਾਵਾ ਪੀਪਲਜ਼ ਥੀਏਟਰ, ਲਹਿਰਾਗਾਗਾ (ਸੈਮੂਅਲ ਜੌਨ) 'ਗਧਾ ਅਤੇ ਸ਼ੇਰ' ਨਾਟਕ ਪੇਸ਼ ਕਰਨਗੇ। ਸ਼ਾਮ 4 ਵਜੇ ਤੋਂ 5:45 ਵਜੇ ਤੱਕ ਵਿਚਾਰ ਚਰਚਾ ਹੋਏਗੀ। ਸ਼ਾਮ 5:45 ਵਜੇ ਫੁਲਵਾੜੀ ਕਲਾ ਕੇਂਦਰ ਲੋਹੀਆਂ (ਰਚਨਾ ਤੇ ਨਿਰਦੇਸ਼ਨ ਜਗੀਰ ਜੋਸਣ) ਵੱਲੋਂ ਦੇਸ਼ ਭਗਤ ਹਾਲ ਦੇ ਮੁੱਖ ਦੁਆਰ ਤੋਂ ਸ਼ੁਰੂ ਕਰਕੇ ਨਾਟਕਾਂ ਵਾਲੀ ਮੰਚ ਤੱਕ 'ਜਾਗੋ' ਕੱਢੀ ਜਾਏਗੀ।

ਪਹਿਲੀ ਨਵੰਬਰ ਦੀ ਸ਼ਾਮ 6:00 ਵਜੇ ਤੋਂ 2 ਨਵੰਬਰ ਸਰਘੀ ਵੇਲੇ ਤੱਕ ਨਾਟਕਾਂ ਅਤੇ ਗੀਤ-ਸੰਗੀਤ ਦੀ ਲੜੀ ਚੱਲਦੀ ਰਹੇਗੀ।

ਇਸ ਲੜੀ ਵਿੱਚ ਸੁਚੇਤਕ ਰੰਗ ਮੰਚ ਮੋਹਾਲੀ (ਲੇਖਕ ਸ਼ਬਦੀਸ਼, ਨਿਰਦੇਸ਼ਕ ਅਨੀਤਾ ਸ਼ਬਦੀਸ਼) ਵੱਲੋਂ 'ਮਨ ਮਿੱਟੀ ਦਾ ਬੋਲਿਆ', ਡਾ. ਸਵਰਾਜਵੀਰ ਦਾ ਲਿਖਿਆ, ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਮੰਚ ਰੰਗ ਮੰਚ ਅੰਮ੍ਰਿਤਸਰ ਵੱਲੋਂ 'ਧਰਮ ਗੁਰੂ'।

ਗੁਰਮੀਤ ਕੜਿਆਲਵੀ ਦੀ ਰਚਨਾ ਕੀਰਤੀ ਕਿਰਪਾਲ ਦੀ ਨਿਰਦੇਸ਼ਨਾ 'ਚ ਨਾਟਿਯਮ ਅਭਿਨੇਤਾ ਦਾ ਰੰਗ ਮੰਚ ਬਠਿੰਡਾ ਵੱਲੋਂ 'ਸਿਲਤਰਾਂ'।

ਪ੍ਰੋ. ਅਜਮੇਰ ਸਿੰਘ ਔਲਖ ਦੀ ਰਚਨਾ ਅਤੇ ਨਿਰਦੇਸ਼ਨਾ 'ਚ ਲੋਕ ਕਲਾ ਮੰਚ ਮਾਨਸਾ ਵੱਲੋਂ 'ਐਸੇ ਜਨ ਵਿਰਲੇ ਸੰਸਾਰਿ'।

ਰੁਜ਼ਗਾਰ ਪ੍ਰਾਪਤੀ ਰੰਗ ਮੰਚ ਇਪਟਾ ਮੋਗਾ (ਨਿਰਦੇਸ਼ਕ ਵਿੱਕੀ ਮਹੇਸ਼ਰੀ) ਵੱਲੋਂ 'ਪਿਸ਼ਾਵਰ ਐਕਸਪ੍ਰੈਸ' ਨਾਟਕ ਖੇਡੇ ਜਾਣਗੇ।

ਇਸ ਰਾਤ ਮਾਨਵਤਾ ਕਲਾ ਮੰਚ ਨਗਰ (ਜਸਵਿੰਦਰ ਪੱਪੀ) ਕੋਰਿਓਗਰਾਫ਼ੀਆਂ ਪੇਸ਼ ਕਰੇਗਾ।

ਲੋਕ ਸੰਗੀਤ ਮੰਡਲੀ ਜੀਦਾ (ਜਗਸੀਰ ਜੀਦਾ), ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਸੰਗੀਤ ਮੰਡਲੀਆਂ ਤੋਂ ਇਲਾਵਾ ਨਿਰਮਾਣ, ਅੰਮ੍ਰਿਤਪਾਲ ਬਠਿੰਡਾ, ਅਜਮੇਰ ਅਕਲੀਆ, ਰੁਪਿੰਦਰ ਕੌਰ ਰੰਧਾਵਾ, ਵਰਿੰਦਰ ਪਾਲ, ਗਗਨ ਲੌਂਗੋਵਾਲ, ਸੱਤਪਾਲ ਬੰਗਾ, ਰਾਮ ਮੂਰਤੀ ਸਮੇਤ ਵੱਖ-ਵੱਖ ਸੂਬਿਆਂ ਤੋਂ ਆਈਆਂ ਸੰਗੀਤ ਮੰਡਲੀਆਂ ਗੀਤਾਂ ਦਾ ਰੰਗ ਭਰਨਗੀਆਂ।

ਇਸ ਮੇਲੇ 'ਚ ਖਿੱਚ ਭਰਪੂਰ ਆਪਣੇ ਆਪ 'ਚ ਇੱਕ ਹੋਰ ਮੇਲੇ ਦਾ ਰੂਪ ਹੋਏਗਾ ਪੁਸਤਕ ਮੇਲਾ, ਜੋ ਤਿੰਨੇ ਦਿਨ ਚੱਲੇਗਾ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੋਕ-ਪੱਖੀ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਮੇਲੇ ਦੀ ਸਫ਼ਲਤਾ ਲਈ ਹਰ ਪੱਖੋਂ ਸਹਿਯੋਗ ਦੇਣ ਦੀ ਪੁਰਜ਼ੋਰ ਅਪੀਲ ਕੀਤੀ ਹੈ।

ਪ੍ਰੈਸ ਕਾਨਫਰੰਸ 'ਚ ਉਪਰੋਕਤ ਅਹੁਦੇਦਾਰਾਂ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਹਰਵਿੰਦਰ ਭੰਡਾਲ, ਚਰੰਜੀ ਲਾਲ ਕੰਗਣੀਵਾਲ, ਸੀਤਲ ਸਿੰਘ ਸੰਘਾ, ਹਰਬੀਰ ਕੌਰ ਬੰਨੂਆਣਾ ਹਾਜ਼ਰ ਸਨ।

## ਸੰਪਾਦਕੀ

ਬਹੁਤ ਸਾਰੇ ਲੋਕਾਂ ਦੇ ਮਨ ਵਿਚ ਇਹ ਸ਼ੰਕਾ ਸੀ ਕਿ ਇਲਾਹਾਬਾਦ ਦਾ ਨਾਮ ਬਦਲ ਕੇ ਪ੍ਰਯਾਗਰਾਜ ਰੱਖਿਆ ਜਾਏਗਾ। ਉੱਤਰ ਪ੍ਰਦੇਸ਼ ਦੀ ਹਕੂਮਤ ਨੇ ਹੁਣ ਇਹ ਫ਼ੈਸਲਾ ਕਰ ਲਿਆ ਹੈ। ਇਸ ਸ਼ਹਿਰ ਦਾ ਇਤਿਹਾਸ ਨਿਰਾਲਾ ਹੈ। ਏਥੇ ਗੰਗਾ, ਜਮੁਨਾ ਤੇ ਧਾਰਮਿਕ ਵਿਸ਼ਵਾਸ ਅਨੁਸਾਰ ਗੁੰਮ ਹੋ ਚੁੱਕੀ ਨਦੀ ਸਰਸਵਤੀ ਦੇ ਸੰਗਮ ਵਾਲੇ ਸਥਾਨ ਨੂੰ ਪ੍ਰਯਾਗ ਕਿਹਾ ਜਾਂਦਾ ਹੈ। ਮੁਗ਼ਲ ਬਾਦਸ਼ਾਹਤ ਦੇ ਦਿਨਾਂ ਵਿਚ ਅਕਬਰ ਨੇ ਇੱਥੇ ਨਵਾਂ ਸ਼ਹਿਰ ਵਸਾਇਆ ਤੇ ਉਸ ਦਾ ਨਾਂ ਉਸ ਦੇ ਆਪਣੇ ਦੁਆਰਾ ਚਲਾਏ ਗਏ ਧਰਮ 'ਦੀਨ-ਏ-ਇਲਾਹੀ' ਦੇ ਨਾਂ ਉੱਤੇ ਇਲਾਹਾਬਾਦ ਰੱਖਿਆ। ਸ਼ਹਿਰਾਂ ਦੇ ਨਾਂ ਬਦਲਣ ਦੀ ਸਿਆਸਤ ਨਾ ਤਾਂ ਨਵੀਂ ਹੈ ਅਤੇ ਨਾ ਹੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨਾਲ ਹੋਂਦ ਵਿਚ ਆਈ ਹੈ। ਨਹਿਰੂ-ਗਾਂਧੀ ਪਰਿਵਾਰ ਨੇ ਵੀ ਬਹੁਤ ਸਾਰੇ ਥਾਵਾਂ ਦੇ ਨਾਮ ਆਪਣੇ ਪਰਿਵਾਰ ਦੇ ਜੀਆਂ ਦੇ ਨਾਂ ਉੱਤੇ ਰੱਖੇ ਜਿਸ ਦੀ ਮਸ਼ਹੂਰ ਉਦਾਹਰਣ ਕਨਾਟ ਪੈਲੇਸ ਦਾ ਨਾਂ ਰਾਜੀਵ ਚੌਕ ਰੱਖਣਾ ਹੈ। ਇਸੇ ਤਰ੍ਹਾਂ ਤਾਮਿਲ ਨਾਡੂ ਤੇ ਅਸਾਮ ਵਿਚ ਖੇਤਰੀ ਪਾਰਟੀਆਂ ਅਤੇ ਖੇਤਰੀ ਦਬਾਵਾਂ ਥੱਲੇ ਕਈ ਥਾਵਾਂ ਦੇ ਨਾਂ ਬਦਲੇ ਗਏ। ਮਾਇਆਵਤੀ ਦੀ ਸਦਾਰਤ ਵਾਲੀ ਸਰਕਾਰ ਨੇ ਯੂਪੀ ਵਿਚ ਛੇ ਜ਼ਿਲ੍ਹਿਆਂ ਦੇ ਨਾਂ ਬਦਲੇ। ਕੇਰਲਾ ਤੇ ਪੱਛਮੀ ਬੰਗਾਲ ਦੀਆਂ ਖੱਬੇ ਪੱਖੀ ਸਰਕਾਰਾਂ ਨੇ ਵੀ ਕਈ ਸ਼ਹਿਰਾਂ ਦੇ ਨਾਵਾਂ ਵਿਚ ਤਬਦੀਲੀ ਕੀਤੀ।

ਕਈ ਵਾਰ ਸ਼ਹਿਰਾਂ ਦੇ ਨਾਂ ਬਦਲਣ ਦੀ ਪ੍ਰਕਿਰਿਆ ਪਿੱਛੇ ਕੁਝ ਇਤਿਹਾਸਕ ਤੇ ਸੱਭਿਆਚਾਰਕ ਕਾਰਨ ਹੋ ਸਕਦੇ ਹਨ, ਖ਼ਾਸ ਕਰਕੇ ਉਦੋਂ ਜਦੋਂ ਕਿਸੇ ਸ਼ਹਿਰ ਦਾ ਚੰਗਾ ਭਲਾ ਲੋਕਾਂ ਦੀ ਜ਼ੁਬਾਨ 'ਤੇ ਚੜ੍ਹਿਆ ਨਾਂ ਜਬਰੀ ਬਦਲਿਆ ਗਿਆ ਹੋਵੇ ਜਾਂ ਬਸਤੀਵਾਦੀ ਨਿਜ਼ਾਮ ਨੇ ਥੋਪਿਆ ਹੋਵੇ। ਕਈ ਵਾਰ ਇਸ ਦਾ ਮੰਤਵ ਕਿਸੇ ਥਾਂ ਦੀ ਸਥਾਨਕਤਾ ਨੂੰ ਗੌਰਵ ਦੇਣਾ ਵੀ ਹੋ ਸਕਦਾ ਹੈ। ਪਰ ਬਹੁਤ ਵਾਰ ਨਾਂ ਬਦਲਣ ਦੀ ਇਸ ਸਿਆਸਤ ਦਾ ਉਦੇਸ਼ ਸਿਆਸੀ ਅਤੇ ਵੋਟਾਂ ਪ੍ਰਾਪਤ ਕਰਨਾ ਹੀ ਹੁੰਦਾ ਹੈ। ਪਰ ਜਿਵੇਂ ਕਿ ਵੇਖਿਆ ਗਿਆ ਹੈ, ਨਾਂ ਬਦਲਣ ਕਰਕੇ ਕਿਸੇ ਵੀ ਪਾਰਟੀ ਨੂੰ ਚੋਣਾਂ ਵਿਚ ਕੋਈ ਜ਼ਿਆਦਾ ਫ਼ਾਇਦਾ ਨਹੀਂ ਹੋਇਆ ਤੇ ਬੋਲਚਾਲ ਦੀ ਬੋਲੀ ਵਿਚ ਪੁਰਾਣੇ ਨਾਂ ਹੀ ਪ੍ਰਚਲਿਤ ਰਹੇ ਕਿਉਂਕਿ ਉਨ੍ਹਾਂ ਨਾਵਾਂ ਨਾਲ ਇਨ੍ਹਾਂ ਸਥਾਨਾਂ ਦਾ ਇਤਿਹਾਸ ਬੜਾ ਜਟਿਲ ਤਰੀਕੇ ਨਾਲ ਲੋਕਾਂ ਦੇ ਮਨਾਂ ਵਿਚ ਵੱਸਿਆ ਤੇ ਆਤਮਸਾਤ ਹੋਇਆ ਹੁੰਦਾ ਹੈ।

ਨਾਮ ਬਦਲਣ ਦਾ ਵਿਰੋਧ ਕਰਨ ਵਾਲੇ ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਤਰ੍ਹਾਂ ਕਰਕੇ ਅਸੀਂ ਆਪਣੇ ਇਤਿਹਾਸ ਤੋਂ ਮੁਨਕਰ ਹੋਣਾ ਚਾਹੁੰਦੇ ਹਾਂ ਅਤੇ ਕਲਪਿਤ ਅਤੀਤ ਵਿਚ ਜਿਊਣਾ ਚਾਹੁੰਦੇ ਹਾਂ ਜਿਸ ਵਿਚ ਅਸੀਂ ਸਮਝਦੇ ਹਾਂ ਕਿ ਸਭ ਕੁਝ ਚੰਗਾ ਤੇ ਸੁਨਹਿਰੀ ਸੀ। ਉਨ੍ਹਾਂ ਦਾ ਦਾਅਵਾ ਹੈ ਕਿ ਭਾਰਤੀ ਜਨਤਾ ਪਾਰਟੀ ਦੁਆਰਾ ਮੁਗ਼ਲ ਸਰਾਇ ਸਟੇਸ਼ਨ, ਗੁੜਗਾਉਂ ਤੇ ਹੁਣ ਇਲਾਹਾਬਾਦ ਦਾ ਨਾਂ ਬਦਲਣ ਦੀ ਪ੍ਰਕਿਰਿਆ ਬੀਜੇਪੀ ਦੀ ਉਸ ਵੱਡੀ ਸਿਆਸਤ ਦਾ ਹਿੱਸਾ ਹੈ ਜਿਸ ਰਾਹੀਂ ਉਹ ਲੋਕਾਂ ਦੇ ਮਨ 'ਤੇ ਹਿੰਦੂਤਵ ਦੀ ਗੂੜ੍ਹੀ ਛਾਪ ਛੱਡਣਾ ਚਾਹੁੰਦੀ ਹੈ। ਪਰ ਨਾਂ ਬਦਲਣ ਨਾਲ ਲੋਕਾਂ ਦੇ ਮਨਾਂ ਤੋਂ ਇਤਿਹਾਸ ਦੀ ਛਾਪ ਨੂੰ ਜਲਦੀ ਨਹੀਂ ਮਿਟਾਇਆ ਜਾ ਸਕਦਾ ਜਿਵੇਂ ਅੰਮ੍ਰਿਤਸਰ ਦੀ ਮਸ਼ਹੂਰ ਲਾਰੈਂਸ ਰੋਡ ਅੱਜ ਵੀ ਲਾਰੈਂਸ ਰੋਡ ਅਖਵਾਉਂਦੀ ਹੈ ਤੇ ਰੋਪੜ ਲੋਕਾਂ ਦੇ ਮਨਾਂ ਵਿਚ ਰੂਪਨਗਰ ਨਹੀਂ ਬਣ ਸਕਿਆ। ਨਾਮ ਬਦਲਣ ਪਿੱਛੇ ਭਾਵੇਂ ਕੋਈ ਵੀ ਮੰਤਵ ਹੋਣ ਪਰ ਕੀ ਇਸ ਦਾ ਸਿਆਸੀ ਫ਼ਾਇਦਾ ਸੱਤਾਧਾਰੀ ਪਾਰਟੀ ਨੂੰ ਮਿਲੇਗਾ, ਇਹ ਤਾਂ ਭਵਿੱਖ ਹੀ ਦੱਸੇਗਾ।

# ਕਾਮਰੇਡ ਨਿਰਮਲ ਕੌਰ ਬੈਂਸ ਦੀ ਸਮੁੱਚੀ ਜ਼ਿੰਦਗੀ ਦਾ ਜ਼ਸ਼ਨ





ਈਸਟ ਇੰਡੀਅਨ ਡੀਫੈਂਸ ਕਮੇਟੀ ਦੀ 1974 ਤੋਂ ਬਣੀ ਮੈਂਬਰ ਨਿਰਮਲ ਕੌਰ ਬੈਂਸ 9 ਅਕਤੂਬਰ 2018 ਨੂੰ ਸਦੀਵੀਂ ਵਿਛੋੜਾ ਦੇ ਗਈ ਹੈ। ਉਸਨੇ ਡੀਫੈਂਸ ਕਮੇਟੀ ਵਿੱਚ ਰਹਿ ਕੇ ਬਹੁਤ ਕੰਮ ਕੀਤਾ ਜਿੱਥੇ ਕਮੇਟੀ ਨੂੰ ਮਾਲੀ ਮੱਦਦ ਦੀ ਲੋੜ ਸੀ ਉਹ ਪੂਰੀ ਕੀਤੀ, ਜਿੱਥੇ ਗੁਆਹੀਆਂ ਦੀ ਲੋੜ ਪਈ ਉਸਨੇ ਉਹ ਵੀ ਡੱਟ ਕੇ ਦਿੱਤੀਆਂ, ਜਿੱਥੇ ਕਲਚਰਲ ਪ੍ਰੋਗਰਾਮ ਲਈ ਔਰਤਾਂ ਦੀ ਸ਼ਮੂਲੀਅਤ ਦੀ ਲੋੜ ਸੀ, ਉੱਥੇ ਵੀ ਅੱਗੇ ਹੋ ਕੇ ਆਪਣਾ ਰੋਲ਼ ਨਿਭਾਇਆ। ਔਰਤ ਹੋਣ ਦੇ ਨਾਤੇ ਪਰਿਵਾਰਕ ਜ਼ਿੰਮੇਵਾਰੀਆਂ ਦੇ ਤਹਿਤ ਕਾਮਰੇਡ ਕਿਰਪਾਲ ਬੈਂਸ ਦੀ ਸਾਥਣ ਦੇ ਤੌਰ ਤੇ ਅਤੇ ਜਸਵੰਤ ਬੈਂਸ ਦੀ ਭਰਜਾਈ ਦੇ ਤੌਰ ਤੇ ਫਰਜ਼ ਨਿਭਾ ਕੇ ਕੈਨੇਡੀਅਨ ਸਮਾਜ ਵਿੱਚ ਭਾਰਤੀਆਂ ਨਾਲ ਹੋ ਰਹੇ ਨਸਲੀ ਵਿਤਕਰੇ ਦੀ ਲੜਾਈ ਮੋਢੇ ਨਾਲ ਮੋਢਾ ਦੇ ਕੇ ਲੜੀ। ਆਪਣੇ ਬੱਚਿਆਂ ਨੂੰ ਚੰਗੀ ਪ੍ਰਵਰਿਸ਼ ਦੇ ਕੇ ਮਨੁੱਖਤਾਵਾਦ ਦਾ ਪਾਠ ਪੜ੍ਹਾਇਆ। ਡੀਫੈਂਸ ਕਮੇਟੀ ਨੂੰ ਪਿਛਲੇ ਕੁੱਝ ਸਾਲਾਂ ਵਿੱਚ ਕਮੇਟੀ ਦੀਆਂ ਦੋ ਸਰਗਰਮ ਔਰਤਾਂ ਮਹਿੰਦਰ ਕੌਰ ਢੇਸੀ ਤੇ ਨਿਰਮਲ ਕੌਰ ਬੈਂਸ ਦੇ ਜਾਣ ਦਾ ਅਸਹਿ ਦੁੱਖ ਝੱਲਣਾ ਪਿਆ ਹੈ। 27 ਅਕਤੂਬਰ 2018 ਨੂੰ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਨਿਰਮਲ ਬੈਂਸ ਦੀ ਯਾਦ ਨੂੰ ਸਮਰਪਤ ਪ੍ਰੋਗਰਾਮ ਕੀਤਾ ਗਿਆ। ਉਸਦੇ ਜੀਵਨ ਦੀਆਂ ਯਾਦਾਂ ਨੂੰ ਸਾਰੇ ਸਾਥੀਆਂ ਨੇ ਇੱਕ ਦੂਜੇ ਨਾਲ ਸਾਂਝਿਆਂ ਕੀਤਾ ਤੇ ਉਸਦੀ ਸਮੁੱਚੀ ਜ਼ਿੰਦਗੀ ਦਾ ਜ਼ਸ਼ਨ ਮਨਾਇਆ ਗਿਆ।





ਇਨਕਲਾਬੀ ਲੋਕ ਮੋਰਚਾ ਪੰਜਾਬ, ਲੋਕ ਸੰਗਰਾਮ ਮੰਚ (ਆਰ.ਡੀ.ਐਫ.), ਇਨਕਲਾਬੀ ਜਮਹੂਰੀ ਮੋਰਚਾ ਵਲੋਂ ਪਿੰਡ ਖੋਖਰ ਕਲਾਂ (ਸੰਗਰੂਰ) ਵਿਚ ਨਕਸਲਬਾੜੀ ਲਹਿਰ ਦੇ ਉਘੇ ਨੇਤਾ ਦੀ ਬਰਸੀ ਮੌਕੇ ਯਾਦਗਾਰੀ ਸਮਾਗਮ ਦੀਆਂ ਝਲਕੀਆਂ। ਇਸ ਸਮੇਂ ਜਥੇਬੰਦੀਆਂ ਵਲੋਂ ਪਰਿਵਾਰ ਨੂੰ ਸਨਮਾਨਿਤ ਵੀ ਕੀਤਾ ਗਿਆ।

# ਪ੍ਰਵਾਸੀ ਪੰਜਾਬੀਆਂ ਵੱਲੋਂ ਵੀ ਅਧਿਆਪਕ ਮੋਰਚੇ ਦਾ ਸਮਰਥਨ

1978 ਬੇਰੁਜ਼ਗਾਰ ਯੂਨੀਅਨ ਪੁਰਾਣੇ ਆਗੂ ਹਾਕਮ ਸਿੰਘ ਧਾਲੀਵਾਲ, ਦੇਵਿੰਦਰ ਤੂਰ, ਮਹਿੰਦਰ ਮੋਹੀ, ਜਲੌਰ ਸਿੰਘ, ਭਜਨ ਸਿੰਘ ਪਿਸਲੇ ਸਮਿਆਂ ਵਿੱਚ ਅਧਿਆਪਕ ਜਥੇਬੰਦੀਆਂ ਵਿਚ ਚਲੇ ਸੰਘਰਸ਼ਾਂ ਵਿੱਚ ਸਰਗਰਮ ਰੋਲ ਨਿਭਾਉਂਦੇ ਰਹੇ। ਸੇਵਾ ਮੁਕਤ ਅਧਿਆਪਕਾਂ ਦੀ ਬਰੈਂਪਟਨ ਵਿੱਚ ਮੀਟਿੰਗ ਹੋਈ ਜਿਸ ਵਿਚ ਖਾਸ ਤੌਰ 'ਤੇ ਹਰਬੰਸ ਸਿੰਘ, ਦਵਿੰਦਰ ਸਿੰਘ ਤੂਰ, ਮਹਿੰਦਰ ਸਿੰਘ ਮੋਹੀ, ਹਾਕਮ ਧਾਲੀਵਾਲ, ਜਰਨੈਲ ਸਿੰਘ ਬਲੌਰ, ਬਲਦੇਵ ਸਿੰਘ ਕੈਲਪੁਰ ਤੇ ਹੋਰਨਾਂ ਨੇ ਭਾਗ ਲਿਆ। ਵੱਖ-ਵੱਖ ਬੁਲਾਰਿਆਂ ਨੇ ਪੰਜਾਬ ਵਿੱਚ ਚਲ ਰਹੇ ਅਧਿਆਪਕਾਂ ਦੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕੀਤੀ ਗਈ। 8886 ਅਧਿਆਪਕ ਪਿਛਲੇ ਕਈ ਸਾਲਾਂ ਤੋ 42700/- ਤਨਖਾਹ ਪ੍ਰਤੀ ਮਹੀਨਾ ਤਨਖਾਹ ਤੇ ਐਡਹਾਕ ਤੌਰ 'ਤੇ ਕੰਮ ਕਰ ਰਹੇ ਹਨ। ਹੁਣ ਉਹਨਾਂ ਦੀ ਤਨਖਾਹ ਘਟਾਕੇ ਤਿੰਨ ਸਾਲ ਲਈ 15000 ਰੁ. ਪ੍ਰਤੀ ਮਹੀਨਾ ਕਰ ਦੇਣ ਦੇ ਫੈਸਲੇ ਦੀ ਨਿਖੇਧੀ ਕੀਤੀ ਗਈ। ਸਾਰੇ ਐਡਹਾਕ ਮੁਲਾਜ਼ਮਾਂ ਨੂੰ ਪੂਰੇ ਤਨਖਾਹ ਸਕੇਲ ਦੇ ਕੇ ਰੈਗੂਲਰ ਕਰਨ ਦੀ ਮੰਗ ਕੀਤੀ ਗਈ ਤੇ ਅਧਿਆਪਕ ਸੰਘਰਸ਼ ਦੌਰਾਨ ਸਸਪੈਂਡ ਕੀਤੇ ਗਏ ਅਧਿਆਪਕ ਆਗੂਆਂ ਦੀ ਬਹਾਲੀ ਦੀ ਵੀ ਮੰਗ ਕੀਤੀ ਗਈ।



# ਜਾਣੋ #MeToo ਦਾ ਇਤਿਹਾਸ, ਮੌਜੂਦਾ ਹਾਲਤ ਅਤੇ ਭਵਿੱਖ ਦੀਆਂ ਸ਼ੰਕਾਵਾਂ !

15 ਅਕਤੂਬਰ 2018 ਨੂੰ, ਹੀ #MeToo 'ਮੀਟੂ' ਅੰਦੋਲਨ ਇੱਕ ਸਾਲ ਦਾ ਹੋ ਗਿਆ, ਇਸ 'ਹੈਸ਼ਟੈਗ' ਅੰਦੋਲਨ ਦੀ ਸ਼ੁਰੂਆਤ ਹਾਲੀਵੁੱਡ ਅਦਾਕਾਰਾ ਅਲੀਸਾ ਮਿਲਾਨੋ ਨੇ ਕੀਤੀ ਸੀ ? ਇੱਕ ਸਾਲ ਪਹਿਲਾਂ, ਉਸਨੇ ਔਰਤਾਂ ਨੂੰ ਕਿਹਾ ਕਿ ਉਹ ਵੀ ਆਪਣੇ 'ਤੇ ਹੋਣ ਵਾਲੇ ਜਿਨਸੀ ਹਮਲਿਆਂ ਅਤੇ ਸ਼ੋਸ਼ਣਾਂ ਨੂੰ ਬਿਆਨ ਕਰਨ ? ਇਸ ਤੋਂ ਪਹਿਲਾਂ, 'ਮੀਟੂ' ਸ਼ਬਦ ਦੀ ਵਰਤੋਂ ਅਮਰੀਕਾ ਦੀ ਸਮਾਜਿਕ ਕਾਰਕੁਨ ਤਰਾਨਾ ਬੁਰਕੇ ਨੇ 2006 ਵਿੱਚ ਕੀਤੀ ਸੀ, ਜਦੋਂ ਉਹ 12 ਤੋਂ 16 ਸਾਲ ਦੀਆਂ ਬੱਚੀਆਂ, ਗ਼ਰੀਬ ਔਰਤਾਂ ਅਤੇ ਨਸਲੀ ਜਿਨਸੀ ਹਿੰਸਾ ਦੀਆਂ ਸ਼ਿਕਾਰ ਔਰਤਾਂ ਦੀ ਮਦਦ ਕਰਨ ਦੇ ਕੰਮ ਵਿੱਚ ਰੁੱਝੀ ਹੋਈ ਸੀ ? ਪਰ ਪਿਛਲੇ ਸਾਲ ਅਦਾਕਾਰਾ ਅਲੀਸਾ ਮਿਲਾਨੋ ਦੁਆਰਾ ਇਸ ਸ਼ਬਦ ਨੂੰ ਹੈਸ਼ਟੈਗ ਨਾਲ ਜੋੜ ਕੇ ਆਪਣੀ ਜਿਨਸੀ ਸ਼ੋਸ਼ਣ ਦੀ ਕਹਾਣੀ ਕਹਿਣ ਦੀ ਮੁਹਿੰਮ ਬਣਾ ਦਿੱਤਾ ਗਿਆ ? ਜਿਸਨੇ ਵੱਡੇ-ਵੱਡੇ ਅਹੁਦਿਆਂ ਉੱਤੇ ਬੈਠੇ ਤਾਕਤਵਰ ਕੁਲੀਨ ਬੰਦਿਆਂ ਦੇ ਮਖੌਟਿਆਂ ਪਿੱਛੇ ਲੁਕੇ ਮੁਜ਼ਰਮ ਵਿਅਕਤੀਆਂ ਨੂੰ ਸਾਹਮਣੇ ਲਿਆ ਦਿੱਤਾ ? ਲੋਕਾਂ ਨੂੰ ਉਦੋਂ ਪਤਾ ਲੱਗਿਆ ਕਿ ਸੱਭਿਅਕ ਸਿੱਖਿਅਕ ਕਹੇ ਜਾਣ ਵਾਲੇ ਇਸ ਵਰਗ ਵਿੱਚ ਐਨੇ ਸਾਰੇ ਮੁਜ਼ਰਮ ਲੁਕੇ ਬੈਠੇ ਹਨ, ਜਦਕਿ ਇਸਦਾ ਦੋਸ਼ ਅਸੱਭਿਅਕ ਅਨਪੜ੍ਹ ਲੋਕਾਂ ਉੱਪਰ ਹੀ ਲਗਦਾ ਰਿਹਾ ਹੈ ?

ਹਾਲਾਂਕਿ ਇਹ ਰਹੱਸਮਈ ਘਟਨਾ ਕੋਈ ਨਵੀਂ ਨਹੀਂ ਹੈ, ਬਲਕਿ ਅਜਿਹੀ ਸੱਚਾਈ ਹੈ, ਜਿਸ ਬਾਰੇ ਉਸੇ ਜਮਾਤ ਦੇ ਲੋਕਾਂ ਵਿੱਚ ਗੱਲਾਂ ਹੁੰਦੀਆਂ ਰਹੀਆਂ ਹਨ, ਪਹਿਲੀ ਵਾਰ ਹੱਲਾ ਪਾ ਕੇ ਅਜਿਹਾ ਕੁਝ ਕਿਹਾ ਜਾ ਰਿਹਾ ਹੈ, ਜੋ ਅਜਿਹੇ ਆਦਮੀਆਂ ਦਾ ਮਨੋਬਲ ਤੋੜਨ ਲਈ ਕਾਫ਼ੀ ਹੈ ? ਹਾਲਾਂਕਿ ਇਸਦੇ ਬਾਅਦ ਵੀ 'ਮੀਟੂ' ਦਾ ਇੱਕ ਭੈੜਾ ਦੋਸ਼ੀ, (ਜਿਸਨੇ ਖ਼ੁਦ ਆਪਣੇ ਬਿਆਨ ਵਿੱਚ ਕਿਹਾ ਸੀ ਕਿ ਸੋਹਣੀਆਂ ਔਰਤਾਂ ਨੂੰ ਦੇਖ ਕੇ ਉਹ ਉਨ੍ਹਾਂ ਨੂੰ ਚੁੰਮਣ ਤੋਂ ਖ਼ੁਦ ਨੂੰ ਰੋਕ ਨਹੀਂ ਪਾਉਂਦਾ, ਉਹ ਉਸਨੂੰ ਇੱਕ ਚੁੰਬਕ ਦੀ ਤਰ੍ਹਾਂ ਲਗਦੀਆਂ ਹਨ ੩ਸਟਾਰ ਬਣਨ ਤੋਂ ਬਾਅਦ ਤਾਂ ਉਨ੍ਹਾਂ ਨਾਲ ਉਹ ਸਾਰਾ ਕੁਝ ਕਰ ਸਕਦਾ ਹੈ, ਜੋ ਉਹ ਕਰਨਾ ਚਾਹੁੰਦਾ ਹੈ) ਅਮਰੀਕਾ ਦੀ ਸੱਤਾ ਦੇ ਸ਼ਿਖ਼ਰ 'ਤੇ ਪਹੁੰਚਿਆ ਅਤੇ ਫਿਰ ਉਸਨੇ ਦੂਸਰੇ ਅਜਿਹੇ ਦੋਸ਼ੀ ਵਿਅਕਤੀ ਨੂੰ ਅਮਰੀਕਾ ਦਾ ਚੀਫ਼ ਜਸਟਿਸ ਬਣਾ ਦਿੱਤਾ ?

ਇਹ ਅੰਦੋਲਨ ਅਮਰੀਕਾ ਦੇ ਬਾਹਰ ਵੀ ਗਿਆ, ਅਤੇ ਕਈ ਮੁਲਕਾਂ ਵਿੱਚ ਹੁੰਦੇ ਹੋਏ ਇਸ ਸਾਲ ਸਤੰਬਰ ਦੇ ਅੰਤ ਵਿੱਚ ਭਾਰਤ ਵੀ ਪਹੁੰਚ ਗਿਆ, (ਹਾਲਾਂਕਿ ਇਸਦੀ ਚਰਚਾ ਇੱਥੇ ਪਹਿਲਾਂ ਹੀ ਪਹੁੰਚ ਚੁੱਕੀ ਸੀ) ਇੱਥੇ ਇਹ ਬਾਲੀਵੁੱਡ ਦੀ ਅਦਾਕਾਰਾ ਤਨੂਸ਼੍ਰੀ ਦੱਤਾ ਨਾਲ ਸ਼ੁਰੂ ਹੋਇਆ ਅਤੇ ਫਿਰ ਇੱਥੇ ਵੀ ਇੱਕ ਤੋਂ ਬਾਅਦ ਇੱਕ, ਕੁਲੀਨ ਚਹਿਰੇ ਬੇਨਕਾਬ ਹੁੰਦੇ ਗਏ ? ਨਾਨਾ ਪਾਟੇਕਰ ਜੋ ਪਰਦੇ ਉੱਤੇ ਜ਼ਿਆਦਾਤਰ ਮੁਲਕ ਦੀ ਗੰਦਗੀ ਸਾਫ਼ ਕਰਨ ਵਾਲੇ ਕਿਰਦਾਰ ਨਿਭਾਉਂਦਾ ਹੈ, ਖ਼ੁਦ ਗੰਦੀ ਪਿੱਤਰਸੱਤਾਤਮਕ ਮਾਨਸਿਕਤਾ ਨਾਲ ਭਰਿਆ ਪਿਆ ਹੈ ? ਅਲੋਕਨਾਥ ਵਰਗੇ, ਜੋ ਟੀ.ਵੀ. ਸਕ੍ਰੀਨ 'ਤੇ 'ਭਾਰਤੀ ਸੰਸਕਾਰ' ਵੰਡਦੇ ਸੀ, ਪਿੱਤਰਸੱਤਾ ਦੇ 'ਭਾਰਤੀ ਜਗੀਰੂ ਸੰਸਕਾਰ' ਨਾਲ ਲੈਸ ਮਿਲੇ ? ਹੁਣ ਬਾਲੀਵੁੱਡ ਅਤੇ ਟੀ.ਵੀ. ਸੀਰੀਅਲਾਂ ਦੀ ਦੁਨੀਆਂ ਵਿੱਚ ਬਹੁਤ ਸਾਰੀਆਂ ਔਰਤਾਂ ਨੇ ਉਨ੍ਹਾਂ ਦੇ ਸ਼ੋਸ਼ਣ ਦੀ ਕਹਾਣੀ ਦੱਸਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਹ ਲੜੀ ਲੇਖ ਲਿਖੇ ਜਾਣ ਤੱਕ ਵੀ ਜਾਰੀ ਹੈ?

ਇਸ ਤੋਂ ਬਾਅਦ, ਭਾਰਤ ਦੀਆਂ ਔਰਤ ਪੱਤਰਕਾਰਾਂ ਨੇ 'ਮੀਟੂ' ਵਿੱਚ ਹਿੱਸਾ ਲਿਆ, ਜਿਸ ਵਿੱਚ ਪੱਤਰਕਾਰ ਜਗਤ ਦੇ ਸਰਗਨਾ ਅਤੇ ਭਾਜਪਾ ਸਰਕਾਰ ਵਿੱਚ ਮੰਤਰੀ ਬਣਾਏ ਗਏ ਐੱਮ.ਜੇ.ਅਕਬਰ ਖਿਲਾਫ਼ ਇੱਕ ਤੋਂ ਬਾਅਦ ਇੱਕ ਹੁਣ ਤੱਕ 10 ਕਹਾਣੀਆਂ ਬਾਹਰ ਆ ਚੁੱਕੀਆਂ ਹਨ, ਜਿਨ੍ਹਾਂ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਅਸਲ ਵਿੱਚ, ਐੱਮ.ਜੇ.ਅਕਬਰ ਔਰਤਾਂ ਦਾ ਸ਼ਿਕਾਰ ਕਰਦਾ ਹੈ, ਉਸਨੇ ਔਰਤਾਂ ਨੂੰ ਕਦੇ ਮਨੁੱਖ ਸਮਝਿਆ ਹੀ ਨਹੀਂ, ਉਸਦੇ ਲਈ ਔਰਤ ਸਿਰਫ਼ ਅਤੇ ਸਿਰਫ਼ ਖ਼ਪਤ ਵਾਲੀ ਇੱਕ ਵਸਤੂ ਹਨ ? ਉੱਚ ਅਹੁਦਿਆਂ ਉੱਤੇ ਬੈਠੇ ਕੁਝ ਹੋਰ ਹਮਲਾਵਰ ਸੰਪਾਦਕ ਅਤੇ ਪੱਤਰਕਾਰਾਂ ਦੀਆਂ ਕਹਾਣੀਆਂ ਵੀ ਸਾਹਮਣੇ ਆਈਆਂ ਹਨ ਅਤੇ ਹੋਰ ਆ ਰਹੀਆਂ ਹਨ ?

ਬਹੁਤ ਸਾਰੇ ਕੁਲੀਨ ਖੇਤਰਾਂ ਵਿੱਚ ਹਾਲੇ 'ਮੀਟੂ' ਪਹੁੰਚਣਾ ਬਾਕੀ ਹੈ, ਪਰ ਭਾਰਤ ਵਿੱਚ ਆਉਂਦੇ ਹੀ ਇਸਦੇ ਪੱਖ ਅਤੇ ਵਿਰੋਧ ਦੀ ਬਹਿਸ ਸ਼ੁਰੂ ਹੋ ਚੁੱਕੀ ਹੈ, ਜਿਸ ਵਿੱਚ ਤਮਾਮ ਤਰ੍ਹਾਂ ਦੇ ਤਰਕ ਆ ਰਹੇ ਹਨ ? ਸਮਾਜ ਵਿੱਚ ਜ਼ਿਆਦਾਤਰ ਪੜ੍ਹੇ ਲਿਖੇ ਲੋਕ ਇਸ ਮੁਹਿੰਮ ਨੂੰ ਮਸਾਲੇਦਾਰ ਘਟਨਾ ਸਮਝ ਕੇ ਸਵਾਦ ਲੈ ਰਹੇ ਹਨ, ਇਹ ਸਮਾਜ ਦੀ ਪਿਛੜੀ ਜਗੀਰੂ ਅਤੇ ਪਿੱਤਰਸੱਤਾਤਮਕ ਖਪਤਕਾਰੀ ਮਾਨਸਿਕਤਾ ਨੂੰ ਬਿਆਨ ਕਰਨ ਲਈ ਕਾਫ਼ੀ ਹੈ ? ਦਰਅਸਲ ਇਹ 'ਮੀਟੂ' ਦੀ ਤਾਕਤ ਦੇ ਨਾਲ-ਨਾਲ ਇਸ ਦੀਆਂ ਸੀਮਾਵਾਂ ਨੂੰ ਵੀ ਰੇਖਾਂਕਿਤ ਕਰ ਦਿੰਦਾ ਹੈ ? ਅਸੀਂ ਇਸ ਦੀਆਂ ਸੀਮਾਵਾਂ ਉੱਤੇ ਗੱਲ ਕਰਾਂਗੇ, ਪਰ ਪਹਿਲਾਂ ਉਸ ਗੱਲ 'ਤੇ ਗੱਲ ਕਰਾਂਗੇ ਜਿਸਦੇ ਕਾਰਨ ਜਮਹੂਰੀਅਤ ਪਸੰਦ ਲੋਕਾਂ ਨੂੰ ਇਸ ਅੰਦੋਲਨ ਦਾ ਸਮਰਥਨ ਕਰਨਾ ਚਾਹੀਦਾ ਹੈ ?

ਬਹੁਤ ਸਾਰੇ ਜਮਹੂਰੀ ਲੋਕਾਂ ਦਾ ਕਹਿਣਾ ਹੈ ਕਿ 'ਮੀਟੂ' ਮੁਹਿੰਮ ਦਾ ਦਾਇਰਾ ਸ਼ਹਿਰ ਦੀਆਂ ਕੁਲੀਨ ਔਰਤਾਂ ਹਨ, ਗ਼ਰੀਬ ਅਤੇ ਪੇਂਡੂ ਔਰਤਾਂ ਤੱਕ ਇਸਦੀ ਪਹੁੰਚ ਨਹੀਂ ਹੈ ? ਹਾਲਾਂਕਿ ਫ਼ਿਲਹਾਲ ਇਹ ਅੰਦੋਲਨ ਹਾਲੇ ਚੱਲ ਹੀ ਰਿਹਾ ਹੈ, ਇਹ ਕਿੱਥੇ ਤੱਕ ਅਤੇ ਕਿਸ ਰੂਪ ਵਿੱਚ ਜਾਵੇਗਾ ਕੁਝ ਕਿਹਾ ਨਹੀਂ ਜਾ ਸਕਦਾ, ਪਰ ਫ਼ਿਲਹਾਲ ਇਹ ਸੱਚ ਹੈ ਕਿ ਇਸਦਾ ਦਾਇਰਾ ਸ਼ਹਿਰ ਦੀਆਂ ਪੜ੍ਹੀਆਂ-ਲਿਖੀਆਂ 'ਅਲੀਟ' ਔਰਤਾਂ ਤੱਕ ਹੀ ਸੀਮਿਤ ਹੈ ? ਪਰ ਇਸ ਆਧਾਰ 'ਤੇ ਵੀ ਇਸਦੀ ਆਲੋਚਨਾ ਇਸ ਲਈ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਮੁਹਿੰਮ ਇਸ ਸੱਚਾਈ ਨੂੰ ਲੋਕਾਂ ਤੱਕ ਪਹੁੰਚਾ ਰਹੀ ਹੈ ਕਿ ਸਮਾਜ ਦਾ ਉੱਚ ਵਰਗ (ਜੋ ਆਪਣੀਆਂ ਕਦਰਾਂ ਕੀਮਤਾਂ ਵਿੱਚ ਜ਼ਿਆਦਾ ਸੱਭਿਅਕ ਅਤੇ ਜਮਹੂਰੀ ਮੰਨਿਆ ਜਾਂਦਾ ਹੈ) ਵਿੱਚ ਵੀ ਕੁੜੀਆਂ ਨੂੰ ਦੇਖਣ ਦਾ ਨਜ਼ਰੀਆ ਕਿੰਨਾ ਤੰਗ, ਕਿੰਨਾ ਜਗੀਰੂ, ਪਿੱਤਰਸੱਤਾਤਮਕ ਅਤੇ ਖ਼ਪਤਕਾਰੀ ਹੈ ?

ਉੱਚ ਵਰਗ ਦੀਆਂ ਔਰਤਾਂ ਮਰਦਾਂ ਦੀ ਚੌਧਰ ਵਾਲੇ ਸਾਰੇ ਕੰਮ ਖਿੱਤਿਆਂ ਵਿੱਚ ਜ਼ਿਆਦਾ ਤੋਂ ਜ਼ਿਆਦਾ ਗਿਣਤੀ ਵਿੱਚ ਕੰਮ ਕਰਨ ਲਈ ਅੱਗੇ ਵਧ ਰਹੀਆਂ ਹਨ ? ਇਹ ਮਰਦਾਂ ਦੀ ਦੁਨੀਆ ਵਿੱਚ ਖਲਬਲੀ ਮਚਾਉਣ ਲਈ ਕਾਫ਼ੀ ਹੈ ? ਉੱਥੇ ਔਰਤਾਂ ਆਪਣੀ ਜਗ੍ਹਾ ਬਣਾਉਣ ਦੀ ਜੱਦੋ-ਜਹਿਦ ਵਿੱਚ ਲੱਗੀਆਂ ਹੋਈਆਂ ਹਨ, ਪਰ ਉਸੇ ਜਮਾਤ ਦੇ ਮਰਦ ਉਸਨੂੰ ਉਸਦੀ ਜਗ੍ਹਾ ਨਹੀਂ ਦੇਣਾ ਚਾਹੁੰਦੇ ? ਔਰਤਾਂ ਨੇ ਤਾਂ ਸਮੇਂ ਦੀ ਜ਼ਰੂਰਤ ਮੁਤਾਬਿਕ ਖ਼ੁਦ ਨੂੰ ਬਦਲਿਆ ਹੈ, ਪਰ ਮਰਦ ਉਸ ਜ਼ਰੂਰਤ ਮੁਤਾਬਿਕ ਖ਼ੁਦ ਨੂੰ ਨਹੀਂ ਬਦਲ ਪਾ ਰਹੇ ? ਉਹ ਔਰਤ ਨੂੰ ਕੰਮ ਖੇਤਰ ਵਿੱਚ ਬਰਾਬਰੀ ਦਾ ਕੰਮ ਕਰਨ ਦੇ ਬਾਵਜੂਦ ਵੀ 'ਮਰਦ ਤੋਂ ਘੱਟ' ਇਨਸਾਨ ਦੇ ਰੂਪ ਵਿੱਚ ਹੀ ਦੇਖ ਰਹੇ ਹਨ, ਨਾ ਕਿ ਆਪਣੇ 'ਕਲੀਗ' ਜਾਂ ਸਹਿਕਰਮੀ ਦੇ ਰੂਪ ਵਿੱਚ ? ਔਰਤਾਂ ਦਾ ਸ਼ੋਸ਼ਣ ਕਰਨ ਦੀ ਮਾਨਸਿਕਤਾ ਇੱਥੋਂ ਹੀ ਨਿਕਲੀ ਹੈ ?

'ਮੀਟੂ' ਮੁਹਿੰਮ ਅਜਿਹੀਆਂ ਔਰਤਾਂ ਨੂੰ ਇਸ ਵਰਗ ਵਿੱਚ ਆਪਣੇ ਲਈ 'ਜਗ੍ਹਾ' ਬਣਾਉਣ ਦੀ ਇੱਕ ਕੋਸ਼ਿਸ਼ ਹੈ ? ਇਸ ਲਿਹਾਜ ਨਾਲ 'ਮੀਟੂ' ਕੁਲੀਨ ਵਰਗ ਵਿੱਚ ਹੋਣ ਵਾਲੀ ਘਟਨਾ ਹੈ, ਕਿਉਂਕਿ ਕੁਲੀਨ ਵਰਗ ਇਸ ਸਮਾਜ ਦਾ ਹੀ ਹਿੱਸਾ ਹੈ, ਇਸ ਲਈ ਉੱਥੇ ਜਮਹੂਰੀਅਤ ਲਈ ਲੜੀ ਜਾਣ ਵਾਲੀ ਲੜਾਈ ਬਾਕੀ ਸਮਾਜ ਦੇ ਜਮਹੂਰੀਕਰਨ ਵਿੱਚ ਵੀ ਸਹਾਇਕ ਹੋਵੇਗੀ, ਨਾ ਕਿ ਉਸਦੀ ਵਿਰੋਧੀ ? ਇਹ ਵਰਗ ਤੋਂ ਪਾਰ ਲਿੰਗਕ ਬਰਾਬਰਤਾ ਦੀ ਲੜਾਈ ਹੈ, ਜੋ ਵਰਗ ਸੰਘਰਸ਼ ਨੂੰ ਕਮਜ਼ੋਰ ਨਹੀਂ ਬਲਕਿ ਮਜ਼ਬੂਤ ਕਰਦੀ ਹੈ ? ਇਸ ਲਈ ਸਾਰੇ ਜਮਹੂਰੀਅਤ ਪਸੰਦ ਲੋਕਾਂ ਨੂੰ 'ਮੀਟੂ' ਮੁਹਿੰਮ ਦਾ ਵਿਰੋਧ ਜਾਂ 'ਅਗਰ-ਮਗਰ ਨਾਲ ਸਮਰਥਨ ਕਰਨ' ਦੀ ਬਜਾਏ ਪੂਰਾ ਸਮਰਥਨ ਦੇਣਾ ਚਾਹੀਦਾ ਹੈ ?

ਪਰ 'ਮੀਟੂ' ਮੁਹਿੰਮ ਦੇ ਇਸ ਜਮਾਤੀ ਚਰਿੱਤਰ ਕਾਰਨ ਇਸਦੀਆਂ ਕੁਝ ਸੀਮਤਾਈਆਂ ਹਨ, ਜਿਸਦੇ ਕਾਰਨ ਇਸ ਨਾਲ ਸਮਾਜ ਦੇ ਜਮਹੂਰੀ ਹੋ ਜਾਣ ਦੀ ਜ਼ਿਆਦਾ ਉਮੀਦ ਨਹੀਂ ਬੰਨ੍ਹਦੀ ? ਇਹ ਸੀਮਤਾਈਆਂ ਛੋਟੀਆਂ-ਮੋਟੀਆਂ ਨਹੀਂ, ਬਲਕਿ ਗੰਭੀਰ ਕਿਸਮ ਦੀਆਂ ਹਨ ? ਅਸੀਂ ਅਮਰੀਕਾ ਵਿੱਚ ਦੇਖ ਚੁੱਕੇ ਹਾਂ ਕਿ 'ਮੀਟੂ' ਤੋਂ ਬਾਅਦ ਕੁਝ ਹਲਚਲ ਤਾਂ ਹੋਈ, ਪਰ ਸਮਾਜ ਦੇ ਸਭ ਤੋਂ ਉੱਚੇ ਅਹੁਦਿਆਂ ਉੱਤੇ ਬੈਠੇ ਔਰਤ ਵਿਰੋਧੀ ਹੀ ਨਹੀਂ, ਔਰਤਾਂ ਦੇ ਲਈ ਮੁਜ਼ਰਮ ਵਿਅਕਤੀ ਵੀ ਬੈਠੇ ਹੋਏ ਹਨ ?

ਪਰ ਮੈਂ ਇਹਨਾਂ ਨਤੀਜਿਆਂ ਦੇ ਆਧਾਰ 'ਤੇ ਇਸਦੀਆਂ ਸੀਮਾਵਾਂ ਨੂੰ ਨਹੀਂ ਆਂਕ ਰਹੀ, ਇਸਦੀਆਂ ਦੂਜੀਆਂ ਗੰਭੀਰ ਸੀਮਾਵਾਂ ਹਨ, ਜਿਸਦੇ ਕਾਰਨ ਹਰ ਜਗ੍ਹਾ ਇਹ ਅੰਦੋਲਨ ਉੱਚ ਵਰਗ ਦੀਆਂ ਔਰਤਾਂ ਦੇ ਲਈ ਥੋੜੀ ਹਮਦਰਦੀ ਅਤੇ ਥੋੜੀ ਸ ?ਪੇਸ ਵਧਾ ਕੇ ਠੰਡਾ ਪੈਂਦਾ ਜਾ ਰਿਹਾ ਹੈ ?

ਇਸ ਅੰਦੋਲਨ ਦੀ ਸਭ ਤੋਂ ਵੱਡੀ ਖਾਮੀ ਇਹ ਹੈ ਕਿ ਇਹ ਜਿਨਸੀ ਸ਼ੋਸ਼ਣ ਨੂੰ, ਜੋ ਕਿ ਜਗੀਰੂ ਮਾਨਸਿਕਤਾ ਅਤੇ ਪਿੱਤਰਸੱਤਾਤਮਕ ਖ਼ਪਤਵਾਦ ਦਾ ਲੱਛਣ ਹੈ, ਇਸਨੂੰ ਸਿਰਫ਼ ਕੁਝ ਵਿਅਕਤੀਆਂ ਦੇ ਜ਼ੁਰਮ ਤੱਕ ਸੀਮਤ ਕਰ ਦਿੰਦਾ ਹੈ ? ਇਸ ਨਾਲ ਦੋਸ਼ੀ ਵਿਅਕਤੀ ਦਾ ਜ਼ੁਰਮ ਸਾਹਮਣੇ ਆ ਰਿਹਾ ਹੈ, ਸੰਭਵ ਹੈ ਕਿ ਉਨ੍ਹਾਂ ਵਿੱਚੋਂ ਕੁਝ ਦੇ ਖਿਲਾਫ਼ ਕਾਰਵਾਈ ਵੀ ਹੋਵੇ, ਪਰ ਇਹ ਮੁਹਿੰਮ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਨੂੰ ਇੱਕ ਗੈਰ-ਜਮਹੂਰੀ ਢਾਂਚਾਗਤ ਮਾਨਸਿਕਤਾ ਦੇ ਰੂਪ ਵਿੱਚ ਚਿੰਨਤ ਕਰਨ ਜਾਂ ਉਸਨੂੰ ਨਿਸ਼ਾਨਾਂ ਬਣਾਉਣ ਵਿੱਚ ਸਮਰੱਥ ਨਹੀਂ ਹੋ ਪਾ ਰਹੀ ? ਇਹ ਪਿੱਤਰਸੱਤਾ ਦੇ ਖ਼ਿਲਾਫ਼ ਸੰਘਰਸ਼ ਦੇ ਦਾਇਰੇ ਨੂੰ ਉੱਥੇ ਤੱਕ ਵਧਾਉਣ ਤੋਂ ਰੋਕਦੀ ਹੈ, ਜਿੱਥੋਂ ਜਿਨਸੀ ਸ਼ੋਸ਼ਣ ਨੂੰ ਅਸਲ ਵਿੱਚ ਖ਼ਤਮ ਕੀਤਾ ਜਾ ਸਕਦਾ ਹੈ ? ਸਮਾਜਿਕ ਢਾਂਚਾਗਤ ਸਮੱਸਿਆ ਨਾਲ ਜੁੜੀ ਕਿਸੇ 'ਮੁਹਿੰਮ' ਨੂੰ ਵਿਅਕਤੀਆਂ ਉੱਤੇ ਹਮਲਿਆਂ ਤੱਕ ਸੀਮਤ ਰੱਖਣਾ ਦਰਅਸਲ ਸੱਤਾ ਦੇ ਲਈ ਨੁਕਸਾਨਦਾਇਕ ਨਹੀਂ ਹੁੰਦਾ, ਬਲਕਿ ਉਸ ਸੱਤਾ ਨੂੰ ਬਣਾਈ ਰੱਖਣ ਵਿੱਚ ਸਹਾਇਕ ਬਣ ਜਾਂਦਾ ਹੈ ?

ਫਿਲਮ ਇੰਡਸਟਰੀ ਨਾਲ ਜੁੜੇ ਜਿਨਸੀ ਸ਼ੋਸ਼ਣ ਦੇ ਤਮਾਮ ਮਾਮਲੇ ਸਾਹਮਣੇ ਆਏ ਹਨ, ਜੋ ਕਿ ਉਸ ਘਟਨਾ ਨੂੰ ਕਿਸੇ ਇੱਕ ਵਿਅਕਤੀ ਤੱਕ ਕੇਂਦਰਤ ਕਰ ਰਹੇ ਹਨ ? ਦਰਅਸਲ ਕਿਸੇ 'ਮੁਹਿੰਮ' ਵਿੱਚ ਮੁਜ਼ਰਮ ਨੂੰ ਵਿਅਕਤੀ ਦੇ ਰੂਪ ਵਿੱਚ ਚਿੰਨਤ ਕਰਨਾ ਗਲਤ ਨਹੀਂ ਹੈ, ਪਰ ਇਹ ਸਿਰਫ਼ ਪਹਿਲਾ ਕਦਮ ਹੀ ਹੈ ? ਸਾਡੀ ਫਿਲਮ ਇੰਡਸਟਰੀ ਅਜਿਹੀ ਜਗ੍ਹਾ ਹੈ, ਜਿੱਥੋਂ ਔਰਤਾਂ ਦੇ ਜਿਨਸੀ ਅਤੇ ਲਿੰਗਕ ਸ਼ੋਸ਼ਣ ਦੇ ਔਜ਼ਾਰ ਮੁਹੱਈਆ ਕਰਾਏ ਜਾਂਦੇ ਹਨ, ਉੱਥੋਂ ਆਉਣ ਵਾਲੇ ਗਾਣੇ, ਕਹਾਣੀਆਂ, ਸੰਵਾਦਾਂ ਤੋਂ ਲੈ ਕੇ ਦ੍ਰਿਸ਼ਾਂ ਤੱਕ ਵਿੱਚ ਔਰਤਾਂ ਦਾ ਪਿੱਤਰਸੱਤਾਤਮਕ ਅਤੇ ਖ਼ਪਤਕਾਰੀ ਚਿੱਤਰਨ ਰਹਿੰਦਾ ਹੈ ? ਗਾਣੇ ਅਤੇ ਡਾਇਲਾਗ ਕੋਝੇ ਬੰਦਿਆਂ ਨੂੰ ਕੁੜੀਆਂ ਦਾ ਸ਼ੋਸ਼ਣ ਕਰਨ ਲਈ ਹਥਿਆਰ ਮੁਹੱਈਆ ਕਰਵਾਉਂਦੇ ਹਨ, ਅਤੇ ਕਹਾਣੀਆਂ ਪਿੱਤਰਸੱਤਾਤਮਕ, ਖ਼ਪਤਵਾਦੀ ਸੋਚ ਨੂੰ ਬਣਾਈ ਰੱਖਣ ਲਈ ਸਮਿੰਟ ਦਾ ਕੰਮ ਕਰਦੀਆਂ ਹਨ ?

ਪੂਰੀ ਫਿਲਮ ਇੰਡਸਟਰੀ ਜਦੋਂ ਲੋਕਾਂ ਨੂੰ ਔਰਤ ਵਿਰੋਧੀ ਸੰਸਕਾਰ ਪਰੋਸ ਰਹੀ ਹੈ ਤਾਂ, ਉੱਥੇ ਅਸੀਂ ਕਿਵੇਂ ਉਮੀਦ ਕਰ ਸਕਦੇ ਹਾਂ ਕਿ ਉੱਥੇ ਕੰਮ ਕਰਨ ਵਾਲੀਆਂ ਔਰਤਾਂ ਨੂੰ ਬਰਾਬਰ ਦਾ ਦਰਜਾ ਮਿਲੇਗਾ ? ਪਰ 'ਮੀਟੂ' ਮੁਹਿੰਮ ਅਜਿਹੇ ਔਰਤ ਵਿਰੋਧੀ ਅਦਾਰਿਆਂ ਅਤੇ ਜਿਨਸੀ ਹਮਲਿਆਂ ਦੇ ਮਾਮਲਿਆਂ ਨੂੰ ਵੱਖੋ-ਵੱਖਰੇ ਰੱਖਦਾ ਹੈ, ਉਹ ਇਸ ਉੱਤੇ ਕੋਈ ਸਵਾਲ ਨਹੀਂ ਚੱਕਦਾ, ਸਿਰਫ਼ ਉੱਥੇ ਸੁਰੱਖਿਅਤ ਮਾਹੌਲ ਦੀ ਮੰਗ ਕਰਦਾ ਹੈ, ਜੋ ਕਿ ਅਜਿਹੇ ਮਾਹੌਲ ਵਿੱਚ ਕਦੇ ਵੀ ਸੰਭਵ ਹੀ ਨਹੀਂ ਹੈ ? ਤਨੂਸ਼੍ਰੀ ਦੱਤਾ ਅਤੇ ਵਿਨਤਾ ਨੰਦਾ ਨੇ ਆਪਣੇ ਨਾਲ ਹੋਈ ਜਿਨਸੀ ਹਿੰਸਾ ਦੀਆਂ ਘਟਨਾਵਾਂ ਨੂੰ ਸਭ ਨਾਲ ਸਾਂਝਾ ਕੀਤਾ, ਇਹ ਬਹਾਦਰੀ ਦਾ ਕੰਮ ਹੈ, ਪਰ ਇਹ ਉਨ੍ਹਾਂ ਦੀ ਜਮਾਤੀ ਮਾਨਸਿਕਤਾ ਹੀ ਹੈ ਕਿ ਉਨ੍ਹਾਂ ਨੂੰ ਅਜਿਹੇ ਔਰਤ ਵਿਰੋਧੀ ਅਦਾਰਿਆਂ ਨਾਲ ਕੋਈ ਸ਼ਿਕਾਇਤ ਨਹੀਂ ਹੈ ? ਜਿਵੇਂ ਤਨੂਸ਼੍ਰੀ ਦੱਤਾ ਨੇ ਇਸ ਘਟਨਾ ਤੋਂ ਬਾਅਦ ਕੰਮ ਛੱਡਣ ਤੋਂ ਪਹਿਲਾਂ, ਪਤਾ ਨਹੀਂ ਕਿੰਨੀਆਂ ਔਰਤ ਵਿਰੋਧੀ ਫ਼ਿਲਮਾਂ ਵਿੱਚ ਕੰਮ ਕੀਤਾ ਹੈ, ਪਰ ਉਸਨੂੰ ਉਨ੍ਹਾਂ ਕਹਾਣੀਆਂ ਜਾਂ ਗਾਣਿਆਂ ਨਾਲ ਸ਼ਾਇਦ ਹੀ ਕੋਈ ਸ਼ਿਕਾਇਤ ਹੋਵੇ ? ਉਸਨੂੰ ਆਪਣੀ 'ਮੀਟੂ' ਮੁਹਿੰਮ ਨੂੰ ਮੁਕੰਮਲ ਅਤੇ ਵੱਡੀ ਬਣਾਉਣ ਲਈ ਇਹਨਾਂ ਫ਼ਿਲਮਾਂ ਵਿੱਚ ਕੰਮ ਕਰਨ ਦੇ ਲਈ ਆਪਣੀ ਆਲੋਚਨਾ ਵੀ ਕਰਨੀ ਚਾਹੀਦੀ ਹੈ ?




ਵਿਨਤਾ ਨੰਦਾ ਦੇ ਲਈ ਵੀ ਇਹੀ ਗੱਲ ਸਹੀ ਹੈ, ਜਿਸ ਸੰਸਕਾਰ ਵੰਡਣ ਵਾਲੇ ਸੀਰੀਅਲ ਵਿੱਚ ਉਸ ਨਾਲ ਇੱਕ ਸੰਸਕਾਰੀ ਆਦਮੀ ਨੇ ਰੇਪ ਕੀਤਾ, ਔਰਤਾਂ ਨੂੰ ਮਰਦਾਂ ਦੀ ਦਾਸੀ ਦੇ ਰੂਪ ਵਿੱਚ ਚਿੱਤਰਨ ਕਰਨ ਵਾਲੇ ਉਨ੍ਹਾਂ ਹੀ ਸੰਸਕਾਰੀ ਸੀਰੀਅਲਾਂ ਵਿੱਚ ਉਸ ਨੇ ਕੰਮ ਕਰਕੇ ਔਰਤਾਂ ਦੇ ਜਮਹੂਰੀਅਤ ਦੇ ਅੰਦੋਲਨ ਨੂੰ ਕਮਜ਼ੋਰ ਕੀਤਾ, ਉਸਨੂੰ 'ਮੀਟੂ' ਮੁਹਿੰਮ ਵਿੱਚ ਇਸ ਗੱਲ ਨੂੰ ਵੀ ਮੰਨਣਾ ਚਾਹੀਦਾ ਹੈ ? ਉਹ ਹੁਣ ਨਿਰਮਾਤਾ (ਪ੍ਰੋਡਿਊਸਰ) ਹੈ, ਉਹ ਖ਼ੁਦ ਅਜਿਹੇ ਸੀਰੀਅਲ ਬਣਾਉਂਦੀ ਹੋਵੇਗੀ, ਜਿਨ੍ਹਾਂ ਵਿੱਚ ਔਰਤਾਂ ਦੀ ਬੇਇੱਜਤੀ ਹੁੰਦੀ ਹੈ ? ਉਸਨੂੰ 'ਮੀਟੂ' ਵਿੱਚ ਅਲੋਕਨਾਥ ਜਿਹੇ ਲੋਕਾਂ ਦਾ ਨਕਾਬ ਹਟਾਉਣ ਦੇ ਨਾਲ-ਨਾਲ ਆਪਣੀ ਗਲਤੀ ਵੀ ਮੰਨਣੀ ਚਾਹੀਦੀ ਹੈ ਅਤੇ ਭਵਿੱਖ ਵਿੱਚ ਅਜਿਹੇ ਸੀਰੀਅਲ ਨਾ ਬਣਾਉਣ ਦਾ ਵਾਅਦਾ ਕਰਨਾ ਚਾਹੀਦਾ ਹੈ ?

ਅਸਲ ਵਿੱਚ ਫ਼ਿਲਮਾਂ ਵਿੱਚ ਔਰਤਾਂ ਨੂੰ ਮਾਸੂਮ, ਰੋਣੀ ਸੂਰਤ, ਕਮਜ਼ੋਰ ਅਤੇ ਲਾਚਾਰ ਦਿਖਾਇਆ ਜਾਂਦਾ ਹੈ, ਸੋਚ ਇਹ ਹੈ ਕਿ ਇਹ ਹੀ ਔਰਤਾਂ ਨੂੰ ਭਾਉਂਦਾ ਹੈ ? ਔਰਤਾਂ ਨੂੰ ਅਜਿਹੀਆਂ ਭੂਮਿਕਾਵਾਂ ਤੋਂ ਇਨਕਾਰ ਕਰਨਾ ਪਵੇਗਾ, ਜੋ ਔਰਤਾਂ ਨੂੰ ਕਮਜ਼ੋਰ ਬਣਾਉਂਦੀਆਂ ਹਨ ਜਾਂ ਉਨ੍ਹਾਂ ਦੇ ਸ਼ੋਸ਼ਣ ਲਈ ਰਾਹ ਖੋਲ੍ਹਦੀਆਂ ਹਨ ? ਜੇ ਫਿਲਮ ਇੰਡਸਟਰੀ ਵਿੱਚ 'ਮੀਟੂ' ਮੁਹਿੰਮ ਮੁਜ਼ਰਮ ਮਰਦਾਂ ਦਾ ਭਾਂਡਾ ਭੰਨਣ ਤੋਂ ਅੱਗੇ ਵਧ ਕੇ ਢਾਂਚਾਗਤ ਰੂਪ ਵਿੱਚ ਹਮਲੇ ਤੱਕ ਨਾ ਪਹੁੰਚੀ, ਤਾਂ ਇਸਦਾ ਅਸਰ ਨਹੀਂ ਹੋਣਾ, ਇੱਥੇ ਕੰਮ ਕਰਨ ਵਾਲੀਆਂ ਔਰਤਾਂ ਨਾਲ ਵੀ ਇਨਸਾਫ਼ ਨਹੀਂ ਹੋਵੇਗਾ ?

ਭਾਰਤੀ 'ਮੀਟੂ' ਵਿੱਚ ਪੱਤਰਕਾਰ ਐੱਮ.ਜੇ.ਅਕਬਰ ਦੇ ਖਿਲਾਫ਼ ਜਿਨਸੀ ਸ਼ੋਸ਼ਣ, ਹਮਲੇ, ਦਾਬੇ ਦੇ ਸਭ ਤੋਂ ਜ਼ਿਆਦਾ ਬਿਆਨ ਆਏ ਹਨ, ਅਤੇ ਉਸ ਬਾਰੇ ਕਹੀਆਂ ਗਈਆਂ ਗੱਲਾਂ ਇੱਕਦਮ ਸੱਚੀਆਂ ਲਗਦੀਆਂ ਹਨ ? ਇਨ੍ਹਾਂ ਬਿਆਨਾਂ ਤੋਂ ਬਾਅਦ ਸਰਕਾਰ ਵਿੱਚ ਜੇ ਸ਼ਰਾਫਤ ਹੋਵੇਗੀ ਤਾਂ ਉਸਦੇ ਖਿਲਾਫ਼ ਕਾਰਵਾਈ ਵੀ ਹੋਵੇਗੀ, ਨਹੀਂ ਹੋਵੇਗੀ ਤਾਂ ਇਹ ਔਰਤ ਅੰਦੋਲਨ ਦਾ ਇੱਕ ਵੱਡਾ ਮੁੱਦਾ ਬਣੇਗਾ, ਪਰ ਜੇ ਕਾਰਵਾਈ ਹੋ ਵੀ ਗਈ, ਤਾਂ ਵੀ ਪੱਤਰਕਾਰਤਾ ਦਾ ਖਿੱਤਾ ਔਰਤਾਂ ਲਈ ਗੈਰ ਸੁਰੱਖਿਅਕ ਬਣਿਆ ਰਹੇਗਾ ? ਕਿਉਂਕਿ ਇਸ ਖੇਤਰ ਵਿੱਚ ਕਈ ਐੱਮ.ਜੇ.ਅਕਬਰ ਕੁੰਡਲੀ ਮਾਰੀ ਬੈਠੇ ਹਨ ?

ਪੱਤਰਕਾਰਤਾ ਅਜਿਹਾ ਖੇਤਰ ਹੈ ਜਿੱਥੇ ਔਰਤਾਂ ਦੀ ਗਿਣਤੀ ਤੇਜੀ ਨਾਲ ਵਧਦੀ ਜਾ ਰਹੀ ਹੈ, ਪਰ ਜਮਹੂਰੀਅਤ ਦਾ ਚੌਥਾ ਥੰਮ ਕਹੇ ਜਾਣ ਵਾਲੇ ਇਸ ਤੰਤਰ ਵਿੱਚ ਉੱਚ-ਹਿੰਦੂ-ਮਰਦਾਂ ਦੀ ਚੌਧਰ ਕਾਇਮ ਹੋਣ ਕਾਰਨ ਇਸਦਾ ਆਪਣਾ ਹੀ ਜਮਹੂਰੀਕਰਨ ਨਹੀਂ ਹੋ ਸਕਿਆ, ਖ਼ਬਰਾਂ ਨੂੰ ਚੁਣਨ ਅਤੇ ਪੇਸ਼ਕਾਰੀ ਦੇ ਰੂਪ ਵਿੱਚ ਸਾਨੂੰ ਮੀਡੀਆ ਦਾ ਔਰਤ ਵਿਰੋਧੀ, ਦਲਿਤ ਵਿਰੋਧੀ, ਧਾਰਮਿਕ ਘੱਟ-ਗਿਣਤੀ ਵਿਰੋਧੀ ਚਰਿੱਤਰ ਦਿਖਦਾ ਹੈ ? ਇਸ ਚੌਥੇ ਥੰਮ ਵਿੱਚ ਜੋ ਔਰਤਾਂ ਹੈ ਵੀ ਨੇ, ਉਹ ਵੀ ਮਹਾਂਨਗਰਾਂ ਜਾਂ ਵੱਡੇ ਸ਼ਹਿਰਾਂ ਵਿੱਚ ਕੇਂਦਰਤ ਹਨ, ਛੋਟੇ ਸ਼ਹਿਰਾਂ ਜਾਂ ਕਸਬਿਆਂ ਵਿੱਚ ਤਾਂ ਔਰਤ ਪੱਤਰਕਾਰ ਦੇ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ? ਆਪਣੇ ਜਗੀਰੂ ਪਿੱਤਰਸੱਤਾਤਮਕ ਵਾਲੇ ਢਾਂਚੇ ਦੇ ਕਾਰਨ ਹੀ ਮੀਡੀਆ ਦਲਿਤ, ਧਾਰਮਿਕ ਘੱਟ-ਗਿਣਤੀ ਅਤੇ ਔਰਤਾਂ ਉੱਤੇ ਸ਼ੋਸ਼ਣ ਦੀਆਂ ਖ਼ਬਰਾਂ ਨੂੰ ਖ਼ਬਰ ਨਹੀਂ ਬਣਾਉਂਦਾ, ਇਸੇ ਕਾਰਨ ਇਸਨੂੰ 'ਮੇਨਸਟਰੀਮ' ਮੀਡੀਆ ਦੀ ਬਜਾਏ 'ਮਨੂਸਟਰੀਮ' ਮੀਡੀਆ ਕਹਿਣਾ ਜ਼ਿਆਦਾ ਠੀਕ ਹੈ ? ਇਸ ਮੀਡੀਆ ਨਾਲ ਜੁੜੀ ਤਵਲੀਨ ਸਿੰਘ ਤੱਕ ਨੇ 14 ਅਕਤੂਬਰ ਦੇ 'ਇੰਡੀਅਨ ਐਕਸਪ੍ਰੈੱਸ' ਵਿੱਚ ਲਿਖਿਆ ਕਿ ਉਸ ਦੁਆਰਾ ਬਹੁਤ ਮਿਹਨਤ ਨਾਲ ਲਿਖੀ ਜਿਨਸੀ ਹਿੰਸਾ ਦੀ ਇੱਕ ਖ਼ਬਰ ਨੂੰ ਸੰਪਾਦਕ ਨੇ ਇਹ ਕਹਿ ਕੇ ਛਾਪਣ ਤੋਂ ਮਨ੍ਹਾ ਕਰ ਦਿੱਤਾ ਕਿ 'ਤੂੰ ਆਪਣਾ ਸਮਾਂ ਬਰਬਾਦ ਕਰ ਰਹੀ ਹੈਂ ?' ਅਜਿਹਾ ਹੀ ਤਜ਼ਰਬਾ ਬਹੁਤ ਸਾਰੀਆਂ ਔਰਤ ਪੱਤਰਕਾਰਾਂ ਦਾ ਹੈ ? ਜੋ ਔਰਤ ਪੱਤਰਕਾਰ ਆਪਣੇ ਨਾਲ ਜੁੜੀ ਜਿਨਸੀ ਹਮਲਿਆਂ ਅਤੇ ਸ਼ੋਸ਼ਣ ਦੀਆਂ ਖ਼ਬਰਾਂ ਤੱਕ ਕਦੇ ਕਹਿ ਨਹੀਂ ਸਕੀ, ਉਨ੍ਹਾਂ ਲਈ ਇਸਨੂੰ ਛਪਾਉਣ ਲਈ ਦਬਾਓ ਬਣਾਉਣਾ ਸੱਚਮੁਚ ਮੁਸ਼ਕਿਲ ਹੀ ਰਿਹਾ ਹੋਵੇਗਾ ?

ਪਰ ਹੁਣ ਜਦਕਿ ਉਨ੍ਹਾਂ ਨੇ ਹੌਂਸਲਾ ਕਰਕੇ ਬੋਲਿਆ ਹੈ- 'ਮੀਟੂ' ਮੁਹਿੰਮ ਨਾਲ ਜੁੜਨ ਅਤੇ ਇਸਨੂੰ ਸਮਰਥਨ ਦੇਣ ਵਾਲੀਆਂ ਔਰਤਾਂ ਨੂੰ ਚਾਹੀਦਾ ਹੈ ਕਿ ਉਹ ਔਰਤਾਂ ਦੇ ਸ਼ੋਸ਼ਣ ਦੀਆਂ ਖ਼ਬਰਾਂ ਨੂੰ ਨਾ ਸਿਰਫ਼ ਅਖ਼ਬਾਰਾਂ ਵਿੱਚ ਜਗ੍ਹਾ ਦਵਾਉਣ ਲਈ ਹੀ ਆਵਾਜ਼ ਚੁੱਕਣ, ਬਲਕਿ ਅਖ਼ਬਾਰਾਂ ਵਿੱਚ ਔਰਤ ਵਿਰੋਧੀ ਖ਼ਬਰਾਂ ਅਤੇ ਉਸ ਪਿੱਤਰਸੱਤਾਤਮਕ ਭਾਸ਼ਾ ਨੂੰ ਜਮਹੂਰੀ ਬਣਾਉਣ ਦੀ ਲੜਾਈ ਵੀ ਲੜਨ ? ਉਹ ਇਸਦਾ ਵੀ ਖ਼ੁਲਾਸਾ ਕਰਨ ਕਿ ਇਹਨਾਂ ਅਦਾਰਿਆਂ ਵਿੱਚ ਉਨ੍ਹਾਂ ਨੂੰ ਕਦੋਂ-ਕਦੋਂ ਕੀ-ਕੀ ਲਿਖਣ ਤੋਂ ਰੋਕਿਆ ਗਿਆ, ਅਤੇ ਕਿਹੋ ਜਿਹੀ ਸਟੋਰੀ ਕਵਰ ਕਰਨ ਲਈ ਕਿਹਾ ਗਿਆ ? ਨਾਲ ਹੀ ਉਨ੍ਹਾਂ ਨੂੰ ਇਹ ਵੀ ਬਿਆਨ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੇ ਬਸਤਰ ਅਤੇ ਮੁਲਕ ਦੇ ਦੂਸਰੇ ਆਦਿਵਾਸੀ ਖੇਤਰਾਂ ਵਿੱਚ ਆਦਿਵਾਸੀ ਔਰਤਾਂ ਦੇ ਨਾਲ ਸੈਨਾ ਦੇ ਜਵਾਨਾਂ ਦੁਆਰਾ ਕੀਤੇ ਜਾ ਰਹੇ ਜਿਨਸੀ ਹਮਲਿਆਂ ਦੀ ਰਿਪੋਟਿੰਗ ਕਿਉਂ ਨਹੀਂ ਕੀਤੀ, 'ਲਵ ਜੇਹਾਦ' ਦੀ ਸੰਘੀ ਸਾਜਿਸ਼ ਦੇ ਖਿਲਾਫ਼ ਅਤੇ ਜਾਤ ਤੋਂ ਬਾਹਰ ਆਪਣੀ ਮਰਜੀ ਨਾਲ ਵਿਆਹ ਕਰਾਉਣ ਕਾਰਨ 'ਆਨਰ ਕਿਲਿੰਗ' ਦੇ ਖਿਲਾਫ਼ ਰਿਪੋਰਟਿੰਗ ਕਿਉਂ ਨਹੀਂ ਕੀਤੀ, ਦਲਿਤ ਔਰਤਾਂ ਉੱਤੇ ਜਗੀਰੂ ਗੁੰਡਿਆਂ ਦੇ ਜ਼ਬਰ ਦੀ ਸਟੋਰੀ ਬਿਆਨ ਕਰਨ ਵਿੱਚ ਉਨ੍ਹਾਂ ਨੂੰ ਕਿਹੋ ਜਿਹੇ ਦਬਾਅ ਨੇ ਰੋਕਿਆ, ਜਾਂ ਉਨ੍ਹਾਂ ਨੇ ਖ਼ੁਦ ਹੀ ਇਸਨੂੰ ਸਟੋਰੀ ਦਾ ਵਿਸ਼ਾ ਨਹੀਂ ਮੰਨਿਆ ? ਬਹੁਤ ਔਰਤ ਪੱਤਰਕਾਰ ਹੁਣ ਇਹਨਾਂ ਵਿਸ਼ਿਆਂ ਉੱਤੇ ਲਿਖ ਰਹੀਆਂ ਹਨ, ਪਰ ਉਨ੍ਹਾਂ ਦੀ ਗਿਣਤੀ ਘੱਟ ਹੈ ? ਆਪਣੇ ਸ਼ੋਸ਼ਕਾਂ ਦੀ ਪੋਲ ਖੋਲ੍ਹਣ ਤੋਂ ਬਾਅਦ, ਇਹ ਸਾਰੇ ਬਿਆਨ ਵੀ ਔਰਤ ਪੱਤਰਕਾਰਾਂ ਦੇ 'ਮੀਟੂ' ਮੁਹਿੰਮ ਦਾ ਹਿੱਸਾ ਹੋਣੇ ਚਾਹੀਦੇ ਹਨ, ਜੇ ਇਹ ਇਨ੍ਹਾਂ ਦੀ ਆਪਣੀ ਕਮਜ਼ੋਰੀ ਸੀ, ਤਾਂ ਇਸ ਲਈ ਉਨ੍ਹਾਂ ਨੂੰ ਵੀ ਸਮਾਜ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ ? ਪੱਤਰਕਾਰਤਾ ਦੇ ਅਦਾਰਿਆਂ ਵਿੱਚ ਸਿਰਫ਼ ਉਦੋਂ ਹੀ ਔਰਤਾਂ ਦਾ ਸ਼ੋਸ਼ਣ ਰੁਕੇਗਾ, ਜਦੋਂ ਉਹ ਅਜਿਹੀ ਰਿਪੋਰਟਿੰਗ ਦਾ ਕੰਮ ਆਪਣੇ ਹੱਥ ਵਿੱਚ ਲੈਣਗੀਆਂ ? ਜੋ ਦੂਸਰਿਆਂ ਦੇ ਸ਼ੋਸ਼ਣ ਦੀ ਗੱਲ ਸਾਹਮਣੇ ਨਹੀਂ ਲਿਆ ਸਕਦਾ, ਉਹ ਆਪਣੇ ਉੱਤੇ ਹੋਣ ਵਾਲੇ ਸ਼ੋਸ਼ਣ ਦੀ ਗੱਲ ਵੀ ਸਾਹਮਣੇ ਨਹੀਂ ਲਿਆ ਸਕੇਗਾ ? ਪੱਤਰਕਾਰ, ਸਮਾਜ ਦੇ ਸ਼ੋਸ਼ਕਾਂ ਦੀ ਪੋਲ ਖੋਲ੍ਹ ਕੇ ਸਮਾਜ ਦੇ ਜਮਹੂਰੀਕਰਨ ਦੀ ਪ੍ਰਕਿਰਿਆ ਨੂੰ ਤੇਜ ਕਰ ਸਕਦੇ ਹਨ ? 'ਮੀਟੂ' ਦੇ ਦਾਇਰੇ ਵਿੱਚ ਇਨ੍ਹਾਂ ਸਾਰੇ ਬਿਆਨਾਂ ਨੂੰ ਵੀ ਲਿਆਉਣਾ ਚਾਹੀਦਾ ਹੈ ?

ਜਿਨਸੀ ਹਿੰਸਾ ਰੋਕਣ ਦੀ ਮੁਹਿੰਮ ਦਾ ਦਾਇਰਾ ਹਾਲੇ ਹੋਰ ਵੀ ਵੱਡਾ ਹੈ ? ਜਿਵੇਂ ਪੁਲਿਸ ਮਹਿਕਮੇ ਸਮੇਤ ਉਨ੍ਹਾਂ ਸਾਰੇ ਅਦਾਰਿਆਂ ਦੀ ਵੀ ਪੋਲ ਖੋਲ੍ਹਣਾ ਅਤੇ ਹੱਲਾ ਬੋਲਣਾ ਪਵੇਗਾ, ਜੋ ਕਿਸੇ ਵੀ ਸ਼ੋਸ਼ਣ ਦੀ ਰਿਪੋਰਟ ਦਰਜ ਕਰਨ

ਵਿੱਚ ਨਾ ਸਿਰਫ਼ ਆਨਾ-ਕਾਨੀ ਕਰਦੇ ਨੇ, ਬਲਕਿ ਸ਼ੋਸ਼ਣ ਦੀ ਗੱਲ ਸੁਣਨ ਤੋਂ ਬਾਅਦ ਸ਼ੋਸ਼ਿਤ ਉੱਤੇ ਖ਼ੁਦ ਵੀ ਜਗੀਰੂ ਅਤੇ ਪਿੱਤਰਸੱਤਾਤਮਕ ਹਿੰਸਾ ਕਰਦੇ ਹਨ, ਕਦੇ ਮੌਖਿਕ ਰੂਪ ਵਿੱਚ ਅਤੇ ਕਦੇ ਸਰੀਰਕ ਰੂਪ ਵਿੱਚ? ਇਹਨਾਂ ਅਦਾਰਿਆਂ ਵਿੱਚ ਜਾ ਕੇ ਆਪਣੇ ਉੱਤੇ ਹੋਏ ਸ਼ੋਸ਼ਣ ਦੀ ਰਿਪੋਰਟ ਲਿਖਵਾਉਣਾ ਅਤੇ ਇਨਸਾਫ਼ ਲਈ ਲੜਨਾ ਫਿਰ ਤੋਂ ਉਸੇ ਤਕਲੀਫ਼ ਤੋਂ ਲੰਘਣਾ ਹੁੰਦਾ ਹੈ, ਜਿਸ ਵਿੱਚੋਂ ਸ਼ੋਸ਼ਣ ਦੇ ਸਮੇਂ ਲੰਘੇ ਸੀ? ਜਿਨ੍ਹਾਂ ਅਦਾਰਿਆਂ ਵਿੱਚ ਔਰਤਾਂ ਕੰਮ ਕਰਦੀਆਂ ਹਨ, ਉੱਥੇ 'ਔਰਤ ਸ਼ਿਕਾਇਤ ਸੈੱਲ' ਹੋਣ ਦੀ ਲੜਾਈ ਤਾਂ ਕੁੜੀਆਂ ਪਹਿਲਾਂ ਹੀ ਲੜ ਰਹੀਆਂ ਹਨ, ਜੋ ਕਿ ਸੁਪਰੀਮ ਕੋਰਟ ਦੇ ਕਹਿਣ ਉੱਤੇ ਵੀ ਹਰ ਜਗ੍ਹਾ ਨਹੀਂ ਹੈ? ਜਿੱਥੇ ਇਹ ਹੈਗੇ ਵੀ ਨੇ ਉਨ੍ਹਾਂ ਦੇ ਜਮਹੂਰੀਕਰਨ ਦੀ ਲੜਾਈ ਲੜਨਾ ਵੀ 'ਮੀਟੂ' ਦੇ ਦਾਇਰੇ ਵਿੱਚ ਲਿਆਉਣਾ ਚਾਹੀਦਾ ਹੈ? ਨਾਲ ਹੀ ਪੀੜਤ ਔਰਤਾਂ ਨੂੰ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਨਾਲ ਉਨ੍ਹਾਂ ਅਦਾਰਿਆਂ ਵਿੱਚ ਸ਼ਿਕਾਇਤ ਕਰਨ ਉੱਤੇ ਕੀ ਕੁਝ ਹੋਇਆ? ਉਨ੍ਹਾਂ ਨੂੰ ਕਿਸ ਮਾਨਸਿਕ, ਸ਼ਰੀਰਕ ਅਤੇ ਆਰਥਿਕ ਤਕਲੀਫ਼ ਵਿੱਚੋਂ ਲੰਘਣਾ ਪਿਆ?

ਚੀਨ ਵਿੱਚ ਨਵ-ਜਮਹੂਰੀ ਇਨਕਲਾਬ ਦੀ ਅਗਵਾਈ ਕਰਨ ਵਾਲੇ ਆਗੂ ਮਾਓ ਨੇ ਇਨਕਲਾਬ ਤੋਂ ਬਾਅਦ ਮੁਲਕ ਦੇ ਸਾਰੇ ਅਦਾਰਿਆਂ ਦੇ ਜਮਹੂਰੀਕਰਨ ਦੀ ਮੁਹਿੰਮ ਨੂੰ ਹੀ 'ਬੰਬਾਰਡ ਦਾ ਬੁਰਜੂਆ ਹੈੱਡਕਵਾਟਰਜ਼' ਕਿਹਾ ਸੀ, ਯਾਨੀ 'ਲੋਕ ਵਿਰੋਧੀ ਗੈਰ-ਜਮਹੂਰੀ ਅਦਾਰਿਆਂ ਨੂੰ ਢਾਹ ਦੇਓ?' ਇਹਨਾਂ ਅਦਾਰਿਆਂ ਨੂੰ ਜਮਹੂਰੀ ਬਣਾਏ ਬਗੈਰ ਕਿਸੇ ਵੀ ਸ਼ੋਸ਼ਣ ਦੇ ਖਿਲਾਫ਼ ਜਿੱਤ ਹਾਸਿਲ ਕਰਨਾ ਔਖਾ ਹੈ? ਅਤੇ ਜਿੱਥੇ ਸੱਤਾ ਹੀ ਗੈਰ-ਜਮਹੂਰੀ ਹੋਵੇ, ਉੱਥੇ ਇਹ ਲੜਾਈ ਹੋਰ ਵੀ ਜ਼ਿਆਦਾ ਔਖੀ ਹੈ? ਪਰ 'ਮੀਟੂ' ਦੀ 'ਮੁਹਿੰਮ' ਵਿਅਕਤੀਆਂ ਉੱਤੇ ਕੇਂਦਰਤ ਹੋ ਕੇ ਔਰਤਾਂ ਨੂੰ ਉਨ੍ਹਾਂ ਦੇ ਪੱਖ ਵਿੱਚ ਬਦਲਾਵ ਦਾ ਸੁਪਣਾ ਦਿਖਾਉਂਦੀ ਹੈ, ਜੋ ਸੰਭਵ ਨਹੀਂ, ਇਸ ਨਾਲ ਕੁਝ ਦੇਰ ਲਈ ਸਮਾਜ ਵਿੱਚ ਖਲਬਲੀ ਤਾਂ ਹੋ ਸਕਦੀ ਹੈ, ਪਰ ਮਰਦ ਪ੍ਰਧਾਨਤਾ ਨੂੰ ਵਧਾਵਾ ਦੇਣ ਵਾਲੇ ਅਦਾਰਿਆਂ ਖਿਲਾਫ਼ ਲੜੇ ਬਗੈਰ ਕੋਈ ਵੀ ਬਦਲਾਵ ਨਹੀਂ ਲਿਆਇਆ ਜਾ ਸਕਦਾ, ਔਰਤਾਂ ਦੇ ਜਿਨਸੀ ਸ਼ੋਸ਼ਣ ਨੂੰ ਵੀ ਨਹੀਂ ਰੋਕਿਆ ਜਾ ਸਕਦਾ?

ਇੱਕ ਹੋਰ ਗੱਲ – 'ਮੀਟੂ' ਤੋਂ ਭਾਰਤ ਵਰਗੇ ਮੁਲਕ ਵਿੱਚ ਜਿਨਸੀ ਹਮਲਿਆਂ ਦਾ ਇੱਕ ਵੱਡਾ ਖੇਤਰ ਬਚ ਰਿਹਾ ਹੈ, ਉਹ ਹੈ ਘਰ ਪਰਿਵਾਰਾਂ ਦੇ ਅੰਦਰ ਹੋਣ ਵਾਲੇ ਜਿਨਸੀ ਹਮਲੇ ਅਤੇ ਸ਼ੋਸ਼ਣ? ਦਰਅਸਲ ਕੰਮ ਦੀਆਂ ਜਗ੍ਹਾਵਾਂ 'ਤੇ ਹੋਣ ਵਾਲੇ ਜਿਨਸੀ ਸ਼ੋਸ਼ਣ ਅਤੇ ਘਰ ਦੇ ਅੰਦਰ ਹੋਣ ਵਾਲੇ ਹਮਲਿਆਂ ਦੀ ਕਹਾਣੀ ਕਹਿਣ ਦੀ ਮੁਹਿੰਮ ਵਿੱਚ ਵੀ ਬਹੁਤ ਵੱਡਾ ਫ਼ਰਕ ਹੈ? ਘਰਾਂ ਦੇ ਅੰਦਰ ਹੋਣ ਵਾਲੇ ਸ਼ੋਸ਼ਣ ਨੂੰ ਬਿਆਨ ਕਰਨ ਦਾ ਮਤਲਬ ਹੈ ਪਿੱਤਰਸੱਤਾ ਦੀ ਇੱਕ ਮਜ਼ਬੂਤ ਇਕਾਈ 'ਪਰਿਵਾਰ' ਦੀ ਨਿਉਂ ਨੂੰ ਹਿਲਾਉਣਾ ਅਤੇ ਇਹ ਬਹੁਤ ਵੱਡੀ ਘਟਨਾ ਹੋਵੇਗੀ? ਇਸ ਕਾਰਨ ਇਸਨੂੰ ਬਿਆਨ ਕਰਦੇ ਹੀ ਸਮਾਜ ਵਿੱਚ ਵੱਡੇ ਪੈਮਾਨੇ ਉੱਤੇ ਖਲਬਲੀ ਮੱਚੇਗੀ? ਇਹ ਗੱਲ ਜ਼ਰੂਰ ਹੈ ਕਿ ਬਿਆਨ ਕਰਨ ਵਾਲੀ ਔਰਤ ਲਈ ਜਿਉਣਾ ਮੁਸ਼ਕਿਲ ਹੋ ਜਾਵੇਗਾ? ਇਹੀ ਕਾਰਨ ਹੈ ਕਿ ਕੁੜੀਆਂ ਬਾਹਰ ਹੋਣ ਵਾਲੇ ਸ਼ੋਸ਼ਣ ਨੂੰ ਤਾਂ ਬਿਆਨ ਕਰ ਰਹੀਆਂ ਹਨ, ਪਰ ਘਰਾਂ ਦੇ ਅੰਦਰ ਹੋਣ ਵਾਲੇ ਜਿਨਸੀ ਹਮਲਿਆਂ ਨੂੰ ਬਿਆਨ ਕਰਨ ਤੋਂ ਬਚ ਰਹੀਆਂ ਹਨ? ਸੱਚਾਈ ਇਹ ਹੈ ਕਿ ਜਮਹੂਰੀ ਜਥੇਬੰਦੀਆਂ ਅਤੇ ਅੰਦੋਲਨਾਂ ਦੇ ਸਹਿਯੋਗ ਤੋਂ ਬਗੈਰ ਪਰਿਵਾਰਾਂ ਦੇ ਅੰਦਰ ਦੇ 'ਮੀਟੂ' ਬਿਆਨਾਂ ਨੂੰ ਬਾਹਰ ਨਹੀਂ ਲਿਆਂਦਾ ਜਾ ਸਕਦਾ, ਇਹ 'ਮੀਟੂ' ਦੀ ਵੱਡੀ ਹੱਦਬੰਦੀ ਹੈ? ਹਾਲੇ 'ਮੀਟੂ' ਦੀ ਮੁਹਿੰਮ ਸਮਾਜ ਨੂੰ ਬਦਲਣ ਵਾਲੀਆਂ ਲੋਕ ਜਥੇਬੰਦੀਆਂ ਤੱਕ ਨਹੀਂ ਪਹੁੰਚਿਆ ਹੈ, ਇਸਦਾ ਅਲੱਗ ਤੋਂ ਜ਼ਿਕਰ ਇਸ ਲਈ, ਕਿਉਂਕਿ ਜਗੀਰੂ ਪਿੱਤਰਸੱਤਾਤਮਕ ਸ਼ੋਸ਼ਕਾਂ ਦਾ ਖੇਮਾ ਇਸਦੇ ਇੰਤਜ਼ਾਰ ਵਿੱਚ ਹੈ? ਪਰ ਜੇ ਇਹ ਇੱਥੇ ਪਹੁੰਚਿਆ ਤਾਂ ਵੀ, ਸ਼ੋਸ਼ਕਾਂ ਨੂੰ ਦੂਰਗਾਮੀ ਤੌਰ 'ਤੇ ਆਪਣੇ ਪੱਖ ਲਈ ਕੁਝ ਨਹੀਂ ਮਿਲੇਗਾ, ਕਿਉਂਕਿ ਇਸ ਮੁਹਿੰਮ ਦੇ ਮਾਧਿਅਮ ਤੋਂ ਅਜਿਹੇ ਸੰਗਠਨਾ ਦਾ ਜਮਹੂਰੀਕਰਨ ਹੋਰ ਮਜ਼ਬੂਤ ਹੋਵੇਗਾ, ਜਿਸ ਨਾਲ ਸਮਾਜ ਬਦਲਾਵ ਦੇ ਕੰਮ ਵਿੱਚ ਹੋਰ ਮਜ਼ਬੂਤੀ ਆਵੇਗੀ?

'ਮੀਟੂ' ਨੂੰ ਖਾਰਜ ਕਰਨ ਵਾਲੇ ਕੁਝ ਲੋਕਾਂ ਨੇ ਆਪਣੇ ਫੇਸਬੁੱਕ ਪੋਸਟ ਉੱਤੇ ਕੁਝ ਅਜਿਹੇ ਕਿੱਸਿਆਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਵਿੱਚ ਔਰਤ ਨੇ ਔਰਤ ਹੋਣ ਦਾ ਫਾਇਦਾ ਚੱਕਿਆ ਅਤੇ ਕਿਸੇ ਮਰਦ ਦੀ ਛਾਤੀ ਉੱਤੇ ਪੈਰ ਰੱਖ ਕੇ ਅੱਗੇ ਵਧ ਗਈ, ਉਸਦੇ ਕਾਰਨ ਮਰਦ ਨੂੰ ਨੌਕਰੀ ਤੋਂ ਹੱਥ ਧੋਣਾ ਪਿਆ? ਲਾਜ਼ਮੀ ਹੀ ਇਹ ਘਟਨਾਵਾਂ ਸੱਚ ਹੋਣਗੀਆਂ, ਕੁਝ ਔਰਤਾਂ ਅਜਿਹਾ ਕਰਦੀਆਂ ਹਨ, ਉਹ ਆਪਣੀ ਲਿੰਗਕ ਪਛਾਣ ਦੀ ਵਰਤੋਂ ਅੱਗੇ ਵਧਣ ਲਈ ਕਰਦੀਆਂ ਹਨ, ਜਿਸ ਵਿੱਚ ਬਾਕੀ ਕੁੜੀਆਂ ਅਤੇ ਆਦਮੀ ਵੀ ਇਸਦਾ ਸ਼ਿਕਾਰ ਹੋ ਜਾਂਦੇ ਹਨ? ਪਰ ਅਜਿਹੀਆਂ ਔਰਤਾਂ ਨੂੰ ਆਪਣੀ ਲਿੰਗਕ ਪਛਾਣ ਦਾ ਫਾਇਦਾ ਚੱਕਣ ਦੀ ਜਗ੍ਹਾ ਵੀ ਇਸ ਪਿੱਤਰਸੱਤਾਤਮਕ ਢਾਂਚੇ ਨੇ ਹੀ ਮੁਹੱਈਆ ਕਰਵਾਈ ਹੈ, ਜਿਸਦੇ ਕਾਰਨ ਉਹ ਕੁੜੀ ਅਜਿਹਾ ਕਰ ਪਾ ਰਹੀ ਹੈ? ਇਸ ਤਰ੍ਹਾਂ ਅਜਿਹੀਆਂ ਘਟਨਾਵਾਂ ਤੋਂ ਪੀੜਤ ਮਰਦ ਵੀ ਪਿੱਤਰਸੱਤਾ ਦਾ ਹੀ ਸ਼ਿਕਾਰ ਹੈ, ਨਾ ਕਿ ਉਸ ਕੁੜੀ ਦਾ? ਇਸ ਲਿਹਾਜ ਨਾਲ ਅਜਿਹੇ ਆਦਮੀਆਂ ਨੂੰ ਵੀ 'ਮੀਟੂ' ਮੁਹਿੰਮ ਦਾ ਸਮਰਥਨ ਇਸੇ ਰੂਪ ਵਿੱਚ ਕਰਨਾ ਚਾਹੀਦਾ ਹੈ?

ਕੁਝ ਦਾ ਦੋਸ਼ ਹੈ ਕਿ 'ਮੀਟੂ' ਦੇ ਕੁਝ ਮਾਮਲੇ ਝੂਠੇ ਹਨ ਅਤੇ ਕੁੜੀਆਂ ਨੇ ਸੰਬੰਧਿਤ ਵਿਅਕਤੀ ਤੋਂ ਬਦਲਾ ਲੈਣ ਲਈ ਅਜਿਹਾ ਲਿਖਿਆ ਹੈ, ਇਸ ਦੋਸ਼ ਨਾਲ ਜੁੜਿਆ ਇੱਕ ਦੋਸ਼ ਇਹ ਵੀ ਹੈ ਇਨਸਾਫ਼ ਦੇ ਸਿਧਾਂਤ ਦੇ ਅਨੁਸਾਰ ਇਸ ਨਾਲ ਸੰਬੰਧਿਤ ਆਦਮੀ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਨਹੀਂ ਦਿੱਤਾ ਜਾ ਰਿਹਾ ਹੈ?

ਪਹਿਲੀ ਗੱਲ ਤਾਂ ਇਹ ਕਿ ਹੋ ਸਕਦਾ ਹੈ ਇਸ ਵਿੱਚ ਲਿਖੇ ਕੁਝ ਮਾਮਲੇ ਝੂਠੇ ਹੋਣ, ਪਰ ਥੋੜੇ ਮਾਮਲਿਆਂ ਦੇ ਆਧਾਰ ਉੱਤੇ ਸਭ ਨੂੰ ਨਿਸ਼ਾਨਾ ਨਹੀਂ ਬਣਾਇਆ ਜਾ ਸਕਦਾ? ਦੂਸਰੇ ਤਰਕ ਵਿੱਚ ਹਾਲੇ ਤੱਕ ਤਾਂ ਇਹ ਹੀ ਦੇਖਣ ਵਿੱਚ ਆ ਰਿਹਾ ਹੈ ਕਿ ਹਰ ਦੋਸ਼ੀ ਆਦਮੀ 'ਮੀਟੂ' ਵਿੱਚ ਉਸਦੀ ਕਹਾਣੀ ਆਉਣ ਤੋਂ ਬਾਅਦ ਆਪਣੀ ਤਰਫ਼ੋਂ ਆਪਣੀ ਗੱਲ ਰੱਖਣ ਦੀ ਬਜਾਏ ਔਰਤਾਂ ਨੂੰ ਧਮਕਾਉਂਦਾ ਹੀ ਦਿਖ ਰਿਹਾ ਹੈ? ਨਾਨਾ ਪਾਟੇਕਰ, ਅਲੋਕਨਾਥ ਤੋਂ ਬਾਅਦ ਐੱਮ.ਜੇ.ਅਕਬਰ ਨੇ ਵੀ ਸਾਰੀਆਂ ਪੀੜਤ ਔਰਤਾਂ ਨੂੰ ਲੀਗਲ ਨੋਟਿਸ ਭੇਜਣ ਦੀ ਧਮਕੀ ਦਿੱਤੀ ਹੈ? ਐੱਮ.ਜੇ.ਅਕਬਰ ਨੇ ਆਪਣੀ ਸਫ਼ਾਈ ਵਿੱਚ ਮੀਡੀਆ ਵਿੱਚ ਜੋ ਗੱਲਾਂ ਕਹੀਆਂ ਹਨ ਉਹ ਉਸਦੇ ਮੁਜ਼ਰਮ ਹੋਣ ਦੀ ਗੱਲ ਨੂੰ ਹੋਰ ਵੀ ਪੁਖ਼ਤਾ ਕਰ ਰਹੀਆਂ ਹਨ? ਪਰ ਜੇ ਕਿਸੇ ਆਦਮੀ ਉੱਤੇ ਗਲਤ ਦੋਸ਼ ਲਗਾਇਆ ਗਿਆ ਹੈ, ਤਾਂ ਉਹ ਵੀ ਆਪਣੀ ਗੱਲ ਬਿਆਨ ਕਰ ਸਕਦਾ ਹੈ ਅਤੇ ਉਸਨੂੰ ਸੁਣਿਆ ਵੀ ਜਾਣਾ ਚਾਹੀਦਾ ਹੈ ਤਾਂਕਿ ਇਹ ਲੜਾਈ 'ਔਰਤ ਬਨਾਮ ਮਰਦ' ਨਾ ਹੋ ਕੇ 'ਜਮਹੂਰੀਅਤ ਬਨਾਮ ਪਿੱਤਰਸੱਤਾ' ਬਣ ਸਕੇ? ਹਾਲਾਂਕਿ 'ਮੀਟੂ' ਔਰਤ ਜਿਨਸੀ ਸ਼ੋਸ਼ਣ ਦੇ ਦਾਇਰੇ ਤੱਕ ਐਨਾ ਜ਼ਿਆਦਾ ਸਿਮਟਿਆ ਹੋਇਆ ਹੈ ਕਿ ਇਹ ਲੋਕਾਂ ਨੂੰ ਇਸਦੀ ਜੜ੍ਹ 'ਪਿੱਤਰਸੱਤਾ' ਤੱਕ ਪਹੁੰਚਣ ਨਹੀਂ ਦੇਣਾ ਚਾਹੁੰਦਾ, ਜਿਸ ਨਾਲ ਜਮਹੂਰੀ ਲੋਕਾਂ ਵਿੱਚ ਵੀ ਬਹੁਤ ਤਰ੍ਹਾਂ ਦੇ ਭਰਮ ਪੈਦਾ ਹੋ ਰਹੇ ਹਨ ਅਤੇ ਇਹ ਆਪਣੇ ਸਮਰਥਕਾਂ ਦਾ ਦਾਇਰਾ ਨਹੀਂ ਵਧਾ ਪਾ ਰਹੀ ਹੈ?

ਯਾਦ ਕਰੋ 2006 ਵਿੱਚ ਕਾਰਕੂਨ ਬੁਰਕੇ ਨੇ ਇਸਦਾ ਦਾਇਰਾ ਜਿੱਥੇ ਗ਼ਰੀਬ ਔਰਤ, ਤੋਂ ਲੈ ਕੇ ਛੋਟੇ ਬੱਚਿਆਂ ਤੱਕ ਫੈਲਾਇਆ ਹੋਇਆ ਸੀ, 2017 ਵਿੱਚ ਯੂਨੀਸੈਫ਼ ਨੇ ਏਡਸ ਮੁਹਿੰਮ ਨਾਲ ਜੁੜੀ ਅਦਾਕਾਰਾ ਅਲੀਸਾ ਮਿਲਾਨੋ ਨੇ ਇਸਨੂੰ 'ਕੰਮ ਖੇਤਰ ਵਿੱਚ ਔਰਤਾਂ ਉੱਤੇ ਜਿਨਸੀ ਹਮਲਿਆਂ' ਤੱਕ ਸਮੇਟ ਦਿੱਤਾ, ਤਾਂਕਿ ਉੱਚ ਵਰਗ ਦੀਆਂ ਔਰਤਾਂ ਨੂੰ ਕੰਮ ਦੇ ਖੇਤਰ ਵਿੱਚ ਥੋੜ੍ਹੀ ਹੋਰ ਜਗ੍ਹਾ ਬਗੈਰ ਕਿਸੇ ਵੱਡੀ, ਗੈਰ-ਜਥੇਬੰਦਕ ਅਤੇ ਅਲੱਗ-ਥਲੱਗ ਲੜਾਈ ਦੇ ਹਾਸਿਲ ਕੀਤੀ ਜਾ ਸਕੇ, ਪਰ ਇਹ ਸੰਭਵ ਨਹੀਂ ਹੈ, ਅਸੀਂ ਇਹ ਅਮਰੀਕਾ ਵਿੱਚ ਵੀ ਦੇਖਿਆ ਅਤੇ ਭਾਰਤ ਵਿੱਚ ਵੀ ਦੇਖਾਂਗੇ?

ਔਰਤਾਂ ਦੀ ਬਰਾਬਰਤਾ ਦੀ ਲੜਾਈ ਹੋਰ ਵੱਡੀ ਹੈ, 'ਮੀਟੂ' ਸਿਰਫ਼ ਇਸਦਾ ਬਹੁਤ ਛੋਟਾ ਜਿਹਾ ਕਦਮ ਹੋ ਸਕਦੀ ਹੈ, ਮੁਕੰਮਲ ਰਸਤਾ ਨਹੀਂ?

**ਅਨੁਵਾਦਕ : ਸੁਰਿੰਦਰ ਪਾਲ ਪਾਲੀ**

**ਸੀਮਾ ਆਜ਼ਾਦ ਇਲਾਹਾਬਾਦ ਤੋਂ ਮਸ਼ਹੂਰ ਮਨੁੱਖੀ ਅਧਿਕਾਰ ਕਾਰਕੂਨ ਅਤੇ ਦਸਤਕ ਰਸਾਲੇ ਦੀ ਸੰਪਾਦਕ ਹੈ??**

# 'ਮੀ ਟੂ' ਮੁਹਿੰਮ ਅਤੇ ਔਰਤਾਂ ਖਿਲਾਫ ਵੱਧ ਰਿਹਾ ਜਬਰ

ਨਰਾਇਣ ਦੱਤ
8427511770



ਸਾਲ 2006 ਤੋਂ ਅਮਰੀਕੀ ਹਾਲੀਵੁੱਡ ਦੇ ਗਲਿਆਰਿਆਂ ਤੋਂ ਸ਼ੁਰੂ ਹੋਈ 'ਮੀ ਟੂ' ਮੁਹਿੰਮ ਯੂਰਪੀ ਦੇਸ਼ਾਂ ਵਿੱਚ ਦੀ ਹੁੰਦੀ ਹੋਈ 2018 ਵਿੱਚ ਭਾਰਤ ਦੀ ਬਾਲੀਵੁੱਡ ਨਗਰੀ ਪੁੱਜੀ ਸੀ। ਇਹ ਮੁਹਿੰਮ ਵਿਕਸਿਤ ਦੇਸ਼ਾਂ ਅੰਦਰ ਔਰਤਾਂ ਉੱਪਰ ਵੱਧ ਰਹੀ ਯੌਨ ਹਿੰਸਾ ਅਤੇ ਜਿਣਸੀ ਛੇੜਛਾੜ ਦੇ ਮਾਮਲਿਆਂ ਨੂੰ ਲੈ ਕੇ ਟਵਿੱਟਰ ਤੇ ਸ਼ੁਰੂ ਹੋਈ ਸੀ। 'ਮੀ ਟੂ' ਮੁਹਿੰਮ ਦਾ ਅਗਾਜ 2006 'ਚ ਤਰਾਨਾ ਬੁਰਕੇ ਨਾਂ ਦੀ ਇੱਕ ਮਹਿਲਾ ਨੇ ਕੀਤਾ ਸੀ ਪਰੰਤੂ ਉਸ ਸਮੇਂ ਸ਼ੋਸ਼ਲ ਮੀਡੀਆ ਦੇ ਘੱਟ ਪ੍ਰਭਾਵ ਕਾਰਨ ਇਹ ਮੁਹਿੰਮ ਅੱਗੇ ਨਹੀਂ ਸੀ ਫੈਲ ਸਕੀ। ਅਕਤੂਬਰ 2017 ਵਿਚ ਹਾਲੀਵੁੱਡ ਅਦਾਕਾਰਾ ਅਲਾਸਾ ਮਿਲਾਨੋ ਨੇ ਅਮਰੀਕਨ ਫਿਲਮ ਪ੍ਰੋਡਿਊਸਰ ਹਾਰਵੇ ਵੈਨਸਟਾਇਨ ਉੱਤੇ ਯੌਨ ਸ਼ੋਸ਼ਣ ਅਤੇ ਜਿਣਸੀ ਛੇੜਛਾੜ ਨੂੰ ਲੈ ਕੇ ਇੱਕ ਟਵੀਟ ਕੀਤਾ ਸੀ ਜੋ ਦੁਨੀਆਂ ਭਰ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਿਆ ਸੀ। 2017 ਤੋਂ ਬਾਅਦ ਇਹ ਮੁਹਿੰਮ ਪੱਛਮੀ ਮੁਲਕਾਂ ਦੇ ਨਾਲ-ਨਾਲ ਪੂਰੇ ਯੂਰਪ ਅੰਦਰ ਜੋਰ ਫੜਨ ਲੱਗੀ ਅਤੇ ਇਲੀਟ ਕਲਾਸ ਦੇ ਕਈ ਰਸੂਖਵਾਨ ਚਿਹਰੇ ਇਸਦੇ ਚਪੇਟ ਵਿਚ ਆ ਗਏ। 2018 ਦੇ ਸ਼ੁਰੂ ਵਿਚ ਕਈ ਏਸ਼ੀਆਈ ਮੁਲਕਾਂ ਵਿਚ ਇਸ ਮੁਹਿੰਮ ਦਾ ਅਸਰ ਪੈਣਾ ਸ਼ੁਰੂ ਹੋ ਗਿਆ ਸੀ। ਅਫਗਾਨਿਸਤਾਨ ਵਰਗੇ ਦੇਸ਼ਾਂ ਵਿਚ ਵੀ ਇਸਦਾ ਜਬਰਦਸਤ ਪ੍ਰਭਾਵ ਰਿਹਾ। ਭਾਰਤ ਵਿਚ ਤਨੁਸ਼ਰੀ ਦੱਤਾ ਵੱਲੋਂ ਨਾਨਾ ਪਾਟੇਕਰ ਉੱਤੇ ਦੋਸ਼ ਲਾਉਣ ਨਾਲ ਇਹ ਮੁਹਿੰਮ ਸ਼ੋਸ਼ਲ ਮੀਡੀਆ ਦੇ ਨਾਲ-ਨਾਲ ਟੀਵੀ ਅਤੇ ਪ੍ਰਿੰਟ ਮੀਡੀਆ ਉੱਤੇ ਵੀ ਛਾਅ ਗਈ।

ਇਸ ਮੁਹਿੰਮ ਨੇ ਸੱਭਿਅਕ ਕਹਾਉਂਦੇ ਸਮਾਜ ਦੇ ਕਈ ਭੱਦਰਪੁਰਸ਼ਾਂ ਦਾ ਨਕਾਬ ਲਾਹੁਣਾ ਸ਼ੁਰੂ ਕੀਤਾ ਹੋਇਆ ਹੈ। ਇਸ ਨੇ ਸੱਤਾ ਉੱਪਰ ਬਿਰਾਜਮਾਨ ਲੋਕਾਂ (ਪਾਰਲੀਮੈਂਟ/ਵਿਧਾਨ ਸਭਾ ਮੈਂਬਰਾਂ) ਤੋਂ ਲੈਕੇ ਵੱਡੀਆਂ ਕੰਪਨੀਆਂ/ਫਿਲਮੀ ਹਸਤੀਆਂ/ਸਿਆਸਤਦਾਨਾਂ/ਵੱਡੇ ਧਨ ਕੁਬੇਰਾਂ/ਜੱਜਾਂ/ਉੱਘੇ ਵਕੀਲਾਂ/ਵੱਡੇ ਮੀਡੀਆਂ ਘਰਾਣਿਆਂ ਨੂੰ ਤ੍ਰੇਲੀਆਂ ਲਿਆਂਦੀਆਂ ਹੋਈਆਂ ਹਨ। ਇੱਕ ਤੋਂ ਬਾਅਦ ਇੱਕ ਨਵੇਂ ਮਾਮਲੇ ਸਾਹਮਣੇ ਆ ਰਹੇ ਹਨ। ਔਰਤਾਂ ਉੱਪਰ ਹੁੰਦੇ ਜਬਰ-ਓ-ਜੁਲਮ ਦੀ ਦਾਸਤਾਂ ਸਦੀਆਂ ਪੁਰਾਣੀ ਹੈ। ਔਰਤਾਂ ਸਿਰ ਘਰ ਦੀਆਂ ਜ਼ਿੰਮੇਵਾਰੀਆਂ ਇਸ ਢੰਗ ਨਾਲ ਤਹਿ ਕਰ ਦਿੱਤੀਆਂ ਗਈਆਂ ਹਨ ਕਿ ਸਮਾਜਿਕ ਪੈਦਾਵਾਰ 'ਚ ਬਰਾਬਰ ਦੀ ਹਿੱਸੇਦਾਰੀ ਦੀ ਬਜਾਏ ਉਸ ਦੇ ਹਿੱਸੇ ਘਰੇਲੂ ਚਾਕਰੀ ਤੇ ਬੱਚੇ ਪੈਦਾ ਕਰਨ ਦਾ ਦਾਬੂ ਕੰਮ-ਬੋਝ ਥੋਪਿਆ ਹੋਇਆ ਹੈ। ਸਾਡੇ ਸਮਾਜ 'ਚ ਸਾਰੀ ਉਮਰ ਔਰਤਾਂ ਨੂੰ ਜਾਤੀ, ਜਮਾਤੀ ਅਤੇ ਲਿੰਗਕ ਵਿਤਕਰਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਮੌਜੂਦਾ ਪੂੰਜੀਵਾਦੀ ਦੌਰ 'ਚ ਔਰਤ ਨੂੰ ਭਾਵੇਂ ਘਰ ਤੋਂ ਬਾਹਰ ਨਿਕਲਣ ਦੇ ਕੁੱਝ ਮੌਕੇ ਮਿਲੇ ਹੋਏ ਹਨ, ਪਰ ਇਸ ਨਾਲ ਔਰਤ ਦੀ ਗੁਲਾਮ ਦਸ਼ਾ ਨਹੀਂ ਟੁੱਟ ਸਕੀ। ਔਰਤ ਗੁਲਾਮੀ ਕਿਸੇ ਸਹਿਜ ਵਰਤਾਰੇ ਦਾ ਸਿੱਟਾ ਨਹੀਂ ਸਗੋਂ ਪਿਛਾਖੜੀ ਸਮਾਜਿਕ ਵਿਵਸਥਾ ਦੀ ਦੇਣ ਹੈ। ਸੰਸਾਰੀਕਰਨ, ਨਿੱਜੀਕਰਨ ਦੀਆਂ ਨਵੀਆਂ ਨੀਤੀਆਂ ਸ਼ੁਰੂ ਹੋਣ ਨਾਲ ਔਰਤ ਨੂੰ ਮੰਡੀ ਦੀ ਵਸਤੂ ਵਜੋਂ ਵਰਤਿਆ ਜਾ ਰਿਹਾ ਹੈ। ਪੈਦਾਵਾਰ ਦੇ ਖੇਤਰ 'ਚ ਕੁੱਝ ਥਾਵਾਂ ਤੇ ਕੰਮਕਾਜ ਮੁਹੱਈਆ ਕਰਵਾਕੇ, ਵੱਡੀ ਪੱਧਰ 'ਤੇ ਔਰਤਾਂ ਨੂੰ ਇਸ਼ਤਿਹਾਰਬਾਜ਼ੀ ਤੋਂ ਲੈ ਕੇ ਸੈਕਸ ਵਰਕਰ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਸਮਾਜ ਵਿੱਚ ਔਰਤ ਦਾ ਬਰਾਬਰੀ ਦਾ ਦਰਜਾ ਨਾ ਹੋਕੇ ਮਹਿਜ ਮੰਡੀ ਵਿੱਚ ਖ਼੍ਰੀਦੀ-ਵੇਚੀ ਜਾਣ ਵਾਲੀ ਵਸਤ ਬਣਾ ਦਿਤਾ ਗਿਆ ਹੈ। ਇਸੇ ਕਰਕੇ ਦਿਨੋ-ਦਿਨ ਔਰਤਾਂ ਉੱਪਰ ਜਬਰ-ਜੁਲਮ ਦੀ ਦਾਸਤਾਨ ਸਭੇ ਹੱਦਾਂ ਬੰਨੇ ਪਾਰ ਕਰ ਰਹੀ ਹੈ। ਖਪਤਵਾਦੀ ਸੱਭਿਆਚਾਰ ਨੇ ਨੌਜਵਾਨਾਂ ਨੂੰ ਜਾਂਗਲੀ ਬਿਮਾਰ ਮਾਨਸਿਕਤਾ ਦਾ ਸ਼ਿਕਾਰ ਬਣਾ ਦਿੱਤਾ ਹੈ। ਇਹ ਚੇਤੰਨ ਵਰਗ ਲਈ ਵਧੇਰੇ ਚਿੰਤਾ ਦਾ ਵਿਸ਼ਾ ਹੈ। ਫਿਰਕੂ ਦੰਗਿਆਂ ਤੇ ਜੰਗਾ-ਯੁੱਧਾਂ ਵਿੱਚ ਸਭ ਤੋਂ ਵੱਧ ਹਿੰਸਾ ਦਾ ਸ਼ਿਕਾਰ ਔਰਤਾਂ ਨੂੰ ਹੋਣਾ ਪੈਂਦਾ ਹੈ। 1947 ਦੀ ਭਾਰਤ-ਪਾਕ ਖੂਨੀ ਵੰਡ ਵੇਲੇ ਲੱਖਾਂ ਔਰਤਾਂ ਵੱਲੋਂ ਹੰਢਾਏ ਸੰਤਾਪ ਦੇ ਜ਼ਖ਼ਮ ਹਾਲੇ ਵੀ ਅੱਲ੍ਹੇ ਹਨ। ਪੂਰੇ ਦਾ ਪੂਰਾ ਪ੍ਰਬੰਧ ਔਰਤ ਵਿਰੋਧੀ ਮਾਨਸਿਕਤਾ ਨਾਲ ਗੜੁੱਚ ਹੋਇਆ ਪਿਆ ਹੈ। ਲੰਪਨ ਤਬਕੇ ਤੇ ਨਜ਼ਦੀਕੀ ਰਿਸ਼ਤੇਦਾਰਾਂ ਵੱਲੋਂ ਔਰਤ ਸ਼ੋਸ਼ਣ ਦੀਆਂ ਕੀਤੀਆਂ ਕੁੱਝ ਘਟਨਾਵਾਂ ਨੂੰ ਤਾਂ ਮੀਡੀਆ ਬਹੁਤ ਵਧਾਅ-ਚੜ੍ਹਾ ਕੇ ਪੇਸ਼ ਕਰਦਾ ਹੈ ਪਰ ਜੱਜਾਂ, ਸਿਆਸਤਦਾਨਾਂ, ਉੱਚ ਪਦਵੀਆਂ ਤੇ ਬੈਠੇ ਨੌਕਰਸ਼ਾਹਾਂ, ਧੰਨਕੁਬੇਰਾਂ, ਵੱਡੀਆਂ ਫਿਲਮੀ ਹਸਤੀਆਂ, ਪੱਤਰਕਾਰਾਂ, ਸੰਪਾਦਕਾਂ ਵੱਲੋਂ ਔਰਤਾਂ ਨੂੰ ਆਪਣੀ ਹਵਸ਼ ਦਾ ਸ਼ਿਕਾਰ ਬਣਾਉਣ ਦੀਆਂ ਘਟਨਾਵਾਂ ਉੱਤੇ ਪਰਦੇ ਪਾ ਲਏ ਜਾਂਦੇ ਹਨ।

ਖੇਤਾਂ ਬੰਨਿਆਂ, ਕਾਰਖਾਨਿਆਂ ਵਿੱਚ ਕੰਮ ਕਰਦੀਆਂ ਔਰਤਾਂ ਦੀ ਦੁਸ਼ਵਾਰੀ ਦੀ ਗਾਥਾ ਬਿਆਨ ਤੋਂ ਪਰ੍ਹੇ ਹੈ। ਆਮ ਤੌਰ 'ਤੇ ਮੀਡੀਆ ਵੱਲੋਂ ਇਸ ਤੋਂ ਟਾਲਾ ਹੀ ਵੱਟਿਆ ਜਾਂਦਾ ਹੈ। ਦਲਿਤ ਪ੍ਰੀਵਾਰਾਂ ਦੀਆਂ ਔਰਤਾਂ ਨੂੰ ਸਭ ਤੋਂ ਵੱਧ ਜਬਰ-ਜੁਲਮ ਦਾ ਸੰਤਾਪ ਹੰਢਾਉਣਾ ਪੈਂਦਾ ਹੈ। ਪਿਛਲੇ ਦਹਾਕਿਆਂ ਵਿੱਚ ਸਾਡੇ ਗੁਆਂਢੀ ਸੂਬੇ ਹਰਿਆਣਾ 'ਚ ਦਲਿਤ ਔਰਤਾਂ ਉੱਤੇ 245% ਦੀ ਦਰ ਨਾਲ ਜੁਰਮ ਵਧੇ ਹਨ, ਆਏ ਦਿਨ ਔਰਤਾਂ ਉੱਪਰ ਹੁੰਦੇ ਜਿਣਸੀ ਸ਼ੋਸ਼ਣ ਤੋਂ ਲੈਕੇ ਸਮੂਹਿਕ ਬਲਾਤਕਾਰ ਤੋਂ ਬਾਅਦ ਕਤਲ ਤੱਕ ਦੀਆਂ ਘਟਨਾਵਾਂ ਹਰ ਦਿਨ ਵਾਪਰਦੀਆਂ ਹਨ। ਮੁਲਕ ਪੱਧਰ ਤੇ ਔਰਤਾਂ ਉੱਪਰ ਪਿਛਲੇ ਦਸ ਸਾਲਾਂ ਵਿੱਚ ਅਗਵਾ/ਉਧਾਲੇ ਦੇ ਜੁਲਮਾਂ ਦੀ ਦਰ ਵਿੱਚ 264% ਵਾਧਾ ਹੋਇਆ ਹੈ, ਜਿਣਸੀ ਛੇੜਛਾੜ ਦੇ ਕੇਸਾਂ ਵਿੱਚ 81% ਦਾ ਵਾਧਾ ਹੋਇਆ ਹੈ। ਦੂਜੇ ਪਾਸੇ ਦੋਸ਼ੀਆਂ ਨੂੰ ਸੁਣਾਈ ਜਾਣ ਵਾਲੀ ਸਜਾ ਦੀ ਦਰ ਮਹਿਜ 25% ਹੈ। ਅਸਲੀਅਤ ਇਹ ਹੈ ਕਿ ਦਲਿਤ ਔਰਤਾਂ ਉੱਪਰ ਜੁਲਮ ਕਰਨ ਵਾਲੇ ਦੋਸ਼ੀਆਂ ਦੀ ਸਜਾ ਦੀ ਦਰ ਮਹਿਜ 2% ਹੈ। 75% ਦਲਿਤ ਪ੍ਰੀਵਾਰਾਂ ਨਾਲ ਸਬੰਧਤ ਕੁੜੀਆਂ ਪ੍ਰਾਇਮਰੀ ਸਿੱਖਿਆ ਤੱਕ ਪਹੁੰਚਦੀਆਂ-ਪਹੁੰਚਦੀਆਂ ਸਕੂਲ ਛੱਡਣ ਲਈ ਮਜਬੂਰ ਹਨ। ਹਾਕਮ ਦੋਸ਼ੀਆਂ ਲਈ ਫਾਂਸੀ ਵਰਗੇ ਲੱਖ ਕਾਨੂੰਨ ਪਾਸ ਕਰੀ ਜਾਣ ਪਰ ਬੁਨਿਆਦੀ ਤੌਰ 'ਤੇ ਕੋਈ ਫਰਕ ਨਹੀਂ ਪੈ ਰਿਹਾ। 'ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ' ਦੀ 19 ਅਪ੍ਰੈਲ 2018 ਨੂੰ ਛਪੀ ਪੀਟੀਆਈ ਦੀ ਰਿਪੋਰਟ ਅਨੁਸਾਰ ਮੁਲਕ ਦੇ 48 ਪਾਰਲੀਮੈਂਟ ਮੈਂਬਰਾਂ, ਵਿਧਾਇਕਾਂ ਉੱਪਰ ਅਗਵਾ/ਬਲਾਤਕਾਰ/ਤਸਕਰੀ/ਜਬਰੀ ਵਿਆਹ ਕਰਾਉਣ/ਘਰੇਲੂ ਹਿੰਸਾ/ਕਤਲ ਤੱਕ ਦੇ ਮੁਕੱਦਮੇ ਦਰਜ ਹੋਏ ਹਨ। 2014 ਦੀਆਂ ਚੋਣਾਂ ਵਿੱਚ ਜਿੱਤਕੇ ਹਕੂਮਤੀ ਗੱਦੀ ਉੱਪਰ ਪੁੱਜੇ 186 ਪਾਰਲੀਮੈਂਟ ਮੈਂਬਰਾਂ ਭਾਵ 34% ਉੱਪਰ ਫਿਰਕਿਆਂ 'ਚ ਵੰਡੀਆਂ ਪਾਉਣ/ਸ਼ਾਤੀ ਭੰਗ ਕਰਨ/ਔਰਤਾਂ ਦਾ ਸਰੀਰਕ ਸ਼ੋਸ਼ਣ/ਰਿਸ਼ਵਤਖੋਰੀ/ਝੂਠੀਆਂ ਸੂਚਨਾਵਾਂ ਦੇਣ/ਫਿਰਕੂ-ਨਫਰਤੀ ਭਾਸ਼ਣ/ਜਾਅਲੀ ਡਿਗਰੀਆਂ/ਝੂਠੇ ਪੁਲਿਸ ਮੁਕਾਬਲਿਆਂ ਤੋਂ ਇਲਾਵਾ ਬੀਜੇਪੀ ਦੇ 11 ਮੁੱਖ ਲੀਡਰਾਂ ਅਮਿੱਤ ਸ਼ਾਹ ਤੋਂ ਲੈਕੇ ਉਮਾ ਭਾਰਤੀ ਤੱਕ ਦੇ ਖਿਲਾਫ ਗੰਭੀਰ ਫੌਜਦਾਰੀ ਮੁਕੱਦਮੇ ਦਰਜ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਪਾਰਲੀਮੈਂਟ/ਵਿਧਾਨ ਸਭਾ ਵਿੱਚ ਦਾਖਲ ਨਾ ਹੋਣ ਦਾ ਕਾਨੂੰਨ ਬਣਾਉਣ ਸਬੰਧੀ ਕਾਨੂੰਨ ਦੇ ਰਖਵਾਲੇ ਤੱਕ ਸਭ ਚੁੱਪ ਹਨ। ਉਲਟਾ ਯੂ.ਪੀ. ਦੀ ਯੋਗੀ ਹਕੂਮਤ ਸਿਆਸਤਦਾਨਾਂ ਖਿਲਾਫ ਅਜਿਹੇ 20,000 ਮੁਕੱਦਮੇ ਵਾਪਸ ਲੈਣ ਜਾ ਰਹੀ ਹੈ। ਅਜਿਹੀ ਹਾਲਤ ਵਿੱਚ ਜਦ ਸੱਤਾ ਦੀ ਕੁਰਸੀ ਉੱਪਰ ਬਿਰਾਜਮਾਨ ਲੋਕ ਔਰਤਾਂ ਦੇ ਜਿਣਸੀ ਸ਼ੋਸ਼ਣ ਦੇ ਮਾਮਲਿਆਂ 'ਚ ਬੁਰੀ ਤਰ੍ਹਾਂ ਲਿਪਤ ਹਨ ਤਾਂ ਸੋਚਣ ਦਾ ਸਵਾਲ ਇਹ ਬਣਦਾ ਹੈ ਕਿ ਕੀ ਪੀੜਤ ਔਰਤਾਂ ਨੂੰ ਇਨ੍ਹਾਂ ਕੋਲੋਂ ਇਨਸਾਫ ਦੀ ਕੋਈ ਤਵੱਕੋਂ ਰੱਖਣੀ ਚਾਹੀਦੀ ਹੈ ?

ਇੱਕ ਪਾਸੇ ਉਪਰੋਕਤ ਤਸਵੀਰ ਹੈ ਤਾਂ ਦੂਜੇ ਪਾਸੇ ਔਰਤਾਂ ਖਿਲਾਫ ਹੁੰਦੇ ਇਨ੍ਹਾਂ ਜੁਰਮਾਂ ਖਿਲਾਫ ਸੰਘਰਸ਼ ਕਰਨ ਵਾਲਿਆਂ ਨੂੰ ਝੂਠੇ ਕੇਸਾਂ ਤਹਿਤ ਜੇਲ੍ਹਾਂ ਵਿਚ ਬੰਦ ਕੀਤਾ ਜਾ ਰਿਹਾ ਹੈ। ਸੁਧਾ ਭਾਰਦਵਾਜ ਵਰਗੀਆਂ ਕਬਾਇਲੀ ਹੱਕਾਂ ਲਈ ਜੂਝਣ ਵਾਲੀਆਂ ਵਕੀਲਾਂ ਨੂੰ ਦੇਸ਼-ਧ੍ਰੋਹ ਵਰਗੇ ਮੁਕੱਦਮੇ ਦਰਜ ਕਰਕੇ ਨਜ਼ਰਬੰਦ ਕੀਤਾ ਗਿਆ ਹੈ। ਅਦਾਲਤਾਂ ਵਿਚ ਝੂਠੀਆਂ ਗਵਾਹੀਆਂ ਦੇ ਆਸਰੇ ਦੋਸ਼ੀ ਠਹਿਰਾਏ ਮਨਜੀਤ ਧਨੇਰ ਦੀ ਸਜ਼ਾ ਗਵਰਨਰ ਨੇ ਨਿਰਦੋਸ਼ ਕਹਿਕੇ ਖਤਮ ਕਰ ਦਿੱਤੀ ਤਾਂ ਇਸਨੂੰ ਅਦਾਲਤ ਦੀ ਤੌਹੀਨ ਸਮਝਿਆ ਜਾ ਰਿਹਾ ਹੈ। ਜਦ ਕਿ ਸੱਚ ਇਹ ਹੈ ਕਿ ਜਦੋਂ ਵੀ ਔਰਤਾਂ ਖਾਸ ਕਰ ਬਾਲੜੀਆਂ ਖਿਲਾਫ ਹੁੰਦੇ ਜੁਲਮਾਂ ਖਿਲਾਫ ਨਿੱਜੀ ਜਾਂ ਸਮੂਹਿਕ ਰੂਪ 'ਚ ਅਵਾਜ਼ ਬੁਲੰਦ ਹੋਈ ਹੈ ਤਾਂ ਉਨ੍ਹਾਂ ਲੋਕਾਂ ਨੂੰ ਅਨੇਕਾਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ। ਮਨਜੀਤ ਧਨੇਰ ਤੋਂ ਸ਼ੁਰੂ ਹੋਇਆ ਕਠੂਆ/ਉਨਾਉ ਤੱਕ ਦਾ ਸਫਰ ਇਹੀ ਦਰਸਾਉਂਦਾ ਹੈ। ਮਨਜੀਤ ਧਨੇਰ ਉੱਪਰ 17 ਸਾਲ ਤੋਂ ਉਮਰ ਕੈਦ ਸਜ਼ਾ ਦੀ ਤਲਵਾਰ ਲਟਕ ਰਹੀ ਹੈ ਤਾਂ ਕਠੂਆ ਬਲਾਤਕਾਰ ਕੇਸ ਵਿੱਚ ਗਵਾਹ ਵਜੋਂ ਸਾਮਲ ਵਿਅਕਤੀ ਨੂੰ ਝੂਠੇ ਕੇਸ ਵਿੱਚ ਫਸਾਇਆ ਗਿਆ ਹੈ, ਉਨਾਉ (ਵਿਧਾਇਕ ਕੁਲਦੀਪ ਸੈਂਗਰ) ਕੇਸ ਦੇ ਗਵਾਹ ਦੀ ਤਾਂ ਰਹੱਸਮਈ ਹਾਲਤਾਂ ਵਿੱਚ ਮੌਤ ਹੋਣਾ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਸ਼ੋਹਾਬੂਦੀਨ ਅਤੇ ਕੌਸਰ ਬੀ ਵਾਲੇ ਕੇਸ ਜਿਸ ਵਿੱਚ ਮੁੱਖ ਮੁਲਜਮ ਉਸ ਸਮੇਂ ਗੁਜਰਾਤ ਦਾ ਗ੍ਰਹਿ ਮੰਤਰੀ ਅਤੇ ਮੌਜੂਦਾ ਬੀਜੇਪੀ ਪ੍ਰਧਾਨ ਅਮਿੱਤ ਸਾਹ, ਦੀ ਸੁਣਵਾਈ ਕਰ ਰਹੇ ਸੀਬੀਆਈ ਦੇ ਜੱਜ ਲੋਈਆ ਦੀ ਰਹੱਸਮਈ ਹਾਲਤਾਂ ਵਿੱਚ ਹੋਈ ਮੌਤ ਉੱਪਰ ਉੱਠੇ ਸਵਾਲਾਂ ਦੇ ਬਾਵਜੂਦ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੇ ਪਾਈ ਲੋਕ ਹਿੱਤ ਪਟੀਸ਼ਨ ਖਾਰਜ ਕਰਕੇ ਰਹਿੰਦੀ ਕਸਰ ਪੂਰੀ ਕਰ ਦਿੱਤੀ ਹੈ। ਸਿਰਫ ਐਨਾ ਹੀ ਨਹੀਂ ਔਰਤ ਹੱਕਾਂ ਲਈ ਡਟਕੇ ਪਹਿਰਾ ਦੇਣ ਵਾਲੀਆਂ ਔਰਤ ਵਕੀਲਾਂ ਦੀ ਕਿਰਦਾਰਕੁਸ਼ੀ ਕਰਨ ਦੇ ਨਾਲਸੁਧਾ ਭਾਰਦਵਾਜ ਵਰਗੀਆਂ ਕਬਾਇਲੀ ਹੱਕਾਂ ਲਈ ਜੂਝਣ ਵਾਲੀਆਂ ਵਕੀਲਾਂ ਨੂੰ ਦੇਸ਼-ਧ੍ਰੋਹ ਵਰਗੇ ਮੁਕੱਦਮੇ ਦਰਜ ਕਰਕੇ ਨਜਰਬੰਦ ਕੀਤਾ ਗਿਆ ਹੈ। ਮਹਿਲਕਲਾਂ ਦੀ ਧਰਤੀ ਉੱਤੇ 21 ਸਾਲ ਪਹਿਲਾਂ ਵਾਪਰੇ ਕਿਰਨਜੀਤ ਕੌਰ ਸਮੂਹਿਕ ਜਬਰ-ਜਨਾਹ/ਕਤਲ ਕਾਂਡ ਨੂੰ ਵੀ ਇਸੇ ਸੰਦਰਭ ਵਿੱਚ ਵੇਖਣਾ ਹੋਵੇਗਾ। ਇਹ ਘਟਨਾ ਵੀ 'ਮੀ ਟੂ' ਦੀ ਹੀ ਇਕ ਕੜੀ ਹੈ। ਮਹਿਲਕਲਾਂ ਅੰਦਰ ਇਸ ਗੁੰਡਾ ਟੋਲੇ ਦੀ ਧੌਂਸ ਨੂੰ ਵੰਗਾਰਨਾ ਇਕ ਟਵੀਟ ਨਾਲੋਂ ਕਿਤੇ ਵੱਡੇ ਤੇ ਵੱਖਰੇ ਮਾਇਨੇ ਰੱਖਦਾ ਹੈ। ਹਾਲੀਵੁੱਡ, ਬਾਲੀਵੁੱਡ ਦੀ ਰੰਗੀਨ ਨਗਰੀ ਨਾਲੋਂ ਖੇਤਾਂ-ਬੰਨਿਆਂ 'ਚ ਔਰਤ ਦੇ ਸਵੈਮਾਨ ਦੀ ਲੜਾਈ ਕਿਤੇ ਮਹੱਤਵਪੂਰਨ ਥਾਂ ਰੱਖਦੀ ਹੈ। ਇਹ ਘਟਨਾ ਇਸ ਪੱਖੋਂ ਵੀ ਮਹੱਤਤਾ ਰੱਖਦੀ ਹੈ ਕਿ ਹਜਾਰਾਂ ਲੋਕਾਂ ਨੇ ਔਰਤ ਮੁਕਤੀ ਦੀ ਲੜਾਈ ਸ਼ੋਸ਼ਲ ਮੀਡੀਆ ਦੀ ਬਜਾਏ ਮੈਦਾਨ ਵਿੱਚ ਆ ਕੇ ਲੜੀ। 'ਮੀ ਟੂ' ਦੀ ਥਾਂ 'ਵੁਈ ਆਰ' ਦੀ ਗੂੰਜ ਝੁੱਗੀਆਂ-ਝੌਂਪੜੀਆਂ, ਖੇਤਾ-ਬੰਨ੍ਹਿਆਂ, ਫੈਕਟਰੀਆਂ-ਕਾਰਖਾਨਿਆਂ ਤੇ ਵਿਹੜਿਆਂ ਵਿਚੋਂ ਗੂੰਜਣੀ ਚਾਹੀਦੀ ਹੈ।

ਇਹ ਗੱਲ ਮਨੀਂ ਵਸਾਕੇ ਚੱਲਣੀ ਚਾਹੀਦੀ ਹੈ ਕਿ ਔਰਤਾਂ ਖਿਲ਼ਾਫ ਵਧ ਰਹੇ ਜੁਲਮਾਂ ਖਿਲ਼ਾਫ ਸੰਘਰਸ਼ ਕਰਨਾ ਅਣਸਰਦੀ ਲੋੜ ਹੈ ਤੇ ਇਸਦੇ ਨਾਲ ਹੀ ਔਰਤ ਮੁਕਤੀ ਲਈ ਲੜ ਰਹੇ ਲੋਕਾਂ ਦੀ ਹਿਫਾਜਤ ਕਰਨਾ ਔਰਤ ਮੁਕਤੀ ਦੀ ਲਹਿਰ ਨੂੰ ਮਜਬੂਤ ਕਰਨ ਅਤੇ ਲੋਕਦੋਖੀ ਵਿਵਸਥਾ ਦੇ ਲੋਕਦੋਖੀ ਨਿਆਂਪ੍ਰਬੰਧ ਨੂੰ ਚੁਣੌਤੀ ਦੇਣ ਦੇ ਤੁਲ ਹੈ। ਇਸ ਲਈ ਔਰਤ ਜਬਰ ਵਿਰੋਧੀ ਸੰਘਰਸ਼ ਨੂੰ ਜਮਾਤੀ ਸੰਘਰਸ਼ ਦਾ ਹਿੱਸਾ ਬਣਾਉਂਦਿਆਂ ਜਾਬਰ ਢਾਂਚੇ ਨੂੰ ਤਬਾਹ ਕਰਕੇ ਨਵਾਂ ਲੋਕ ਪੱਖੀ ਜਮਹੂਰੀ ਪ੍ਰਬੰਧ ਸਿਰਜਣ ਦੀ ਲੜਾਈ ਵਜੋਂ ਅੱਗੇ ਵਧਾਉਣਾ ਚਾਹੀਦਾ ਹੈ। 'ਮੀ ਟੂ' ਵਰਗੀਆਂ ਸੁਧਾਰਵਾਦੀ ਨਾਰੀਵਾਦੀ ਲਹਿਰਾਂ ਤੋਂ ਅੱਗੇ ਵੱਧਕੇ ਇਸ ਲੜਾਈ ਨੂੰ ਸਮਾਜ ਦੀ ਸਭ ਤੋਂ ਵੱਧ ਪੀੜਤ ਅੱਧ ਸੰਸਾਰ ਦੀ ਮਾਲਕ ਜਮਾਤ ਦੀ ਔਰਤ ਦੀ ਲੜਾਈ ਬਣਾਉਣ ਲਈ ਯਤਨ ਤੇਜ਼ ਕਰਨੇ ਚਾਹੀਦੇ ਹਨ।

# ਪਰਵਾਸੀ ਮਜ਼ਦੂਰ ਪਰਿਵਾਰ ਦੀ ਨਾਬਾਲਗ ਲੜਕੀ ਨੂੰ ਅਗਵਾਕਾਰਾਂ ਦੇ ਚੁੰਗਲ ਵਿਚੋਂ ਛੁਡਵਾਇਆ

## ਅਗਵਾ ਕਾਂਡ ਦੀ ਸਾਜ਼ਿਸ਼ ਕਰਤਾ ਬਲਜੀਤ ਕੌਰ ਜੇਲ੍ਹ ਦੀਆਂ ਸਲਾਖਾਂ ਪਿੱਛੇ

**ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੀ ਅਹਿਮ ਪ੍ਰਾਪਤੀ**—ਪਰਵਾਸੀ ਮਜ਼ਦੂਰ ਪ੍ਰੀਵਾਰ ਦੀ ਨਾਬਾਲਗ ਲੜਕੀ ਨੂੰ ਅਗਵਾ ਕਾਰ ਗਰੋਹ ਦੇ ਚੁੰਗਲ ਵਿੱਚੋਂ ਛੁਡਵਾਇਆ, ਅਗਵਾ ਕਾਂਡ ਦੇ ਸਾਜ਼ਿਸ਼ ਕਰਤਾ ਬਲਜੀਤ ਕੌਰ ਤੇ ਕੁਲਦੀਪ ਸਿੰਘ ਬਠਿੰਡਾ ਜੇਲ੍ਹ ਦੀਆਂ ਸਲਾਖਾਂ ਪਿੱਛੇ (ਬਠਿੰਡਾ) ਕੇਂਦਰੀ ਜੇਲ ਬਠਿੰਡਾ ਨੇੜੇ ਇੱਕ ਭੱਠੇ ਸਾਹਮਣੇ ਪਿਛਲੇ ਛੇ ਸਾਲਾਂ ਤੋਂ ਰਹਿੰਦੇ ਇੱਕ ਪ੍ਰਵਾਸੀ ਮਜ਼ਦੂਰ ਪਰਿਵਾਰ ਦੀ 15 ਸਾਲਾ ਨਾਬਾਲਗ ਲੜਕੀ ਨੂੰ 7 ਅਕਤੂਬਰ ਨੂੰ ਕਰੀਬ ਸਵੇਰੇ 6 ਵਜੇ ਉਦੋਂ ਅਗਵਾ ਕਰ ਲਿਆ ਗਿਆ ਜਦੋਂ ਉਹ ਘਰ ਦੇ ਹੀ ਨੇੜੇ ਲੰਘਦੇ ਸੂਏ ਤੋਂ ਪਾਣੀ ਲੈਣ ਗਈ। ਲੜਕੀ ਦੇ ਦੱਸਣ ਮੁਤਾਬਕ ਜੇਲ ਦੇ ਨੇੜੇ ਹੀ ਚਾਹ ਦਾ ਅਹਾਤਾ ਚਲਾਉਣ ਵਾਲੀ ਇੱਕ ਔਰਤ ਨੇ ਉਸ ਨੂੰ ਆਵਾਜ਼ ਮਾਰ ਕੇ ਸੱਦਿਆ ਪਰ ਜਦੋਂ ਨਾ ਗਈ ਤਾਂ ਕੁਝ ਸਮੇਂ ਬਾਅਦ ਦੋ ਨੌਜਵਾਨਾਂ ਨੇ ਮੂੰਹ ਬੰਦ ਕਰਕੇ ਉਸ ਨੂੰ ਚੁੱਕ ਕੇ ਇੱਕ ਕਾਰ ਵਿੱਚ ਸੁੱਟ ਲਿਆ ਜਿਸ ਨੂੰ ਇਕ ਔਰਤ ਚਲਾ ਰਹੀ ਸੀ ਅਤੇ ਚਾਹ ਦੇ ਅਹਾਤੇ ਵਾਲੀ "ਆਟੀ" ਵੀ ਕਾਰ ਵਿੱਚ ਬੈਠੀ ਸੀ। ਕਾਰ ਸਵਾਰ ਉਸ ਨੂੰ ਬਠਿੰਡੇ ਵੱਲ ਤੁਰੇ ਅਤੇ ਇਸ ਦੌਰਾਨ ਉਸ ਨੂੰ ਕਿਸੇ ਨਸ਼ੀਲੀ ਵਸਤੂ ਸੁੰਘਾਏ ਜਾਣ ਕਾਰਨ ਉਹ ਬੇਹੋਸ਼ ਹੋ ਗਈ। ਪੀੜਤ ਲੜਕੀ ਦਾ ਇਹ ਵੀ ਕਹਿਣਾ ਹੈ ਕਿ ਉਸ ਨੂੰ ਇੱਕ ਕਮਰੇ ਵਿੱਚ ਅੱਖਾਂ ਤੇ ਪੱਟੀ ਬੰਨ੍ਹ ਕੇ ਪੰਜ ਦਿਨ ਇੱਕ ਦੋ ਮੰਜਲੀ ਕੋਠੀ ਵਿੱਚ ਬੰਦ ਰੱਖਿਆ ਗਿਆ, ਜਿੱਥੇ ਦੋ ਹੋਰ ਲੜਕੀਆਂ ਵੀ ਸਨ। ਲੜਕੀ ਦੀ ਮਾਂ ਮਿੰਟੂ ਦੇਵੀ ਤੇ ਪਿਤਾ ਬਲਦੇਵ ਸਾਹਨੀ ਨੇ ਦਸਤਖ਼ਤ ਕਰ ਕੇ ਥਾਣੇ ਅਰਜ਼ੀ ਵੀ ਦਿੱਤੀ ਤੇ ਲੜਕੀ ਦੀ ਭਾਲ ਕੀਤੇ ਜਾਣ ਦੀ ਮੰਗ ਰੱਖੀ। ਲੜਕੀ ਦੇ ਮਾਪਿਆਂ ਨੇ ਸਪੱਸ਼ਟ ਕਿਹਾ ਕਿ ਜੇਲ੍ਹ ਦੇ ਨਜ਼ਦੀਕ ਚਾਹ ਦਾ ਅਹਾਤਾ ਚਲਾਉਂਦੀ ਇਕ ਬਲਜੀਤ ਕੌਰ ਨਾਮੀਂ ਔਰਤ ਨੇ ਉਨ੍ਹਾਂ ਦੀ ਲੜਕੀ ਨੂੰ ਅਗਵਾ ਕਰਵਾਇਆ ਹੈ ਪਰ ਥਾਣਾ ਨਇਆਂ ਵਾਲਾ ਦੀ ਪੁਲੀਸ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ ਅਤੇ ਚੁੱਪ ਕਰਕੇ ਘਰੇ ਬੈਠਣ ਲਈ ਕਿਹਾ। ਬੇਵੱਸ ਪਰਿਵਾਰ ਨੇ ਖਿਆਲੀ ਵਾਲੇ ਜਾ ਕੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਸੁਖਪਾਲ ਸਿੰਘ ਖਿਆਲੀ ਵਾਲਾ ਨਾਲ ਦੁੱਖ ਸਾਂਝਾ ਕਰਦਿਆ ਮਦਦ ਦੀ ਮੰਗ ਕੀਤੀ ਅਤੇ ਇਹ ਵੀ ਤੱਥ ਸਾਹਮਣੇ ਲਿਆਦਾ ਕਿ ਚਾਹ ਦਾ ਅਹਾਤਾ ਚਲਾਉਣ ਵਾਲੀ ਬਲਜੀਤ ਕੌਰ ਦਾ ਪੁਲਸ ਕਲੋਨੀ ਵਿੱਚਲੀ ਜੇਲ ਦੀ ਗਾਰਦ ਅਤੇ ਪੰਜਾਬ ਪੁਲਿਸ ਦੇ ਸਿਪਾਹੀਆਂ ਨਾਲ ਨੇੜਲਾ ਸੰਪਰਕ ਹੈ ਅਤੇ ਉਹ ਉਸ ਦੇ ਅਹਾਤੇ ਵਿੱਚ ਅਕਸਰ ਆਉਂਦੇ ਜਾਂਦੇ ਰਹਿੰਦੇ ਹਨ। ਪਰਿਵਾਰ ਨੇ ਇਹ ਪੱਕੇ ਤੌਰ ਤੇ ਹੀ ਦੱਸਿਆ ਕਿ ਅਹਾਤੇ ਦੇ ਅੰਦਰ ਦੇਹ ਵਪਾਰ ਦਾ ਧੰਦਾ ਚੱਲਦਾ ਹੈ ਅਤੇ ਬਲਜੀਤ ਕੌਰ ਇਸਨੂੰ ਚਲਾਉਂਦੀ ਹੈ। ਇਸ ਸਮਾਜ ਵਿਰੋਧੀ ਵਰਤਾਰੇ ਦੀ ਗੰਭੀਰਤਾ ਨੂੰ ਭਾਪਦਿਆ ਬੀ ਕੇ ਯੂ ਕ੍ਰਾਂਤੀਕਾਰੀ ਦੇ ਗੁਰਚਰਨ ਸਿੰਘ ਖਿਆਲੀਵਾਲਾ ਅਤੇ ਕਾਮਰੇਡ ਗੁਰਨਾਮ ਸਿੰਘ ਸਮੇਤ ਪਿੰਡ ਦੇ ਲੋਕਾਂ ਨੇ ਨਇਆਂ ਵਾਲਾ ਥਾਣੇ ਜਾ ਕੇ ਪੁਲਸ ਨੂੰ ਚਿਤਾਵਨੀ ਦਿੱਤੀ ਕਿ ਜੇ ਅਗਵਾ ਹੋਈ ਲੜਕੀ ਜਲਦੀ ਨਾ ਛੱਡੀ ਅਤੇ ਅਗ਼ਵਾ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਉਹ ਅੱਗੇ ਦੀ ਕਾਰਵਾਈ ਕਰਨਗੇ।ਲੋਕਾਂ ਦੇ ਰੋਹ ਨੂੰ ਵੇਖਦਿਆਂ ਲੜਕੀ ਦੀ ਮਾਤਾ ਦੇ ਬਿਆਨਾਂ ਤੇ ਅਧਾਰਿਤ ਇੱਕ ਐਫਆਈਆਰ 10 ਅਕਤੂਬਰ ਨੂੰ ਦਰਜ ਕਰਨ ਲਈ ਪੁਲੀਸ ਮਜਬੂਰ ਹੋ ਗਈ ਪਰ ਲੜਕੀ ਨੂੰ ਬਰਾਮਦ ਕਰਨ ਲਈ ਪੁਲਿਸ ਨੇ ਕੋਈ ਉਪਰਾਲਾ ਨਾ ਕੀਤਾ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਤੇ ਬੀਕੇਯੂ ਕ੍ਰਾਂਤੀਕਾਰੀ ਦੇ ਆਗੂਆਂ ਨੇ ਮਹਿਸੂਸ ਕੀਤਾ ਕਿ ਪੁਲਿਸ ਅਗਵਾਕਾਰ ਦੇ ਸੰਪਰਕ ਵਿੱਚ ਹੈ ਤੇ ਅਗਵਾ ਦੀ ਸਾਜਿਸ਼ ਰਚਣ ਵਾਲੀ ਔਰਤ ਬਲਜੀਤ ਕੌਰ ਨੂੰ ਉਹ ਸ਼ਹਿ ਦੇ ਰਹੀ ਹੈ,ਜਿਸ ਦਾ ਸਬੂਤ ਉਦੋਂ ਮਿਲਿਆ ਜਦੋਂ ਐੱਫ ਆਈ ਆਰ ਵਿਚ ਪੁਲਸ ਨੇ ਲੜਕੀ ਨੂੰ ਅਗਵਾ ਕਰਨ ਦਾ ਸ਼ੱਕ ਲਿਖ ਕੇ ਹੀ ਬੁੱਤਾ ਸਾਰ ਲਿਆ ਅਤੇ ਉਹ ਧਾਰਾ 364-65 ਨਹੀਂ ਲਾਈ ਜਿਸ ਤਹਿਤ ਅਗਵਾ ਕਰਨ ਦੀ ਸਾਜ਼ਿਸ਼ ਰਚੀ ਗਈ।ਅਗਵਾਕਾਰਾਂ ਨੇ ਆਪਣੀ ਸਾਜਿਸ਼ ਬੇਪੜ੍ਹਦ ਹੋਣ ਦੇ ਡਰ ਵਜੋਂ 12 ਅਕਤੂਬਰ ਨੂੰ 8 ਵਜੇ ਵਜੇ ਹਨੇਰਾ ਹੋਣ ਪਿੱਛੋਂ ਲੜਕੀ ਨੂੰ ਉਸ ਦੇ ਘਰ ਦੇ ਬਾਹਰ ਨੀਮ ਬੇਹੋਸ਼ੀ ਦੀ ਹਾਲਤ ਚ ਸੁੱਟ ਦਿੱਤਾ। ਪੀੜਤ ਪਰਿਵਾਰ ਦੇ ਮੈਂਬਰਾਂ ਨੇ ਦੇਖਿਆ ਕਿ ਜਿਸ ਟੈਂਪੂ ਵਿੱਚ ਲੜਕੀ ਲਿਆਂਦੀ ਗਈ ਉਸ ਵਿੱਚ ਬਲਜੀਤ ਕੌਰ ਸਮੇਤ ਦੋ ਵਿਅਕਤੀ ਹੋਰ ਸਨ। ਲੜਕੀ ਨੇ ਬਾਅਦ ਵਿੱਚ ਦੱਸਿਆ ਕਿ ਪਹਿਲਾਂ ਉਸ ਨੂੰ ਬਠਿੰਡਾ ਨਹਿਰ ਦੇ ਪੁਲ ਤੱਕ ਮੋਟਰਸਾਈਕਲ ਤੇ ਲਿਆਂਦਾ ਗਿਆ ਅਤੇ ਫਿਰ ਨਹਿਰ ਦੇ ਪੁਲ ਤੋਂ ਟੈਂਪੂ ਤੇ ਬਿਠਾਇਆ ਗਿਆ।ਪੁਲਿਸ ਦੇ ਅੜੀਅਲ ਰਵੱਈਏ ਅਤੇ ਅਗਵਾਕਾਰਾਂ ਨਾਲ ਮਿਲੀ ਭੁਗਤ ਨੂੰ ਭਾਂਪਦਿਆਂ ਜਨਤਕ ਜੱਥੇਬੰਦੀਆਂ ਦੇ ਆਗੂਆਂ ਨੇ ਸੰਘਰਸ਼ ਨੂੰ ਅੱਗੇ ਤੋਰਨ ਦਾ ਫੈਸਲਾ ਲਿਆ ਅਤੇ ਇਸ ਦਾ ਘੇਰਾ ਵਿਸ਼ਾਲ ਕਰਨ ਲਈ ਲੋਕ ਸੰਗਰਾਮ ਮੰਚ ਨਾਲ ਸੰਪਰਕ ਕੀਤਾ। ਦੂਜੇ ਪਾਸੇ ਥਾਣੇ ਦੀ ਪੁਲਿਸ ਨੇ ਪੀੜਤ ਪਰਿਵਾਰ ਤੇ ਸਮਝੌਤਾ ਕਰਨ ਲਈ ਆਪਣਾ ਦਬਾਅ ਬਣਾਉਣਾ ਸ਼ੁਰੂ ਕੀਤਾ। ਹੱਦ ਤਾਂ ਉਦੋਂ ਹੋ ਗਈ ਜਦੋਂ ਬਲਜੀਤ ਕੌਰ ਆਪਣੇ ਕਈ ਗੁੰਡਿਆਂ ਨੂੰ ਨਾਲ ਲੈ ਕੇ ਪਰਿਵਾਰ ਦੇ ਘਰ ਆ ਧਮਕੀ ਅਤੇ ਉਹਨਾਂ ਨੂੰ ਬਰਬਾਦ ਕਰਨ ਦੀਆਂ ਧਮਕੀਆਂ ਦੇ ਲੱਗੀ ਤੇ ਫੇਰ ਫ਼ਰਾਰ ਹੋ ਗਈ। ਜਥੇਬੰਦੀਆਂ ਨੇ ਪਿੰਡ ਦਾ ਇਕੱਠ ਕੀਤਾ ਅਤੇ ਥਾਣੇ ਦੀ ਪੁਲੀਸ ਨੂੰ ਇਸ ਸਬੰਧੀ ਸੂਚਿਤ ਵੀ ਕੀਤਾ ਪਰ ਪੁਲਿਸ ਨੇ ਤਾਂ ਉਲਟਾ ਇਹ ਸੁਨੇਹਾ ਭੇਜਿਆ ਕਿ ਬਲਜੀਤ ਕੌਰ ਥਾਣੇ ਆਈ ਹੋਈ ਹੈ ਤੁਸੀਂ ਆ ਕੇ ਉਸ ਨਾਲ ਬੈਠ ਕੇ ਸਮਝੌਤਾ ਕਰ ਲਵੋ। ਇਲਾਕੇ ਦੀ ਪੁਲੀਸ ਵੱਲੋਂ ਮਾਮਲਾ ਠੰਢੇ ਬਸਤੇ ਵਿੱਚ ਪਾਇਆ ਜਾਂਦਾ ਵੇਖ ਕੇ ਜਥੇਬੰਦੀਆ ਵਲੋਂ ਸਾਰਾ ਮਾਮਲਾ ਜ਼ਿਲ੍ਹਾ ਪੁਲੀਸ ਮੁੱਖੀ ਕੋਲ ਲੈ ਜਾਣ ਦਾ ਫੈਸਲਾ ਲਿਆ। 18 ਅਕਤੂਬਰ ਵੀਰਵਾਰ ਨੂੰ ਲੋਕ ਸੰਗਰਾਮ ਮੰਚ ਦੀ ਸੂਬਾਈ ਪ੍ਰਧਾਨ ਸੁਖਵਿੰਦਰ ਕੌਰ ਔਰਤ ਮੁਕਤੀ ਮੰਚ ਦੀ ਆਗੂ ਮੁਖਤਿਆਰ ਕੌਰ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਆਗੂ ਸੁਰਮੁੱਖ ਸਿੰਘ ਸੇਲਬਰਾਹ ਗੁਰਚਰਨ ਸਿੰਘ ਗੋਰਾ ਕਾਮਰੇਡ ਗੁਰਨਾਮ ਸਿੰਘ ਅਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾਈ ਸਕੱਤਰ ਸੁਖਪਾਲ ਸਿੰਘ ਖਿਆਲੀਵਾਲਾ ਨੇ ਪੀੜਤ ਪਰਿਵਾਰ ਨੂੰ ਨਾਲ ਲੈ ਕੇ ਬਠਿੰਡਾ ਦੇ ਜ਼ਿਲ੍ਹਾ ਪੁਲੀਸ ਮੁਖੀ ਡਾਕਟਰ ਨਾਨਕ ਸਿੰਘ ਦਾ ਦਰਵਾਜਾ ਜਾ ਖੜਕਾਇਆ। ਇਨ੍ਹਾਂ ਜਨਤਕ ਜਥੇਬੰਦੀਆਂ ਦੇ ਵਫ਼ਦ ਨੇ ਐਸਐਸਪੀ ਨੂੰ ਪੁਲਸ ਵੱਲੋਂ ਕੀਤੀ ਅਣਗਹਿਲੀ ਅਤੇ ਪੀੜਤ ਪਰਿਵਾਰ ਨਾਲ ਵਾਪਰੀ ਸਾਰੀ ਵਿੱਥਿਆ ਵਿਸਥਾਰ ਸਹਿਤ ਦੱਸਦਿਆਂ ਕਿਹਾ ਕਿ ਪੁਲੀਸ ਵੱਲੋਂ ਅਗਵਾ ਦਾ ਮਾਮਲਾ ਦਰਜ ਕਰਨ ਦੀ ਥਾਂ ਮਾਮੂਲੀ ਕੇਸ ਦਰਜ ਕਰਕੇ ਖਾਨਾਪੂਰਤੀ ਕਰ ਲਈ ਗਈ ਹੈ ਤੇ ਇਸੇ ਕਰਕੇ ਉਨ੍ਹਾ ਉਨ੍ਹਾਂ ਨੂੰ ਉੱਚ ਪੁਲਿਸ ਅਧਿਕਾਰੀ ਕੋਲ ਮੰਗ ਪੱਤਰ ਦੇਣ ਲਈ ਆਉਣਾ ਪਿਆ ਹੈ। ਆਗੂਆ ਨੇ ਵੀ ਮੰਗ ਕੀਤੀ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਕਿਉਂਕਿ ਪੀੜਤ ਲੜਕੀ ਅਤੇ ਉਸ ਦੀ ਮਾਂ ਸਪਸ਼ਟ ਬਿਆਨ ਕਰ ਰਹੀਆਂ ਹਨ ਕਿ ਸਾਰੀ ਘਟਨਾ ਕਿਸੇ ਗਰੋਹ ਦੀ ਕਾਰਵਾਈ ਹੈ ਜਿਸ ਦੀ ਸਰਗਨਾ ਬਲਜੀਤ ਕੌਰ ਅਤੇ ਉਸ ਦਾ ਸਾਥੀ ਕੁਲਦੀਪ ਸਿੰਘ ਹੈ। ਜੇਲ੍ਹ ਦੀ ਗਾਰਦ ਅਤੇ ਸਥਾਨਕ ਪੁਲਸ ਇਨ੍ਹਾਂ ਨੂੰ ਹੱਲਾਸ਼ੇਰੀ ਦਿੰਦੀ ਹੈ। ਉਹਨਾਂ ਪੁਲੀਸ ਮੁਖੀ ਨੂੰ ਇਹ ਵੀ ਦੱਸਿਆ ਕਿ ਪਰਿਵਾਰ ਨੂੰ ਲਗਾਤਾਰ ਬਲਜੀਤ ਕੌਰ ਵੱਲੋਂ ਧਮਕੀਆਂ ਮਿਲ ਰਹੀਆਂ ਹਨ ਅਤੇ ਥਾਣੇ ਵਾਲੇ ਪ੍ਰੀਵਾਰ ਨੂੰ ਸਮਝੌਤੇ ਲਈ ਮਜਬੂਰ ਕਰ ਰਹੇ ਸਨ। ਜਥੇਬੰਦੀਆਂ ਨੇ ਪੁਲਿਸ ਮੁਖੀ ਨੂੰ ਸਾਫ਼ ਕਿਹਾ ਕਿ ਜੇ ਪੀੜਤ ਪਰਿਵਾਰ ਨੂੰ ਇਨਸਾਫ ਨਾ ਮਿਲਿਆ ਤਾਂ ਛੇਤੀ ਹੀ ਮੀਟਿੰਗ ਕਰਕੇ ਪੁਲਿਸ ਥਾਣਾ ਨਇਆ ਵਾਲਾ ਵਿਖੇ ਧਰਨਾ ਲਾਇਆ ਜਾਵੇਗਾ।

**ਜਮਹੂਰੀ ਅਧਿਕਾਰ ਸਭਾ ਦੀ ਜ਼ਿਲ੍ਹਾ ਇਕਾਈ ਬਠਿੰਡਾ ਦਾ ਸ਼ਲਾਘਾਯੋਗ ਰੋਲ :** ਇਸ ਅਗਵਾ ਕਾਂਡ ਬਾਰੇ ਅਖਬਾਰਾਂ ਚੋਂ ਪਤਾ ਲੱਗਦਿਆਂ ਹੀ ਜਮਹੂਰੀ ਅਧਿਕਾਰ ਸਭਾ ਦੀ ਜ਼ਿਲ੍ਹਾ ਇਕਾਈ ਬਠਿੰਡਾ ਹਰਕਤ ਵਿੱਚ ਆਈ ਅਤੇ ਉਸ ਨੇ ਪੜਤਾਲ ਕਰਨ ਲਈ ਇੱਕ ਟੀਮ ਗਠਿਤ ਕੀਤੀ ਇਸ ਵਿੱਚ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਪ੍ਰੈਸ ਸਕੱਤਰ ਡਾਕਟਰ ਅਜੀਤਪਾਲ ਸਿੰਘ ਰੇਖਾ ਰਾਣੀ ਤੇ ਹਰਬੰਸ ਕੌਰ ਸ਼ਾਮਿਲ ਸਨ।ਸਭਾ ਦੀ ਟੀਮ ਨੇ ਘਟਨਾ ਵਾਲੀ ਥਾਂ ਤੇ ਜਾ ਕੇ ਮੌਕੇ ਦਾ ਜਾਇਜ਼ਾ ਲੈਣ ਪਿੱਛੋਂ ਪੀੜਤ ਪਰਿਵਾਰ ਦੇ ਮੈਂਬਰਾਂ ਅਗਵਾ ਦਾ ਸ਼ਿਕਾਰ ਹੋਈ ਲੜਕੀ ਉਸ ਦੀ ਮਾਂ ਮਿੰਟੂ ਦੇਵੀ ਦੇ ਪਿਤਾ ਬਲਦੇਵ ਸਿੰਘ ਸਾਹਨੀ ਦੇ ਬਿਆਨ ਕਲਮਬੰਦ ਕੀਤੇ ਅਤੇ ਜਨਤਕ ਜੱਥੇਬੰਦੀਆਂ ਦੇ ਨੁਮਾਇੰਦਿਆਂ ਤੋਂ ਜਾਣਕਾਰੀ ਲਈ ਅਤੇ ਇਸ ਕੇਸ ਨਾਲ ਸਬੰਧਤ ਦਰਜ ਐੱਫ ਆਈ ਆਰ ਦੀ ਕਾਪੀ ਵੀ ਹਸਿਲ ਕੀਤੀ। ਸਭਾ ਦੀ ਟੀਮ ਦੇ ਮੈਂਬਰਾਂ ਨੇ ਨੋਟ ਕੀਤਾ ਕਿ ਇਹ ਮਜ਼ਦੂਰ ਪਰਿਵਾਰ ਦੇ ਚਾਰ ਧੀਆਂ ਅਤੇ ਤਿੰਨ ਪੁੱਤਰ ਹਨ। ਇਹ ਪ੍ਰਵਾਸੀ ਪਰਿਵਾਰ ਨਵੀਂ ਜੇਲ੍ਹ ਦੀ ਉਸਾਰੀ ਵੇਲੇ ਤੋਂ ਹੀ ਇੱਥੇ ਟਿਕਿਆ ਹੋਇਆ ਹੈ ਅਤੇ ਦੂਜਿਆਂ ਥਾਵਾਂ ਤੋਂ ਵੀ ਲੇਬਰ ਲਿਆ ਕੇ ਜੇਲ੍ਹ ਵਾਲਿਆਂ ਨੂੰ ਦਿੰਦਾ ਹੈ ਜਿਸ ਕਰਕੇ ਇਸ ਨੂੰ ਠੇਕੇਦਾਰ ਦਾ ਪਰਿਵਾਰ ਕਿਹਾ ਜਾਂਦਾ ਹੈ। ਪਰਿਵਾਰ ਨੇ ਟੀਮ ਨੂੰ ਉਹ ਅਹਾਤਾ ਵੀ ਦਿਖਾਇਆ ਜਿੱਥੇ ਬਲਜੀਤ ਕੌਰ ਆਪਣਾ ਕੰਮ ਚਲਾਉਂਦੀ ਹੈ ਪਰ ਉਹ ਬੰਦ ਪਿਆ ਸੀ। ਸਭਾ ਦੇ ਵਕੀਲ ਮੈਂਬਰ ਨੇ ਐਫਆਈਆਰ ਪੜ੍ਹ ਕੇ ਦੱਸਿਆ ਕਿ ਇਸ ਵਿੱਚ ਅਗਵਾ ਦੀ ਘਟਨਾ ਸਬੰਧੀ ਧਾਰਾ 364-365 ਪੁਲਿਸ ਨੇ ਨਹੀਂ ਲਾਈ ਇਸ ਕਰਕੇ ਇਹ ਕੇਸ ਕਮਜ਼ੋਰ ਹੀ ਦਰਜ ਹੋਇਆ ਹੈ। ਸਭਾ ਨੇ ਇਹ ਵੀ ਮਹਿਸੂਸ ਕੀਤਾ ਕਿ ਪੁਲਿਸ ਪਰਿਵਾਰ ਨੂੰ ਸਮਝੌਤੇ ਲਈ ਤਾਂ ਮਜਬੂਰ ਕਰ ਰਹੀ ਹੈ ਪਰ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਬਜਾਏ ਉਨ੍ਹਾਂ ਦੀ ਤਰਫਦਾਰੀ ਕਰ ਰਹੀ ਹੈ। ਅਗਵਾਕਾਰਾਂ ਦੀ ਮੁੱਖੀ ਸ਼ਰੇਆਮ ਪਰਿਵਾਰ ਨੂੰ ਘਰ ਜਾ ਕੇ ਧਮਕੀਆਂ ਦਿੰਦੀ ਹੈ। ਇਹ ਸਾਰਾ ਕੁਝ ਪੁਲਿਸ ਦੇ ਧਿਆਨ ਵਿੱਚ ਹੋਣ ਦੇ ਬਾਵਜੂਦ ਪੁਲਿਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦੀ ਬਜਾਏ ਰਫ਼ਾ ਦਫ਼ਾ ਕਰਨ ਲੱਗੀ ਹੋਈ ਹੈ। ਵੀਹ ਅਕਤੂਬਰ ਨੂੰ ਜ਼ਿਲ੍ਹਾ ਪੁਲਿਸ ਮੁੱਖੀ ਡਾਕਟਰ ਨਾਨਕ ਸਿੰਘ ਦੀ ਰਿਹਾਇਸ਼ ਤੇ ਸਭਾ ਦਾ ਇੱਕ ਵਫ਼ਦ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਦੀ ਅਗਵਾਈ ਵਿੱਚ ਮਿਲਿਆ ਜਿਸ ਵਿੱਚ ਜ਼ਿਲ੍ਹਾ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਪ੍ਰੈਸ ਸਕੱਤਰ ਅਜੀਤਪਾਲ ਸਿੰਘ ਮੀਤ ਪ੍ਰਧਾਨ ਪ੍ਰਿੰਸੀਪਲ ਰਣਜੀਤ ਸਿੰਘ ਰੇਖਾ ਰਾਣੀ ਐਡਵੋਕੇਟ ਸੰਦੀਪ ਸਿੰਘ ਤੇ ਜਸਪਾਲ ਮਾਨਖੇੜਾ ਸ਼ਾਮਿਲ ਹੋਏ।ਵਫਦ ਨੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਸਾਰੀ ਘਟਨਾ ਵਿਸਥਾਰ ਸਹਿਤ ਦੱਸਦਿਆਂ ਉਸ ਦੀ ਗੰਭੀਰਤਾ ਦਾ ਅਹਿਸਾਸ ਕਰਵਾਇਆ ਅਤੇ ਪੁਲਿਸ ਵਲੋਂ ਵਰਤੀ ਜਾ ਰਹੀ ਅਣਗਹਿਲੀ ਬਾਰੇ ਰੋਸ ਜਾਹਿਰ ਕਰਦਿਆਂ ਅਗਵਾ ਦੀ ਧਾਰਾ 364-365 ਜੋੜੇ ਜਾਣ ਦੀ ਮੰਗ ਕੀਤੀ। ਨਾਲ ਹੀ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਅਤੇ ਇਸ ਅਗਵਾ ਕਾਂਡ ਪਿੱਛੇ ਲੁਕਵੇਂ ਮਕਸਦ ਨੂੰ ਸਾਹਮਣੇ ਲਿਆਉਣ ਦੀ ਮੰਗ ਰੱਖੀ। ਇਹਨਾਂ ਮੰਗਾਂ ਬਾਰੇ ਪੁਲਿਸ ਮੁਖੀ ਨੇ ਤੁਰੰਤ ਥਾਣਾ ਇੰਚਾਰਜ ਨੂੰ ਹਦਾਇਤਾਂ ਜਾਰੀ ਕੀਤੀਆਂ। ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਤੇ ਬੀ ਕੇ ਯੂ ਕ੍ਰਾਂਤੀਕਾਰੀ ਦੀ ਅਗਵਾਈ ਵਿੱਚ ਚੱਲੇ ਇਸ ਘੋਲ ਕਾਰਨ ਇਲਾਕਾਂ ਪੁਲੀਸ ਨੂੰ ਐਫਆਈਆਰ ਵਿੱਚ ਅਗਵਾ ਦੀ ਧਾਰਾ 364-365 ਜੋੜ ਦਿੱਤੀ ਹੈ ਅਤੇ ਅਗਵਾ ਕਰਨ ਵਾਲੇ ਗਰੋਹ ਦੀ ਸਰਗਣਾ ਬਲਜੀਤ ਕੌਰ ਤੇ ਕੁਲਦੀਪ ਸਿੰਘ ਨੂੰ ਗ੍ਰਿਫਤਾਰ ਕਰਕੇ ਜੇਲ ਦਿੱਤਾ ਹੈ। ਜਨਤਕ ਜਥੇਬੰਦੀਆਂ ਤੇ ਜਮਹੂਰੀ ਅਧਿਕਾਰ ਸਭਾ ਦਾ ਅਜੇ ਵੀ ਇਹ ਵਿਚਾਰ ਹੈ ਕਿ ਇਸ ਅਗਵਾ ਕਾਂਡ ਪਿੱਛੇ ਕੰਮ ਕਰਦੇ ਗੁੱਝੇ ਮਕਸਦਾਂ ਨੂੰ ਸਾਹਮਣੇ ਲਿਆਉਣਾ ਬਣਦਾ ਹੈ ਅਤੇ ਪੁਲਸ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਪਿੱਛੋਂ ਉਨ੍ਹਾਂ ਦੀ ਪੁੱਛ ਪੜਤਾਲ ਇਸ ਨੁਕਤੇ ਨਿਗਾਹ ਤੋਂ ਸ਼ਾਇਦ ਨਹੀਂ ਕੀਤੀ ਹੈ। ਪ੍ਰਵਾਸੀ ਮਜ਼ਦੂਰ ਪਰਿਵਾਰਾਂ ਦੀ ਸੁਰੱਖਿਅ ਦਾ ਇਹ ਇੱਕ ਗੰਭੀਰ ਮਾਮਲਾ ਹੈ ਖਾਸ ਕਰਕੇ ਨਾਬਾਲਗ ਬੱਚੀਆਂ ਅਤੇ ਔਰਤਾਂ ਅਜਿਹੇ ਮਾਹੌਲ ਵਿੱਚ ਸੁਰੱਖਿਅਤ ਨਹੀਂ ਹਨ। ਮਜ਼ਦੂਰ ਔਰਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਤੇ ਹੁੰਦੇ ਜਬਰ ਜ਼ੁਲਮ ਦੀ ਇਹ ਉੱਘੜਵੀਂ ਮਿਸਾਲ ਹੈ। ਪੁਲਿਸ ਅਧਿਕਾਰੀਆਂ ਦਾ ਮਜ਼ਦੂਰ ਪਰਿਵਾਰਾਂ ਖਾਸ ਕਰਕੇ ਔਰਤਾਂ ਪ੍ਰਤੀ ਗ਼ੈਰ ਜ਼ਿੰਮੇਵਾਰਾਨਾ ਵਤੀਰਾ ਇਸ ਘਟਨਾ ਨੇ ਬੇਪੜ੍ਹਦ ਕੀਤਾ ਹੈ। ਪ੍ਰਵਾਸੀ ਮਜ਼ਦੂਰ ਪਰਿਵਾਰਾਂ ਦੀਆਂ ਬੱਚੀਆਂ ਦੀ ਸੁਰੱਖਿਆ ਵਿੱਚ ਪੁਲੀਸ ਦੀ ਅਣਗਹਿਲੀ ਕਰਕੇ ਮੁਜਰਿਮ ਅਨਸਰਾਂ ਨੂੰ ਗ਼ਲਤ ਸੰਦੇਸ਼ ਦਿੱਤਾ ਗਿਆ ਹੈ। ਇਲਾਕੇ ਦੇ ਪੁਲਸ ਅਧਿਕਾਰੀਆਂ ਦੇ ਅਜਿਹੇ ਵਤੀਰੇ ਅਤੇ ਭੂਮਿਕਾ ਦੀ ਵੀ ਪੜਤਾਲ ਹੋਣੀ ਚਾਹੀਦੀ ਹੈ ਜੋ ਅਗਵਾ ਕਰਨ ਵਾਲੇ ਅਨਸਰਾ ਪ੍ਰਤੀ ਨਰਮ ਰੁਖ ਹੀ ਨਹੀਂ ਅਪਣਾ ਰਹੇ ਬਲਕਿ ਉਹਨਾਂ ਦੀ ਤਰਫਦਾਰੀ ਕਰਦੇ ਹਨ।

**ਸੁਖਪਾਲ ਸਿੰਘ ਖਿਆਲੀਵਾਲਾ**
**ਸੂਬਾਈ ਸਕੱਤਰ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ**

# ਕਿਸਾਨੀ ਖੁਦਕੁਸ਼ੀਆਂ ਦਾ ਕੌੜਾ-ਸੱਚ



ਜਤਵਿੰਦਰ ਕੌਰ ਗਾਗਾ
84271-90549

ਕੁੱਝ ਕੁ ਮਹੀਨੇ ਪਹਿਲਾਂ ਮੈਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਪ੍ਰੋਜੈਕਟ ਅਧੀਨ Suicidal Farmers ਦੇ ਸੰਬੰਧੀ ਇੰਟਰਵਿਊਜ਼ ਕੀਤੀਆਂ। ਮੇਰੇ ਕੰਮ ਦਾ ਮੁੱਖ ਮਕਸਦ ਸੀ ਕਿ ਅਜਿਹੇ ਕਿਸਾਨ ਜੋ ਅਸਲੋਂ ਗਰੀਬ ਹਨ ਅਤੇ ਚਿੰਤਾਂ ਪਰੇਸ਼ਾਨੀ ਕਰਕੇ ਆਤਮ-ਹੱਤਿਆ ਦੀ ਕੋਸ਼ਿਸ਼ ਕਰ ਚੁੱਕੇ ਹਨ ਜਾਂ ਇੰਨੀਂ ਕੁ ਚਿੰਤਾਂ ਵਿੱਚ ਹਨ ਕਿ ਆਉਣ ਵਾਲੇ ਸਮੇਂ ਵਿੱਚ ਕੋਈ ਅਣਹੋਣੀ ਹੋ ਸਕਦੀ ਹੈ ਅਤੇ ਉਹਨਾਂ ਦੇ ਪਰਿਵਾਰ ਇਸ ਵਿੱਚੋਂ ਸਫ਼ਰ ਕਰ ਰਹੇ ਹਨ। ਉਹਨਾਂ ਦੀ ਇਸ ਚਿੰਤਾਂ ਦਾ ਕਾਰਨ ਲੱਭ ਕੇ ਉਹਨਾਂ ਨੂੰ ਮਾਨਸਿਕ ਤੌਰ 'ਤੇ ਇਸ ਭੈੜੀ ਸੋਚ ਨਾਲ ਲੜਨ ਦੇ ਕਾਬਿਲ ਬਣਾ ਕੇ ਚੰਗਾ ਕਿਸਾਨ ਬਣਨ ਵਿੱਚ ਮਦਦ ਕਰ ਸਕਾਂ। ਸੋ ਮੈਂ ਉਹਨਾਂ ਕਿਸਾਨਾਂ ਨਾਲ ਕੰਮ ਕਰਨ ਬਾਰੇ ਸੋਚਿਆ ਜੋ ਕਿ 3-5 ਕਿੱਲਿਆਂ ਦੇ ਮਾਲਕ ਹਨ ਅਤੇ ਕਰਜ਼ੇ ਦੀ ਮਾਰ ਝੱਲ ਰਹੇ ਹਨ। ਮੈਂ ਸੰਗਰੂਰ ਜ਼ਿਲ੍ਹੇ ਦੇ ਪਿੰਡ ਉੱਭਾਵਾਲ ਵਿੱਚ ਆਪਣਾ ਇੱਕ ਕੰਮ ਕਰ ਰਹੀ ਹਾਂ ਅਤੇ ਹੁਣ ਤੱਕ 19 ਕਿਸਾਨਾਂ ਦੇ ਪਰਿਵਾਰਾਂ ਨੂੰ ਮਿਲ ਚੁੱਕੀ ਹਾਂ ਅਤੇ ਪੂਰੀ ਜਾਣਕਾਰੀ ਅਤੇ ਸਹੀ ਤੱਥਾਂ ਦੀ ਪੜਚੋਲ ਲਈ ਮੈਂ ਸਮੇਂ-ਸਮੇਂ ਤੇ ਪਿੰਡ ਵਿਚ ਕਈ-ਕਈ ਦਿਨ ਰਹਿ ਕੇ ਆਉਂਦੀ ਹਾਂ। ਮੈਂ ਇਹ ਦਾਅਵਾ ਕਰਦੀ ਹਾਂ ਕਿ ਜੋ ਲੋਕ ਇਹ ਕਹਿੰਦੇ ਹਨ ਕਿ ਕਿਸਾਨ ਤਾਂ ਮਰਦੇ ਨੇ ਕਿ ਆਲੀਸ਼ਾਨ ਕੋਠੀਆਂ, ਵਧੇਰੇ ਸੰਦ, ਮਹਿੰਗੇ ਵਿਆਹ, ਹੋਰ ਪਤਾ ਨਹੀਂ ਕੀ-ਕੀ ਮੈਂ ਉਹਨਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਜੇਕਰ ਸੱਚੀ ਉਹਨਾਂ ਦੀ ਜ਼ਿੰਦਗੀ ਵਾਲਾ ਸੱਚ ਜਾਣਨਾ ਹੈ ਤਾਂ ਕਦੇ ਪਿੰਡਾਂ ਵਿੱਚ ਰਹਿ ਕੇ ਉਹਨਾਂ ਦੇ ਵਿੱਚ ਵਿਚਰ ਕੇ ਜਾਣਨ ਨਾ ਕਿ ਸਿਰਫ਼ ਮਾੜਾ ਮੋਟਾ ਦੇਖ ਕੇ ਜਾਂ ਸੁਣ ਕੇ ਸਿੱਧਾ ਹੀ ਅਖ਼ਬਾਰਾਂ ਨੂੰ ਲਿਖ ਸੁੱਟਣ। ਮੈਂ ਜੋ ਉਹਨਾਂ ਦੇ ਕਰਜ਼ੇ ਦਾ ਕਾਰਨ ਦੇਖਿਆ ਉਹ ਬਿਲਕੁਲ ਜਾਇਜ਼ ਸੀ ਅਤੇ ਜਿੱਥੇ ਕਿ ਮੈਂ ਇਹ ਮਹਿਸੂਸ ਕੀਤਾ ਕਿ ਅਜਿਹੇ ਕਿਸਾਨਾਂ ਨੂੰ ਸੱਚ ਮੁੱਚ



ਹੀ ਮਦਦ ਦੀ ਜ਼ਰੂਰਤ ਹੈ, ਬਜਾਇ ਕਿ ਉਹਨਾਂ ਨੂੰ ਅੱਖੋਂ ਉਹਲੇ ਕਰਨ ਦੇ। ਜਿੰਨ੍ਹਾਂ ਕਿਸਾਨਾਂ ਬਾਰੇ ਮੈਂ ਜਾਣਿਆ ਉਹਨਾਂ ਵਿੱਚੋਂ ਕਈ ਵੱਡੇ ਐਕਸੀਡੈਂਟਾਂ ਕਰਕੇ, ਪਰਿਵਾਰ ਦੇ ਮੋਹਰੀ ਦਾ ਮੰਜੇ 'ਤੇ ਬੈਠਣਾ, ਕੈਂਸਰ ਵਰਗੀਆਂ ਬਿਮਾਰੀਆਂ, ਹੋਰ ਵੀ ਪਤਾ ਨਹੀਂ ਕਿਹੜੀਆਂ ਕਿਹੜੀਆਂ ਲੰਮੀਆਂ ਬਿਮਾਰੀਆਂ ਕਰਕੇ ਕਰਜ਼ੇ ਹੇਠ ਦੇਖੇ ਗਏ। ਜਿੱਥੇ ਕਿ ਸੁਣਿਆ ਜਾਂਦੇ ਜਾਂ ਰੋਜ਼ਾਨਾਂ ਅਖ਼ਬਾਰਾਂ ਵਿੱਚ ਪੜ੍ਹਿਆ ਵੀ ਜਾਂਦੈ ਕਿ ਕਿਸਾਨ ਆਲੀਸ਼ਾਨ ਘਰ ਬਣਾਉਂਦੇ ਨੇ ਤਾਂ ਕਰਕੇ ਕਰਜ਼ੇ ਦਾ ਸ਼ਿਕਾਰ ਹੁੰਦੇ ਹਨ, ਉੱਥੇ ਮੈਂ ਉਹਲਾਂ ਦੇ ਘਰਾਂ ਦੀਆਂ ਕੱਚੀਆਂ ਛੱਤਾਂ ਥੰਮੀਆਂ ਦੇ ਸਹਾਰੇ ਵੀ ਖੜ੍ਹੀਆਂ ਦੇਖੀਆਂ ਨੇ, ਜੇ ਕਿਸੇ ਨੂੰ ਝੂਠ ਲੱਗੇ ਤਾਂ ਮੇਰੇ ਨਾਲ ਸੰਪਰਕ ਕਰਕੇ ਉਹਨਾਂ ਨੂੰ ਮਿਲ ਸਕਦੈ। ਉਹਨਾਂ ਨੂੰ ਇੱਥੇ ਮੈਨੂੰ ਕਹਿਣਾ ਪਿਆ ਸੀ ਕਿ ਅੰਕਲ ਜੀ ਰੱਬ ਨੇ ਮਿਹਰ ਕੀਤੀ ਤਾਂ ਸੋਚ ਲੈਣਾ ਘਰ ਠੀਕ ਕਰਵਾਉਣ ਬਾਰੇ ਨਹੀਂ ਤਾਂ ਹੋਰ ਪੀ ਨੁਕਸਾਨ ਹੋ ਸਕਦੈ। ਇੱਕ ਘਰ ਤਾਂ ਅਜਿਹਾ ਵੀ ਦੇਖਿਆ ਜਿੱਥੇ ਛੋਟੇ ਜਿਹੇ ਖੋਲ੍ਹੇ ਵਿੱਚ ਦੋ ਭਰਾ ਰਹਿ ਰਹੇ ਹਨ ਜਿੰਨ੍ਹਾਂ ਵਿੱਚੋਂ ਇੱਕ ਅੰਨ੍ਹਾਂ ਹੈ ਅਤੇ ਦੂਸਰਾ ਕਰਜ਼ੇ ਕਰਕੇ ਦਿਮਾਗੀ ਤੌਰ ਤੇ ਪਾਗਲ ਹੋ ਗਿਆ ਹੈ। ਘਰ ਦੀ ਕਬੀਲਦਾਰੀ ਉਹਨਾਂ ਦੀ ਔਰਤਾਂ ਲੋਕਾਂ ਦੇ ਘਰੇ ਕੰਮ ਕਰਕੇ ਤੋਰਦੀਆਂ ਹਨ। ਇਸ ਪਿੰਡ ਵਿਚ ਇਕ ਘਰ ਉਹ ਵੀ ਸੀ ਜਿੱਥੇ ਕਿ ਤਿੰਨੇ ਹੀ ਪੀੜ੍ਹੀਆਂ ਦੇ ਮਰਦ ਕਰਜ਼ੇ ਦੀ ਮਾਰ ਨਾ ਸਹਾਰਦੇ ਹੋਏ ਆਤਮ ਹੱਤਿਆਵਾਂ ਕਰ ਗਏ, ਉਹਨਾਂ ਦੀਆਂ ਤਿੰਨੇ ਵਿਧਵਾਵਾਂ, ਸਰੀਰਕ, ਸਮਾਜਿਕ, ਆਰਥਿਕ ਅਤੇ ਮਾਨਸਿਕ ਅਨੇਕਾਂ ਹੀ ਸਮੱਸਿਆਵਾਂ ਨਾਲ ਜੂਝ ਰਹੀਆਂ ਹਨ। ਇਸੇ ਕੰਮ ਦੇ ਦੌਰਾਨ ਮੈਨੂੰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਕਿਸਾਨ ਮੇਲੇ ਵਿੱਚ ਜਾਣ ਦਾ ਮੌਕਾ ਮਿਲਿਆ, ਜਿੱਥੇ ਕਿ ਮੈਂ ਬਹੁਤ ਅਜਿਹੇ ਕਿਸਾਨਾਂ ਨੂੰ ਮਿਲੀ ਜੋ ਕਿ ਅਨੇਕਾਂ ਪ੍ਰਕਾਰ ਦੀਆਂ ਦਿਮਾਗੀ ਸਮੱਸਿਆਵਾਂ ਦਾ ਸ਼ਿਕਾਰ ਹਨ, ਖਾਸ ਕਰ ਮਾਲਵੇ, ਅਜਿਹੀਆਂ ਸਮੱਸਿਆਵਾਂ ਬਾਅਦ ਵਿੱਚ ਆਤਮ-ਹੱਤਿਆਵਾਂ ਦਾ ਕਾਰਨ ਬਣਦੀਆਂ ਹਨ।

ਸੋ ਇੰਨਾਂ ਕੁੱਝ ਦੇਖਣ ਤੋਂ ਬਾਅਦ ਮੈਂ ਇਹੀ ਕਹਿਣਾ ਚਾਹਾਂਗੀ ਕਿ ਜੇਕਰ ਸਰਕਾਰ ਇਹਨਾਂ ਕਿਸਾਨਾਂ ਦੀਆਂ ਦਿਮਾਗੀ ਸਮੱਸਿਆਵਾਂ ਦਾ ਹੱਲ ਕਰੇ ਤੇ ਜਾਂ ਫਿਰ ਕਰਜ਼ੇ ਮੁਆਫ਼ੀ ਬਾਰੇ ਸੋਚੇ, ਤਾਂ ਉਹ ਜਿੰਨ੍ਹੇ ਵੀ ਸੱਚੇ ਅੰਕੜੇ ਮਿਲਣਗੇ ਮੈਂ ਪੂਰੀ ਮਿਹਨਤ ਕਰਕੇ ਆਪਣਾ ਕੰਮ ਬਾਖੂਬੀ ਕਰਾਂਗੀ, ਤਾਂ ਜੋ ਲੋੜਵੰਦ ਕਿਸਾਨ ਫੈਲਸੂਫੀਆਂ ਤੋਂ ਬਿਨਾਂ ਕਰਜ਼ੇ ਦਾ ਸ਼ਿਕਾਰ ਹੋਏ ਹਨ ਉਹ ਹੱਤਿਆਵਾਂ ਤੋਂ ਮੁਕਤ ਜ਼ਿੰਦਗੀ ਜੀ ਸਕਣ ਅਤੇ ਹਰੇਕ ਪ੍ਰਕਾਰ ਦੀਆਂ ਸਮੱਸਿਆਵਾਂ ਨਾਲ ਜੂਝ ਸਕਣ।

## ਰਿਸ਼ਤਾ ਕੰਧੋਂ ਪਾਰ ਦਾ : ਮਾਂ ਉਰਫ ਭਾਬੀ

ਪਿਛਲੇ ਦਸੰਬਰ ਮੈਂ ਕਿਸੇ ਕੰਮ ਦੇ ਸਿਲਸਿਲੇ ਵਿੱਚ ਆਪਣੀ ਦੀਦੀ ਕਰਮੀ ਦੇ ਘਰ ਗਈ ਅਤੇ 4-5 ਦਿਨ ਵਾਸਤੇ ਰੁਕਣਾ ਪਿਆ। ਘਰ ਦੇ ਸਾਰੇ ਮੈਂਬਰਾਂ ਨਾਲ ਪਿਆਰ ਪੈਣ ਕਰਕੇ ਮੇਰਾ ਆਉਣ ਜਾਣ ਕਾਫ਼ੀ ਵਧ ਗਿਆ। ਸਮਾਜ ਕਾਰਜ ਦੀ ਪੜ੍ਹਾਈ ਕਰਕੇ ਮੇਰੇ ਤੋਂ ਸਾਰੇ ਇਹੀ ਆਸ ਕਰ ਲੈਂਦੇ ਹਨ ਕਿ ਸਾਡੀ ਕੁੜੀ ਇਸ ਸਮੱਸਿਆ ਦਾ ਕੋਈ ਹੱਲ ਕੱਢੂ। ਸੋ ਮੈਂ ਦੀਦੀ ਘਰ ਬੈਠੀ ਸਾਰੇ ਪਰਿਵਾਰ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਬਾਰੇ ਗੱਲਾਂ-ਬਾਤਾਂ ਕਰ ਰਹੀ ਸੀ, ਜਿੰਨ੍ਹਾਂ ਵਿੱਚੋਂ ਕਿ ਬੇਬੇ ਬਾਪੂ ਨੂੰ ਮੇਰੀਆਂ ਕਈ ਗੱਲਾਂ ਜਚੀਆਂ, ਆਥਣ ਦਾ ਵੇਲਾ ਸੀ ਮੈਂ ਦੀਦੀ ਦੀ ਮੰਮੀ ਨਾਲ ਧਾਰ ਕਢਾਉਣ ਹੀ ਲੱਗੀ ਸੀ, ਉਸਤੋਂ ਪਹਿਲਾਂ ਹੀ ਬੇਬੇ ਨੇ ਟੋਕਦੇ ਕਿਹਾ ਕਿ ਪੁੱਤ ਆਪਣੇ ਗੁਆਂਢ ਵਿੱਚ ਇੱਕ ਮੁੰਡਾ ਰਹਿੰਦਾ ਬਲਾਈਂ ਚੰਗਾ, ਛੋਟੀ ਉਮਰੇ ਵਿਆਹ ਹੋ ਗਿਆ ਪਰ ਚੰਦਰਾ ਘਰ ਰੋਲੀ ਜਾਂਦੈ ਆਪਣਾ। ਬਹੁ ਵੀ ਸੁੱਖ ਨਾਲ ਬਥੇਰੀ ਸਿਆਣੀ ਐ, ਪਰ ਗਰੀਬ ਘਰ ਦੀ ਹੋਣ ਕਰਕੇ ਕੱਟੀ ਜਾਂਦੀ ਹੈ ਵਿਚਾਰੀ ਔਖੀ-ਸੌਖੀ ਜੇ ਤੂੰ ਉਸ ਮੁੰਡੇ ਨਾਲ ਗੱਲ ਕਰਕੇ ਸਮਝਾਦੇ ਤਾਂ ਰੱਬ ਤੇਰੀ ਭਲੀ ਕਰੂ। ਮੈਂ ਬੇਬੇ ਦਾ ਕਿਹਾ ਮੰਨ ਕੇ ਉਸੇ ਵੇਲੇ ਉਸ ਵੀਰ ਦੇ ਘਰ ਚਲੀ ਗਈ। ਪਹਿਲਾਂ ਤਾਂ ਅਣਜਾਣ ਕਰਕੇ ਮੇਰੇ ਨਾਲ ਨਾ ਬੋਲਿਆ, ਪਰ ਫੇਰ ਬੇਬੇ ਨੇ ਕਿਹਾ ਮੇਰੀਓ ਪੋਤੀ ਆ ਬਾਹਰੇ ਪੜ੍ਹਦੀ ਆ ਪਟਿਆਲੇ ਤਾਂ ਵੀਰਾ ਥੋੜ੍ਹਾ ਠੀਕ ਹੋ ਕੇ ਬੈਠ ਗਿਆ। ਵੀਰਾ ਸੱਚੀ ਬਹੁਤ ਚੰਗਾ ਅਤੇ ਨਿੱਘੇ ਸੁਭਾਅ ਦਾ, ਸੋ ਮੈਂ ਵੀ ਚੰਗਾ ਮਹਿਸੂਸ ਕੀਤਾ। ਵੀਰ ਸੋਫੀ ਸੀ ਉਸ ਦਿਨ ਬਹੁਤ ਚਾਅ ਨਾਲ ਭਾਬੀ ਤੋਂ ਚਾਹ ਬਣਵਾਈ, ਚਾਹ ਪੀਣ ਤੋਂ ਬਾਅਦ ਉਸਦੇ ਸ਼ਰਾਬ ਪੀਣ ਨੂੰ ਲੈ ਕੇ ਘਰ ਦੀ ਮਾੜੀ ਹਾਲਤ ਬਾਰੇ ਗੱਲ ਛਿੜਨੀ ਲਾਜ਼ਮੀ ਸੀ। ਘਰ ਦੇ ਇੱਕ ਕਮਰੇ ਅੰਦਰ ਸਾਰਾ ਸਮਾਨ ਸੁੱਟਿਆ ਪਿਆ ਸੀ ਤੇ ਦੂਸਰੇ ਵਿੱਚ ਅੱਧੇ ਵਿੱਚ ਤੂੜੀ ਤੇ ਪਸ਼ੂ। ਮੈਂ ਸੁਤੇ ਸੁਭਾ ਈ ਪੁੱਛ ਲਿਆ ਕਿ ਵੀਰੇ ਮੰਮੀ ਪਾਪਾ ਕੀ ਕਰਦੇ ਨੇ ਵੀਰੇ ਨੇ ਕਿਹਾ ਭੈਣੇ ਪਿਓ ਮਰ ਗਿਆ, ਮਾਂ ਬਸ ਲਗਭਗ ਮਰਿਆਂ ਵਰਗੀ ਆ। ਮੈਂ ਕਿਹਾ ਕੋਈ ਨਾ ਵੀਰੇ ਜੇਕਰ ਰੱਬ ਨੇ ਤੁਹਾਡੇ ਨਾਲ ਇੰਨੀ ਬੁਰੀ ਕੀਤੀ ਵੀ ਆ, ਪਰ ਹੁਣ ਤਾਂ ਘਰ ਭਾਬੀ ਅਤੇ ਤੁਹਾਡਾ ਜੁਆਕ ਵੀ ਆ, ਕੀ ਤੁਹਾਨੂੰ ਸ਼ਰਾਬ ਛੱਡ ਕੇ ਕਬੀਲਦਾਰੀ ਨੀਂ ਸਾਂਭਣੀ ਚਾਹੀਦੀ? ਇੰਨੀਓਂ ਗੱਲ ਕਰਨ ਦੀ ਦੇਰ ਸੀ ਕਿ ਵੀਰਾ ਭੁੱਬਾ ਮਾਰ ਕੇ ਰੋਣ ਲੱਗ ਪਿਆ ਕਹਿੰਦਾ, ਬਸ ਭੈਣੇ ਪੁੱਛ ਨਾ ਰੱਬ ਕੀ-ਕੀ ਦਿਨ ਦਿਖਾ ਦਿੰਦੇ, ਜੋ ਮੇਰੇ ਨਾਲ ਹੋਈ ਰੱਬ ਕਰੇ ਕਿਸੇ ਨਾਲ ਵੀ ਨਾ ਹੋਵੇ। ਮੈਂ ਵੀਰੇ ਨੂੰ ਮੋਢੇ ਤੋਂ ਫੜਿਆ ਅਤੇ ਪਾਣੀ ਦਿੱਤਾ, ਤੇ ਕਿਹਾ ਕਿ ਚੱਲੋਂ ਵੀਰੇ ਕੋਈ ਨਾ ਹੁਣ ਤੁਸੀਂ ਸਾਰਾ ਗੁੱਭ-ਗੁਲਾਟ ਮੇਰੇ ਕੋਲ ਕੱਢ ਸਕਦੇ ਹੋ ਸ਼ਾਇਦ ਮੈਂ ਤੁਹਾਡੀ ਕੋਈ ਮਦਦ ਕਰ ਸਕਦੀ ਹੋਵਾਂ। ਹਓਕਾ ਲੈ ਕੇ ਵੀਰਾ ਕਹਿੰਦਾ ਕਿ ਭੈਣੇ ਮੈਂ ਮੰਨਦਾ ਕਿ ਮੇਰੇ ਘਰਵਾਲੀ ਰੱਬ ਆ ਵਿਚਾਰੀ ਸਾਰੇ ਕੰਮ-ਕਾਰ ਵੀ ਦੇਖਦੀ ਆ ਅਤੇ ਮੈਨੂੰ ਵੀ ਝੱਲਦੀ ਹੈ, ਪਰ ਉਸ ਕੰਧ ਤੋਂ ਪਾਰ ਦੇ ਰਿਸ਼ਤੇ ਦਾ ਕੀ ਕਰਾਂ ਜੋ ਮੈਨੂੰ ਮੇਰਾ ਘਰ ਉਜਾੜਨ ਤੇ ਦਾਰੂ ਪੀਣ ਤੇ ਮਜ਼ਬੂਰ ਕਰਦੈ? ਮੈਂ ਹੈਰਾਨ ਜਹੀ ਹੋਈ ਤਾਂ ਵੀਰੇ ਨੇ ਦੱਸਿਆ ਕਿ ਭੈਣੇ ਮੇਰੇ ਪਿਓ ਦੀ ਮੌਤ ਤੋਂ ਬਾਅਦ ਮੇਰੀ ਮਾਂ ਨੇ ਜ਼ਮੀਨ ਆਪਣੇ ਨਾਮ ਕਰਵਾ ਕੇ ਮੇਰੇ ਚਾਚੇ ਦੇ ਮੁੰਡੇ ਨਾਲ ਵਿਆਹ ਕਰਵਾ ਲਿਆ ਅਤੇ ਚਾਚੇ ਦੀ ਨੂੰਹ ਬਣੀ ਆਹ ਕੰਧ ਦੇ ਦੂਜੇ ਪਾਸੇ ਰਹਿੰਦੀ ਐ। ਹੁਣ ਤੂੰ ਹੀ ਦੱਸ ਲੋਕਾਂ ਅੱਗੇ ਉਸਨੂੰ ਮਾਂ ਕਹਾਂ ਜਾਂ ਭਾਬੀ, ਹੁਣ ਤੂੰ ਹੀ ਦੱਸ ਮੈਂ ਕਿਵੇਂ ਹਟ ਜਾਵਾਂ ਸ਼ਰਾਬ ਪੀਣੋ, ਵੀਰੇ ਦੀ ਇਸ ਗੱਲ ਦਾ ਮੇਰੇ ਕੋਲ ਕੋਈ ਜੁਆਬ ਨਹੀਂ ਸੀ।

**ਜਤਵਿੰਦਰ ਕੌਰ ਗਾਗਾ**
84271-90549

***ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ***

# ਚੰਗੀ ਜ਼ਿੰਦਗੀ ਦੀ ਆਸ ਪਰ ਔਕੜਾਂ ਭਰਿਆ ਪ੍ਰਵਾਸ

**ਕੁਲਵਿੰਦਰ ਸਿੰਘ ਜੋਸਨ**
**ਵੈਨਕੂਵਰ, ਕੈਨੇਡਾ**



20ਵੀਂ ਸਦੀ ਦੀ ਸ਼ੁਰੂਆਤ ਵਿੱਚ ਉੱਤਰੀ ਅਮਰੀਕਾ ਮਹਾਂਦੀਪ ਦੇ ਵੱਡੇ ਮੁਲਕ ਕਨੇਡਾ ਦੀ ਧਰਤੀ ਵੱਲ ਨੂੰ ਸ਼ੁਰੂ ਹੋਇਆ ਭਾਰਤੀ ਖਾਸ ਕਰਕੇ ਪੰਜਾਬੀ ਲੋਕਾਂ ਦਾ ਪਰਵਾਸ ਵੱਖੋ-ਵੱਖਰੇ ਪੜਾਵਾਂ ਵਿੱਚੋਂ ਲੰਘਿਆ। ਇਸ ਸਫਰ ਦੌਰਾਨ ਕਨੇਡੀਅਨ ਇਮੀਗਰੇਸ਼ਨ ਅਧਿਕਾਰੀਆਂ ਨਾਲ ਆਹਮੋ-ਸਾਹਮਣੇ ਦੀ ਟੱਕਰ ਦੀ ਨੌਬਤ ਵੀ ਆ ਗਈ। ਇੱਕ ਸਮੇਂ ਹਾਲਾਤ ਇਥੋਂ ਤੱਕ ਟਕਰਾਵੇਂ ਹੋ ਗਏ ਕਿ ਭਾਰਤੀ ਲੋਕਾਂ ਦੇ ਕਨੇਡਾ ਵਿੱਚ ਦਾਖਲੇ ਦਾ ਵਿਰੋਧ ਕਰਨ ਵਾਲੇ ਅੰਗਰੇਜ਼ ਇਮੀਗਰੇਸ਼ਨ ਅਧਿਕਾਰੀ ਹਾਪਕਿਨਸਨ ਦਾ ਗ਼ਦਰੀ ਮੇਵਾ ਸਿੰਘ ਲੋਪੋਕੇ ਨੇ ਵੈਨਕੂਵਰ ਦੀ ਅਦਾਲਤ ਵਿੱਚ ਗੋਲੀ ਮਾਰ ਕੇ ਕਤਲ ਤੱਕ ਕਰ ਦਿੱਤਾ। ਬੇਸ਼ੱਕ ਇਨ੍ਹਾਂ ਪਹਿਲੇ ਦੋ-ਤਿੰਨ ਦਹਾਕਿਆਂ ਦੌਰਾਨ ਆਏ ਪਰਵਾਸੀ ਬਹੁਤੇ ਪੜ੍ਹੇ ਲਿਖੇ ਨਹੀਂ ਸੀ ਪਰ ਆਉਂਦਿਆਂ ਹੀ ਉਹਨਾਂ ਆਪਣੇ-ਆਪ ਨੂੰ ਜੱਥੇਬੰਦ ਕਰ ਲਿਆ। ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰਾਂ ਨੂੰ ਕਨੇਡਾ ਵਿੱਚ ਦਾਖ਼ਲਾ ਦੁਆਉਣ ਲਈ ਲੜਿਆ ਸ਼ਾਨਾਮੱਤਾ ਸੰਘਰਸ਼ ਇਸ ਗੱਲ ਦਾ ਗਵਾਹ ਹੈ। ਇੰਝ ਇਹ ਪਰਵਾਸ ਦਾ ਵਰਤਾਰਾ ਲਗਾਤਾਰ ਚੱਲਦਾ ਰਿਹਾ ਤੇ 60ਵਿਆਂ ਦੇ ਦਹਾਕੇ ਵਿੱਚ ਦਲਾਲ ਭਾਰਤੀ ਹਾਕਮਾਂ ਵੱਲੋਂ ਥੋਪੇ ਅਖੌਤੀ ਹਰੇ ਇਨਕਲਾਬ ਨੇ ਖੇਤੀ ਖਰਚ ਵਧਾ ਕੇ ਕਿਸਾਨ ਕਰਜ਼ਈ ਕਰ ਦਿੱਤੇ ਜਿਸ ਕਾਰਨ ਵੀ ਇੱਕ ਵੱਡੇ ਹਿੱਸੇ ਨੂੰ ਪਰਵਾਸ ਦੀ ਮਾਰ ਝੱਲਣੀ ਪਈ। ਪਰ ਵੀਹਵੀਂ ਸਦੀ ਦੌਰਾਨ ਆਏ ਪਰਵਾਸੀਆਂ ਵਿੱਚ ਵਧੇਰੇ ਗਿਣਤੀ ਪ੍ਰਪੱਕ ਉਮਰ ਦੇ ਪਰਵਾਸੀਆਂ ਦੀ ਸੀ ਜਿਹੜੇ ਵਿਆਹ ਸਬੰਧਾਂ ਜਾਂ ਰਿਸ਼ਤੇਦਾਰਾਂ ਦੇ ਉਪਰਾਲਿਆਂ ਨਾਲ ਪਹੁੰਚੇ ਸਨ। ਪਰ ਇੱਕੀਵੀਂ ਸਦੀ ਦੀ ਸ਼ੁਰੂਆਤ ਵਿੱਚ ਕਨੇਡਾ ਦੀ ਧਰਤੀ ਤੇ ਆਉਣ ਵਾਲੇ ਪਰਵਾਸੀਆਂ ਵਿੱਚ ਇੱਕ ਨਵਾਂ ਵਰਗ ਸ਼ਾਮਲ ਹੁੰਦਾ ਹੈ ਇਹ ਵਰਗ ਸੀ ਵਿਦਿਆਰਥੀ ਵਰਗ। ਇਹ ਵਿਦਿਆਰਥੀ ਵਰਗ ਜਿੱਥੇ ਕਨੇਡੀਅਨ ਆਰਥਿਕਤਾ ਲਈ ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਸਾਬਤ ਹੋਇਆ ਉੱਥੇ ਕਾਰਪੋਰੇਟ ਜਗਤ ਲਈ ਵੀ ਸਸਤੀ ਕਿਰਤ ਦੀ ਸਪਲਾਈ ਲਾਇਨ ਬਣਿਆ। ਪਰ ਸਿਤਮ ਜ਼ਰੀਫੀ ਇਹ ਹੈ ਕਿ ਕਨੇਡਾ ਦੀ ਆਰਥਿਕਤਾ ਦਾ ਥੰਮ੍ਹ ਬਣਿਆ ਅਤੇ ਛੋਟੇ ਵੱਡੇ ਕਾਰੋਬਾਰਾਂ ਦੀ ਰੀੜ੍ਹ ਦੀ ਹੱਡੀ ਬਣਿਆ ਇਹ ਪਰਵਾਸੀ ਵਿਦਿਆਰਥੀ ਵਰਗ ਖੁਦ ਗੈਰ-ਜੱਥੇਬੰਦ ਹੈ ਅਤੇ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਵਿਅਕਤੀਗਤ ਪਹੁੰਚ ਤੱਕ ਸੀਮਤ ਹੈ। ਪਰ ਫਿਰ ਵੀ ਲੱਖ ਮੁਸ਼ਕਲਾਂ ਦੇ ਬਾਵਜੂਦ ਇਸ ਵਰਗ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਿਨ੍ਹਾਂ ਦੀ ਲੁੱਟ ਲਈ ਖੁੰਭਾਂ ਵਾਂਗੂੰ ਕਾਲਜ ਖੁੱਲ ਰਹੇ ਹਨ। ਕਨੇਡਾ ਦੀ 48 ਲੱਖ ਦੀ ਆਬਾਦੀ ਵਾਲੀ ਪ੍ਰੋਵਿੰਸ ਬ੍ਰਿਟਿਸ਼ ਕੋਲੰਬੀਆ 'ਚ ਹੀ 70 ਕਾਲਜ ਤੇ 15 ਯੂਨੀਵਰਸਿਟੀਆਂ ਹਨ। 'ਕਨੇਡੀਅਨ ਬਿਊਰੋ ਫਾਰ ਇੰਟਰਨੈਸ਼ਨਲ ਐਜੂਕੇਸ਼ਨ' ਦੇ ਅੰਕੜਿਆਂ ਮੁਤਾਬਕ ਕਨੇਡਾ ਦੇ ਕਾਲਜਾਂ ਵਿੱਚ ਸੰਨ 2017 ਵਿੱਚ ਪਰਵਾਸੀ ਵਿਦਿਆਰਥੀਆਂ ਦੀ ਗਿਣਤੀ 4,94,525 ਨੋਟ ਕੀਤੀ ਗਈ ਸੀ ਜਿਹੜੀ ਸੰਨ 2010 ਦੇ ਮੁਕਾਬਲੇ 119 ਫੀਸਦੀ ਵੱਧ ਸੀ ਅਤੇ ਲੰਘੇ ਸਾਲ 2016 ਦੇ ਮੁਕਾਬਲੇ 207 ਫੀਸਦੀ ਵੱਧ ਸੀ। ਇਨ੍ਹਾਂ ਪਰਵਾਸੀ ਵਿਦਿਆਰਥੀਆਂ ਵਿਚ ਸਭ ਤੋਂ ਵੱਧ ਗਿਣਤੀ ਦੋ ਏਸ਼ੀਆਈ ਮੁਲਕਾਂ ਚੀਨ ਅਤੇ ਭਾਰਤ ਦੀ ਹੈ। ਅੰਕੜਿਆਂ ਮੁਤਾਬਕ ਇਨ੍ਹਾਂ ਪਰਵਾਸੀ ਵਿਦਿਆਰਥੀਆਂ ਵਿਚੋਂ ਚੀਨ ਦੇ ਵਿਦਿਆਰਥੀਆਂ ਦੀ ਗਿਣਤੀ 28 ਫੀਸਦੀ ਅਤੇ ਭਾਰਤੀ ਵਿਦਿਆਰਥੀਆਂ ਦੀ 25 ਫੀਸਦੀ ਹੈ। ਇੰਝ ਅੱਗੇ ਭਾਰਤ 'ਚੋਂ ਬਹੁਤੇ ਵਿਦਿਆਰਥੀ ਪੰਜਾਬ 'ਚੋਂ ਹੀ ਪਰਵਾਸ ਕਰ ਰਹੇ ਹਨ। ਸੋ ਭਾਰਤੀ ਵਿਦਿਆਰਥੀਆਂ ਤੋਂ ਭਾਵ ਪੰਜਾਬ ਦੇ ਵਿਦਿਆਰਥੀ ਹੀ ਹਨ। ਸੋ ਕੀ ਹਨ ਉਹ ਸਮੱਸਿਆਵਾਂ ਤੇ ਮੁਸ਼ਕਲਾਂ ਜਿਨ੍ਹਾਂ ਨੂੰ ਹਰ ਵਿਦਿਆਰਥੀ ਨੂੰ ਝੱਲਣਾ ਪੈਂਦਾ ਹੈ ਆਓ ਵਿਚਾਰਦੇ ਹਾਂ।

**ਫੀਸਾਂ ਵਿਚਲਾ ਅੰਤਰ ਅਤੇ ਲਗਾਤਾਰ ਹੋ ਰਿਹਾ ਵਾਧਾ :** ਕਨੇਡਾ ਦੇ ਕਾਲਜਾਂ ਵਿੱਚ ਦਾਖਲਾ ਲੈਣ ਦੀ ਪਰਵਾਸੀ ਵਿਦਿਆਰਥੀਆਂ ਲਈ ਸਭ ਤੋਂ ਪਹਿਲੀ ਸ਼ਰਤ ਇਹ ਹੈ ਕਿ ਉਨ੍ਹਾਂ ਨੂੰ ਸਥਾਨਕ ਵਿਦਿਆਰਥੀਆਂ ਨਾਲੋਂ ਤਿੰਨ ਤੋਂ ਚਾਰ ਗੁਣਾ ਵੱਧ ਫੀਸ ਭਰਨੀ ਪੈਂਦੀ ਹੈ ਤੇ ਉਹ ਵੀ ਡਾਲਰਾਂ ਵਿੱਚ ਹੀ ਭਰਨੀ ਹੁੰਦੀ ਹੈ। ਜੇ ਕਿਸੇ ਸਥਾਨਕ ਵਿਦਿਆਰਥੀ ਦੀ ਕਾਲਜ ਦੀ ਇੱਕ ਸਮੈਸਟਰ ਦੀ ਫੀਸ 1700 ਤੋਂ 2000 ਡਾਲਰ ਹੋਈ ਤਾਂ ਪਰਵਾਸੀ ਵਿਦਿਆਰਥੀਆਂ ਨੂੰ 7000 ਹਜ਼ਾਰ ਤੋਂ 8000 ਡਾਲਰ ਤੱਕ ਇੱਕ ਸਮੈਸਟਰ ਦੇ ਭਰਨੇ ਪੈਂਦੇ ਹਨ ਜਿਹੜੇ ਭਾਰਤੀ ਕਰੰਸੀ ਮੁਤਾਬਕ 3 ਤੋਂ 4 ਲੱਖ ਰੁਪਏ ਬਣਦੇ ਹਨ ਅਤੇ 10,000 ਡਾਲਰ ਪਹਿਲੀ ਫੀਸ ਨਾਲ ਜੀ.ਆਈ.ਸੀ. ਦੇ ਵੀ ਭਰਨੇ ਪੈਂਦੇ ਹਨ। ਜਿਹੜੇ ਬੇਸ਼ੱਕ ਕਿਸ਼ਤਾਂ 'ਚ ਵਿਦਿਆਰਥੀ ਨੂੰ ਮੋੜ ਦਿੱਤੇ ਜਾਂਦੇ ਹਨ ਪਰ ਇਹ 5 ਲੱਖ ਦਾ ਹੋਰ ਬੋਝ ਵਿਦਿਆਰਥੀ ਉੱਪਰ ਲੱਦ ਦਿੱਤਾ ਜਾਂਦਾ ਹੈ। ਰਜਿਸਟਰੇਸ਼ਨ ਫੀਸ ਦੀ ਗੱਲ ਕਰੀਏ ਤਾਂ ਸਥਾਨਕ ਵਿਦਿਆਰਥੀਆਂ ਨੂੰ 170 ਡਾਲਰ ਅਦਾ ਕਰਨੇ ਪੈਂਦੇ ਹਨ ਜਦਕਿ ਪਰਵਾਸੀ ਵਿਦਿਆਰਥੀ ਨੂੰ 1000 ਡਾਲਰ ਹਰ ਸਮੈਸਟਰ ਦੇ ਸ਼ੁਰੂ ਹੋਣ ਤੇ ਭਰਨੇ ਪੈਂਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਉਸੇ ਪ੍ਰੋਫੈਸਰ, ਉਸੇ ਕਾਲਜ, ਉਸੇ ਕਮਰੇ ਵਿੱਚ ਤੇ ਮਾਹੌਲ ਵਿੱਚ ਬੈਠ ਕਿ ਪੜ੍ਹ ਰਹੇ ਦੋ ਵਿਦਿਆਰਥੀਆਂ ਨੂੰ ਵੱਖੋ ਵੱਖਰੀਆਂ ਫੀਸਾਂ ਭਰਨੀਆਂ ਪੈ ਰਹੀਆਂ ਹਨ ਜਿਸ ਵਿੱਚ ਰਾਹਤ ਦੀ ਹੱਕਦਾਰ ਧਿਰ ਨੂੰ ਹੋਰ ਨਿਚੋੜਿਆ ਜਾ ਰਿਹਾ ਹੈ। ਹਰ ਚਾਰ ਮਹੀਨਿਆਂ ਬਾਦ 8000 ਡਾਲਰ ਸਿਰਫ ਫੀਸ ਲਈ ਹੀ ਅਦਾ ਕਰਨੇ ਸੌਖੇ ਨਹੀ। ਉੱਪਰੋਂ ਫੀਸਾਂ ਵਿੱਚ ਵਾਧੇ ਦੀ ਦਰ ਵੀ ਅਲੱਗ-ਅਲੱਗ ਰੱਖੀ ਗਈ ਹੈ ਜਿਸਦਾ ਕੋਈ ਤਰਕ ਨਹੀਂ ਲੱਭਦਾ। ਮੈਟਰੋ ਵੈਨਕੂਵਰ ਦੇ ਸ਼ਹਿਰ 'ਨਿਊ ਵੈਸਟ ਮਿਨਿਸਟਰ' ਦੇ ਡਗਲਸ ਕਾਲਜ ਦੀ ਸਟੂਡੈਂਟ ਕਾਉਂਸਲ ਦੀ ਪ੍ਰਧਾਨ ਟੈਰੇਸੀ ਅਤੇ ਉੱਪ ਪ੍ਰਧਾਨ ਪ੍ਰਭਜੋਤ ਕੌਰ ਨੇ ਇੱਕ ਮੀਟਿੰਗ ਦੌਰਾਨ ਦੱਸਿਆ ਕਿ ਫੀਸਾਂ ਵਿੱਚ ਵਾਧੇ ਦੀ ਦਰ ਸਥਾਨਕ ਵਿਦਿਆਰਥੀਆਂ ਲਈ 2 ਫੀਸਦੀ ਅਤੇ ਪਰਵਾਸੀ ਵਿਦਿਆਰਥੀਆਂ ਲਈ 9 ਫੀਸਦੀ ਜਾਂ ਇਸ ਤੋਂ ਵਧੇਰੇ ਹੁੰਦੀ ਹੈ। ਇਹ ਵਾਧਾ ਲਗਾਤਾਰ ਜਾਰੀ ਹੈ ਕਨੇਡੀਅਨ ਕਾਲਜਾਂ ਦੀਆਂ ਵਿਦਿਆਰਥੀ ਕੌਂਸਲਾਂ ਨੇ ਕਦੇ ਇਸ ਵਾਧੇ ਦਾ ਵਿਰੋਧ ਨਹੀਂ ਕੀਤਾ ਤੇ ਪਰਵਾਸੀ ਵਿਦਿਆਰਥੀ ਜਿਹੜਾ ਇਸ ਆਰਥਿਕ ਸ਼ੋਸ਼ਣ ਦਾ ਸਭ ਤੋਂ ਵੱਧ ਸ਼ਿਕਾਰ ਹੈ, ਦੀ ਖਾਮੋਸ਼ੀ ਵੀ ਹਾਕਮਾਂ ਲਈ ਮਨਮਰਜੀ ਦੇ ਵਾਧੇ ਦਾ ਰਾਹ ਪੱਧਰਾ ਕਰ ਰਹੀ ਹੈ।

**ਰਿਹਾਇਸ਼ ਦਾ ਸੰਕਟ :** ਇਧਰ ਆਪਣੇ ਬੱਚਿਆਂ ਨੂੰ ਜਹਾਜ਼ ਚੜ੍ਹਾ ਕਿ ਜਿੱਥੇ ਸਭ ਅੱਛਾ ਹੋ ਗਿਆ ਦਾ ਅਹਿਸਾਸ ਲੈ ਮਾਪੇ ਘਰਾਂ ਨੂੰ ਪਰਤਦੇ ਨੇ ਉੱਧਰ ਕਨੇਡਾ ਪਹੁੰਚਦਿਆਂ ਹੀ ਰਿਹਾਇਸ਼ ਲੱਭਣ ਦੀ ਪਹਿਲੀ ਮੁਸ਼ਕਲ ਵਿਦਿਆਰਥੀ ਅਵਾਸੀਆਂ ਅੱਗੇ ਆ ਖੜਦੀ ਹੈ। ਏਅਰਪੋਰਟ ਤੋਂ ਲੈਣ ਆਏ ਦੋਸਤ-ਮਿੱਤਰ ਜਾਂ ਰਿਸ਼ਤੇਦਾਰ ਕੁੱਝ ਦਿਨਾਂ ਤੱਕ ਤਾਂ ਠਾਹਰ ਬਣਦੇ ਹਨ ਪਰ ਆਖਰ ਆਪਣੀ ਰਿਹਾਇਸ਼ ਦਾ ਪ੍ਰਬੰਧ ਆਪ ਹੀ ਕਰਨਾ ਪੈਂਦਾ ਹੈ ਉਂਝ ਇਹ ਕੁਝ ਦਿਨਾਂ ਦੀ ਠਾਹਰ ਵੀ ਬਹੁਤ ਆਸਰਾ ਬਣਦੀ ਹੈ ਜਿਹੜੀ ਹਰ ਕਿਸੇ ਨੂੰ ਨਹੀਂ ਲੱਭਦੀ। ਗੁਰਦਵਾਰਿਆਂ ਤੇ ਲਾਂਡਰੀਆਂ 'ਤੇ ਕਿਰਾਏ ਲਈ ਖਾਲੀ ਬੇਸਮੈਂਟ ਦੀਆਂ ਪਰਚੀਆਂ ਪੜ੍ਹ ਕੇ ਫੋਨ ਕਰਕੇ ਰਿਹਾਇਸ਼ਾਂ ਦੇਖਣੀਆਂ ਜਾਂ ਹਰ ਰੋਜ਼ ਕਰੈਗ ਲਿਸਟ ਚੈੱਕ ਕਰਨੀ (ਇੱਕ ਤਰਾਂ ਦੀ ਪ੍ਰਾਈਵੇਟ ਵੈਬਸਾਈਟ ਜਿਸ ਤੇ ਕਿਰਾਏ ਲਈ ਖਾਲੀ ਘਰਾਂ ਦਾ ਵੇਰਵਾ ਹੁੰਦਾ ਹੈ) ਅਤੇ ਨਾਲ ਰਹਿਣ ਲਈ ਸਾਥੀਆਂ ਦੀ ਤਲਾਸ਼ ਕਰਨੀ ਬੜਾ ਦੁਸ਼ਵਾਰੀਆਂ ਭਰਿਆ ਵਰਤਾਰਾ ਹੈ ਜਿਹੜਾ ਇੱਕ ਵਾਰ ਬੇਸਮੈਂਟ ਲੱਭਣ ਨਾਲ ਹੱਲ ਨਹੀਂ ਹੋ ਜਾਂਦਾ ਸਗੋਂ ਹੋਰ ਮੁਸ਼ਕਲਾਂ ਦੇ ਨਾਲ-ਨਾਲ ਚੱਲਦਾ ਹੀ ਰਹਿੰਦਾ ਹੈ। ਇੱਕ ਵਿਦਿਆਰਥੀ ਨੂੰ 300 ਤੋਂ 400 ਡਾਲਰ ਪ੍ਰਤੀ ਮਹੀਨਾ ਬੇਸਮੈਂਟ ਦੇ ਕਿਰਾਏ ਦਾ ਖਰਚ ਦੇਣਾ ਪੈਂਦਾ ਹੈ ਅਤੇ 200 ਤੋਂ 300 ਡਾਲਰ ਪ੍ਰਤੀ ਮਹੀਨਾ ਖਾਣ-ਪੀਣ ਦਾ ਖਰਚਾ ਬਣਦਾ ਹੈ। ਕੁਝ ਕਾਲਜਾਂ ਵਿੱਚ ਰਿਹਾਇਸ਼ ਦਾ ਪ੍ਰਬੰਧ ਹੈ ਪਰ ਉਹ ਪਰਵਾਸੀ ਵਿਦਿਆਰਥੀਆਂ ਦੀ ਪਹੁੰਚ ਤੋਂ ਬਾਹਰ ਹਨ। ਓਧਰ ਪਰਵਾਸੀ ਵਿਦਿਆਰਥੀਆਂ ਨੂੰ ਸੱਦਣ ਵਾਲੇ ਕਾਲਜ ਅਤੇ ਸਰਕਾਰਾਂ ਪਰਵਾਸੀ ਵਿਦਿਆਰਥੀਆਂ ਦੀ ਰਿਹਾਇਸ਼ ਦੇ ਸਵਾਲ 'ਤੇ ਮੋਨੀ ਸਾਧੂ ਬਣ ਕੇ ਉਹਨਾਂ ਦੀ ਇਸ ਖੱਜਲ-ਖੁਆਰੀ ਦਾ ਤਮਾਸ਼ਾ ਦੇਖ ਰਹੇ ਹਨ। ਉਪਰੋਂ ਇੱਕਾ-ਦੁੱਕਾ ਵਿਦਿਆਰਥੀਆਂ ਦੁਆਰਾ ਕੀਤੀਆਂ ਹਿੰਸਕ ਵਾਰਦਾਤਾਂ ਨੂੰ ਅਧਾਰ ਬਣਾ ਕਿ ਕੁੱਝ ਪਰਵਾਸ ਵਿਰੋਧੀ ਅਨਸਰ, ਇੱਥੋਂ ਦੇ ਵਸਨੀਕ ਪੰਜਾਬੀਆਂ ਅਤੇ ਪਰਵਾਸੀ ਵਿਦਿਆਰਥੀਆਂ ਵਿੱਚ ਨਫਰਤ ਦੀ ਦੀਵਾਰ ਖੜੀ ਕਰਨ ਵਿੱਚ ਵੱਡਾ ਰੋਲ ਅਦਾ ਕਰ ਰਹੇ ਹਨ। ਇਹ ਪਾੜਾ ਪਿਛਲੇ ਸਮੇਂ ਵਿੱਚ ਸ਼ੋਸ਼ਲ ਮੀਡੀਏ ਤੇ ਦੋਹਾਂ ਧਿਰਾਂ ਦਰਮਿਆਨ ਹੋਈ ਗਾਲੀ-ਗਲੋਚ ਵਿੱਚ ਵੀ ਦੇਖਣ ਨੂੰ ਮਿਲਿਆ ਹੈ। ਇਸ ਤੋਂ ਇਲਾਵਾ ਇੱਥੋਂ ਦੇ ਪੰਜਾਬੀ ਰੇਡੀਓ ਚੈਨਲਾਂ ਉੱਤੇ ਅਤੇ ਸ਼ੋਸ਼ਲ ਮੀਡੀਏ ਤੇ ਸਰਗਰਮ ਵਿਦਿਆਰਥੀ ਵਿਰੋਧੀ ਧਿਰ ਪਰਵਾਸੀ ਵਿਦਿਆਰਥੀਆਂ ਦੁਆਰਾ ਇੱਕ ਦੋ ਬੇਸਮੈਂਟਾਂ ਵਿੱਚ ਪਾਏ ਖਿਲਾਰੇ ਜਾਂ ਗੰਦ ਨੂੰ ਹਾਈਲਾਈਟ ਕਰਕੇ ਵੀ ਪਰਵਾਸੀ ਵਿਦਿਆਰਥੀਆਂ ਲਈ ਮੁਸ਼ਕਲਾਂ ਖੜੀਆਂ ਕਰ ਰਹੀ ਹੈ ਕਿਉਂਕਿ ਉਹਨਾਂ ਵੀਡੀਓਜ਼ ਨੂੰ ਵੇਖਣ ਤੋਂ ਬਾਅਦ ਕੈਨੇਡਾ ਅੰਦਰ ਕਈ ਘਰਾਂ ਨੇ ਬੇਸਮੈਂਟ ਦੀ ਪਰਚੀ ਥੱਲੇ ਇਹ ਲਿਖਣਾ ਸ਼ੁਰੂ ਕਰ ਦਿੱਤਾ ਕਿ "ਕੇਵਲ ਪਰਿਵਾਰ ਵਾਲੇ ਹੀ ਸੰਪਰਕ ਕਰਨ।" ਇਹ ਸ਼ਬਦ ਆਪਣੇ ਆਪ ਵਿੱਚ ਹੀ ਪਰਵਾਸੀ ਵਿਦਿਆਰਥੀਆਂ ਲਈ ਨਾਂਹ ਦਾ ਫੱਟਾ ਸੀ। ਪਰਵਾਸੀ ਵਿਦਿਆਰਥੀਆਂ ਨੂੰ ਭੰਡ ਕੇ ਉਹਨਾਂ ਦੇ ਪਰਵਾਸ ਦਾ ਵਿਰੋਧ ਕਰਨ ਵਾਲੀ ਧਿਰ ਸ਼ਾਇਦ ਇਹ ਭੁੱਲ ਗਈ ਕਿ ਸਰੀ ਵਰਗੇ ਵੱਧ ਪੰਜਾਬੀ ਵਸੋਂ ਵਾਲੇ ਸ਼ਹਿਰਾਂ ਵਿੱਚ ਗੈਂਗਵਾਦ ਵਿੱਚ ਪੈ ਕੇ ਆਏ ਦਿਨ ਇੱਕ ਦੂਜੇ ਗਰੁੱਪ ਮੈਂਬਰਾਂ ਦੀ ਕਤਲੋਗ਼ਾਰਤ ਕਰਨ ਵਾਲੇ ਪਰਵਾਸੀ ਵਿਦਿਆਰਥੀ ਨਹੀਂ ਬਲਕਿ ਇੱਥੋਂ ਦੇ ਹੀ ਜੰਮੇ ਜਾਏ ਪੰਜਾਬੀਆਂ ਦੇ ਬੱਚੇ ਹਨ। ਸਾਰੀ-ਸਾਰੀ ਰਾਤ ਦੀ ਸ਼ਿਫਟ ਲਾ ਕਿ ਸਵੇਰੇ ਸਿੱਧੇ ਕਾਲਜ ਜਾ ਕਿ ਬਰਾਬਰ ਪੜ੍ਹਾਈ ਕਰਨ ਵਾਲੇ ਤੇ ਆਪ ਹੀ ਆ ਕਿ ਖਾਣਾ ਬਣਾ ਕਿ ਖਾਣ ਵਾਲੇ ਵਿਦਿਆਰਥੀਆਂ ਦੀ ਮਿਹਨਤ ਨੂੰ ਅਣਗੌਲ਼ਿਆਂ ਨਹੀ ਕੀਤਾ ਜਾ ਸਕਦਾ ਜਾਂ ਇੱਕਾ ਦੁੱਕਾ ਹਿੰਸਕ ਘਟਨਾਵਾਂ ਵਿੱਚ ਸ਼ਾਮਲ ਪਰਵਾਸੀ ਵਿਦਿਆਰਥੀਆਂ ਦੀਆਂ ਕਾਰਵਾਈਆਂ ਦੀ ਭੇਂਟ ਨਹੀ ਚੜ੍ਹਾਇਆ ਜਾ ਸਕਦਾ।

**20 ਘੰਟੇ ਕੰਮ ਦੇ ਅਧਿਕਾਰ ਵਾਲਾ ਗੈਰ-ਜ਼ਮਹੂਰੀ ਕਾਨੂੰਨ :** ਮੋਟੀਆਂ ਫੀਸਾਂ ਭਰ ਕਿ ਆਏ ਪਰਵਾਸੀ ਵਿਦਿਆਰਥੀਆਂ ਲਈ ਇੱਕ ਵਾਰ ਲੱਖਾਂ ਰੁਪਏ ਖਰਚ ਕੇ ਚਾਰ ਮਹੀਨਿਆਂ ਪਿੱਛੋਂ ਫਿਰ ਲੱਖਾਂ ਰੁਪਏ ਦੀ ਕੀਤੀ ਮੰਗ ਅਨੁਸਾਰ ਖਰਚਾ ਕਰਨਾ ਬੜਾ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਹਰ ਵਿਦਿਆਰਥੀ ਦੀ ਕੋਸ਼ਿਸ਼ ਇਹੀ ਰਹਿੰਦੀ ਹੈ ਕਿ ਉਹ ਪੜ੍ਹਾਈ ਦੇ ਨਾਲ-ਨਾਲ ਕੁਝ ਦਿਨ ਕੰਮ ਕਰਕੇ ਆਪਣੇ ਰਹਿਣ-ਸਹਿਣ ਦੇ ਖਰਚਿਆਂ ਤੋਂ ਇਲਾਵਾ ਸਮੈਸਟਰ ਦੀ ਫੀਸ ਦਾ ਵੀ ਕੁੱਝ ਇੰਤਜ਼ਾਮ ਕਰ ਸਕੇ। ਪਰ ਪਰਵਾਸ ਕਾਨੂੰਨਾਂ ਤਹਿਤ ਪਰਵਾਸੀ ਵਿਦਿਆਰਥੀ ਹਫਤੇ ਵਿੱਚ ਸਿਰਫ 20 ਘੰਟੇ ਹੀ ਕਾਨੂੰਨਨ ਕੰਮ ਕਰ ਸਕਦਾ ਹੈ। ਇਨ੍ਹਾਂ ਸਮਾਂ ਕਰਕੇ ਇੱਕ ਵਿਦਿਆਰਥੀ ਹਫਤੇ ਦੇ 200 ਤੋਂ 250 ਡਾਲਰ ਕਮਾ ਸਕਦੇ ਹਨ ਜਿਸਨੂੰ ਜੇ ਰਿਹਾਇਸ਼, ਖਾਣ-ਪੀਣ ਅਤੇ ਫੀਸਾਂ ਦੇ ਖਰਚ ਦੇ ਮੁਕਾਬਲੇ ਦੇਖਿਆ ਜਾਵੇ ਤਾਂ ਇਸ ਆਮਦਨ ਦੇ ਬਲਬੂਤੇ ਕਿਸੇ ਸੂਰਤ ਵਿੱਚ ਵੀ ਇਹ ਖਰਚੇ ਪੂਰੇ ਨਹੀ ਕੀਤੇ ਜਾ ਸਕਦੇ। ਜੇ ਇਸਨੂੰ ਵਿਦਿਆਰਥੀ ਹੱਕਾਂ ਨਾਲ ਜੋੜ ਕਿ ਵੇਖਿਆ ਜਾਵੇ ਤਾਂ ਸਿਰਫ 20 ਘੰਟੇ ਕੰਮ ਦੀ ਕੋਈ ਤੁਕ ਨਹੀਂ ਬਣਦੀ ਕਿਉਂਕਿ ਵਿਦਿਆਰਥੀ ਦੀ ਸਮੈਸਟਰ ਪਾਸ ਕਰਨ ਦੀ ਜਿੰਮੇਵਾਰੀ ਆਪਣੀ ਹੈ, ਉਹ ਕਾਲਜ ਦੇ ਨੇਮਾਂ ਮੁਤਾਬਕ ਹਾਜ਼ਰੀ ਵੀ ਪੂਰੀ ਰੱਖਦੇ ਹਨ, ਫੇਲ੍ਹ ਹੋਣ ਤੇ ਡਿਪੋਰਟ ਹੋਣਗੇ ਤਾਂ ਉਹ ਹੋਣਗੇ, ਫਿਰ ਸਰਕਾਰ ਨੂੰ ਉਹਨਾਂ ਦੀ ਕਿਸ ਗੱਲ ਦੀ ਫਿਕਰ ਹੈ ਜਿਹੜੀ ਉਹਨਾਂ ਲਈ ਸਿਰਫ 20 ਘੰਟੇ ਕੰਮ ਹੀ ਤੈਅ ਕਰ ਰਹੀ ਹੈ। ਜਦਕਿ ਸਥਾਨਕ ਵਿਦਿਆਰਥੀਆਂ ਲਈ ਇਸ ਤਰਾਂ ਦਾ ਕੋਈ ਕਾਨੂੰਨ ਨਹੀ। ਸੋ ਆਪਣੇ ਆਪ ਵਿੱਚ ਖੁੱਲੇ ਕੰਮ ਘੰਟਿਆਂ ਦਾ ਅਧਿਕਾਰ ਦੀ ਮੰਗ ਵੀ ਪਰਵਾਸੀ ਵਿਦਿਆਰਥੀਆਂ ਦੀ ਸਮੂਹਿਕ ਮੰਗ ਹੈ ਜਿਸ ਤੇ ਹਾਲੇ ਕਿਸੇ ਵਿਦਿਆਰਥੀ ਜੱਥੇਬੰਦੀ ਦਾ ਧਿਆਨ ਨਹੀਂ।

ਇਸ ਤੋਂ ਇਲਾਵਾ ਕੋਰਸ ਦੀ ਸਮਾਪਤੀ ਉਪਰੰਤ ਕੋਰਸ ਨਾਲ ਸਬੰਧਤ ਕੰਮ ਦੀ ਤਲਾਸ਼ ਤੇ ਜੌਬ ਲੈਟਰ ਦੇਣ ਬਦਲੇ ਮਾਲਕਾਂ ਦੁਆਰਾ ਕੀਤੀ ਜਾਂਦੇ ਆਰਥਿਕ ਸ਼ੋਸ਼ਣ ਅਤੇ ਸਥਾਈ ਨਿਵਾਸ ਲਈ ਪਰਵਾਸ ਸਲਾਹਕਾਰਾਂ ਦੇ ਖਰਚੇ ਅਤੇ ਹੋਰ ਕਿੰਨੇ ਔਖੇਰੇ ਰਾਹਾਂ ਜਿਨ੍ਹਾਂ ਨੂੰ ਹਥਲੇ ਲੇਖ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ ਵਿਚੋਂ ਲੰਘ ਕੇ ਸਥਾਈ ਨਿਵਾਸੀ ਬਣਨ ਦਾ ਸਬੱਬ ਮਿਲਦਾ ਹੈ ਅਤੇ ਜਿਸ ਰੇਸ਼ੋ ਨਾਲ ਪਰਵਾਸੀ ਵਿਦਿਆਰਥੀਆਂ ਦੀ ਗਿਣਤੀ ਵੱਧ ਰਹੀ ਹੈ। ਆਉਣ ਵਾਲੇ ਸਮੇਂ ਵਿੱਚ ਸਥਾਈ ਨਿਵਾਸੀ ਬਣਨਾ ਹੋਰ ਵੀ ਔਖਾ ਹੋ ਸਕਦਾ ਹੈ। ਵਿਦਿਆਰਥੀਆਂ ਦੇ ਗੁੰਝਲਦਾਰ ਹੋ ਰਹੇ ਮਸਲਿਆਂ ਦੇ ਹੱਲ ਲਈ ਅਜਿਹੇ ਹਾਲਾਤ ਸਥਾਨਕ ਅਤੇ ਪਰਵਾਸੀ ਵਿਦਿਆਰਥੀਆਂ ਦੀ ਸਾਂਝੀ ਵਿਦਿਆਰਥੀ ਯੂਨੀਅਨ ਦੇ ਝੰਡੇ ਹੇਠ ਸੰਘਰਸ਼ਾਂ ਦੀ ਮੰਗ ਕਰ ਰਹੇ ਹਨ। ਇਸਦੀ ਸ਼ੁਰੂਆਤ ਕਦੋਂ ਤੇ ਕਿਥੋਂ ਹੁੰਦੀ ਹੈ ਦੇਖਣਾ ਹੋਵੇਗਾ।

ਨਰਭਿੰਦਰ
93544-30211

## ਮੀਆਂ ਮਾਰ 'ਚ ਕੱਟੜਤਾਵਾਦ ਦਾ ਨਵਾਂ ਚਿਹਰਾ

# ਰੋਹਿੰਗਯਾ ਮੁਸਲਮਾਨਾਂ ਦਾ ਨਸਲੀ ਸ.ਫਾਇਆ






*ਫੌਜ ਤੇ ਬੋਧ ਕੱਟੜਪੰਥੀ ਰੋਹਿੰਗਯਾ ਦੇ ਭੇਸ ਵਿਚ ਹਮਲੇ ਕਰ ਰਹੇ ਹਨ। ਬੰਗਲਾ ਦੇਸ਼ ਵਿਚ ਰੋਹਿੰਗਯਾ ਮੁਸਲਮਾਨਾਂ ਦੇ ਕੁਝ ਕੁਝ ਹਿੰਦੂ ਪਰਿਵਾਰ ਵੀ ਉਜੜ ਕੇ ਆਏ ਹਨ ਜਿਨ੍ਹਾਂ ਦਾ ਇਹ ਕਹਿਣਾ ਹੈ ਕਿ ਬੋਧ ਕੱਟੜਪੰਥੀ ਜਦੋਂ ਵੀ ਰੋਹਿੰਗਯਾ ਮੁਸਲਮਾਨ ਵੇਖ ਲੈਣ ਹਮਲਾ ਕਰ ਦਿੰਦੇ ਹਨ ਉਹ (ਹਿੰਦੂ) ਖੁਦ ਦਹਿਸ਼ਤਜਦਾ ਮਾਹੌਲ ਕਰਕੇ ਸ਼ਰਨਾਰਥੀ ਬਣ ਕੇ ਆਏ ਹਨ। ਪੱਤਰਕਾਰ ਤੇ ਕੁਝ ਮਾਨਵ ਅਧਿਕਾਰਾਂ ਦੇ ਕਾਰਕੁੰਨਾਂ ਨੇ ਉਨ੍ਹਾਂ ਕੱਚੇ ਰਾਹਾਂ ਉਤੇ ਔਰਤਾਂ ਦੇ ਕੱਪੜੇ ਖਿੰਡੇ ਪਏ ਸਨ।*

ਦੁਨੀਆਂ ਦੀ ਜਲਵੰਤ ਸਮੱਸਿਆਵਾਂ 'ਚੋਂ ਇਕ ਹੈ ਮੀਆਂਮਾਰ ਦੀ ਰੋਹਿੰਗਯਾ ਸਮੱਸਿਆ। ਇਸ ਸਦੀ ਦੀਆਂ ਉਜਾੜੇ ਦੀਆਂ ਦਾਸਤਾਨਾਂ 'ਚੋਂ ਸਭ ਤੋਂ ਵੱਧ ਭਿਅੰਕਰ ਮੀਆਂਮਾਰ ਦਾ ਰਖਾਈਕ ਸੂਬਾ-ਰੋਂਦੇ ਕਰਲਾਉਂਦੇ ਬੱਚੇ, ਬਲਾਤਕਾਰ ਦੀਆਂ ਸ਼ਿਕਾਰ ਔਰਤਾਂ, ਹਾਲ ਦੁਹਾਈ ਪਾਉਂਦੇ ਜਿਉਂਦੇ ਸੜਦੇ ਲੋਕ, ਆਪਣੇ ਦੋ ਸਾਲ ਦੇ ਭਰਾ ਦੇ ਨਾਲ ਬਾਰਾਂ ਸਾਲ ਦੀ ਜੰਗਲ 'ਚ ਛੁਪਣ ਲਈ ਭੱਜੀ ਜਾਂਦੀ ਕੁੜੀ-ਇਹ ਦਾਸਤਾਂ ਦੇਖ ਕੇ ਦਿਲਦਹਿਲ ਜਾਂਦਾ ਹੈ। ਹਜ਼ਾਰਾਂ ਰੋਹਿੰਗਯਾ ਮਾਰੇ ਜਾ ਚੁੱਕੇ ਹਨ। ਲਗਭਗ 5 ਲੱਖ ਤੋਂ ਵਧੇਰੇ ਗੁਆਂਢੀ ਦੇਸ਼ਾਂ 'ਚ ਉਜੜ ਕੇ ਕੂਚ ਕਰ ਗਏ ਹਨ ਅਤੇ ਇਹ ਸਿਲਸਿਲਾ ਨਿਰੰਤਰ ਜਾਰੀ ਹੈ। ਰੋਹਿੰਗਯਾ ਜ਼ਿਆਦਾਤਰ ਮੁਸਲਮਾਨ ਹਨ ਜਿਨ੍ਹਾਂ ਵਿਰੁੱਧ ਮੀਆਂਮਾਰ ਦੀ ਸੱਤਾਧਾਰੀ ਸਰਕਾਰ ਅਮੀਰ ਸਾਨ ਸੂ ਕੀ ਦੀ ਨੈਸ਼ਨਲ ਲੀਗ ਫਾਰ ਡੈਮੋਕਰੇਸੀ ਦੀ ਸਰਕਾਰ ਨੇ ਫੌਜ ਰਾਹੀਂ ਭਿਆਨਕ ਦਹਿਸ਼ਤ ਦੀ ਮੁਹਿੰਮ ਚਲਾਈ ਹੋਈ ਹੈ। ਪਿਛਲੇ ਅਗਸਤ 2017 ਵਿਚ ਬੋਧੀ ਕੱਟੜਵਾਦੀਆਂ ਅਤੇ ਮੀਆਂਮਾਰ ਦੀ ਫੌਜ ਨੇ ਜਿਹੜੀ ਉਜਾੜੂ ਮੁਹਿੰਮ ਚਲਾਈ ਇਸ ਰੋਹਿੰਗਯਾ ਮੁਸਲਮਾਨਾਂ ਦੇ ਰਿਹਾਇਸ਼ੀ ਇਲਾਕਿਆਂ ਵਾਲੇ ਕਈ ਪਿੰਡ ਅਤੇ ਕਸਬੇ ਸਾੜ ਕੇ ਸੁਆਹ ਕਰ ਦਿੱਤੇ। ਉਨ੍ਹਾਂ ਦੀਆਂ ਬਸਤੀਆਂ ਉਤੇ ਹੈਲੀਕੈਪਟਰਾਂ ਰਾਹੀਂ ਪੈਟਰੋਲ ਬੰਬ ਸੁੱਟੇ ਤਾਂ ਕਿ ਸੜ ਕੇ ਸੁਆਹ ਹੋ ਜਾਣ। ਪਿੰਡਾਂ ਨੂੰ ਘੇਰ ਕੇ ਗੋਲੀਆਂ ਦੇ ਮੀਂਹ ਵਹਾ ਦਿੱਤੇ ਤਾਂ ਕਿ ਦਹਿਸ਼ਤਜ਼ਦਾ ਹੋ ਕੇ ਦੇਸ਼ ਛੱਡ ਜਾਣ।

ਮੀਆਂਮਾਰ ਸਰਕਾਰ ਦਾ ਦਾਅਵਾ ਹੈ ਕਿ ਇਹ ਰੋਹਿਮਯਾ ਮੁਸਲਮਾਨ ਅੱਤਵਾਦੀ ਹਨ ਭਾਵ ਦਹਿਸ਼ਤਪਸੰਦ ਹਨ ਪਰ ਉਨ੍ਹਾਂ ਕੋਲੋਂ ਜਿਹੜੇ ਹਥਿਆਰ ਬਰਾਮਦ ਹੋਏ ਉਨ੍ਹਾਂ 'ਚ ਸਬਜ਼ੀ ਕੱਟਣ ਵਾਲੇ ਚਾਕੂ, ਘਰਾਂ 'ਚ ਬਣੇ ਵੱਡੇ ਪਟਾਕੇ (ਪਟਾਕਾ ਬੰਬ) ਅਤੇ ਅਜਿਹੇ ਹੀ ਹੋਰ ਘਰੇਲੂ ਹਥਿਆਰਾਂ ਮੀਆਂਮਾਰ ਸਰਕਾਰ ਦਾ ਦਾਅਵਾ ਹੈ ਕਿ ਇਹ ਇਨ੍ਹਾਂ ਹਥਿਆਰਾਂ ਨਾਲ ਟੈਂਕਾਂ ਅਤੇ ਆਟੋਮੈਟਿਕ ਬੰਦੂਕਾਂ ਨਾਲ ਲੈਸ ਮੀਆਂਮਾਰ ਫੌਜ ਦਾ ਮੁਕਾਬਲਾ ਕਰ ਰਹੇ ਹਨ ਅਤੇ ਮੀਆਂਮਾਰ ਦਾ ਮੀਡੀਆ ਵੀ ਮੋਦੀ ਜਾਂ ਮੋਦੀ ਮੀਡੀਏ ਵਾਂਗੂੰ ਲੋਕਾਈ 'ਚ ਅਜਿਹਾ ਗੁੰਮਰਾਹ ਕਰੂ ਪ੍ਰਚਾਰ ਕਰ ਰਿਹਾ ਹੈ। ਹਕੀਕਤ ਇਹ ਕਿ ਮੀਆਮਾਰ ਦੀ ਸੱਤਾਧਾਰੀ ਧਿਰ ਮੀਆਂਮਾਰ ਨੂੰ ਇਕ ਬੋਧੀ ਦੇਸ਼ ਬਣਾਉਣ ਦੀ ਮੁਹਿੰਮ ਚਲਾ ਰਹੀ ਹੈ ਅਤੇ ਉਹ ਉਸੇ ਵਿਚਾਰਧਾਰਾ ਦੇ ਪੈਰੋਕਾਰ ਹਨ ਕਿ ਕਿਸੇ ਇਕ ਦੇਸ਼ ਵਿਚ ਇਕ ਹੀ ਧਰਮ ਦੇ ਪੈਰੋਕਾਰ ਹੋਣੇ ਚਾਹੀਦੇ ਹਨ ਦੂਸਰੇ ਧਰਮਾਂ ਲਈ ਕੋਈ ਥਾਂ ਨਹੀਂ। ਭਾਵ ਇਹ ਇਕ ਤਰ੍ਹਾਂ ਦੀ ਨਸਲੀ ਸਫ਼ਾਏ ਦੀ ਮੁਹਿੰਮ ਹੈ। ਇਉਂ ਇਹ ਉਸੇ ਤਸਵੀਰ ਦਾ ਇਕ ਹਿੱਸਾ ਹੈ ਜਿਹੜੀ ਦੁਨੀਆਂ ਭਰ ਸਪਸ਼ਟ ਦਿਖਾਈ ਦੇ ਰਹੀ ਹੈ। ਭਾਵ ਨਸਲਵਾਦ, ਫਿਰਕਾਪ੍ਰਸਤੀ ਅਤੇ ਫਾਸ਼ੀਵਾਦ। ਮੀਆਂਮਾਰ ਦੇ ਪੰਜ ਲੱਖ ਤੋਂ ਵੱਧ ਰੋਹਿੰਗਯਾ ਮੁਸਲਮਾਨ ਜੋ ਉਜੜ ਕੇ ਦੂਸਰੇ ਦੇਸ਼ਾਂ ਵੱਲ ਕੂਚ ਕਰ ਗਏ ਤੇ ਰਹੇ ਹਨ, ਨੂੰ ਸਹਾਰਾ ਦੇਣ ਵਾਲਾ ਵੀ ਕੋਈ ਨਹੀਂ। ਸਾਰਿਆਂ ਨੇ ਉਨ੍ਹਾਂ ਲਈ ਦਰਵਾਜ਼ੇ ਬੰਦ ਕਰ ਦਿੱਤੇ ਹਨ ਜਦੋਂ ਉਨ੍ਹਾਂ ਦੀ ਮਾਂ ਭੂਮੀ ਭਾਵ ਆਪਣਾ ਦੇਸ਼ ਹੀ ਦੁਸ਼ਮਣ ਬਣ ਗਿਆ ਏ ਤਾਂ ਸ਼ਰਨ ਦੇਣ ਵਾਲਾ ਕੌਣ ਹੋਵੇਗਾ। ਉਹ ਹੁਣ ਕਿਸ ਧਰਤੀ ਨੂੰ ਆਪਣਾ ਮਾਂ ਕਹਿਣ। ਬਹਾਦਰ ਸ਼ਾਹ ਜ਼ਫ਼ਰ ਵਾਂਗੂੰ ਦੋ ਗਜ਼ ਜ਼ਮੀਨ ਵੀ ਦਫ਼ਨ ਹੋਣ ਨੂੰ ਨਸੀਬ ਨਹੀਂ।' ਇਥੇ ਦੱਸ ਦੇਈਏ ਕਿ ਇਨ੍ਹਾਂ 5 ਲੱਖ ਰੋਹਿੰਗਯਾ ਮੁਸਲਮਾਨਾਂ ਦੇ ਨਾਲ ਕੁਝ ਆਦਿਵਾਸੀ ਕਬੀਲਿਆਂ ਦੇ ਲੋਕ ਵੀ ਹਨ ਜਿਨ੍ਹਾਂ ਵਿਚ ਬੋਧੀ, ਇਸਾਈ ਅਤੇ ਘੱਟ ਗਿਣਤੀ ਹਿੰਦੂ ਵੀ ਸ਼ਾਮਲ ਹਨ।

ਮੀਆਂਮਾਰ ਦੇ ਰਖਾਈਨ ਸੂਬੇ ਦੇ ਉਤਰੀ ਹਿੱਸੇ ਵਿਚ ਵਸਣ ਵਾਲੇ ਰੋਹਿੰਗਯਾ ਅੱਜ ਦੁਨੀਆਂ ਦੇ ਸਭ ਤੋਂ ਵੱਧ ਦੇਸ਼ ਵਿਹੂਣੇ ਸਮੁਦਾਏ ਵਜੋਂ ਵੇਖਿਆ ਜਾ ਰਿਹਾ ਹੈ। ਇਹ ਰੋਹਿੰਗਯਾ ਕੌਣ ਹਨ? ਕੁਝ ਲਫ਼ਜ਼ਾਂ 'ਚ ਇਨ੍ਹਾਂ ਦਾ ਇਤਿਹਾਸ ਦੱਸਣਾ ਜ਼ਰੂਰੀ ਹੈ।

ਦਰਅਸਲ ਅਰਕਾਨ ਇਲਾਕੇ ਵਿਚ ਨੌਵੀਂ ਅਤੇ ਦਸਵੀਂ ਸਦੀ ਦੇ ਦੌਰਾਨ ਰਹਿਣ ਵਾਲੇ ਲੋਕਾਂ ਨੂੰ 'ਰੋਹਿੰਗ' ਜਾਂ 'ਰੋਹਣ' ਕਿਹਾ ਜਾਂਦਾ ਸੀ, ਇਸੇ ਤੋਂ ਰੋਹਿੰਗਯਾ ਸ਼ਬਦ ਨਿਕਲਿਆ ਹੈ। ਬੰਗਲਾਦੇਸ਼ ਦੇ ਚਿੱਟਗਾਵਾਂ ਇਲਾਕੇ ਵਿਚ ਬੋਲੀ ਜਾਣ ਵਾਲੀ ਚਟਗਾਂਵੀ ਸੈਲੀ ਦੀ ਬੰਗਲਾ ਭਾਸ਼ਾ ਬੋਲਣ ਵਾਲੇ ਇਹ ਲੋਕ ਦੂਸਰੀ ਸੰਸਾਰ ਜੰਗ ਦੇ ਦੌਰ ਤੋਂ ਹੀ ਜ਼ੁਲਮ ਅਤੇ ਭੇਦਭਾਵ ਦਾ ਸ਼ਿਕਾਰ ਬਣਦੇ ਆਏ ਹਨ ਅਤੇ ਆਪਣੀ ਵਿਸ਼ੇਸ਼ ਜਾਤੀ ਪਛਾਣ ਦੇ ਲਈ ਲੜ ਰਹੇ ਹਨ। ਇਹ ਹਕੀਮਤ ਮੀਆਂਮਾਰ ਦੀ ਸਰਕਾਰ ਪ੍ਰਵਾਨ ਕਰਦੀ ਹੈ ਕਿ ਰੋਹਿੰਗਯਾ ਲੋਕ 1826 ਵਿਚ ਈਸਟ ਇੰਡੀਆ ਕੰਪਨੀ ਵਲੋਂ ਬਰਮਾ ਦੇ ਰਾਜੇ ਨੂੰ ਹਟਾਉਣ ਤੋਂ ਬਰਮਾ ਵਿਚ ਕੰਪਨੀ ਦੇ ਕੰਮ ਦੇ ਵਿਸਥਾਰ ਲਈ ਇਥੇ ਆਏ ਸਨ। ਇਹੀ ਕਾਰਨ ਕਿ 1948 'ਚ ਜਿਹੜਾ ਨਾਗਰਿਕਤਾ ਕਾਨੂੰਨ ਬਣਾਇਆ ਗਿਆ ਉਸ 'ਚ 1823 ਤੋਂ ਪਹਿਲਾਂ ਬਰਮਾ 'ਚ ਰਹਿਣ ਵਾਲਿਆਂ ਨੂੰ ਹੀ ਨਾਗਰਿਕਤਾ ਦੇ ਯੋਗ ਮੰਨਿਆ ਗਿਆ ਅਤੇ ਫਿਰ 1982 ਵਿਚ ਵੀ ਮੀਆਂਮਾਰ ਨੇ ਜਿਹੜੇ ਨਾਗਰਿਕਤਾ ਕਾਨੂੰਨ ਨੂੰ ਅਪਣਾਇਆ ਉਸ ਵਿਚ ਇਹ ਦਰਜ ਕੀਤਾ ਕਿ ਮੀਆਂਮਾਰ ਦੀ ਨਾਗਰਿਕਤਾ ਦੇ ਸਿਰਫ਼ ਉਹੀ ਲੋਕ ਹੱਕਦਾਰ ਹਨ ਜਿਨ੍ਹਾਂ ਦੇ ਪੁਰਖੇ 1823 ਤੋਂ ਪਹਿਲਾਂ ਰਹਿ ਰਹੇ ਸਨ। ਇਨ੍ਹਾਂ ਵਿਚ ਬਹੁਗਿਣਤੀ ਬਰਮਨ ਜਾਂ ਕਾਦੀਨ, ਕਾਯਾਹ, ਕਰੇਨ, ਚੀਨ, ਮੋਨ, ਰਾਖਿਨੇ ਅਤੇ ਸ਼ਾਹ ਜਾਤੀ ਦੇ ਸਮੂਹ ਹੀ ਹਨ। 1982 ਵਿਚ ਹੀ 135 ਦੂਸਰੀਆਂ ਜਾਤੀਆਂ ਦੇ ਸਮੂਹਾਂ ਦੀ ਸੂਚੀ ਬਣਾਈ ਗਈ ਸੀ ਜਿਸ ਨੂੰ 1990 ਵਿਚ ਜਾਰੀ ਕੀਤਾ ਗਿਆ ਸੀ। ਇਸ ਵਿਚ ਵੀ ਰੋਹਿੰਗਯਾ ਸਮੁਦਾਏ ਲਈ ਥਾਂ ਨਹੀਂ ਸੀ। ਕਹਿਣ ਨੂੰ ਰੋਹਿੰਗਯਾ ਸਮੂਹ ਲਈ ਨਾਗਰਿਕਤਾ ਦੀਆਂ ਹੋਰ ਸ਼੍ਰੇਣੀਆਂ ਹਾਸਲ ਹਨ, ਪਰ ਵਿਉਹਾਰਕ ਤੌਰ 'ਤੇ ਉਨ੍ਹਾਂ ਨੂੰ ਹਾਸਲ ਕਰਨਾ ਵੀ ਐਨਾ ਆਸਾਨ ਨਹੀਂ ਸਗੋਂ ਨਾ ਮੁਮਕਿਨ ਹੀ ਹੈ। ਮੀਆਮਾਰ ਦੀ ਸਰਕਾਰੀ ਭਾਸ਼ਾ 'ਚ ਉਨ੍ਹਾਂ ਦਾ ਨਾਂ ਬਦਲਕੇ ਬੰਗਾਲੀ ਕਰ ਦਿੱਤਾ ਗਿਆ ਹੈ। ਸਾਲ 2014 ਵਿਚ ਉਨ੍ਹਾਂ ਨੂੰ ਮੀਆਂਮਾਰ ਦੀ ਮਰਦਮਸ਼ੁਮਾਰੀ ਵਿਚ ਸ਼ਾਮਲ ਨਹੀਂ ਕੀਤਾ ਗਿਆ। ਹਾਲਾਂਕਿ 1948 'ਚ ਮੀਆਂਮਾਰ ਦੀ ਅਜ਼ਾਦੀ ਤੋਂ ਪਿਛੋਂ ਰੋਹਿੰਗਯਾ ਮੁਸਲਮਾਨਾਂ ਨੂੰ ਉਥੋਂ ਦੇ ਮੂਲ ਨਿਵਾਸੀ ਪ੍ਰਵਾਨ ਕਰਨ ਦੀ ਸਰਕਾਰੀ ਮਾਨਤਾ ਵੀ ਦਿੱਤੀ ਗਈ ਸੀ ਅਤੇ ਉਨ੍ਹਾਂ ਮੀਆਂਮਾਰ ਦੇ ਸੰਸਦੀ ਲੋਕਤੰਤਰ ਵਿਚ ਹਿਸਾ ਵੀ ਲਿਆ। ਉਨ੍ਹਾਂ ਨੂੰ ਅਸਥਾਈ ਸੁੱਰਖਿਆ ਕਾਰਡ ਜਾਰੀ ਕੀਤਾ ਗਿਆ ਸੀ। ਇਨ੍ਹਾਂ ਕਾਰਡਾਂ ਉਤੇ ਸਾਫ਼ ਲਿਖਿਆ ਹੁੰਦਾ ਸੀ ਕਿ ਉਹ ਵੋਟ ਪਾ ਸਕਦੇ ਹਨ ਪਰ ਨਾਗਰਿਕਤਾ ਦੇ ਅਧਿਕਾਰੀ ਨਹੀਂ ਅਤੇ ਉਥੋਂ ਦੇ ਨਾਗਰਿਕ ਦੇ ਰੂਪ ਵਿਚ ਸ਼ਾਸਨ-ਪ੍ਰਸਾਸਣ, ਵਿਦਿਆ ਸਮੇਤ ਸਾਰੇ ਖੇਤਰਾਂ ਵਿਚ ਹਿੱਸੇਦਾਰੀ ਕੀਤੀ ਪਰ 1962 'ਚ ਜਦੋਂ ਮੀਆਂਮਾਰ ਦੀ ਸੱਤਾ ਫੌਜ ਦੇ ਹੱਥ ਆ ਗਈ ਤਾਂ ਉਨ੍ਹਾਂ ਨੂੰ ਬੰਗਾਲੀ ਭਾਵ ਬੰਗਲਾ ਦੇਸ਼ੀ ਅਤੇ ਬਾਹਰੀ ਕਹਿ ਕੇ ਪੀੜਤ ਕੀਤਾ ਜਾਣ ਲੱਗਾ। ਸਰਕਾਰ ਨੇ ਬੋਧ ਧਰਮੀ ਕੱਟੜਪੰਥੀਆਂ ਨੂੰ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਉਤੇ ਹਮਲੇ ਕਰਵਾਉਣੇ ਸ਼ੁਰੂ ਕੀਤੇ। 1971 ਤੋਂ 1978 ਦੇ ਦਰਮਿਆਨ ਰਖਾਈਨ ਅਤੇ ਬੋਧੀ ਸੰਨਿਆਸੀਆਂ ਨੇ ਸਰਕਾਰ ਉਤੇ 'ਬਾਹਰੀ' ਲੋਕਾਂ ਵਿਰੁੱਧ ਕਾਰਵਾਈ ਕਰਨ ਲਈ ਦਬਾਅ ਬਣਾਇਆ। ਫੌਜ ਮੁਖੀ ਵੀਣ ਨੇ 1978 ਵਿਚ ਰੋਹਿੰਗਯਾ ਮੁਸਲਮਾਨਾਂ ਵਿਰੁੱਧ ਉਪਰੇਸ਼ਨ ਕਿੰਗ ਡੋਰਸ ਚਲਾਇਆ ਜਿਸ ਨਾਲ 220000 ਲੋਕਾਂ ਨੂੰ ਬੰਗਲਾਦੇਸ਼ ਵਿਚ ਧੱਕ ਦਿੱਤਾ। ਬੰਗਲਾ ਦੇਸ਼ ਦੇ ਵਿਰੋਧ ਅਤੇ ਸੰਯੁਕਤ ਰਾਸ਼ਟਰ ਸੰਘ ਦੇ ਦਖਲ ਉਨ੍ਹਾਂ ਨੂੰ ਵਾਪਸ ਤਾਂ ਲੈ ਲਿਆ ਗਿਆ ਉਨ੍ਹਾਂ ਤੋਂ ਉਹ ਸਾਰੇ ਅਧਿਕਾਰ ਖੋਹ ਲਏ ਗਏ ਜਿਹੜੇ ਇਕ ਦੇਸ਼ ਦੇ ਨਾਗਰਿਕ ਨੂੰ ਹੁੰਦੇ ਹਨ। ਵੋਟ ਦੇਣ ਤੋਂ ਚੁਣੇ ਜਾਣ ਤੱਕ ਦਾ ਅਧਿਕਾਰ ਸਰਕਾਰੀ ਵਿਦਿਆ ਸਿਹਤ ਤੋਂ ਲੈ ਕੇ ਰੁਜ਼ਗਾਰ ਤੱਕ ਦਾ ਅਧਿਕਾਰ, ਆਉਣ ਜਾਣ ਦੀ ਅਜ਼ਾਦੀ, ਨੌਕਰੀ ਕਰਨ ਦੇ ਅਧਿਕਾਰ ਆਦਿ ਤੋਂ ਵਾਂਝਿਆਂ ਕਰ ਦਿੱਤਾ ਗਿਆ।

ਜਿਥੋਂ ਤੱਕ ਬੋਧ ਧਰਮੀ ਕੱਟੜਪੰਥੀਆਂ ਜਾਂ ਕੌਮਵਾਦੀਆਂ ਦਾ ਦਾਅਵਾ ਹੈ ਕਿ ਉਹ ਇਥੋਂ ਦੇ ਮੂਲ ਨਿਵਾਸੀ ਹਨ ਅਤੇ ਰੋਹਿੰਗਯਾ ਬੰਗਲਾ ਦੇਸ਼ ਤੋਂ ਆਏ ਹਨ, ਦੇ ਦਾਅਵੇ ਦੀ ਇਤਿਹਾਸ ਪੁਸ਼ਟੀ ਨਹੀਂ ਕਰਦਾ। ਰਖਾਈਨ ਬਰਮ ਨਗਰ ਰਾਜ ਪਯੂ ਦਾ ਇਕ ਆਦਿਵਾਸੀ ਸਮੂਹ (ਕਬੀਲਾ) ਹੈ ਜਿਹੜਾ 9ਵੀਂ ਸਦੀ ਵਿਚ ਆਰਾਕਾਨ ਪਹਾੜੀਆਂ ਦੇ ਰਾਹੀਂ ਅਰਾਕਾਨ ਵਿਚ ਰਹਿਣ ਆਏ ਸਨ। 1406 ਵਿਚ ਬਰਮਾ ਦੀ ਫੌਜ ਨੇ ਰਖਾਈਨ ਦੇ ਸ਼ਹਿਰਾਂ ਉਤੇ ਹਮਲਾ ਕੀਤਾ ਇਸ ਹਮਲੇ ਨੇ ਰਖਾਈਨ ਹਾਕਮਾਂ ਨੂੰ ਗੁਆਂਢੀ ਰਾਜ (ਦੇਸ਼) ਬੰਗਾਲ ਤੋਂ ਮਦਦ ਮੰਗਣ ਲਈ ਮਜਬੂਰ ਹੋਣਾ ਪਿਆ। ਆਰਾਕਾਨ ਘਾਟੀ ਵਿਚ ਬੰਗਾਲੀ ਮੁਸਲਮਾਨ ਬਗਤ ਦਾ ਪਹਿਲਾ ਸਬੂਤ ਰਾਜਾ ਮਿਨ ਸਾਵ ਮੀਨ (1430-1434) ਦੇ ਸਮੇਂ ਵਿਚ ਮਿਲਦਾ ਹੈ। ਮੀਨ ਸਾਵ ਮੀਨ ਦੇ 24 ਸਾਲ ਰਾਜ ਉਤੇ ਕਾਬਜ਼ ਹੋਣ ਲਈ ਬੰਗਾਲ ਦੇ ਸੁਲਤਾਨ ਦੀ ਮਦਦ ਹਾਸਲ ਹੋਈ ਸੀ। 17ਵੀਂ ਸਦੀ ਵਿਚ ਆਰਾਕਾਨ ਹਮਲਾਵਰਾਂ ਅਤੇ ਪੁਰਤਗਾਲੀ ਲੁਟੇਰਿਆਂ ਵਲੋਂ ਦਾਸਾਂ (ਗੁਲਾਮਾਂ) ਨੂੰ ਲਿਆਉਣਾ ਸ਼ੁਰੂ ਕੀਤਾ ਜਿਸ ਕਰਕੇ ਅਬਾਦੀ ਵਧਦੀ ਗਈ।

ਜ਼ਿਆਦਾਤਰ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਰਖਾਈਨ ਆਦਿਵਾਸੀ ਸਮੂਹ 10ਵੀਂ ਸਦੀ 'ਚ ਇਥੇ ਆ ਕੇ ਵਸਿਆ। ਇਥੇ 9ਵੀਂ ਸਦੀ ਦੇ ਅਰਬ ਵਿਓਪਾਰੀ ਆਏ ਸਨ। ਉਨ੍ਹਾਂ ਸਮਿਆਂ 'ਚ ਬੰਗਾਲ ਦੇ ਨਾਲ ਇਨ੍ਹਾਂ ਇਲਾਕਿਆਂ ਦਾ ਗੂੜਾ ਆਰਥਿਕ ਅਤੇ ਰਾਜਨੀਤਕ ਸਬੰਧ ਹੁੰਦਾ ਸੀ। ਇਹ ਵੀ ਸੱਚ ਹੈ ਕਿ ਮੀਆਂਮਾਰ ਉਤੇ ਜਦੋਂ ਅੰਗਰੇਜ਼ਾਂ ਦਾ ਕਬਜ਼ਾ ਹੋਇਆ ਤਾਂ ਵੱਡੀ ਗਿਣਤੀ ਵਿਚ ਚਿਟਗਾਵ ਅਤੇ ਬੰਗਾਲ ਦੇ ਹੋਰ ਹਿੱਸਿਆਂ 'ਚੋਂ ਮਜ਼ਦੂਰ ਖੇਤਾਂ ਵਿਚ ਕੰਮ ਕਰਨ ਦੇ ਲਈ ਆ ਕੇ ਇਥੇ ਵੱਸੇ। ਬਾਹਰੀ ਮਜ਼ਦੂਰ ਸਸਤੇ ਤੇ ਭਰੋਸੇਮੰਦ ਸਨ। ਅੰਗਰੇਜ਼ਾਂ ਲਈ ਫਾਇਦੇਮੰਦ ਸਨ ਅਤੇ ਸਥਾਨਕ ਲੋਕਾਂ ਵਿਚ ਇਨ੍ਹਾਂ ਵਿਰੁੱਧ ਇਕ ਨਫ਼ਤਰ ਤੇ ਰੋਸ ਪਣਪਨ ਲੱਗਾ। ਉਨ੍ਹੀਂ ਦਿਨੀਂ ਬਰਮਾ ਵਿਚ ਸਥਾਨਕ ਲੋਕਾਂ ਨਾਲੋਂ ਵਿਸ਼ੇਸ਼ ਕਰਕੇ ਭਾਰਤੀਆਂ ਦੀ ਗਿਣਤੀ ਜ਼ਿਆਦਾ ਸੀ। 1930 ਵਿਚ ਬਮਰਾ ਕੌਮਵਾਦ ਇਕ ਮੁੱਦਾ ਬਣ ਕੇ ਉਭਰਿਆ ਅਤੇ ਇਹਨੇ ਮੁਸਲਮਾਨ ਵਿਰੁੱਧ ਦੰਗਿਆਂ ਦਾ ਰੂਪ ਲੈ ਲਿਆ ਪਰ ਅੰਗਰੇਜ਼ਾਂ ਦੇ ਰਾਜ ਵਿਚ, ਆਰਾਕਾਨ ਵਿਚ ਅਜੋਕੇ ਬੰਗਲਾ ਦੇਸ਼ ਤੋਂ ਜਿਹੜੇ ਲੋਕ ਆਏ ਸਨ ਉਨ੍ਹਾਂ ਦੇ ਵੱਡੇ ਹਿੱਸੇ ਨੂੰ ਬਰਮਾ ਫੌਜ ਦੇ ਹਮਲੇ ਕਾਰਨ ਉਜੜਣਾ ਪਿਆ ਸੀ ਪਰ ਜਦੋਂ ਬਰਮਾ ਉਤੇ ਅੰਗਰੇਜ਼ਾਂ ਦਾ ਰਾਜ ਸਥਾਪਤ ਹੋ ਗਿਆ ਤਾਂ ਇਹਨੂੰ ਬੰਗਾਲ ਪ੍ਰੈਜ਼ੀਡੈਂਸੀ ਦਾ ਹਿੱਸਾ ਬਣਾ ਲਿਆ ਗਿਆ ਤਾਂ ਲੋਕ ਇਕ ਤੋਂ ਦੂਸਰੀ ਥਾਂ ਜਾ ਕੇ ਰਹਿਣ ਲੱਗੇ। ਦੂਸਰੀ ਸੰਗਰਾਮ ਜੰਗ ਸਮੇਂ ਜਦੋਂ ਜਾਪਾਨ ਨੇ ਬਰਮਾ ਉਤੇ ਹਮਲਾ ਕੀਤਾ ਤਾਂ ਅੰਗਰੇਜ਼ਾਂ ਨੇ ਉਤਰੀ ਆਰਾਕਾਨ ਦੇ ਮੁਸਲਮਾਨਾਂ ਨੂੰ ਹਥਿਆਰਬੰਦ ਕੀਤਾ ਤਾਂ ਕਿ ਜਾਪਾਨੀ ਹਮਲੇ ਨੂੰ ਪਛਾਣ ਸਕਣ। ਦੱਖਣੀ ਆਰਾਕਾਨੀ ਤੋਂ ਮੁਸਲਮਾਨ ਅੰਗਰੇਜ਼ਾਂ ਦੇ ਕੰਟਰੋਲ ਵਾਲੀ ਰੋਹਿੰਗਯਾ ਬਹੁਗਿਣਤੀ ਵਾਲੇ ਇਲਾਕੇ ਉਤਰੀ ਆਰਾਕਾਨ ਵਿਚ ਆ ਗਏ। ਇਥੇ ਇਨ੍ਹਾਂ ਬੋਧੀ ਮੱਠ ਵਾਲੇ ਰਖਾਈਨ ਲੋਕਾਂ ਨੂੰ ਮਾਰ ਦਿੱਤਾ। ਦੱਖਣੀ ਆਰਾਕਾਨ ਵਿਚੋਂ ਰੋਹਿੰਗਯਾ ਮੁਸਲਮਾਨਾਂ ਨੂੰ ਭਜਾ ਦਿੱਤਾ ਗਿਆ ਜਾਂ ਮਾਰ ਦਿੱਤਾ ਗਿਆ। ਦੋ ਸਮਰਾਜੀ ਬਘਿਆੜਾਂ-ਜਾਪਾਨ ਅਤੇ ਅੰਗਰੇਜ਼ਾਂ ਨੇ ਲੋਕਾਂ ਨੂੰ ਧਾਰਮਿਕ ਅਧਾਰ ਉਤੇ ਵੰਡ ਕੇ ਰਾਜਸੀ ਲਾਹਾ ਲਿਆ। ਜੰਗ ਖਤਮ ਹੋਣ ਤੋਂ ਪਿਛੋਂ ਜ਼ਿਆਦਾ ਗਿਣਤੀ ਵਿਚ ਲੋਕ ਉਤਰੀ ਆਰਾਕਾਨ ਵਿਚ ਆਏ। ਇਹਨੂੰ ਲੈ ਕੇ ਬਹਿਸ ਇਹ ਹੈ ਕਿ ਕੀ ਉਹ ਲੋਕ ਜਿਹੜੇ ਯੁੱਧ ਦੇ ਸਮੇਂ ਦੇਸ਼ ਛੱਡਣ ਦੇ ਲਈ ਮਜ਼ਬੂਰ ਹੋਏ ਸਨ ਜਾਂ ਨਵੇਂ ਇਥੇ ਆ ਕੇ ਵੱਸੇ ਹਨ? ਰਖਾਈਨ ਅਤੇ ਬਰਮਾ ਕੌਮਵਾਦੀਆਂ ਦਾ ਦਾਅਵਾ ਹੈ ਕਿ ਇਹ ਸਾਰੇ ਲੋਕ ਅੱਜ ਦੇ ਬੰਗਲਾ ਦੇਸ਼ ਤੋਂ ਆਏ ਸਨ ਅਤੇ ਇਨ੍ਹਾਂ ਵਿਦੇਸ਼ੀਆਂ ਦਾ ਆਵਾਗਮਨ 1980 ਤੱਕ ਚਲਦਾ ਰਿਹਾ।

ਦੂਸਰੀ ਸੰਸਾਰ ਜੰਗ ਦੇ ਖਾਤਮੇ ਪਿਛੋਂ ਉਤਰੀ ਆਰਾਕਾਨ ਦੇ ਰੋਹਿੰਗਯਾ ਮੁਸਲਮਾਨਾਂ ਨੂੰ ਅੰਗਰੇਜ਼ਾਂ ਦੀ ਮਦਦ ਨਾਲ ਅਲੱਗ ਰਾਜ ਬਣਾਉਣ ਦੀ ਉਮੀਦ ਸੀ। ਇਨ੍ਹਾਂ ਵਿਚੋਂ ਕੁਝ ਤਾਂ ਉਤਰੀ ਆਰਾਕਾਨ ਦਾ ਪੂਰਬੀ ਪਾਕਿਸਤਾਨ ਵਿਚ ਰਲੇਵਾਂ ਵੀ ਚਾਹੁੰਦੇ ਸਨ। ਉਨ੍ਹਾਂ ਇਸ ਸਬ ਦੀ ਜਿਨਹਾਂ ਨਾਲ ਵੀ ਗੱਲਬਾਤ ਕੀਤੀ ਸੀ ਪਰ ਕੋਈ ਨਤੀਜਾ ਨਹੀਂ ਨਿਕਲਿਆ ਸੀ।

ਰੋਹਿੰਗਯਾ ਐਕਟਵਿਸਟਾਂ ਦਾ ਕਹਿਣਾ ਹੈ ਕਿ 1948 ਤੋਂ ਪਹਿਲਾਂ ਦੇ ਸਾਰੇ ਇਤਿਹਾਸਕ ਸੰਦਰਭ ਤੇ ਸਬੂਤ ਮੌਜੂਦ ਹਨ ਜਿਨ੍ਹਾਂ ਅਧਾਰਤ ਉਹ ਮੀਆਂਮਾਰ ਦੇ ਨਾਗਰਿਕ ਮੰਨੇ ਗਏ ਸਨ। ਮਿਸਾਲ ਵਜੋਂ ਬਰਮਾ ਦੇ ਪਹਿਲੇ ਰਾਸ਼ਟਰਪਤੀ ਯੂ.ਨੂ ਨੇ ਇਸ ਖੁੱਲ੍ਹੇ ਲੋਕਾਂ ਦੇ ਇਕੱਠ ਵਿਚ 25 ਸਤੰਬਰ 1954 ਨੂੰ ਸਵੀਕਾਰ ਕੀਤਾ ਸੀ [ਰਖਾਈਨ ਸੂਬੇ ਦਾ ਰੋਹਿੰਗਯਾ ਬਹੁਗਿਣਤੀ ਇਲਾਕਾ] ਬੁੱਚੀ ਡਾਂਗ ਅਤੇ ਮਾਊਗਾਂਡਾ ਸ਼ਹਿਰਾਂ ਵਿਚ ਰਹਿਣ ਵਾਲੇ ਰੋਹਿੰਗਯਾ ਬਰਮਾ ਦੇ 'ਏਥਨਕਸ' (ਜਾਤੀ ਸਮੁਦਾਏ) ਹਨ। ਮਈ 1961 ਤੋਂ ਅਕਤੂਬਰ 1965 ਤੱਕ ਬਰਮਾ ਦੀ ਸਰਕਾਰੀ ਪ੍ਰਸ਼ਾਸਨ ਸੇਵਾ ਬਰਮਾ ਬ੍ਰਾਡਕਾਸਟਿੰਗ ਸਰਵਿਸ ਵਿਚ ਹਫ਼ਤੇ 'ਚੋਂ ਤਿੰਨ ਦਾ ਰੋਹਿੰਗਯਾ ਭਾਸ਼ਾ ਵਿਚ ਇਕ ਪ੍ਰੋਗਰਾਮ ਪ੍ਰਸਾਰਿਤ ਹੁੰਦਾ ਸੀ। ਸਾਲ 1948 ਤੋਂ 2010 ਤੱਕ ਉਨ੍ਹਾਂ ਨੂੰ ਅਸਥਾਈ ਸੁੱਰਖਿਆ ਕਾਰਡ ਦਿੱਤਾ ਗਿਆ ਸੀ। ਜਿਸ ਆਧਾਰਤ ਉਹ ਵੋਟ ਦੇ ਅਧਿਕਾਰੀ ਸਨ। ਬੇਸ਼ੱਕ ਇਨ੍ਹਾਂ ਕਾਰਡਾਂ ਉਤੇ ਲਿਖਿਆ ਹੁੰਦਾ ਸੀ ਕਿ ਇਹ ਨਾਗਰਿਕਤਾ ਦੇ ਹੱਦ ਦਾ ਦਾਅਵਾ ਕਰਨ ਵਾਲਾ ਕਾਰਡ ਨਹੀਂ। 2008 ਅਤੇ ਫਿਰ 2010 ਦੀਆਂ ਚੋਣਾਂ ਵਿਚ ਇਹ ਵਾਅਦਾ ਕੀਤਾ ਗਿਆ ਸੀ ਕਿ 'ਉਨ੍ਹਾਂ ਨੂੰ ਰਾਸ਼ਟਰੀ ਸੁੱਰਖਿਆ ਕਾਰਡ' ਦਿੱਤਾ ਜਾਵੇਗਾ ਜਿਹੜਾ ਨਾਗਰਿਕਤਾ ਦਾ ਅਧਾਰ ਹੋਵੇਗਾ। ਪਰ 2015 ਵਿਚ ਉਨ੍ਹਾਂ ਨੂੰ ਚੋਣਾਂ ਵਿਚ ਵੋਟ ਦਾ ਅਧਿਕਾਰ ਵੀ ਨਹੀਂ ਸੀ ਅਤੇ ਇਸ ਚੋਣ ਨੂੰ ਦੁਨੀਆਂ ਵਿਚ ਜਮਹੂਰੀ ਚੋਣਾਂ ਦੇ ਰੂਪ ਵਿਚ ਪ੍ਰਚਾਰਿਆ ਗਿਆ ਸੀ।

ਸਾਲ 2012 ਵਿਚ ਇਕ ਬੋਧ ਔਰਤ ਨਾਲ ਰਖਾਈਨ 'ਚ ਬਲਾਤਕਾਰ ਹੋਇਆ ਤੇ ਫਿਰ ਰੋਹਿੰਗਯਾ ਮੁਸਲਮਾਨਾਂ ਦੇ ਪਿੰਡਾਂ ਦੇ ਪਿੰਡ ਸਾੜ ਦਿੱਤੇ ਗਏ। ਹਿਊਮੈਨ ਰਾਈਟਸ ਵਾਚ ਨੇ ਇਹਦੀਆਂ ਸੈਟੇਲਾਈਟ ਤਸਵੀਰਾਂ ਵੀ ਜਾਰੀ ਕੀਤੀਆਂ। ਲੱਖਾਂ ਰੋਹਿੰਗਯਾ ਉਜੜ ਕੇ ਬੰਗਲਾ ਦੇਸ਼ ਚਲੇ ਗਏ, 140000 ਨੇ ਸੰਯੁਕਤ ਰਾਸ਼ਟਰ ਸੰਘ ਵਲੋਂ ਕਾਇਮ ਕੀਤੇ ਸ਼ਰਨਾਰਥੀ ਕੈਂਪਾਂ 'ਚ ਪਨਾਹ ਲਈ ਇਨ੍ਹਾਂ ਸ਼ਰਨਾਰਥੀ ਕੈਂਪਾਂ ਵਿਚੋਂ ਅਰਕਨ ਰੋਹਿੰਗਯਾ ਸੈਲਵੇਸ਼ਨ ਆਰਮੀ (ਏ.ਆਰ.ਐਸ.ਐਸ.) ਦਾ ਜਨਮ ਹੋਇਆ। ਫਿਰ 2015 ਤੋਂ 2016 ਵਿਚ ਇਹੋ ਕੁਝ ਮੁੜ ਦੁਹਰਾਇਆ ਗਿਆ। ਰੋਹਿੰਗਯਾ ਮੁਸਲਮਾਨਾਂ ਦੇ ਘਰਾਂ ਨੂੰ ਸਾੜਨਾ, ਔਰਤਾਂ ਅਤੇ ਬੱਚੀਆਂ ਨਾਲ ਬਲਾਤਕਾਰ, ਜਾਇਦਾਦ ਲੁੱਟਣਾ, ਸਮੂਹਿਕ ਕਤਲ ਕਰਨਾ ਅਤੇ ਨਵਜੰਮੇ ਬੱਚਿਆਂ ਨੂੰ ਪੈਰਾਂ ਹੇਠ ਮਸਲ ਮਸਲ ਕੇ ਮਾਰਨਾ, ਦੁਨੀਆਂ ਵਿਚ ਇਨਸਾਨੀਅਤ ਨੂੰ ਅਤਿ ਸ਼ਰਮਨਾਕ ਕਰਨ ਵਾਲੀਆਂ ਘਟਨਾਵਾਂ ਹਨ। ਅਜੋਕੀ ਹਿੰਸਾ ਅਤੇ ਅਗਜਨੀ ਵਿਚ ਰੋਹਿੰਗਯਾ ਮੁਸਲਮਾਨਾਂ ਦੇ 471 ਪਿੰਡ ਪੂਰੀ ਤਰ੍ਹਾਂ ਸਾੜ ਦਿੱਤੇ ਗਏ ਹਨ। 5 ਕੁ ਲੱਖ ਸ਼ਰਨਾਰਥੀ ਬੰਗਲਾ ਦੇਸ਼ ਸ਼ਰਨਾਰਥੀ ਕੈਂਪਾਂ ਵਿਚ ਹਨ। 40,000 ਕੁ ਹਜ਼ਾਰ ਭਾਰਤ ਵਿਚ ਵੀਨ ਜਿਹੜੇ 2012 ਵਿਚ ਮੀਆਂਮਾਰ ਰਖਾਈਨ ਸੂਬੇ 'ਚੋਂ ਉਜੜ ਕੇ ਆਏ ਹਨ। ਇਹ ਲੋਕ ਕਿਸੇ ਵੀ ਹਾਲਤ ਵਿਚ ਮੀਆਂਮਾਰ ਜਾਣਾ ਨਹੀਂ ਚਾਹੁੰਦੇ ਅਤੇ ਦੁਹਾਈ ਦਿੰਦੇ ਹਨ ਕਿ ਉਥੇ ਉਨ੍ਹਾਂ ਨੂੰ ਮਾਰ ਦਿੱਤਾ ਜਾਵੇਗਾ। ਜਿਵੇਂ ਦੱਸਿਆ ਗਿਆ ਹੈ ਕਿ ਮੀਆਂਮਾਰ ਵਾਲੇ ਬੋਧ ਕੌਮਵਾਦੀ ਉਵੇਂ ਹੀ ਸੋਚਦੇ ਅਤੇ ਕਰਦੇ ਹਨ ਜਿਵੇਂ ਕੱਟੜ ਹਿੰਦੂ ਕੌਮਵਾਦੀ ਸੋਚਦੇ ਤੇ ਕਰਦੇ ਹਨ ਭਾਵ ਇਹ ਧਰਮ ਇਕ ਕੌਮ, ਹਿਕ ਦੇਸ਼ ਦੂਸਰਿਆਂ ਦਾ ਸਮੂਹਿਕ ਸਫ਼ਾਇਆ। ਮੀਆਂਮਾਰ 'ਚ ਮੁਸਲਮਾਨਾਂ ਨੂੰ ਬੰਗਲਾਦੇਸ਼ ਕਿਹਾ ਜਾਂਦਾ ਹੈ

ਇਥੇ ਪਾਕਿਸਤਾਨੀ ਕਹਿ ਕੇ ਬਦਨਾਮ ਕੀਤਾ ਜਾਂਦਾ ਹੈ। ਦੁਨੀਆਂ ਵਿਚ ਇਹ ਹਊਆ ਬਣਾ ਦਿੱਤਾ ਗਿਆ ਹੈ ਕਿ ਜਿਵੇਂ ਸਾਰੀਆਂ ਸਮੱਸਿਆਵਾਂ ਦੀ ਜੜ ਸਿਰਫ਼ ਮੁਸਲਮਾਨ ਹੀ ਹਨ।

ਮੀਆਂਮਾਰ ਦੀ ਫੌਜ ਬੰਗਲਾਦੇਸ਼ ਦੀ ਸਰਹੱਦ ਉਤੇ ਬਾਰੂਦੀ ਸੁਰੰਗਾਂ ਵਿਛਾ ਰਹੀ ਹੈ। ਰੋਹਿੰਗਯਾ ਮੁਸਲਮਾਨਾ ਜੇ ਕਤਲੇਆਮ ਅਗਜਲੀ ਤੋਂ ਬਚ ਕੇ ਬਾਹਰ ਜਾਣਾ ਚਾਹੁੰਦੇ ਹਨ, ਉਹ ਵੀ ਬਰਦਾਸ਼ਤ ਨਹੀਂ। ਬੰਗਲਾਦੇਸ਼ ਤੇ ਭਾਰਤ ਵਿਚ ਆਏ ਸ਼ਰਨਾਰਥੀਆਂ ’ਚੋਂ 60 ਫੀਸਦੀ ਬੱਚੇ ਹਨ। ਇਕ ਅਨੁਮਾਨ ਹੈ ਕਿ 12 ਲੱਖ ਰੋਹਿੰਗਯਾ ਮੁਸਲਮਾਨ ਉਜਾੜੇ ਜਾ ਚੁੱਕੇ ਹਨ। ਕਈ ਥਾਵਾਂ ਉਤੇ ਫੌਜ ਅਤੇ ਉਹਦੇ ਸਹਿਯੋਗੀ ਬੋਧ ਕੱਟੜਪੰਥੀ ਮੁਸਲਮਾਨਾਂ ਦੇ ਪਹਿਰਾਵਾ ਪਹਿਨ ਕੇ ਰੋਹਿੰਗਯਾ ਘਰਾ ’ਚ ਅੱਗ ਲਾਉਂਦੇ ਰਹੇ ਇਹ ਤਸਵੀਰਾਂ ਵੀ ਜਾਰੀ ਹੋਈਆਂ ਹਨ। ਹੱਥਾਂ ਵਿਚ ਤਲਵਾਰਾਂ ਫੜ ਕੇ ਲੰਪਨ ਕਿਸਮ ਦੇ ਨੌਜਵਾਨ ਕਿਸੇ ਵੀ ਪਿੰਡ ਨੂੰ ਘੇਰ ਕੇ ਅੱਗ ਲਾਉਂਦੇ ਹਨ। ਔਰਤਾਂ ਦੀਆਂ ਛਾਤੀਆਂ ਕੱਟੀਆਂ ਜਾ ਰਹੀਆਂ ਹਨ। ਬੀ.ਬੀ.ਸੀ. ਦਾ ਇਕ ਪੱਤਰਕਾਰ ਜੋ ਨਾਰਥ ਹੈਡ, ਮੀਆਂਮਾਰ ਗਿਆ ਸੀ। ਉਹਦੀਆਂ ਰਿਪੋਰਟਾਂ ਅਨੁਸਾਰ ਪਿੰਡ ਤਾਂ ਕੀ ਨਾਰੀਅਲ ਦੇ ਰੁੱਖ ਵੀ ਸਾੜ ਦਿੱਤੇ ਗਏ ਹਨ। ਮੀਆਂਮੀਰ ਦੀ ਸਰਕਾਰ ਰੋਹਿੰਗਯਾ ਸ਼ੰਕਟ ਉਤੇ ਦੁਨੀਆਂ ਨੂੰ ਗੁੰਮਰਾਹ ਕਰ ਰਹੀ ਹੈ। ਉਹ ਕਹਿੰਦੀ ਹੈ ਕਿ ਉਹ ਰੋਹਿੰਗਯਾ ਦਹਿਸ਼ਤਗਰਦਾਂ ਵਿਰੁੱਧ ਕਾਰਵਾਈਆਂ ਕਰ ਰਹੀ ਹੈ। ਪਰ ਹਕੀਕਤ ਕੁਝ ਹੋਰ ਹੈ। ਫੌਜ ਤੇ ਬੋਧ ਕੱਟੜਪੰਥੀ ਰੋਹਿੰਗਯਾ ਦੇ ਭੇਸ ਵਿਚ ਹਮਲੇ ਕਰ ਰਹੇ ਹਨ। ਬੰਗਲਾ ਦੇਸ਼ ਵਿਚ ਰੋਹਿੰਗਯਾ ਮੁਸਲਮਾਨਾਂ ਦੇ ਕੁਝ ਕੁਝ ਹਿੰਦੂ ਪਰਿਵਾਰ ਵੀ ਉਜੜ ਕੇ ਆਏ ਹਨ ਜਿਨ੍ਹਾਂ ਦਾ ਇਹ ਕਹਿਣਾ ਹੈ ਕਿ ਬੋਧ ਕੱਟੜਪੰਥੀ ਜਦੋਂ ਵੀ ਰੋਹਿੰਗਯਾ ਮੁਸਲਮਾਨ ਵੇਖ ਲੈਣ ਹਮਲਾ ਕਰ ਦਿੰਦੇ ਹਨ ਉਹ (ਹਿੰਦੂ) ਖੁਦ ਦਹਿਸ਼ਤਜਦਾ ਮਾਹੌਲ ਕਰਕੇ ਸ਼ਰਨਾਰਥੀ ਬਣ ਕੇ ਆਏ ਹਨ। ਪੱਤਰਕਾਰ ਤੇ ਕੁਝ ਮਾਨਵ ਅਧਿਕਾਰਾਂ ਦੇ ਕਾਰਕੁੰਨਾਂ ਨੇ ਉਨ੍ਹਾਂ ਕੱਚੇ ਰਾਹਾਂ ਉਤੇ ਔਰਤਾਂ ਦੇ ਕੱਪੜੇ ਖਿੰਡੇ ਪਏ ਸਨ। ਔਰਤਾਂ ਨਾਲ ਕੀ ਬੀਤੀ ਹੋਵੇਗੀ ਇਹ ਅੰਦਾਜ਼ਾ ਖੁਦ ਲਾਇਆ ਜਾ ਸਕਦਾ ਹੈ। ਉਨ੍ਹਾਂ (ਪੱਤਰਕਾਰਾਂ) ਦੇ ਸਾਹਮਣੇ ਹੀ ਕੁਝ ਬੋਧ ਕੱਟੜਪੰਥੀ ਅੱਗਾਂ ਲਾ ਰਹੇ ਸਨ ਅਤੇ ਘਰਾਂ ਦਾ ਸਮਾਨ ਚੁੱਕ ਕੇ ਲਿਆ ਕੇ ਲਿਜਾ ਰਹੇ ਸਨ। ਇਨ੍ਹਾਂ ਕੱਟੜਪੰਥੀਆਂ ਨੇ ਪ੍ਰਵਾਨ ਕੀਤਾ ਕਿ ਇਹ ਕੁਝ ਪੁਲਿਸਦੀ ਮਦਦ ਨਾਲ ਹੀ ਕਰ ਰਹੇ ਹਨ।

ਸੰਯੁਕਤ ਰਾਸ਼ਟਰ ਸੰਘ ਰੋਹਿੰਗਯਾ ਸ਼ਰਨਾਰਥੀ ਮਸਲੇ ਨੂੰ ਨਜ਼ਰਅੰਦਾਜ਼ ਕਰਦਾ ਆ ਰਿਹਾ ਸੀ। ਸੰਘ ਦੀ ਮਹਾਂ ਸਭਾ ਦੀ 72ਵੀਂ ਬੈਠਕ ਤੋਂ ਪਹਿਲਾਂ 13 ਸਤੰਬਰ 17 ਨੂੰ ਸੰਯੁਕਤ ਰਾਸ਼ਟਰ ਸੰਘ ਦੇ ਜਨਰਲ ਸਕੱਤਰ ਨੂੰ ਇਕ ਪ੍ਰੈਸ ਕਾਨਫਰੰਸ ਵਿਚ ਪ੍ਰਵਾਨ ਕਰਨਾ ਪਿਆ ਕਿ ਰਖਾਈਨ ਦੇ ਮੌਜੂਦਾ ਹਾਲਤਾਂ ਨੂੰ ‘ਜਾਤੀ ਸਫ਼ਾਇਆ’ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਇਕ ਤਿਹਾਈ ਆਬਾਦੀ ਦੇਸ਼ ਛੱਡ ਕੇ ਭੱਜ ਗਈ ਹੈ ਇਹਨੂੰ ਹੋਰ ਕੀ ਕਿਹਾ ਜਾਵੇ। ਯਾਦ ਰਹੇ 2015 ਵਿਚ ਮੀਆਂਮਾਰ ਵਿਚ ਸੰਯੁਕਤ ਰਾਸ਼ਟਰ ਸੰਘ ਨੇ ਯਾਂਗ ਲੀ ਦੀ ਅਗਵਾਈ ’ਚ ਜਿਹੜੀ ਟੀਮ ਭੇਜੀ ਸੀ ਉਹਨੂੰ ਬੋਧੀ ਕੱਟੜਪੰਥੀਆਂ ਨੂੰ ‘ਕੁੱਤੀ’ ਤੇ ‘ਵੇਸ਼ਵਾ’ ਤੱਕ ਸ਼ਬਦਾਂ ਨਾਲ ਨਿਵਾਜਿਆ ਸੀ। ਯਾਦ ਰਹੇ ਫਾਸ਼ੀਵਾਦੀਆਂ ਦੀ ਭਾਸ਼ਾ ਵੀ ਹਰ ਦੇਸ਼ ਵਿਚ ਇਕੋ ਜਿਹੀ ਹੀ ਹੈ ਪਰ ਐਨੀਆਂ ਭੱਦੀਆਂ ਗਾਲਾਂ ਖਾ ਕੇ ਵੀ ਸੰਯੁਕਤ ਰਾਸ਼ਟਰ ਸੰਘ ਕੁਝ ਵੀ ਕਰਨ ਤੋਂ ਅਸਮਰਥ ਹੈ। ਦੁਨੀਆਂ ’ਚ ਸ਼ਾਂਤੀ ਸਥਾਪਤ ਕਰਨ ਦਾ ਦਾਅਵੇਦਾਰ ਮੀਆਂਮਾਰ ’ਚ ਹੋ ਰਹੀ ਨਸਲਕੁਸ਼ੀ ਉਤੇ ਚੁੱਪ ਕਿਉਂ ਹੈ? ਉਹ ਵੀ ਸ਼ਾਂਤੀ ਸੈਨਾ ਜਿਹੜੀ ਅਮਰੀਕੀ ਇਸ਼ਾਰਿਆਂ ਉਤੇ ਦੇਸ਼ਾਂ ਦੀ ਆਜ਼ਾਦ ਹੋਂਦ ਨੂੰ ਕੁਚਲਣ ਦੀ ਪੂਮਿਕਾ ਨਿਭਾਉਂਦੀ ਆ ਰਹੀ ਹੈ, ਦੀ ਖਾਮੋਸ਼ੀ ਸਮਝੋਂ ਬਾਹਰੀ ਨਹੀਂ। ਸਾਮਰਾਜੀ ਤੇ ਕਾਰਪੋਰੇਟੀ ਪੂੰਜੀ ਦੀ ਨੀਤੀ ਹੀ ਹੈ ਕਿ ਦੁਨੀਆਂ ਵਿਚ ਨਸਲੀ ਜਾਤੀ ਤੇ ਧਾਰਮਿਕ ਹਿੰਸਾ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਆਪਸੀ ਜੰਗਾਂ ਵਿਚ ਉਲਝਾ ਕੇ ਰੱਖਿਆ ਜਾਵੇ।

ਮੀਆਂਮਾਰ ਵਿਚ ਰੋਹਿੰਗਯਾ ਮੁਸਲਮਾਨਾਂ ਦੇ ਵਿਰੁੱਧ ਹਿੰਸਾ ਦੇ ਵਿਰੁੱਧ ਨੋਬਲ ਪੁਰਸਕਾਰ ਜਿੱਤ ਚੁੱਕੀ ਸੂ.ਕੀ. ਚੁੱਪ ਹੀ ਨਹੀਂ ਸਗੋਂ ਵੁਹ ਦੀ ਸਰਕਾਰ ਵਿਚ ਵਿਆਪਕ ਨਸਲੀ ਹਿੰਸਾ ਤੇ ਨਸਲਕੁਸ਼ੀ ਨੂੰ ਜਾਇਜ਼ ਠਹਿਰਾਅ ਰਹੀ ਹੈ। ਸੂ.ਕੀ. ਉਹੀ ‘ਨਾਇਕ’ ਹੈ ਜਿਹੜੀ ਦਹਾਕਿਆਂ ਤੋਂ ਮੀਆਂਮਾਰ (ਬਰਮਾ) ਵਿਚ ਜਮਹੂਰੀਅਤ ਦੀ ਸਥਾਪਤੀ ਲਈ ਸੰਘਰਸ਼ ਦੀ ਚਿੰਨ੍ਹ ਬਣੀ ਰਹੀ ਸੀ ਅਤੇ ਮੌਜੂਦਾ ਸੱਤਾ ਵੀ ਉਹਨੂੰ ਪੱਛਮੀ ਸਾਮਰਾਜਵਾਦੀਆਂ ਦੀ ਹਮਾਇਤ ਨਾਲ ਹੀ ਹਾਸਲ ਹੋਈ ਹੈ ਪਰ ਮੁਕੰਮਲ ਨਹੀਂ ਸਗੋਂ ਫੌਜ ਦੇ ਇਕ ਗੁੱਟ ਨਾਲ ਸਮਝੌਤਾ ਕਰਕੇ ਅਜੇ ਵੀ ਮੀਆਂਮਾਰ ਵਿਚ ਫੌਜ ਹੀ ਵਧੇਰੇ ਕੰਟਰੋਲ ਕਰਦੀ ਹੈ। ਮੀਆਂਮਾਰ ਦੇ ਸੰਵਿਧਾਨ ਮੁਤਾਬਿਕ ਰੱਖਿਆ ਸਰਹੱਦੀ ਸੁਰੱਖਿਆ ਅਤੇ ਅੰਦਰੂਨੀ ਮਾਮਲਿਆਂ ਦੇ ਅਹਿਮ ਵਿਭਾਗ ਫੌਜ ਦੇ ਕੋਲ ਹੀ ਹਨ। ਫੌਜ ਹੀ ਆਪਣੇ ਆਪ ਨੂੰ ਮਜਬੂਤ ਕਰਨ ਲਈ ਨਸਲੀ ਹਿੰਸਾ ਅਤੇ ਧਾਰਮਿਕ ਪਿਛਾਖੜੀ ਕੱਟੜਪੁਣੇ ਵਾਲੇ ਕੌਮਵਾਦ ਨੂੰ ਹਵਾ ਦੇ ਰਹੀ ਹੈ। ਸੂ.ਕੀ. ਇਸ ਤੋਂ ਵੱਧ ਕੁਝ ਵੀ ਕਰਨ ਤੋਂ ਅਸਮਰਥ ਹੈ। ਅਜਿਹੇ ਸੌੜੇ ਰਾਸ਼ਟਰਵਾਦ ਮੂਹਰੇ ਉਹਦਾ ਇਹ ਆਤਮ ਸਮਰਪਣ ਹੀ ਤਾਂ ਹੈ।

ਫੌਜ ਦੇ ਮੁਖੀ ਜਨਰਲ ਹੈਲਯਾਂਗ ਦਾ ਕਹਿਣਾ ਹੈ ਕਿ ਰੋਹਿੰਗਯਾ ਮੁਸਲਮਾਨ ਦੇਸ਼ ਲਈ ਇਕ ਸਥਾਈ ਖਤਰਾ ਹੈ। ਉਹ ਉਹੀ ਇਤਿਹਾਸਕ ਤੱਥ ਦੁਹਰਾਉਂਦੇ ਹਨ ਕਿ 1942 ’ਚ ਜਦੋਂ ਬਰਮਾ (ਮੀਆਂਮਾਰ) ਬਰਤਾਨਵੀ ਹਕੂਮਤ ਅਧੀਨ ਸੀ ਤਾਂ ਦੂਸਰੀ ਸੰਸਾਰ ਜੰਗ ਸਮੇਂ ਜਦੋਂ ਜਾਪਾਨ ਬਰਮੀ ਕੌਮਵਾਦੀਆਂ ਲਈ ਅਜ਼ਾਦੀ ਦਾ ਵਿਸ਼ਵਾਸ ਦੁਆ ਕੇ ਅੱਗੇ ਵਧ ਰਿਹਾ ਸੀ ਤਾਂ ਰੋਹਿੰਗਯਾ ਮੁਸਲਮਾਨਾਂ ਨੇ ਬਰਤਾਨਵੀ ਫੌਜ ਦੀ ਸਹਾਇਤਾ ਕਰਕੇ ਉਨ੍ਹਾਂ ਦਾ ਸਾਥ ਦਿੱਤਾ ਸੀ ਅਤੇ ਜਾਪਾਨੀਆਂ ਵਲੋਂ ਬਰਮਾ ਨੂੰ ਅਜ਼ਾਦ ਕਰਾਉਣ ਦੇ ਰਾਹ ਵਿਚ ਰੁਕਾਵਟ ਪਾਈ ਸੀ। ਯਾਦ ਰਹੇ ਇਸ ਸਮੇਂ ਹੀ ਜਾਪਾਨੀ ਸਾਮਰਾਜੀਆਂ ਨੇ ਬਰਮਾ ਇੰਡੀਪੈਂਡੈਂਟ ਆਰਮੀ ਬਣਾਈ ਸੀ ਅਤੇ ਇਨ੍ਹਾਂ ਵਿਚੋਂ ਹੀ ਕੁਝ ਲੋਕਾਂ ਨੇ ਬਰਮਾ ਆਰਮੀ ਦਾ ਗਠਨ ਕੀਤਾ ਸੀ। ਇਸੇ ਦਾ ਨਵਾਂ ਰੂਪ ‘ਨੈਸ਼ਨਲ ਲੀਗ ਫਾਰ ਡੈਮੋਕਰੇਸੀ’ ਦੇ ਤੌਰ ’ਤੇ ਸਾਹਮਣੇ ਆਇਆ ਸੀ। ਇਸੇ ਵਿਚ ਸੂ.ਕੀ. ਦਾ ਪਿਤਾ ਆਂਗ ਸਾਂਗ ਅਤੇ ਨੇਵਿਨ ਵੀ ਸੀ। 1962 ਵਿਚ ਆਂਗ ਸਾਂਗ ਦੀ ਹਕੂਮਤ ਨੂੰ ਪਲਟ ਕੇ ਨੇਵਿਨ ਨੇ ਤਾਨਾਸ਼ਾਹ ਹਕੂਮਤ ਸਥਾਪਤ ਕੀਤੀ ਸੀ ਜਿਹੜੀ 1988 ਤੱਕ ਕਾਇਮ ਰਹੀ ਸੀ। ਜਨਰਲ ਹੈਲਯਾਗ ਰੋਹਿੰਗਯਾ ਮੁਸਲਮਾਨਾਂ ਦੇ ਵਿਰੁੱਧ ਇਹੋ ਪਿਛਾਖੜੀ ਇਤਿਹਾਸਕ ਤੱਥ ਦੇ ਕੇ ਹਿੰਸਾ ਤੇ ਕਤਲੇਆਮ ਨੂੰ ਜਾਇਜ਼ ਠਹਿਰਾ ਰਹੇ ਹਨ ਤੇ ਸੂ.ਕੀ. ਦੀ ਸਰਕਾਰ ਇਸ ਵਿਆਪਕ ਨਸਲਕੁਸ਼ੀ ਨੂੰ ਚੁੱਪ ਹਮਾਇਤ ਦੇ ਰਹੀ ਹੈ।

ਇਕ ਤੱਕ ਹੋਰ ਕਿ ਪੱਛਮੀ ਸਾਮਰਾਜੀ ਇਸ ਵਿਚ ਕਿਵੇਂ ਦਖ਼ਲ-ਅੰਦਾਜ਼ੀ ਕਰ ਰਹੇ ਹਨ, ਦੇ ਸਬੰਧ ਵਿਚ ਹੈ। ਯਾਦ ਹੋਵੇਗਾ 17 ਦਸੰਬਰ 1995 ਨੂੰ ਭਾਰਤ ਵਿਚ ਇਕ ਬ੍ਰਿਟਿਸ਼ ਏਅਰਕਰਾਫਟ ਨੇ ਪੂਲਰੀਆ ਵਿਚ ਕੁਝ ਹਥਿਆਰ ਸੁੱਟੇ ਸਨ ਇਸ ਜਹਾਜ਼ ਦੇ ਚਾਲਕਾਂ ਉਤੇ ਮੁਕੱਦਮਾ ਵੀ ਚਲਿਆ ਸੀ। ਦਿੱਲੀ ਪਟਿਆਲਾ ਹਾਊਸ ਵਿਚ ਚਲੇ ਮੁਕੱਮਦੇ ਦੀ ਸੁਣਵਾਈ ਦੌਰਾਨ ਬਰਤਾਨਵੀ ਹਾਈ ਕਮਿਸ਼ਨਰ ਮੌਜੂਦ ਰਿਹਾ ਸੀ। ਦੇਸ਼ ਧ੍ਰੋਹ ਦੇ ਮਾਮਲੇ ’ਚ ਗ੍ਰਿਫ਼ਤਾਰ ਪਾਇਲਟ ਪੀਟਰ ਬਲੀਚ ਅਤੇ ਕਿਮ ਛੇਵੀ ਤੇ ਹੋਰਾਂ ਨੂੰ ਬਾਇੱਜ਼ਤ ਬਰੀ ਕਰਨਾ ਪਿਆ ਸੀ। ਇਸ ਮਾਮਲੇ ’ਚ ਇਕ ਸਰਕਾਰੀ ਗਵਾਹ ਮੰਗਲਾ ਪ੍ਰਸ਼ਾਦ ਦੀ ਹੱਤਿਆ ਕਰ ਦਿੱਤੀ ਗਈ ਸੀ। ਇਹ ਹਥਿਆਰ ਅਰਾਕਾਨ ਵਿਦਰੋਹੀਆਂ (ਰੋਹਿੰਗਯਾ) ਮੁਸਲਮਾਨਾਂ ਲਈ ਹੀ ਸਨ। ਇਹ ਤੱਥ ਬਰਤਾਨਵੀ ਸੂਤਰਾਂ ਰਾਹੀਂ ਬਾਹਰ ਆਏ ਸਨ ਜਿਸ ਤੋਂ ਸਾਫ਼ ਹੁੰਦਾ ਹੈ ਕਿ ਕਿਸੇ ਸਮੱਸਿਆ ਵਿਚ ਸਾਮਰਾਜੀਆਂ ਦੀ ਦਖ਼ਲ-ਅੰਦਾਜ਼ੀ ਕਿਵੇਂ ਹੁੰਦੀ ਹੈ।

ਜਿਥੋਂ ਤੱਕ ਭਾਰਤ ਸਰਕਾਰ ਦਾ ਸਬੰਧ ਹੈ ਉਹ ਖੁਦ ਰੋਹਿੰਗਯਾ ਮੁਸਲਮਾਨਾਂ ਨੂੰ ਦੇਸ਼ ਲਈ ਖਤਰਾ ਮੰਨ ਕੇ ਬਾਹਰ ਭੇਜਣਾ ਚਾਹੁੰਦੀ ਹੈ ਅਤੇ ਉਨ੍ਹਾਂ ਵਿਰੁੱਧ ਦਹਿਸ਼ਤਗਰਦ ਹੋਣ ਦਾ ਕੁਝ ਪ੍ਰਚਾਰ ਕਰਦੀ ਹੈ। ਹਾਲਾਂਕਿ ਭਾਰਤ ਵਿਚ ਉਨ੍ਹਾਂ ਰੋਹਿੰਗਯਾ ਵਿਰੁੱਧ ਦਹਿਸ਼ਤਗਰਦੀ ਸਰਗਰਮੀਆਂ ਦਾ ਕੋਈ ਇਕ ਵੀ ਮਾਮਲਾ ਨਹੀਂ ਹੈ। ਬੰਗਲਾ ਦੇਸ਼ ’ਚ 10 ਲੱਖ ਸ਼ਰਨਾਰਥੀ ਖਤਰਾ ਨਹੀਂ ਪਰ ਭਾਰਤ ਵਿਚ 40000 ਸ਼ਰਨਾਰਥੀ ਹੀ ਖਤਰਾ ਦਰਸਾਏ ਜਾ ਰਹੇ ਹਨ। ਮੌਜੂਦਾ ਹਿੰਦੂਤਵੀ ਹਕੂਮਤ ਲਈ ਇਹ ਅਛੂਤ ਹਨ ਇਨ੍ਹਾਂ ਨੂੰ ਗੈਰ ਕਾਨੂੰਨੀ ਘੁਸਪੈਠੀਏ ਦੇ ਨਾਂ ਨਾਲ ਨਿਵਾਜਿਆ ਜਾਂਦਾ ਹੈ। ਨਰਿੰਦਰ ਮੋਦੀ ਜਦੋਂ ਮੀਆਂਮਾਰ ਦੀ ਯਾਤਰਾ ਉਤੇ ਗਏ ਸਨ ਤਾਂ ਉਸ ਸਮੇਂ ਰੋਹਿੰਗਯਾ ਸਮੱਸਿਆ ਉਤੇ ਕੋਈ ਵਿਚਾਰ-ਚਰਚਾ ਹੀ ਨਹੀਂ ਸੀ ਕੀਤੀ।

ਭਾਰਤੀ ਹਕੂਮਤ ਬਰਮਾ ’ਚੋਂ ਉਜੜ ਕੇ ਆਏ ਹਿੰਦੂਆਂ ਲਈ ਤਾਂ ਨਾਗਰਿਕਤਾ ਦੇਣ ਲਈ ਸਹਿਮਤ ਹਨ ਪਰ ਰੋਹਿੰਗਯਾ ਮੁਸਲਮਾਨਾਂ ਪ੍ਰਤੀ ਦੂਸਰਾ ਰਵੱਈਆ ਹੈ। ਸਗੋਂ ਵਾਪਸ ਭੇਜਣ ਦੀ ਕਵਾਇਦ ਹੈ। ਮੁਸਲਿਮ ਧਰਮ ਨਾਲ ਜੋੜ ਇਹਨੂੰ ਫਿਰਕਾਪ੍ਰਸਤ ਹਵਾ ਦੇਣ ਦੀ ਕੋਸ਼ਿਸ਼ ਗੈਰ ਜ਼ਿੰਮੇਵਾਰਾਨਾ ਅਤੇ ਮਾਨਵਤਾ ਵਿਰੋਧੀ ਹੈ। ਭਾਰਤ ਲਈ ਦੁੱਧ ਚੁੰਘਦੇ ਬੱਚੇ, ਬੀਮਾਰ ਬਜ਼ੁਰਗ ਅਤੇ ਗਰਭਵਤੀ ਔਰਤਾਂ, ਕੀ ਖਤਰਾ ਖੜ੍ਹਾ ਕਰਨਗੀਆਂ? ਉਧਰ ਬੀ. ਐਸ. ਐਫ. ਨੇ ਚੌਕੀਆਂ ਉਤੇ ਚੌਕਸੀ ਵਧਾ ਦਿੱਤੀ ਹੈ ਤਾਂ ਕਿ ਕੋਈ ਸ਼ਰਨਾਰਥੀ ਨਾ ਆਵੇ। ਅੱਜ ਵਿਸ਼ਵ ਪ੍ਰਬੰਧ ਦੀ ਹਕੀਕਤ ਇਹ ਹੈ ਕਿ ਧਰਤੀ ਰੋਜ਼-ਬ-ਰੋਜ਼ ਇਕ ਅਨਿਆਂਪੂਰਨ ਥਾਂ ਵਿਚ ਤਬਦੀਲ ਹੁੰਦੀ ਜਾ ਰਹੀ ਹੈ। ਭਾਰਤ ਸਰਕਾਰ ਦਲੀਲ ਇਹ ਦੇ ਰਹੀ ਹੈ ਕਿ ਉਹਨੇ ਸ਼ਰਨਾਰਥੀਆਂ ਸਬੰਧੀ ਕੌਮਾਂਤਰੀ ਸਮਝੌਤੇ 1951 ਉਤੇ ਦਸਤਖ਼ਤ ਨਹੀਂ ਕੀਤੇ ਸਨ ਇਸ ਲਈ ਗੈਰ ਕਾਨੂੰਨੀ ਢੰਗ ਨਾਲ ਦਾਖ਼ਲ ਹੋਏ ਰੋਹਿੰਗਯਾ ਮੁਸਲਮਾਨਾਂ ਨੂੰ ਵਾਪਸ ਭੇਜ ਕੇ ਕਿਸੇ ਕਾਨੂੰਨ ਦੀ ਉਲੰਘਣਾ ਨਹੀਂ ਕਰ ਰਹੀ ਅਤੇ ਜੇ ਮੀਆਂਮਾਰ ਸਰਕਾਰ ਵਾਪਸ ਲੈਣਾ ਚਾਹੁੰਦੀ ਹੈ ਤਾਂ ਇਤਰਾਜ਼ ਕਾਹਦਾ। ਕਸਾਈ ਜੇ ਭੇਡਾਂ ਨੂੰ ਆਪਣੇ ਕੋਲ ਸੱਦਦਾ ਹੈ ਤਾਂ ਇਸ ਵਿਚ ਇਤਰਾਜ਼ ਕਿਉਂ। ਉਨ੍ਹਾਂ ਨੂੰ ਖੁਸ਼ੀ-ਖੁਸ਼ੀ ਕਤਲ ਹੋਣ ਲਈ ਕਸਾਈ ਕੋਲ ਜਾਣਾ ਚਾਹੀਦਾ ਹੈ। ਇਹ ਅਤਿ ਖਤਰਨਾਕ ਦਲੀਲ ਹੈ ਅਤੇ ਇਹਦਾ ਭਾਰਤ ਜਮਹੂਰੀ ਲੋਕਾਂ ਵਲੋਂ ਡਟਵਾਂ ਵਿਰੋਧ ਹੋਣਾ ਚਾਹੀਦਾ ਹੈ।


ਭਾਰਤ ਦਾ ਰਵੱਈਆ ਸ਼ੁਰੂ ਤੋਂ ਹੀ ਅਜਿਹਾ ਰਿਹਾ ਹੈ। ਕਾਂਗਰਸ ਦੀ ਸਰਕਾਰ ਵੇਲੇ ਵੀ ਪਹਿਲਾਂ ਆਂਗ ਸੂ ਦੀ ਤੋਂ ਮੂੰਹ ਫੇਰੀ ਰੱਖਿਆ ਜਦੋਂ ਉਹ ਫੌਜੀ ਹਕੂਮਤ ਦੇ ਵਿਰੁੱਧ ਜਮਹੁਰੀਅਤ ਦੀ ਲੜਾਈ ਲੜ ਰਹੀ ਸੀ ਅਤੇ ਦੁਨੀਆਂ ਭਰ ਦੀਆਂ ਅਖੌਤੀ ਜਮਹੂਰੀ ਤਾਕਤਾਂ ਦੀ ਲਾਡਲੀ ਸੀ। ਉਦੋਂ ਭਾਰਤ ਸਰਕਾਰ ਫੌਜੀ ਹਾਕਮਤਾਂ ਦੇ ਨਾਲ ਖਲੋਤੀ ਸੀ।

ਮੀਆਂਮਾਰ ਦੀ ਅਰਥ ਵਿਵਸਥਾ ਲਗਭਗ ਚੀਨ ਉਤੇ ਹੀ ਨਿਰਭਰ ਰਹੀ ਹੈ। ਇਹ ਅਲੱਗ ਗੱਲ ਹੈ ਕਿ ਮੀਆਂਮਾਰ ਦੇ ਫੌਜੀ ਹੁਕਮਰਾਨਾਂ ਨੇ ਚੀਨ ਉਤੇ ਆਪਣੀ ਨਿਰਭਰਤਾ ਘੱਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਫਿਰ ਵੀ ਚੀਨ ਮੀਆਂਮਾਰ ਲਈ ਫੌਜੀ ਹਥਿਆਰਾਂ ਦਾ ਵੱਡਾ ਸਰੋਤ ਰਿਹਾ ਹੈ। ਪਿਛਲੇ ਸਾਲ ਹੀ ਦੋ ਵੱਡੀਆਂ ਚੀਨੀ ਕੰਪਨੀਆਂ ਨੂੰ ਮੀਆਂਮਾਰ ਵਿਚ ਪੱਛਮੀ ਰਖਾਇਨ ਇਲਾਕੇ ਵਿਚ ਦੋ ਵਿਸ਼ੇਸ਼ ਆਰਥਿਕ ਜ਼ੋਨ ਕਾਇਮ ਕਰਨ ਦਾ ਠੇਕਾ ਮਿਲਿਆ ਸੀ ਕਿਹਾ ਜਾਂਦਾ ਹੈ ਕਿ ਇਸ ਲਈ ਵੀ ਇਹ ਰੋਹਿੰਗਯਾ ਮੁਸਲਮਾਨਾਂ ਨੂੰ ਭਜਾ ਕੇ ਇਲਾਕਾ ਖਾਲੀ ਕਰਵਾਇਆ ਜਾ ਰਿਹਾ ਹੈ। ਭਾਰਤ ਲਈ ਇਸ ਨਾਲ ਲਗਦਾ ਇਲਾਕਾ ਊਰਜਾ ਅਤੇ ਵਪਾਰਕ ਲਈ ਬਹੁਤ ਅਹਿਮ ਕੜੀ ਹੈ। ਉਤਰ ਪੂਰਬੀ ਰਾਜਾਂ ਨੂੰ ਰਖਾਈਨ ਸੂਬੇ ਵਿਚ ਸਵਿਤਰੇ ਬੰਦਰਗਾਹ ਤੋਂ ਰੇਲ, ਸੜਕ ਅਤੇ ਤੇਲ ਤੇ ਗੈਸ ਪਾਈਪ ਲਾਹੀਨ ਨਾਲ ਜੋੜ ਕੇ ਵਪਾਰ ਤੇ ਨਿਵੇਸ਼ ਦੀਆਂ ਭਾਰੀ ਸੰਭਾਵਨਾਵਾਂ ਹਨ ਤੇ ਇਉਂ ਵਪਾਰਕ ਹਿੱਤਾਂ ਨਾਲ ਚੀਨ ਨੂੰ ਪਛਾੜਨ ਦੀ ਕਾਰਪੋਰੇਟੀ ਯੋਜਨਾ ਹੈ।

ਸਾਮਰਾਜੀ ਆਰਥਿਕ ਹਿੱਤਾਂ ਲਈ ਰੋਹਿੰਗਯਾ ਮੁਸਲਮਾਨਾਂ ਨੂੰ ਬਲੀ ਦੇ ਬੱਕਰੇ ਬਣਾਇਆ ਜਾ ਰਿਹਾ ਹੈ। ਅੱਜ ਇਨ੍ਹਾਂ ਲੱਖਾਂ ਦੀ ਗਿਣਤੀ ’ਚ ਰੋਹਿੰਗਯਾ ਦਾ ਕੋਈ ਦੇਸ਼ ਨਹੀਂ ਕੋਈ ਘਰ ਨਹੀਂ ਇਸ ਧਰਤੀ ਉਤੇ ਉਨ੍ਹਾਂ ਕੋਲ ਰਹਿਣ ਲਈ ਕੋਈ ਸੁਰੱਖਿਅਤ ਥਾਂ ਨਹੀਂ। ਉਹ ਜਾਣ ਤੇ ਕਿਥੇ ਜਾਣ। ਵਿਸ਼ਵ ਕਾਰਪੋਰੇਟੀ ਪੂੰਜੀ ਦਾ ਚਿਹਰਾ ਹਰ ਜਗ੍ਹਾ ਮਸੋਲੀਨੀ ਤੇ ਹਿਟਲਰ ਦੇ ਫਾਸ਼ੀ ਤੇ ਨਾਜ਼ੀ ਚਿਹਰੇ ਦੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਇਹ ਸਮੁੱਚੀ ਮਾਨਵਤਾ ਲਈ ਬੇਹੱਦ ਘਾਤਕ ਹੈ ਜਿਸ ਨੂੰ ਬੇਪਰਦ ਕਰਨਾ ਅਤੇ ਰੋਹਿੰਗਯਾ ਲਈ ਸ਼ਾਨਾਮਤੀ ਜ਼ਿੰਦਗੀ ਨਸੀਬ ਕਰਨ ਲਈ ਇਸ ਧਰਤੀ ਵਿਚ ਥਾਂ ਬਣਾਉਣ ਲਈ ਆਵਾਜ਼ ਉਠਾਉਣਾ ਜ਼ਰੂਰੀ ਹੋ ਗਿਆ ਹੈ।

ਬਰਸੀ ’ਤੇ ਵਿਸ਼ੇਸ਼

# ਸਾਹਿਤ ਦਾ ਗੱਡਾ ਰਚਨ ਵਾਲੇ ਦੀ ਨਹੀਂ ਲਈ ਸਰਕਾਰਾਂ ਸਾਰ



ਗਿਆਨੀ ਹਰੀ ਸਿੰਘ ਦਾ ਜਨਮ ਲੁਧਿਆਣਾ ਜਿਲੇ ਦੇ ਮਸ਼ਹੂਰ ਪਿੰਡ ਲਲਤੋਂ ਕਲਾਂ ਵਿਖੇ ਸੁਧਾਰਨ ਕਿਸਾਨ ਪਰਵਾਰ ਵਿੱਚ ਸ. ਇੰਦਰ ਸਿੰਘ ਅਤੇ ਮਾਤਾ ਅਮਰ ਕੌਰ ਦੇ ਘਰ 1914 ਨੂੰ ਹੋਇਆ।ਮੁੱਢਲੀ ਸਿੱਖਿਆ ਉਨਾ ਨੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚੋਂ ਹੀ ਪ੍ਰਾਪਤ ਕੀਤੀ।ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਤੋਂ ਦਸਵੀਂ ਪਾਸ ਕਰਨ ਉਪਰੰਤ ਐਸ.ਐਫ.ਸੀ ਅਤੇ ਗਿਆਨੀ ਪਾਸ ਕੀਤੀ।ਸਾਹਿਤ ਦੇ ਗੱਡੇ ਨਾਲ ਜਾਣੇ ਜਾਣ ਵਾਲੇ ਦਰਵੇਸ਼ ਇਨਸਾਨ ਹਰੀ ਸਿੰਘ ਦਿਲਵਰ ਨੇ ਜਿੱਥੇ ਆਪਣੇ ਨਾਵਲਾਂ, ਕਹਾਣੀਆਂ, ਕਵਿਤਾਵਾਂ ਅਤੇ ਨਾਟਕਾਂ ਵਿੱਚ ਪਿੰਡਾਂ ਦੀ ਸਾਦਗੀ ਦੀਆਂ ਬਾਤਾਂ ਪਾਈਆਂ ਅਤੇ ਉਸ ਸਮੇਂ ਦੇ ਪੇਂਡੂ ਸਭਿਆਚਾਰ ਦੀ ਤਸਵੀਰ ਪੇਸ਼ ਕੀਤੀ ਹੈ,ਉੱਥੇ ਉਨਾਂ ਆਪਣਾ ਪੂਰਾ ਜੀਵਨ ਵੀ ਬਿਲਕੁਲ ਸਾਦਾ ਅਤੇ ਫੋਕੀ ਦਿਖਾਵੇਵਾਜੀ ਤੋਂ ਉੱਪਰ ਉੱਠ ਕੇ ਜੀਵਿਆ ਵੀ।

ਚੰਗਾ ਸਾਹਿਤ ਰੱਚਨ ਦੇ ਨਾਲ ਨਾਲ ਉਹ ਇਲਾਕੇ ਅੰਦਰ ਇੱਕ ਸਫ਼ਲ ਤੇ ਰੁੱਤਬਾ ਪ੍ਰਾਪਤ ਅਧਿਆਪਕ ਵੀ ਸਨ ਉਨਾ ਆਪਣੇ ਇਲਾਕੇ ਦੇ ਆਸ ਪਾਸ ਦੇ ਪਿੰਡਾਂ ਦੇ ਸਕੂਲਾਂ ਅੰਦਰ ਪੜਾਉਂਦਿਆਂ ਆਪਣੇ ਵਿਦਿਆਰਥੀਆਂ ਨੂੰ ਚੰਗੀ ਤੇ ਮਿਆਰੀ ਸਿੱਖਿਆ ਦੇਣ ਵਿੱਚ ਬਹੁਤ ਅਹਿਮ ਯੋਗਦਾਨ ਪਾਇਆ।ਇਸ ਦੇ ਨਾਲ ਉਨਾ ਨੇ ਇਲਾਕੇ ਦੇ ਪੇਂਡੂ ਸੁਧਾਰਨ ਲੋਕਾਂ ਅੰਦਰ ਜਾਗ੍ਰਤੀ ਪੈਦਾ ਕਰਨ ਲਈ ਇੱਕ ਨਾਟਕ ਮੰਡਲੀ ਵੀ ਤਿਆਰ ਕੀਤੀ।

ਇਹ ਨਾਟਕ ਮੰਡਲੀ ਵੱਖ ਵੱਖ ਪਿੰਡਾਂ ਅੰਦਰ ਜਾ ਇਤਿਹਾਸਕ ਨਾਟਕ ਤੇ ਕਰਤਾਰ ਸਿੰਘ ਸਰਾਭਾ ਦੇ ਜੀਵਨ ਨਾਲ ਜੁੜੇ ਇਨਕਲਾਬੀ ਗੀਤ ਸੰਗੀਤ ਰਾਹੀਂ ਇਤਿਹਾਸਕ ਬਾਰੀਕੀਆਂ ਉੱਪਰ ਚਾਨਣਾ ਪਾਉਂਦੀ।ਇੱਕ ਅਧਿਆਪਕ ਹੋਣ ਦੇ ਨਾਤੇ ਉਹ ਅਕਸਰ ਕਿਹਾ ਕਰਦੇ ਸਨ, ‘ਕਿ ਹਰੇਕ ਅਧਿਆਪਕ ਦਾ ਸੱਚੇ ਦਿਲੋਂ ਫ਼ਰਜ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਤਿਕਾਰ ਦੇਵੇ ਅਤੇ ਦਿੱਲੋਂ ਪਿਆਰ ਵੀ ਕਰੇ, ਕਿਸੇ ਵੀ ਅਧਿਆਪਕ ਵੱਲੋਂ ਬੱਚੇ ਦਾ ਨਿਰਾਦਰ ਨਾ ਕੀਤਾ ਜਾਵੇ।ਇਸ ਤਰਾਂ ਕਰਨ ਨਾਲ ਬੱਚਿਆਂ ਅੰਦਰ ਆਤਮਵਿਸ਼ਵਾਸ ਦੀ ਭਾਵਨਾ ਵੱਧਦੀ ਹੈ।ਜੇਕਰ ਬੱਚਿਆਂ ਦਾ ਅਧਿਆਪਕ ਵੱਲੋਂ ਨਿਰਾਦਰ ਕੀਤਾ ਜਾਂਦਾ ਹੈ ਤਾਂ ਬੱਚੇ ਦੇ ਕੋਮਲ ਮਨ ਅੰਦਰ ਹੀਣਭਾਵਨਾ ਪੈਦਾ ਹੋ ਜਾਂਦੀ ਅਤੇ ਬੱਚੇ ਉਹ ਨਹੀ ਬਣ ਪਾਉਂਦੇ ਜੋ ਉਹ ਬਣਨਾ ਚਾਹੁੰਦੇ ਹਨ।

ਕਵਿਤਾਵਾਂ ਲਿਖਣ ਦਾ ਸੌਕ ਉਨਾ ਨੂੰ ਭਾਵੇਂ ਕਾਲਜ਼ ਦੀ ਪੜਾਈ ਦੌਰਾਨ ਹੀ ਪੈ ਗਿਆ ਸੀ,ਪਰ 1940 ਵਿੱਚ ਸੰਤ ਸਿੰਘ ਸੇਖੋਂ ਦੀ ਕਹਾਣੀ ‘ਪ੍ਰੇਮੀ ਦੇ ਨਿਆਣੇ’ਪੜ੍ਹ ਕੇ ਗਿਆਨੀ ਜੀ ਇਨੇ ਪ੍ਰਭਾਵਤ ਹੋਏ ਕਿ ਉਨਾ ਕਵਿਤਾਵਾਂ ਦੇ ਨਾਲ ਨਾਲ ਕਹਾਣੀਆਂ ਲਿਖਣਾ ਵੀ ਸ਼ੁਰੂ ਕਰ ਦਿੱਤੀਆਂ।ਆਪ ਵੱਲੋਂ ਲਿਖੀਆਂ ਕਹਾਣੀਆਂ ਨੂੰ ਪੜ੍ਹ ਕੇ ਪ੍ਰੋ: ਮੋਹਣ ਸਿੰਘ ਨੇ ਆਪ ਦੀ ਕਾਫੀ ਪ੍ਰਸ਼ੰਸਾਂ ਕੀਤੀ ਅਤੇ ਅੱਗੇ ਹੋਰ ਕਹਾਣੀਆਂ ਲਿਖਣ ਲਈ ਪ੍ਰੇਰਤ ਵੀ ਕੀਤਾ।

1954 ਵਿੱਚ ਲਾਹੌਰ ਬੁੱਕ ਸਾਪ ਦੇ ਜੀਵਨ ਸਿੰਘ ਵੱਲੋਂ ‘ਨਦੀਆਂ ਦੇ ਵਹਿਣ’ ਆਪ ਦਾ ਪਹਿਲਾ ਨਾਵਲ ਛਾਪਿਆ ਗਿਆ।ਇਸ ਨਾਵਲ ਨੇ ਸਾਹਿਤ ਦੇ ਖੇਤਰ ਵਿੱਚ ਗਿਆਨੀ ਜੀ ਦਾ ਵੱਖਰਾ ਨਾਮ ਬਣਾ ਦਿੱਤਾ।ਇਸ ਤੋਂ ਬਾਅਦ ਤਾਂ ਫਿਰ ਲੱਗਾਤਾਰ ‘ਬਾਹੈਂ ਜਿਨਾ ਦੀ ਪਕੜੀਏ, ਜੋਗੀ ਮੰਗੇ ਦਾਨ, ਉੱਚਾਣਾ ਕੱਟਦੀਆਂ ਨਦੀਆਂ, ਜੰਗ ਬੱਦੋਵਾਲ ਦੀ ਅਤੇ ਮਹਿਮਾਂ’ ਤੋਂ ਇਲਾਵਾ ਲੱਗਭੱਗ ਤੀਹ ਹੋਰ ਪੁਸਤਕਾਂ ਸਾਹਿਤ ਦੀ ਝੋਲੀ ਵਿੱਚ ਪਾਈਆਂ।ਉੱਦੋਂ ਤੋਂ ਬਾਅਦ ਹੀ ਆਪ ਨੂੰ ਸਾਹਿਤ ਦਾ ਗੱਡਾ ਨਾਮ ਨਾਲ ਜਾਣਿਆ ਜਾਣ ਲੱਗਾ।

ਬਾਪ ਦਾਦਾ ਖੇਤੀ ਦਾ ਕੰਮ ਕਰਦੇ ਹੋਣ ਕਾਰਨ ਗਿਆਨੀ ਜੀ ਨੂੰ ਉਨਾ ਨਾਲ ਖੇਤੀ ਵਿੱਚ ਹੱਥ ਵਟਾਉਂਣ ਲਈ ਵੀ ਜਾਣਾ ਪੈਂਦਾ ਸੀ।ਉਨਾ ਇਸ ਸਮੇਂ ਨੂੰ ਕੁਦਰਤ ਕਾਫੀ ਨੇੜੇ ਹੋ ਕੇ ਬਿਤਾਇਆ,ਇਸੇ ਲਈ ਉਨਾ ਦੀਆਂ ਕਵਿਤਾਵਾਂ,ਕਹਾਣੀਆਂ ਅਤੇ ਨਾਵਲਾਂ ਵਿੱਚ ਹਲਟ, ਹਲ, ਪੰਞਾਲੀ ਅਤੇ ਗੱਡਿਆਂ ਦਾ ਜਿਆਦਾ ਜਿਕਰ ਮਿਲਦਾ ਹੈ।ਗਿਆਨੀ ਜੀ ਦੇ ਸਾਹਿਤ ਅੰਦਰ ਪੇਂਡੂ ਕਿਸਾਨ ਮਜਦੂਰ ਦੀ ਅਸਲ ਜ਼ਿੰਦਗੀ ਨਾਲ ਜੁੜੀਆਂ ਕਹਾਣੀ ਨਾਲ ਪੇਂਡੂ ਸਭਿਆਚਾਰਕ ਕਹਾਣੀਆਂ, ਸਾਡਾ ਰਹਿਣ ਸਹਿਣ, ਆਪਸੀ ਸਾਂਝ ਅਤੇ ਸਾਡੇ ਰੀਤੀ ਰਿਵਾਜਾਂ ਦੀ ਪੁਰਾਤਨ ਤਸਵੀਰ ਰਾਹੀਂ ਅੱਜ ਵੀ ਪੁਰਾਣਾ ਪੰਜਾਬ ਵੇਖਿਆ ਜਾ ਸਕਦਾ ਹੈ।

ਉਨ੍ਹਾਂ ਦੇ ਬਹੁਤ ਹੀ ਨੇੜਲੇ ਸੁਗਿਰਦ ਮਾ.ਤਰਸੇਮ ਲਾਲ ਲਲਤੋਂ ਉਨਾ ਵਾਰੇ ਦੱਸਦੇ ਹਨ ਕਿ ਗਿਆਨੀ ਜੀ ਕਿਹਾ ਕਰਦੇ ਸਨ ਕਿ ਬੱਚਿਆਂ ਉੱਪਰ ਗੁੱਸਾ ਕਰਨਾ ਅਧਿਆਪਕ ਦਾ ਕੰਮ ਨਹੀਂ,ਸਗੋਂ ਅਧਿਆਪਕ ਨੂੰ ਆਪਣੇ ਬੱਚਿਆਂ ਨੂੰ ਗੁੱਸੇ ਜਿਹੇ ਪਾਗਲਪਣ ਤੋਂ ਦੂਰ ਰਹਿਣ ਵਾਰੇ ਦੱਸਣਾ ਚਾਹੀਦਾ ਹੈ,ਫਿਰ ਇਹੀ ਅਧਿਆਪਕ ਕਲਾ ਅੱਗੇ ਚੱਲੇ ਕੇ ਸਾਡੇ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਸਾਦਗੀ ਦਾ ਮਾਹੌਲ ਸਿਰਜਦੀ ਹੈ।ਗਿਆਨੀ ਜੀ ਦੇ ਆਪਣੇ ਅੰਦਰ ਸਾਦਗੀ ਇੰਨੀ ਸੀ, ਕਿ ਉਨਾ ਆਪਣੀ ਪੂਰੀ ਜ਼ਿੰਦਗੀ ਸਾਦਾ ਕੁੜਤਾ ਪਜਾਮਾ ਅਤੇ ਸਿਰ ਉੱਪਰ ਚਿੱਟੇ ਰੰਗ ਦੀ ਪੱਗੜੀ ਹੀ ਬੰਨਦੇ ਸਨ।ਗੁੱਟ ਘੜੀ ਉਨਾ ਕਦੇ ਵੀ ਨਹੀਂ ਸੀ ਬੰਨੀ।

ਵੱਖ ਵੱਖ ਸਕੂਲਾਂ ਅੰਦਰ ਲੰਬਾ ਸਮਾਂ ਸੇਵਾ ਕਰਨ ਉਪਰੰਤ 1972 ਵਿੱਚ ਗਿਆਨੀ ਜੀ ਸੇਵਾ ਮੁਕਤ ਹੋ ਗਏ।ਉਨਾ ਦੇ ਪਾਏ ਪੂਰਨਿਆ ਤੇ ਚੱਲਦੇ ਉਨਾ ਦੇ ਵਿਦਿਆਰਥੀ ਅੱਜ ਵੀ ਸਮਾਜ ਦੇ ਵੱਖ ਵੱਖ ਹਿੱਸਿਆਂ ਅੰਦਰ ਆਪਣੇ ਫ਼ਰਜ ਨਿਭਾਅ ਰਹੇ ਹਨ।21 ਅਕਤੂਬਰ 1984 ਨੂੰ ਪ੍ਰੋ: ਮੋਹਣ ਸਿੰਘ ਫਾਊਂਡੇਸ਼ਨ ਲੁਧਿਆਣਾ ਵੱਲੋਂ ਭਾਸ਼ਾ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਵਿੱਚ ਗਿਆਨੀ ਜੀ ਨੂੰ ਸਨਮਾਨਿਤ ਕੀਤਾ ਗਿਆ।ਆਪ ਦੇ ਸੁਗਿਰਦਾਂ ਵਿੱਚ ਆਸ ਪਾਸ ਇਲਾਕੇ ਵਿੱਚੋਂ ਗੀਤਕਾਰ ਦੇਵ ਥਰੀਕੇ ਵਾਲਾ, ਸਮਾਜ ਸੇਵੀ ਮਾ.ਤਰਸੇਮ ਲਾਲ,ਪ੍ਰਿੰਸੀਪਲ ਸੁਖਦੇਵ ਸਿੰਘ, ਸਵ ਅਵਤਾਰ ਸਿੰਘ ਗਰੇਵਾਲ,ਨਰਿੰਦਰ ਸਿੰਘ ਲਲਤੋਂ ਆਦਿ ਕੁਝ ਚੋਣਵੇਂ ਨਾਮ ਹਨ।

ਅੰਤ ਸਾਹਿਤ ਦਾ ਗੱਡਾ ਆਪਣੇ ਹਮਾਇਤੀ ਲੋਕਾਂ ਦੇ ਹਵਾਲੇ ਕਰਕੇ 11 ਨਵੰਬਰ 1998 ਨੂੰ ਉਹ ਸਾਡੇ ਕੋਲੋਂ ਸਦਾ ਵਿਛੜ ਗਏ।ਉੱਦੋ ਤੋਂ ਹੀ ਉਨਾ ਦੀ ਯਾਦ ਅੰਦਰ ਪਰਵਾਰ ਦੇ ਪੁੱਤਰ ਬਲਵਿੰਦਰ ਸਿੰਘ ਗਰੇਵਾਲ ਦੇ ਸਹਿਯੋਗ ਨਾਲ ਹਰ ਸਾਲ ਨਵੰਬਰ ਦੇ ਮਹੀਨੇ ਵਿੱਚ ਉਨਾ ਦੀ ਯਾਦ ਵਿੱਚ ਬਣੀ ਯਾਦਗਾਰ ਕਮੇਟੀ ਦੇ ਮੈਬਰਾਂ ਤਰਲੋਚਨ ਝਾਂਡੇ,ਉਜਾਗਰ ਲਲਤੋਂ ਸੁਖਵਿੰਦਰ ਲੀਲ੍ਹ,ਕਰਮਜੀਤ ਗਰੇਵਾਲ,ਭਜਨ ਸਿੰਘ ਬਿੱਲੂ ਅਦਿ ਵੱਲੋਂ ਉਨਾ ਦੀ ਯਾਦ ਅੰਦਰ ਬਣਵਾਈ ਗਈ ਗਿਆਨੀ ਹਰੀ ਸਿੰਘ ਯਾਦਗਾਰੀ ਲਾਇਬਰੇਰੀ ਲਲਤੋਂ ਕਲਾਂ ਅੰਦਰ ਇਲਾਕੇ ਭਰ ਦੇ ਦਰਜਨਾਂ ਦੀ ਗਿਣਤੀ ਸਕੂਲੀਂ ਬੱਚਿਆਂ ਦੇ ਅਗਾਂਹਵਧੂ ਗੀਤ,ਭਾਸ਼ਨ ਅਤੇ ਕਵਿਤਾਵਾਂ ਦੇ ਮੁਕਾਬਲੇ ਕਰਵਾਕੇ ਕੇ ਪੰਜਾਬ ਦੇ ਨਾਮਵਾਰ ਸਾਹਿਤਕਾਰਾਂ ਦੀ ਹਾਜਰੀ ਵਿੱਚ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਅਤੇ ਗਿਆਨੀ ਜੀ ਨੂੰ ਸਰਧਾ ਦੇ ਫੁੱਲ ਭੇਂਟ ਕੀਤੇ ਜਾਂਦੇ ਹਨ।


**ਸੁਖਵਿੰਦਰ ਲੀਲ੍ਹ ਫੁੱਲਾਂਵਾਲ, ਲੁਧਿਆਣਾ**
9888814227

# Premier Doug Ford cancelled funding for the new university









Earlier this week, Premier Doug Ford cancelled funding for the new university that was going to be built in Brampton. He also tabled legislation, Bill 47, to rollback many of the basic labour laws that were given to workers this year. Bill 47 will take away paid sick days, protections for temp agency workers, equal pay for equal work, and much more. Many organizations and members of the community came together on October 25 in Brampton to protest these actions. Other rallies ...were also held across Ontario. Speakers included Navi Aujla (Brampton Action Committee), Melissa Bayon (Ontario Federation of Labour) and Inderdeep Singh (Workers United). Organizations at this rally included Brampton Action Committee, OFL, Workers United, CUPW, Acorn, CLC, United Steelworkers, CPC GTA West, Desh Bhagat Sports and Cultural Society, North American Tarksheel Society, Sarokaran Di Awaz, Alliance of Progressive Canadians, and Tarksheel Society of Canada.

Other progressive members, Jagir S Kahlon, Dharampal Shergill, Visakha S Tatla, Balwant Singh, Sukhdev Singh, Jagroop Singh, Amar Sufi also participated

Best Mobile Signs
All kinds of
mobile sign board
best mobile sign
call for yours
Kamal Sidhu
403-966-7167
bestmobilesigns@gmail.com


BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
DR. J.S. BAINS & ASSOCIATES-(OPTOMETRY)
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
- Complete Eye Exam — ਨਜ਼ਰ ਦੀ ਪੂਰੀ ਜਾਂਚ
- Ocular Health Assessment — ਅੱਖਾਂ ਦੀ ਅੰਦਰਲੀ ਜਾਂਚ
- Contact Lenses — ਕਾਂਟੈਕਟ ਲੈਨਜ਼ ਲਗਾਉਣੇ
Jaswinder S Bains, Ph.D., OD.
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Every Monday, 9:30 to 5:00 pm at Dr. Pardeep Dhillon Optometric Corporation
7110 120 St, #102, Surrey, BC V3W 3M8
604-635-0155

HMP ਐਚ ਐਮ ਪੀ ਪ੍ਰੋਫ਼ੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work
ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।
Free Estimate Paul Sekhon: 403-701-4947
HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work
Paul Sekhon: 403-829-5000
Bay 11 2316 27 Ave. NE, Calgary Ph.: 403-719-4947

IQBAL SIDHU INSURANCE ADVISOR
FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.com

SIDHU ACCOUNTING & TAX SERVICES
ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email: sidhuaccounting@gmail.com
Unit 202, 4656 Westwinds Dr. NE Calgary, AB. T3J 3Z5 (Near Sikh Virsa Office)

# ਯੂਨੀਵਰਸਿਟੀ ਵਿਦਿਆਰਥਣਾਂ ਦੀ ਆਜ਼ਾਦੀ ਦਾ ਮਾਮਲਾ



ਅਮਨਦੀਪ

ਪੰਜਾਬੀ ਜਾਂ ਭਾਰਤੀ ਸਮਾਜ ਵਿਚ ਔਰਤ ਦੀ ਸਥਿਤੀ ਅਤੇ ਹੋਣੀ ਬਾਰੇ ਗੱਲ ਕਰਨ ਲਈ ਸ਼ਾਇਰ ਸੁਰਜੀਤ ਪਾਤਰ ਦਾ ਸ਼ਿਅਰ ਯਾਦ ਆਉਂਦਾ ਹੈ:

**ਇਕ ਕੈਦ 'ਚੋਂ ਦੂਜੀ ਦੇ ਵਿਚ ਪਹੁੰਚ ਗਈ ਏਂ,**
**ਕੀ ਖੱਟਿਆ ਮਹਿੰਦੀ ਲਾ ਕੇ ਵੱਟਣਾ ਮਲ ਕੇ।**

ਵੈਸੇ ਤਾਂ ਇਹ ਸ਼ਿਅਰ ਵਿਆਹ ਦੀ ਉਸ ਰਵਾਇਤ ਨਾਲ ਸਬੰਧਿਤ ਹੈ ਜਿਸ ਵਿਚ ਲੜਕੀ ਪੇਕੇ ਘਰ ਦੀ ਪਿਤਰਸੱਤਾ ਵਿਚੋਂ ਨਿਕਲ ਕੇ ਸਹੁਰੇ ਘਰ ਦੀ ਪਿਤਰਸੱਤਾ ਅਧੀਨ ਹੋ ਜਾਂਦੀ ਹੈ, ਪਰ ਯੂਨੀਵਰਸਿਟੀ ਵਿਚ ਪੜ੍ਹਦੀਆਂ ਕੁੜੀਆਂ ਦੀ ਹੋਣੀ ਵੀ ਇਸ ਨਾਲੋਂ ਕੋਈ ਬਹੁਤੀ ਵੱਖਰੀ ਨਹੀਂ ਹੈ। ਕੁੜੀਆਂ ਸਮਾਜਿਕ ਗ਼ੁਲਾਮੀ ਦੇ ਸੰਗਲਾਂ ਨੂੰ ਤੋੜ ਕੇ ਵਿੱਦਿਆ ਦੇ ਰਸਤੇ ਤੁਰਦੀਆਂ ਹਨ। ਉਨ੍ਹਾਂ ਵਿਚੋਂ ਬਹੁਤੀਆਂ ਇਸ ਉਮੀਦ ਨਾਲ ਯੂਨੀਵਰਸਿਟੀ ਵਿਚ ਪੈਰ ਰੱਖਦੀਆਂ ਹਨ ਕਿ ਉਹ ਬੌਧਿਕ ਵਿਕਾਸ ਰਾਹੀਂ ਆਜ਼ਾਦੀ ਅਤੇ ਬਰਾਬਰੀ ਦੇ ਹੱਕ ਹਾਸਲ ਕਰ ਲੈਣਗੀਆਂ, ਪਰ ਇੱਥੇ ਆ ਕੇ ਫਿਰ ਉਨ੍ਹਾਂ ਨੂੰ ਅਜਿਹੀ ਪਿਤਰਸੱਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਹੜੀ ਸੁਰੱਖਿਆ ਦੇ ਨਾਮ 'ਤੇ ਉਨ੍ਹਾਂ ਨੂੰ ਹੋਸਟਲਾਂ ਵਿਚ ਬੰਦ ਕਰ ਦਿੰਦੀ ਹੈ। ਅਫ਼ਸੋਸਨਾਕ ਹੈ ਕਿ ਕੁੜੀਆਂ ਨੂੰ ਸੁਰੱਖਿਆ ਦੇ ਨਾਮ 'ਤੇ ਹੋਸਟਲਾਂ ਵਿਚ ਬੰਦ ਰੱਖਣ ਦੇ ਕਾਰਨ ਦਾ ਭਾਂਡਾ ਕੁੜੀਆਂ ਦੇ ਮਾਪਿਆਂ ਸਿਰ ਭੰਨਿਆ ਜਾ ਰਿਹਾ ਹੈ

ਯੂਨੀਵਰਸਿਟੀ ਵਿਚ ਕੁੜੀਆਂ ਇਸ ਵਿਤਕਰੇ ਨੂੰ ਖ਼ਤਮ ਕਰਨ ਅਤੇ ਆਪਣੇ ਸਮਾਨਤਾ ਦੇ ਅਧਿਕਾਰ ਲਈ ਸੰਘਰਸ਼ ਕਰ ਰਹੀਆਂ ਹਨ। ਯੂਨੀਵਰਸਿਟੀ ਵਿਚ ਕੁੜੀਆਂ ਨੇ ਆਪਣੀਆਂ ਮੰਗਾਂ ਲਈ ਧਰਨਾ ਲਾਇਆ ਹੋਇਆ ਹੈ। ਉਹ ਆਪਣੇ ਹੱਕ ਲੈਣਾ ਚਾਹੁੰਦੀਆਂ ਹਨ। ਹੋਰਾਂ ਮੰਗਾਂ ਦੇ ਨਾਲ ਉਨ੍ਹਾਂ ਦੀ ਇਕ ਮੰਗ ਹੋਸਟਲਾਂ ਦੀ ਸਮਾਂਬੰਦੀ ਖ਼ਤਮ ਕਰਨ ਅਤੇ ਯੂਨੀਵਰਸਿਟੀ ਕੈਂਪਸ ਵਿਚ 24 ਘੰਟੇ ਤੁਰ-ਫਿਰ ਸਕਣ ਦੀ ਆਜ਼ਾਦੀ ਨਾਲ ਸਬੰਧਿਤ ਹੈ। ਉਹ ਚਾਹੁੰਦੀਆਂ ਹਨ ਕਿ ਯੂਨੀਵਰਸਿਟੀ ਵਿਚ ਉਨ੍ਹਾਂ ਨਾਲ ਲਿੰਗ ਆਧਾਰਿਤ ਵਿਤਕਰਾ ਨਾ ਕੀਤਾ ਜਾਵੇ ਸਗੋਂ ਉਨ੍ਹਾਂ ਨੂੰ ਵੀ ਉਹ ਅਧਿਕਾਰ ਮਿਲਣੇ ਚਾਹੀਦੇ ਹਨ ਜਿਨ੍ਹਾਂ 'ਤੇ ਉਨ੍ਹਾਂ ਦਾ ਹੱਕ ਹੈ। ਇਹ ਉਨ੍ਹਾਂ ਦਾ ਸੰਵਿਧਾਨਕ ਹੱਕ ਹੈ ਜਿਸ ਨੂੰ ਸੁਰੱਖਿਆ ਦਾ ਬਹਾਨਾ ਲਗਾ ਕੇ ਉਨ੍ਹਾਂ ਤੋਂ ਖੋਹਿਆ ਨਹੀਂ ਜਾ ਸਕਦਾ। ਯੂਨੀਵਰਸਿਟੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਕੁੜੀਆਂ ਦੇ ਮਾਪਿਆਂ ਨੇ ਇਸ ਮੰਗ ਨੂੰ ਸਹਿਮਤੀ ਨਹੀਂ ਦੇਣੀ।

ਅਸਲ ਵਿਚ ਇਸ ਤਰ੍ਹਾਂ ਦੀਆਂ ਦਲੀਲਾਂ ਦੇ ਕੇ ਯੂਨੀਵਰਸਿਟੀ ਪ੍ਰਸ਼ਾਸਨ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਵਿਚ ਜ਼ਿਆਦਾਤਰ ਬੱਚੇ ਪਿੰਡਾਂ ਵਿਚੋਂ ਪੜ੍ਹਨ ਆਉਂਦੇ ਹਨ ਜਿਨ੍ਹਾਂ ਵਿਚੋਂ ਬਹੁਗਿਣਤੀ ਮਾਲਵੇ ਖਿੱਤੇ ਨਾਲ ਸਬੰਧਿਤ ਹਨ। ਪੇਂਡੂ ਮਾਪੇ ਆਪਣੇ ਬੱਚਿਆਂ ਦੀ ਚੰਗੇਰੀ ਜ਼ਿੰਦਗੀ ਲਈ ਉਨ੍ਹਾਂ ਨੂੰ ਯੂਨੀਵਰਸਿਟੀ ਭੇਜਦੇ ਹਨ। ਉਹ ਉਨ੍ਹਾਂ ਲਈ ਹਰ ਉਹ ਮੌਕੇ ਲੱਭਣ ਅਤੇ ਸੁਵਿਧਾ ਦੇਣ ਦੀ ਕੋਸ਼ਿਸ਼ ਕਰਦੇ ਹਨ ਜੋ ਉਨ੍ਹਾਂ ਦੇ ਬੱਚਿਆਂ ਨੂੰ ਚਾਹੀਦੀ ਹੈ। ਜਦੋਂ ਕਿਸੇ ਬੱਚੇ ਨੇ ਖ਼ਾਸ ਕਰਕੇ ਕੁੜੀ ਨੇ ਦੇਰ-ਸਵੇਰ ਘਰੋਂ ਬਾਹਰ ਜਾਣਾ ਹੁੰਦਾ ਹੈ ਤਾਂ ਉਹ 'ਮਾਹੌਲ ਖ਼ਰਾਬ ਹੈ, 'ਸਮਾਂ ਠੀਕ ਨਹੀਂ ਹੈ', 'ਕੁੜੀਆਂ ਦਾ ਰਾਤ ਨੂੰ ਘਰੋਂ ਨਿਕਲਣਾ ਠੀਕ ਨਹੀਂ' ਆਦਿ ਵਰਗੇ ਬਹਾਨੇ ਬਣਾ ਕੇ ਉਨ੍ਹਾਂ ਨੂੰ ਘਰ ਬੈਠਣ ਲਈ ਨਹੀਂ ਕਹਿੰਦੇ ਸਗੋਂ ਉਹ ਰਸਤੇ ਲੱਭਦੇ ਹਨ ਜਿਨ੍ਹਾਂ ਰਾਹੀਂ ਉਨ੍ਹਾਂ ਦੀ ਧੀ ਬਿਨਾਂ ਕਿਸੇ ਜੋਖ਼ਮ ਤੋਂ ਆਪਣੇ ਕੰਮ 'ਤੇ ਪਹੁੰਚ ਸਕੇ।

ਅਸਲ ਵਿਚ ਯੂਨੀਵਰਸਿਟੀ ਪ੍ਰਸ਼ਾਸਨ ਪੇਂਡੂ ਮਾਪਿਆਂ ਨੂੰ ਪੱਛੜਿਆ ਮੰਨ ਕੇ ਉਨ੍ਹਾਂ ਦੀ ਬੇਇੱਜ਼ਤੀ ਕਰ ਰਿਹਾ ਹੈ। ਉਨ੍ਹਾਂ ਦੇ ਉਸੇ ਜਜ਼ਬੇ ਦਾ ਮੂੰਹ ਚਿੜਾਉਂਦਾ ਹੈ ਜਿਸ ਨਾਲ ਉਹ ਆਪਣੀ ਧੀ ਨੂੰ ਯੂਨੀਵਰਸਿਟੀ ਪੜ੍ਹਨ ਲਈ ਭੇਜਦੇ ਹਨ। ਕੀ ਮਾਪਿਆਂ ਨੂੰ ਇਹ ਨਹੀਂ ਪਤਾ ਕਿ ਯੂਨੀਵਰਸਿਟੀ 'ਚ ਕੁੜੀਆਂ-ਮੁੰਡੇ ਇਕੱਠੇ ਪੜ੍ਹਦੇ ਤੇ ਵਿਚਰਦੇ ਹਨ? ਪੇਂਡੂ ਮਾਪੇ ਆਪਣੀਆਂ ਧੀਆਂ ਲਈ ਹਰ ਸੰਭਵ ਰਸਤਾ ਖੋਲ੍ਹਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਸ ਦੇ ਉਲਟ ਯੂਨੀਵਰਸਿਟੀ ਪ੍ਰਸ਼ਾਸਨ ਹਰ ਸੰਭਵ ਰਸਤਾ ਬੰਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਯੂਨੀਵਰਸਿਟੀ ਪ੍ਰਸ਼ਾਸਨ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਇਹ ਉਹੀ ਮਾਪੇ ਹਨ ਜੋ ਲੋੜ ਪੈਣ 'ਤੇ ਆਪਣੀਆਂ ਇਕੱਲੀਆਂ ਧੀਆਂ ਨੂੰ ਵਿਦੇਸ਼ ਪੜ੍ਹਨ ਲਈ ਭੇਜ ਦਿੰਦੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਸਚਮੁੱਚ ਕੁੜੀਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ? ਉਦੋਂ ਯੂਨੀਵਰਸਿਟੀ ਪ੍ਰਸ਼ਾਸਨ ਕਿੱਥੇ ਹੁੰਦਾ ਹੈ ਜਦੋਂ ਕੁੜੀਆਂ ਨੂੰ ਦਾਖਲਾ ਤਾਂ ਮਿਲ ਜਾਂਦਾ ਹੈ, ਪਰ ਉਨ੍ਹਾਂ ਨੂੰ ਹੋਸਟਲ ਨਹੀਂ ਮਿਲਦਾ ਤੇ ਉਹ ਗੁਰਦੁਆਰਿਆਂ ਵਿਚ ਰਾਤਾਂ ਕੱਟਣ ਲਈ ਮਜਬੂਰ ਹੁੰਦੀਆਂ ਹਨ। ਧੱਕੇ ਖਾ ਕੇ ਜੇਕਰ ਹੋਸਟਲ ਮਿਲ ਵੀ ਜਾਂਦਾ ਹੈ ਤਾਂ 8 ਵਜੇ ਉਨ੍ਹਾਂ ਨੂੰ ਅੰਦਰ ਤਾੜ ਦਿੱਤਾ ਜਾਂਦਾ ਹੈ। ਇਕ ਸੀਟ ਵਾਲੇ ਕਮਰੇ ਵਿਚ ਘੱਟੋ-ਘੱਟ ਤਿੰਨ ਕੁੜੀਆਂ ਤਾਂ ਜ਼ਰੂਰ ਰਹਿੰਦੀਆਂ ਹਨ। 800-900 ਕੁੜੀਆਂ ਦੇ ਹੋਸਟਲ ਦੇ ਰੀਡਿੰਗ ਹਾਲ ਵਿਚ ਸਿਰਫ਼ 40-45 ਕੁੜੀਆਂ ਦੇ ਬੈਠਣ ਦੀ ਸਮਰੱਥਾ ਹੈ। ਬਾਕੀ ਕੁੜੀਆਂ ਕਿੱਥੇ ਜਾਣ? ਸੁਰੱਖਿਆ ਦੇ ਨਾਮ ਹੇਠਾਂ ਜੋ ਕੁੜੀਆਂ ਨੂੰ ਹੋਸਟਲਾਂ ਅੰਦਰ ਤਾੜਿਆ ਜਾ ਰਿਹਾ ਹੈ ਇਹ ਕੁੜੀਆਂ ਦੀ ਸੁਰੱਖਿਆ ਨਹੀਂ, ਸਗੋਂ ਯੂਨੀਵਰਸਿਟੀ ਪ੍ਰਸ਼ਾਸਨ ਦੀ ਆਪਣੀ ਸੌਖ ਪਸੰਦੀ ਹੈ। ਕੁੜੀਆਂ ਨੂੰ ਜ਼ਿੰਦੇ-ਕੁੰਡੇ ਮਾਰ ਕੇ ਉਨ੍ਹਾਂ ਤੋਂ ਆਜ਼ਾਦੀ ਖੋਹ ਕੇ ਇਹ ਕਿਹੋ-ਜਿਹੀ ਸੁਰੱਖਿਆ ਹੈ?

ਯੂਨੀਵਰਸਿਟੀ ਵਿਚ ਕੁੜੀਆਂ ਦੀ ਸੁਰੱਖਿਆ ਦੇ ਨਾਮ 'ਤੇ ਉਨ੍ਹਾਂ ਦੀ ਬੌਧਿਕਤਾ ਅਤੇ ਸੰਜੀਦਗੀ ਨੂੰ ਵੀ ਰੋਲਿਆ ਜਾ ਰਿਹਾ ਹੈ। ਜੇਕਰ ਯੂਨੀਵਰਸਿਟੀ ਵਰਗੇ ਅਦਾਰੇ ਵਿਚ ਇਹ ਸਭ ਹੋਵੇਗਾ ਤਾਂ ਸਮਾਜ ਦੇ ਹੋਰ ਵਰਗਾਂ ਵਿਚ ਸਮਾਨਤਾ ਦੇ ਵਿਵਹਾਰ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਯੂਨੀਵਰਸਿਟੀ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਨਾਲ ਮਿਲ ਕੇ ਨਵੇਂ ਰਸਤੇ ਲੱਭਣ ਦੀ ਕੋਸ਼ਿਸ਼ ਕਰੇ ਤਾਂ ਜੋ ਸੁਰੱਖਿਆ ਦੇ ਨਾਮ 'ਤੇ ਕੁੜੀਆਂ ਨੂੰ ਹੋਸਟਲਾਂ ਵਿਚ ਤਾੜਿਆ ਨਾ ਜਾਵੇ। ਕੁੜੀਆਂ ਨੂੰ ਹੋਸਟਲਾਂ ਵਿਚ ਬੰਦ ਕਰਨਾ ਕਿਸੇ ਸਮੱਸਿਆ ਦਾ ਸਮਾਧਾਨ ਨਹੀਂ ਹੈ।

ਸੰਪਰਕ: 99144-92258

ਅੱਠ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।



ਹਰਬੰਸ ਸਿੰਘ (ਟੋਰਾਂਟੋ) 416-817-7142



ਮਾਸਟਰ ਭਜਨ (ਕੈਲਗਰੀ) 403-455-4220



ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794



ਸੁਖਵੀਰ ਗਰੇਵਾਲ (ਕੈਲਗਰੀ) 403 402 0770






Punjabi Rang Radio
CHKT 1430AM
11pm to 12am Every Friday
Producer/ Host
Chamkaur Singh Cell 416 662 1313
Email punjabirang13@hotmail.com



# ਅਗਾਂਹਵਧੂ ਕਵਿਤਾ ਵਿਚ ਇਕ ਨਵਾਂ ਦਸਖਤ : ਪਰਮਿੰਦਰ ਰਮਨ



ਹਰੀਪਾਲ
403-714-4816

ਸਾਹਿਤ ਰਚਨਾ ਤਾਂ ਪਰਮਿੰਦਰ ਸ਼ਾਇਦ ਵੀਹ ਜਾਂ ਪੱਚੀ ਸਾਲ ਤੋਂ ਕਰ ਰਿਹਾ ਹੈ ਪਰ ਕਿਤਾਬੀ ਰੂਪ ਵਿਚ ਪਾਠਕਾਂ ਦੇ ਰੂਬਰੂ 2018 ਵਿਚ ਹੀ ਹਾਜ਼ਰ ਹੋਇਆ। ਕਿਉਂਕਿ ਪਰਮਿੰਦਰ ਲੰਬੇ ਸਮੇਂ ਤੋਂ ਕੈਨੇਡਾ ਰਹਿ ਰਿਹਾ ਹੈ, ਇਸ ਪ੍ਰਵਾਸ ਵਿਚ ਜੋ ਕੁਝ ਪੈਦਾ ਹੋਇਆ ਹੈ, ਉਸ ਨੇ ਤੁਹਾਡੇ ਸਾਹਮਣੇ ਹਾਜ਼ਰ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਕਿ ਮੈਂ ਪਰਮਿੰਦਰ ਰਮਨ ਦੀ ਕਵਿਤਾ ਦੀ ਗੱਲ ਕਰਾਂ ਮੈਂ ਥੋੜ੍ਹਾ ਜਿਹਾ ਪ੍ਰਵਾਸੀ ਸਾਹਿਤ ਬਾਰੇ ਵੀ ਗੱਲ ਕਰਨੀ ਚਾਹਾਂਗਾ। ਇਸ ਸਮੇਂ ਤਿੰਨ ਤਰ੍ਹਾਂ ਦਾ ਪਰਵਾਸੀ ਸਾਹਿਤ ਰਚਿਆ ਜਾ ਰਿਹਾ ਹੈ। ਇਕ ਹੈ ਭੂ-ਹੇਰਵੇ ਦਾ ਸਾਹਿਤ, ਜੋ ਅਜੇ ਵੀ ਤੂਤਾਂ ਦੀ ਛਾਵਾਂ, ਬਰੋਟਿਆਂ, ਟਾਹਲੀਆਂ, ਕੱਚੇ ਘਰਾਂ ਸਾਂਝੇ ਪਰਿਵਾਰਾਂ ਜਾਂ ਪਿੰਡਾਂ ਦੇ ਟੋਬਿਆਂ ਦੀਆਂ ਗੱਲਾਂ ਕਰਦਾ ਹੈ। ਗੱਲ ਇਹ ਹੈ ਕਿ ਮੁਲਕ ਜਾਂ ਪਿੰਡ ਛੱਡਣ ਲਈ ਅਸੀਂ ਤਰਲੋਮੱਛੀ ਹੋਏ ਫਿਰਦੇ ਹਾਂ, ਫਿਰ ਉਸੇ ਦੀ ਯਾਦ ਵਿਚ ਰੋਂਦੇ ਰਹਿੰਦੇ ਹਾਂ। ਇਸ ਤੋਂ ਬਿਹਤਰ ਇਹ ਨਹੀਂ ਕਿ ਅਸੀਂ ਜਿਥੇ ਆਏ ਹਾਂ ਉਸ ਧਰਤੀ ਨਾਲ ਜੁੜੀਏ, ਉਥੋਂ ਦੀਆਂ ਮੁਸ਼ਕਿਲਾਂ, ਔਕੜਾਂ, ਦੁਸ਼ਵਾਰੀਆਂ ਦੇ ਸਨਮੁੱਖ ਹੋਈਏ।

ਦੂਜੀ ਤਰ੍ਹਾਂ ਦਾ ਸਾਹਿਤ ਹੈ ਇਕ ਰਿਪੋਰਟ ਦੀ ਤਰ੍ਹਾਂ ਇਹ ਲੋਕ ਘਟਨਾਵਾਂ ਨੂੰ ਹੂਬਹੂ ਚਿੱਤਰ ਕੇ ਲੇਖਕ ਭਾਈਚਾਰੇ ਵਿਚ ਆਪਦਾ ਨਾਂ ਲਿਖਾਉਂਦੇ ਹਨ। ਘਟਨਾਵਾਂ ਨੂੰ ਹੂਬਹੂ ਚਿਤਰਨਾ ਸਾਹਿਤ ਨਹੀਂ ਹੁੰਦਾ। ਸਾਹਿਤ ਸਮਾਜ ਦਾ ਸ਼ੀਸ਼ਾ ਨਹੀਂ ਹੁੰਦਾ ਸਗੋਂ ਸਾਹਿਤ ਸਮਾਜ ਦਾ ਸਟੇਰਿੰਗ ਵੀਲ ਹੁੰਦਾ ਹੈ। ਸਾਹਿਤ ਨੇ ਸਮਾਜ ਨੂੰ ਉਬੜ-ਖਾਬੜ ਰਾਹਾਂ 'ਚੋਂ ਕੱਢ ਕੇ ਸ਼ਾਹ-ਮਾਰਗ 'ਤੇ ਲਿਆਉਣਾ ਹੁੰਦਾ ਹੈ। ਇਹ ਉਹ ਲੋਕ ਹਨ ਜਿਹੜੇ ਇਕ ਵੀ ਸਫਾ ਪੜ੍ਹਦੇ ਨਹੀਂ ਸਗੋਂ ਹਜ਼ਾਰ ਸਫ਼ਾ ਲਿਖ ਧਰਦੇ ਹਨ। ਅਸਲ ਵਿਚ ਉਪਰਲੇ ਦੋ ਕਿਸਮ ਦੇ ਲੋਕਾਂ ਨੇ ਸਾਹਿਤ ਨੂੰ ਪਾਠਕਾਂ ਤੋਂ ਦੂਰ ਹੀ ਕੀਤਾ ਹੈ। ਹੁਣ ਤੀਜੀ ਕਿਸਮ ਦੇ ਲੇਖਕ ਹਨ ਜਿਹੜੇ ਕਿ ਬਹੁਤ ਪੜ੍ਹਦੇ ਹਨ, ਜਿਥੇ ਰਹਿੰਦੇ ਹਨ ਉਸ ਧਰਤੀ ਨਾਲ ਜੁੜੇ ਹੋਏ ਹਨ। ਉਸ ਧਰਤੀ 'ਤੇ ਹੋ ਰਹੇ ਅਨਿਆਂ, ਨਸਲਵਾਦ, ਧੱਕੇਸ਼ਾਹੀ, ਕਿਰਤ ਦੀ ਲੁੱਟ ਦੇ ਖਿਲਾਫ਼ ਲਿਖਦੇ ਹੀ ਨਹੀਂ ਸਗੋਂ ਲੋਕਾਂ ਦੇ ਨਾਲ ਸੜਕਾਂ 'ਤੇ ਖੜ੍ਹਦੇ ਹਨ। ਮੇਰੀ ਜਾਚੇ ਇਹ ਲੋਕ ਹਨ, ਜਿਹੜੀ ਆਪਦੀ ਅਪਣਾਈ ਹੋਈ ਧਰਤੀ ਨੂੰ ਪਿਆਰ ਕਰਦੇ ਹਨ, ਜੇਕਰ ਕੈਨੇਡਾ ਦੇ ਲਿਹਾਜ ਨਾਲ ਗੱਲ ਕਰਾਂ ਤਾਂ ਅਸਲ ਵਿਚ ਇਹ ਕੈਨੇਡਾ ਦੇ ਬਹੁਤ ਹੀ ਕੀਮਤੀ ਸ਼ਹਿਰ ਹਨ ਅਤੇ ਮੈਨੂੰ ਬਹੁਤ ਖੁਸ਼ੀ ਹੈ ਕਿ ਪਰਮਿੰਦਰ ਇਸ ਤੀਜੀ ਕਿਸਮ ਦਾ ਲੇਖਕ ਹੈ। ਇਸ ਕਰਕੇ ਹੀ ਉਹ ਕੈਨੇਡਾ ਦੇ ਕਿਰਤਆਂ ਦਾ ਸਾਥ ਦਿੰਦਾ ਇਕ ਹੋਕਾ ਦਿੰਦਾ ਹੈ:

**"ਲਲਕਾਰ ਹੋਈਏ ਹਥਿਆਰ ਹੋਈਏ**
**ਕਦੇ ਨਾ ਇਹ ਮਿਲਣ ਮੰਗਿਆਂ**
**ਆ ਰਲ ਹੱਕਾਂ ਨੂੰ ਖੋਈਏ"**

ਧਰਮ ਜਿਹੜਾ ਕਿ ਨੇਕੀ ਅਤੇ ਬਦੀ ਦੀ ਜੰਗ ਵਿਚ ਨੇਕੀ ਨੂੰ ਬਚਾਉਣ ਲਈ ਪੈਦਾ ਹੋਇਆ ਸੀ। ਧਰਮ ਜਿਹੜਾ ਕਿ ਭਾਈ ਲਾਲੋ ਦੀ ਕਿਰਤ 'ਚੋਂ ਪੈਦਾ ਹੋਇਆ ਸੀ ਜਦੋਂ ਜਥੇਬੰਦ ਹੋ ਗਿਆ, ਫਿਰ ਇਹਦਾ ਸਿਆਸੀਕਰਨ ਹੋ ਗਿਆ। ਜਦੋਂ ਇਸ ਦਾ ਸਿਆਸੀਕਰਨ ਹੋ ਗਿਆ ਤੇ ਫਿਰ ਇਸ ਤੇ ਮਲਕ ਭਾਗੋ ਦਾ ਕਬਜ਼ਾ ਹੋ ਜਾਂਦਾ ਹੈ। ਫਿਰ ਇਹ ਧਰਮ ਭਾਈ ਲਾਲੋ ਦੀ ਕਿਰਤ ਲੁੱਟਣ ਲਈ ਸਥਾਪਤੀ ਕੋਲ ਇਕ ਹਥਿਆਰ ਬਣ ਜਾਂਦਾ ਹੈ। ਜਦੋਂ ਇਹ ਹਥਿਆਰ ਬਣ ਜਾਂਦਾ ਹੈ ਫਿਰ ਇਹ ਪੜ੍ਹਨ ਵਿਚਾਰਨ ਨਹੀਂ ਪੂਜਣ ਦੀ ਸਿੱਖਿਆ ਦਿੰਦਾ ਹੈ ਅਤੇ ਅੰਧਵਿਸ਼ਵਾਸ ਪੈਦਾ ਕਰਦਾ ਹੈ। ਅਜਿਹੀ ਹਾਲਤਵਿਚ ਪਹੁੰਚ ਕੇ ਧਰਮ ਆਪਣਾ ਅਸਲੀ ਮਕਸਦ ਗੁਆ ਕੇ, ਧੂਫਾਂ ਬੱਤੀਆਂ ਜੋਤਾਂ ਵਿਚ ਗੁਆਚ ਜਾਂਦਾ ਹੈ। ਇਸ ਹਾਲਤ ਨੂੰ ਪਰਮਿੰਦਰ ਬੜੀ ਖ਼ੂਬਸੂਰਤੀ ਨਾਲ ਚਿੱਤਰਦਾ ਹੈ :

**"ਮੱਟੀਆਂ, ਮਸੀਤੀਂ, ਮਜ਼ਾਰੀ ਵੜ ਗਏ**
**ਰੂਹਾਂ ਦਾ ਦਰ ਖੜਕਾਉਣੋਂ ਡਰ ਗਏ**
**ਚਾਨਣ ਲਪੇਟੀ ਆਉਂਦਾ ਸੀ ਕੋਈ**
**ਸਿਰ ਝੁਕਾ ਜੁਤੀ ਲਾਹ ਕੇ ਖੜ ਗਏ"**

ਅਸੀਂ ਚਾਨਣ ਨਾਲ ਸੁਰਸਾਰ ਨਹੀਂ ਹੋਏ, ਸਗੋਂ ਅੱਖਾਂ ਮੀਚ ਕੇ ਨੀਵੀਂ ਪਾ ਲਈ ਅਤੇ ਚਾਨਣ ਸਾਡੇ ਸਿਰ ਉਪਰੋਂ ਲੰਘ ਗਿਆ ਅਤੇ ਅਸੀਂ ਫਿਰ ਅੰਨ੍ਹੇ ਦੇ ਅੰਨੇ ਹੀ ਰਹੇ ਪਰ ਪਰਮਿੰਦਰ ਨੇ ਆਪਦੀ ਕਵਿਤਾ ਵਿਚ ਕਿਰਤੀਆਂ ਦੀ ਬਾਂਹ ਫੜੀ ਹੈ। ਕਿਰਤ ਦੀ ਲੁੱਟ ਦੇ ਖਿਲਾਫ਼ ਲੜਨ ਦਾ ਅਹਿਦ ਕੀਤਾ ਹੈ। ਇਸ ਕਰਕੇ ਉਹ ਕਹਿੰਦਾ ਹੈ :

**'ਨਾ ਮੈਂ ਫਕੀਰਾਂ ਬਾਰੇ ਲਿਖਾਂਗਾ**
**ਨਾਂ ਮੈਂ ਪੀਰਾਂ ਵਾਰੇ ਲਿਖਾਂਗਾ**
**ਮੈਂ ਤਾਂ ਭੁੱਖ ਨਾਲ ਮਰ ਰਹੇ**
**ਸਰੀਰਾਂ ਵਾਰੇ ਲਿਖਾਂਗਾ"**

ਉਹ ਮੁਲਕ ਜਿਸ ਨੂੰ ਉਹ ਛੱਡ ਕੇ ਆਇਆ ਹੈ। ਉਸ ਮੁਲਕ ਨੂੰ ਛੱਡਣ ਦਾ ਉਹ ਪਛਤਾਵਾ ਨਹੀਂ ਕਰਦਾ ਨਾ ਹੀ ਵਿਛੋੜੇ ਦੇ ਹੰਝੂ ਕੇਰਦਾ ਹੈ, ਉਹ ਕਟਾਖਿਸ਼ ਕਰਦਾ ਹੈ :

**"ਜਿਥੇ ਹੋਸ਼ ਵਿਕਦਾ ਹੈ**
**ਜਿਥੇ ਵੋਟ ਵਿਕਦਾ ਹੈ**
**ਜਿਥੇ ਜਨੂੰਨ ਵਿਕਦਾ ਹੈ**
**ਜਿਥੇ ਕਨੂੰਨ ਵਿਕਦਾ ਹੈ**
**ਲੋਕਤੰਤਰ ਹੈ ਮੇਰਾ"**

ਮਤਲਬ ਕਿ ਡੈਮੋਕਰੇਸੀ ਕਿਤੇ ਵੀ ਉਧਾਲੀ ਜਾ ਸਕਦੀ ਹੈ। ਨੋਟਾਂ ਨਾਲ ਵੋਟਾਂ ਨਾਲ ਡਾਂਗ ਨਾਲ ਸੋਟੇ ਨਾਲ ਧਰਮਾਂ ਨਾਲ, ਭਰਮਾ ਨਾਲ ਪਰ ਹੱਕਾਂ ਦੀ ਜੰਗ ਤੇਜ਼ ਕਰਨ ਲਈ ਚਾਹੇ ਅਸੀਂ ਕਿਤੇ ਵੀ ਹੋਈਏ ਸਾਨੂੰ ਕੋਈ ਨਾ ਕੋਈ ਅਹਿਦ ਕਰਨਾ ਪੈਣਾ ਹੈ। ਕਾਰਪੋਰੇਟ ਗਰੀਡ ਨੇ ਸਾਨੂੰ ਉਸ ਜਗ੍ਹਾ ਲਿਆ ਖੜ੍ਹਾ ਕਰ ਦਿੱਤਾ ਹੈ, ਜਿਥੇ ਅਸੀਂ ਰੋਜ਼ਮਰਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਦਿਨ ਰਾਤ ਭੱਜੇ ਫਿਰਦੇ ਹਾਂ ਤੇ ਸਾਨੂੰ ਇਸ ਤਰ੍ਹਾਂ ਮਸ਼ੀਨਾਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ ਕਿ ਸਾਡੇ ਕੋਲ ਸੋਚਣ ਦਾ ਵਕਤ ਹੀ ਨਹੀਂ ਪਰ ਫਿਰ ਵੀ ਜਾਗਦੀ ਕਲਮ ਵਾਲਾ ਲੇਖਕ ਕਹਿੰਦਾ ਹੈ :

**"ਮੈਂ ਮਰਨ ਨਹੀਂ ਦੇਵਾਂਗਾ**
**ਖਿਆਲਾਂ ਨੂੰ ਕੋਰੇ ਦੀ ਰੁਤੇ**
**ਦਰਖਤਾਂ ਦੀਆਂ ਕਰੂੰਬਲਾਂ ਨੂੰ**
**ਕਹਾਂਗਾ ਸ਼ੋਰ ਕਰਨ**
**ਮਿਹਨਤਕਸ਼ਾਂ ਦੇ ਢਿੱਡ ਦੀ ਅੱਗ**
**ਬਿਆਨ ਕਰਨ ਲਈ"**

ਸਾਡਾ ਸਮਾਜ ਜਿਹੜਾ ਕਿ ਇੱਕੀਵੀਂ ਸਦੀ ਵਿਚ ਵੀ ਧੀ ਨੂੰ ਪੱਥਰ ਸਮਝਦਾ ਅਜੇ ਵੀ ਜਦੋਂ ਦੂਜੀ ਧੀ ਜੰਮਦੀ ਹੈ ਤਾਂ ਘਰ ਦੇ ਜੀਅ ਤਾਂ ਕੀ ਮਾਂ ਵੀ ਮਸੋਸੀ ਜਾਂਦੀ ਹੈ ਕਿਉਂਕਿ ਜਗੀਰੂ ਸੋਚ ਵਿਚ ਪੁੱਤ ਵਾਰਸ ਹੁੰਦਾ ਹੈ ਇਸ ਕਰਕੇ ਤੀਜਾ ਬੱਚਾ ਜੰਮਣ ਤੋਂ ਪਹਿਲਾਂ ਅਸੀਂ ਮੰਨੀਏ ਜਾਂ ਨਾ ਮੰਨੀਏ, ਬਹੁਗਿਣਤੀ ਲੋਕ ਨੂੰਹ ਜਾਂ ਧੀ ਦਾ ਸਕੈਨ ਟੈਸਟ ਕਰਾਉਂਦੇ ਹਨ। ਇਸ ਕਰਕੇ ਹੀ, ਕੈਨੇਡਾ ਦੇ ਇਕ ਸਰਵੇ ਦੇ ਮੁਤਾਬਿਕ ਇੰਡੀਆ ਪਾਕਿਸਤਾਨ ਜਾਂ ਪੂਰਬੀ ਮੁਲਕਾਂ ਤੋਂ ਆਏ ਪਰਵਾਸੀਆਂ ਦੇ ਘਰੀਂ ਤੀਜਾ ਬੱਚਾ, 95% ਤੱਕ ਲੋਕਾਂ ਦੇ ਘਰ ਮੁੰਡਾ ਹੀ ਹੁੰਦਾ ਹੈ। ਹੈ ਨਾ ਸਾਡੇ ਲਈ ਸ਼ਰਮ ਵਾਲੀ ਗੱਲ ਪਰ ਜਦ ਕਿਸੇ ਪੁੱਤ ਦੇ ਘਰੋਂ ਬੇਘਰ ਕੀਤੇ ਮਾਪੇ ਆਪਦੇ ਧੀ ਦਾ ਡੋਰ ਖੜਕਾਉਂਦੇ ਹਨ ਤਾਂ ਕਵੀ ਲਿਖਦਾ ਹੈ :

**"ਸਮੇਂ ਨੇ ਜਦ ਔਕਾਤ ਦਿਖਾਤੀ**
**ਪੁੱਤ ਨੇ ਜਦ ਬਣਵਾਸ ਸੁਣਾਤੀ**
**ਫਿਰ ਤੇਰੇ ਦਰ ਖੜ ਜਾਏ ਹੋਣੇ**
**ਚੁੱਪ ਚੁਪੀਤੀ ਮਾਂ ਨੇ ਵੀ ਹੰਝੂ ਵਹਾਏ ਹੋਏ।**

ਭਗੌੜੇ ਵੀ ਪਰਮਿੰਦਰ ਦੀ ਇਕ ਸ਼ਾਨਦਾਰ ਕਵਿਤਾ ਹੈ। ਇਹ ਮੂਕ ਦਰਸ਼ਕਾਂ ਨੂੰ ਉਲਾਂਭਾ ਦਿੰਦੀ ਹੈ, ਜੋ ਸਭ ਕੁਝ ਦੇਖਕੇ ਜਰ ਜਾਂਦੇ ਹਨ ਪਰ ਬੋਲਦੇ ਨਹੀਂ। ਮੂਕ ਦਰਸ਼ਕ ਬਣਨਾ ਮੌਤ ਦੀ ਨਿਸ਼ਾਨੀ ਹੈ ਕਿਉਂਕਿ ਸਾਨੂੰ ਸੱਚ ਜਾਂ ਝੂਠ ਵਿਚ ਇਕ ਨੂੰ ਚੁਣਨਾ ਹੀ ਪੈਣਾ ਹੈ। ਅਸੀਂ ਲਕੀਰ 'ਤੇ ਖੜ੍ਹ ਕੇ ਸੁਰਖਰੂ ਨਹੀਂ ਹੋ ਸਕਦੇ। ਕਵੀ ਕਹਿੰਦਾ ਹੈ :

**"ਅਸੀਂ ਭਗੌੜੇ ਹਾਂ**
**ਦੇਸ਼ ਭਗਤੀ ਵਿਖਾਵਾ ਹੈ**
**ਧਰਮ ਪੈਸਾ ਹੈ**
**ਕਿਰਦਾਰ ਪੈਸਾ ਹੈ**
**ਮਿਆਰੀ ਜ਼ਿੰਦਗੀ ਦੇ**
**ਨੁਕੀਲੇ ਹੋ ਗਏ ਨੇ**
**ਜੋ ਤੁਹਾਡੀ ਲਾਣ ਨੂੰ**
**ਤੁਹਾਡੇ ਹੀ ਮੋਢਿਆਂ 'ਤੇ ਧਰ ਸਕਦੇ ਹਨ**

ਇਸ ਤੋਂ ਬਿਨਾਂ ਪਰਮਿੰਦਰ ਦੀ ਇਕ ਕਵਿਤਾ ਹੈ ਮੈਂ ਜਦ ਵੀ ਜੰਮਿਆ ਸਦਾਮਾ ਹੀ ਜੰਮਿਆ। ਇਹ ਕਵਿਤਾ ਜਿਹੜੀ ਕਿ ਸਾਨੂੰ ਸਾਡੀ ਜਾਤ ਨਹੀਂ ਜਮਾਤ ਦਾ ਚੇਤਾ ਕਰਾਉਂਦੀ ਹੈ। ਕਿਉਂਕਿ 21ਵੀਂ ਸਦੀ ਵਿਚ ਪੂੰਜੀ ਪ੍ਰਧਾਨ ਸਿਸਟਮ ਦੀ ਮੌਤ ਨਿਸ਼ਚਿਤ ਹੈ। ਕਾਰਪੋਰੇਟ ਗਰੀਡ ਨੇ ਲੋਕਾਂ ਦਾ ਗਲ ਇਨ੍ਹਾਂ ਘੁੱਟ ਦਿੱਤਾ ਹੈ ਕਿ, ਲੋਕ ਹੁਣ ਬਹੁਤ ਚਿਰ ਬਰਦਾਸ਼ਤ ਨਹੀਂ ਕਰਦੇ। ਰੋਟੀ ਕਮਾਉਣ ਦੀ ਖਾਤਰ ਮਾਂ ਬਾਪ ਭੱਜੇ ਫਿਰ ਰਹੇ ਹਨ ਅਤੇ ਬੱਚੇ ਬੇਬੀ ਸਟੋਰਾਂ ਕੋਲ ਰੁਲ ਰਹੇ ਹਨ। ਇਸ ਸਦੀ ਵਿਚ ਉਹੀ ਲੇਖਕ, ਸਮੇਂ ਦੇ ਹਾਣੀ ਬਣਨਗੇ, ਜਿਹੜੇ ਆਪਦੀ ਸੋਚ ਨੂੰ ਤਿੱਖਾ ਕਰਕੇ ਸਮੇਂ ਦੇ ਹਾਣਦੀ ਬਣਾਉਣਗੇ।

ਸਮੁੱਚੇ ਰੂਪ ਵਿਚ ਪਰਮਿੰਦਰ ਦੀ ਕਵਿਤਾ ਲੋਕਪੱਖੀ ਹੈ। ਸਾਰੀਆਂ ਕਵਿਤਾਵਾਂ ਬਾਰੇ ਲਿਖਣਾ ਹੋਵੇ ਤਾਂ ਇਕ ਕਿਤਾਬ ਲਿਖੀ ਜਾ ਸਕਦੀ ਹੈ। ਅਖੀਰ ਵਿਚ ਮੈਂ ਕਹਾਂਗਾ ਕਿ ਇਹ ਢੁੱਡੀਕੇ ਪਿੰਡ ਨੂੰ ਹੀ ਬਖਸ਼ਿਸ਼ ਹੈ, ਜਾਂ ਇਸ ਦੇ ਹਵਾ ਪਾਣੀ ਵਿਚ ਹੀ ਬਗਾਵਤ ਹੈ, ਜਿਥੇਨਿਰਭੈ ਜਾਂ ਅਵਤਾਰ ਢੁੱਡੀਕੇ ਵਰਗੇ ਯੋਧੇ ਪੈਦਾ ਹੁੰਦੇ ਹਨ ਜਾਂ ਜਸਵੰਤ ਕੰਵਲ, ਦਰਸ਼ਨ ਗਿੱਲ ਅਤੇ ਪਰਮਿੰਦਰ ਵਰਗੇ ਸਾਹਿਤਕਾਰ। ਪੰਜਾਬੀ ਸਾਹਿਤ ਜਗਤ ਵਿਚ ਪਰਮਿੰਦਰ ਨੂੰ ਜੀ ਆਇਆਂ ਕਹਿਣਾ ਬਣਦਾ ਹੈ ਅਤੇ ਮੈਂ ਉਮੀਦ ਕਰਦਾ ਹਾਂ ਕਿ ਇਹ ਲੋਕਪੱਖੀ ਕਲਮ, ਸਮੇਂ ਦੇ ਧੁੰਦਲੇ ਸ਼ੀਸ਼ੇ ਸਾਫ਼ ਕਰਦੀ ਰਹੇਗੀ।

## ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਕਤੂਬਰ ਮਹੀਨੇ ਦੀ ਮੀਟਿੰਗ ਵਿੱਚ ਪਰਮਿੰਦਰ ਰਮਨ ਦੇ ਪਲੇਠੇ ਕਾਵਿ ਸੰਗ੍ਰਹਿ 'ਆ..ਸਮੇਂ ਦੇ ਹਾਣ ਦਾ ਹੋਈਏ' ਤੇ ਵਿਚਾਰ ਚਰਚਾ ਹੋਈ

- ਜੋਰਾਵਰ ਬਾਂਸਲ -

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ 21 ਅਕਤੂਬਰ ਨੂੰ ਬਾਅਦ ਦੁਪਹਿਰ ਦੋ ਵਜੇ ਕੋਸੋ ਦੇ ਹਾਲ ਵਿੱਚ ਸਾਹਿਤਕਾਰਾ ਤੇ ਸਾਹਿਤ ਪ੍ਰੇਮੀਆ ਦੀ ਹਾਜ਼ਰੀ ਵਿੱਚ ਸ਼ੁਰੂ ਹੋਈ। ਮੀਟਿੰਗ ਦਾ ਆਗਾਜ਼ ਕਰਦਿਆ ਜਨਰਲ ਸਕੱਤਰ ਰਣਜੀਤ ਸਿੰਘ ਨੇ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ, ਗੁਰਦੀਸ਼ ਕੌਰ ਗਰੇਵਾਲ, ਪਰਮਿੰਦਰ ਰਮਨ ਅਤੇ ਰਮਨ ਸ਼ਰਮਾਂ ਨੂੰ ਸੱਦਾ ਦਿੱਤਾ। ਸ਼ੋਕ ਮਤੇ ਸਾਂਝੇ ਕਰਦਿਆ ਰਣਜੀਤ ਸਿੰਘ ਨੇ ਭਾਵੁਕ ਸ਼ਬਦਾਂ ਵਿੱਚ ਕਿਹਾ ਕਿ ਪਿਛਲੇ ਦਿਨੀਂ ਗਜ਼ਲਗੋ ਧਨਵੰਤ ਗੁਰਾਇਆ (ਖੁੱਲੀ ਖਿੜਕੀ ਵਿੱਚੋਂ ਗਜ਼ਲ ਸੰਗ੍ਰਹਿ ਅਦਿ) ਸਤੰਬਰ ਦੇ ਆਖਰੀ ਹਫਤੇ ਅਤੇ ਇੱਕ ਹੋਰ ਚਰਚਿਤ ਗਜ਼ਲਗੋ ਆਰਿਫ ਗੋਬਿੰਦਪੁਰੀ (ਮੇਰੇ ਤੁਰ ਜਾਣ ਮਗਰੋਂ ਗਜ਼ਲ ਸੰਗ੍ਰਹਿ ਅਦਿ) ਅਤੇ ਤੀਸਰੀ ਦੁਖਦਾਈ ਖਬਰ ਗੁਰਚਰਣ ਰਾਮਪੁਰੀ ਜੋ 1964 ਤੋਂ ਕੈਨੇਡਾ ਵਿੱਚ ਰਹਿ ਰਹੇ ਸਨ, ਉਹਨਾਂ ਕਈ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ (ਜਿਹਨਾਂ ਦੇ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਵੀ ਹੋਏ। ਉਹਨਾਂ ਨੇ ਨੰਦ ਲਾਲ ਨੂਰਪੂਰੀ ਅਵਾਰਡ ਤੇ ਹੋਰ ਅਣਗਿਣਤ ਸਨਮਾਨ ਹਾਸਿਲ ਕੀਤੇ। ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਵੀ 2003 ਵਿੱਚ ਉਹਨਾਂ ਦਾ ਸਨਮਾਨ ਕੀਤਾ ਗਿਆ। ਉਹ ਵੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਅੰਮ੍ਰਿਤਸਰ (ਪੰਜਾਬ) ਵਿੱਚ ਦੁਸਹਿਰੇ ਵਾਲੇ ਦਿਨ ਹੋਏ ਰੇਲ ਹਾਦਸੇ ਵਿੱਚ 61 ਵਿਅਕਤੀਆਂ ਦੀ ਮੌਤ ਅਤੇ 72 ਜਖਮੀਆਂ ਲਈ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇੱਕ ਮਿੰਟ ਦਾ ਮੌਨ ਰੱਖ ਕੇ ਜਾਣ ਵਾਲਿਆ ਨੂੰ ਸ਼ਰਧਾਜਲੀ ਦਿੱਤੀ ਗਈ। ਬਾਅਦ ਵਿੱਚ ਨਛੱਤਰ ਪੁਰਬਾ ਨੇ ਇਸੇ ਨਾਲ ਸਬੰਧਿਤ ਆਪਣਾ ਲੇਖ 'ਸੁਰੱਖਿਆ' ਪੜ੍ਹਿਆ। ਜਗਦੀਸ਼ ਸਿੰਘ ਚੋਹਕਾ ਨੇ ਬਾਬੇ ਨਾਨਕ ਦੀਆ ਤੁਕਾਂ ਦਾ ਵੇਰਵਾ ਦੇ ਕੇ ਪੰਜਾਬੀ ਦੇ ਵਿਕਾਸ ਦਾ ਜਿਕਰ ਕੀਤਾ। ਇਸੇ ਜਾਣਕਾਰੀ ਵਿੱਚ ਵਾਧਾ ਕਰਦਿਆ ਨਰਿੰਦਰ ਢਿੱਲੋਂ ਨੇ ਕਿਹਾ ਕਿ ਪੁਰਾਣੇ ਗ੍ਰੰਥ ਨਹੀਂ ਬਦਲੇ ਜਾ ਸਕਦੇ ਪਰ ਸਭਿਆਚਾਰ ਸਮੇਂ ਮੁਤਾਬਕ ਬਦਲਦਾ ਜਾ ਰਿਹਾ ਹੈ ਤੇ ਪੰਜਾਬੀ ਦਾ ਵਿਕਾਸ ਸਮੇਂ ਦੀ ਲੋੜ ਹੈ। ਲੜੀ ਨੂੰ ਅੱਗੇ ਤੋਰਦਿਆਂ ਰਜਿੰਦਰ ਚੋਹਕਾ ਨੇ ਪੰਜਾਬੀ ਪੜ੍ਹਾਉਣ ਵਾਲਿਆ ਦੀ ਦੁਰਦਸ਼ਾ ਤੇ ਪੰਜਾਬੀ ਦੇ ਸੰਘਰਸ਼ਮਈ ਭਵਿੱਖ ਦੀ ਗੱਲ ਕੀਤੀ। ਗੁਰਦੀਸ਼ ਕੌਰ ਗਰੇਵਾਲ ਨੇ ਆਪਣੀ ਕਾਵਿਤਾ ਸਾਂਝੀ ਕਰਨ ਉਪਰੰਤ ਇੱਕ ਰੰਗਲੀ ਸਲੇਟ ਦਾ ਜਿਕਰ ਕੀਤਾ ਜਿਸ ਨਾਲ ਬੱਚੇ 1 ਅ ਲਿਖਣਾ ਸਿੱਖ ਸਕਦੇ ਹਨ। ਇਹ ਸਲੇਟ ਉਹਨਾਂ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਨੂੰ ਭੇਂਟ ਕੀਤੀ। ਡਾ: ਰਾਜਵੰਤ ਕੌਰ ਮਾਨ (ਸਤ ਕਿਤਾਬਾਂ ਦੀ ਰਚੇਤਾ) ਨੇ ਗੁਰਬਖਸ਼ ਸਿੰਘ ਪ੍ਰੀਤਲੜੀ ਤੇ ਅਮ੍ਰਿੰਤਾ ਪ੍ਰੀਤਮ ਦੀਆ ਲਿਖਤਾਂ ਦਾ ਜਿਕਰ ਕੀਤਾ। ਪਰਮਿੰਦਰ ਰਮਨ ਢੁੱਡੀਕੇ ਦੇ ਪਲੇਠੇ ਕਵਿ-ਸੰਗ੍ਰਹਿ 'ਆ...ਸਮੇਂ ਦੇ ਹਾਣ ਦੇ ਹੋਈਏ' ਜਿਸ ਦੀ ਘੁੰਢ ਚੁਕਾਈ ਪੰਜਾਬੀ ਲਿਖਾਰੀ ਸਭਾ ਦੇ 19ਵੇਂ ਸਲਾਨਾ ਸਮਾਗਮ ਵਿੱਚ ਹੋਈ ਸੀ ,ਉਸ ਉੱਤੇ ਅੱਜ ਦੀ ਮੀਟਿੰਗ ਵਿੱਚ ਵਿਚਾਰ ਚਰਚਾ ਹੋਈ। ਹਰੀਪਾਲ ਨੇ ਆਪਣੇ ਪਰਚੇ ਵਿੱਚ ਉਸਦੀਆਂ ਲਿਖਤਾਂ ਦਾ ਖੁਬਸੂਰਤ ਢੰਗ ਨਾਲ ਵਿਸ਼ਲੇਸ਼ਣ ਕੀਤਾ। ਜੋਰਾਵਰ ਬਾਂਸਲ ਨੇ ਕਿਸ਼ਨ ਸਿੰਘ ( ਸੇਵਾ ਮੁਕਤ ਪ੍ਰਿੰਸੀਪਲ ਲੁਧਿਆਣਾ) ਦਾ ਲਿਖਿਆ ਪਰਚਾ ਪੜ੍ਹਿਆ ਤੇ ਆਪਣੇ ਪਰਮਿੰਦਰ ਰਮਨ ਦੀ ਇਕ ਨਜਮ ਸੁਣਾ ਕੇ ਕਿਹਾ 'ਆ...ਸਮੇਂ ਦੇ ਹਾਣ ਦਾ ਹੋਈਏ' ਕਵਿ ਸਗ੍ਰੰਹਿ ਆਪਣੇ ਨਾਮ ਦੀ ਤਰ੍ਹਾਂ ਹਰ ਰਚਨਾ ਵਿੱਚ ਵਧੀਆ ਤੇ ਅਗਾਂਹ ਵਧੂ ਸੁਨੇਹਾ ਦੇ ਰਿਹਾ ਹੈ। ਹਰ ਬੁਲਾਰੇ ਨੇ ਆਪਣੀ ਹਾਜਰੀ ਦੌਰਾਨ ਪਰਮਿੰਦਰ ਰਮਨ ਨੂੰ ਸਟੇਜ ਤੋਂ ਵਧਾਈ ਦਿਤੀ। ਜਗਦੇਵ ਸਿੱਧੂ ਨੇ ਇੱਕ ਪਾਠਕ ਵਜੋਂ ਕਿਤਾਬਾਂ ਦੀਆਂ ਲਿਖਤਾਂ ਲਈ ਉਸਾਰੂ ਸੁਝਾਅ ਪੇਸ਼ ਕੀਤੇ। ਜਿਸ ਵਿੱਚ ਲੇਖਕਾਂ ਗੁਰਚਰਨ ਕੌਰ ਥਿੰਦ ਨੇ ਵਾਧਾ ਕੀਤਾ ਅਤੇ 18 ਨਵੰਬਰ ਨੂੰ ਹੋਣ ਵਾਲੇ ਵੂਮੈਨ ਐਸੋਸੀਸ਼ਨ ਦੇ ਪ੍ਰੋਗਰਾਮ ਦੀ ਜਾਣਕਾਰੀ ਦਿੱਤੀ। ਗੁਰਮੀਤ ਕੌਰ ਸਰਪਾਲ ਨੇ ਮੈਡੀਟੇਸ਼ਨ ਬਾਰੇ ਵੱਡਮੁਲੇ ਵਿਚਾਰ ਪੇਸ਼ ਕੀਤੇ। ਮਹਿੰਦਰ ਪਾਲ ਐਸ ਪਾਲ ਨੇ 'ਚੰਗੇ ਦਾ ਮੈਂ ਨਿਰਣਾ ਕਰ ਸਕਦਾ' ਗਜ਼ਲ ਨਾਲ ਆਪਣੀ ਇੰਗਲੈਂਡ ਫੇਰੀ ਦੀ ਜਾਣਕਾਰੀ ਸਾਂਝੀ ਕੀਤੀ। ਸੁਰਿੰਦਰ ਗੀਤ ਨੇ 'ਕਵਿਤਾ ਰੋ ਰਹੀ', ਤਰਲੋਚਨ ਸੈਂਭੀ ਨੇ 'ਦਿੱਲੀ ਦੀ ਹਕੂਮਤ', ਬਲਬੀਰ ਗੋਰਾ ਨੇ 'ਸਰਵਣ ਵਰਗੇ ਪੁੱਤ ਨਾ', ਦਵਿੰਦਰ ਮਲਹਾਂਸ ਨੇ 'ਯਾਰ ਜੁਲਾਹੇ', ਗੁਰਚਰਨ ਹੇਅਰ ਨੇ 'ਕੰਡਿਆ ਦੀ ਬਸਤੀ', ਜਸਵੰਤ ਸੇਖੋਂ ਨੇ 'ਰਜਨੀ ਦੀ ਗਾਥਾ', ਹਰਨੇਕ ਬੱਧਣੀ ਨੇ 'ਗਤਾ ਦਾ ਮੈਂ ਵਣਜਾਰਾ', ਲਖਵਿੰਦਰ ਜੌਹਲ ਨੇ ਸ਼ਹਿਰ ਦੀ ਸਫਾਈ ਉੱਤੇ 'ਆਓ ਕਮਿਊਨਟੀ ਵਾਲਿਓ', ਸਰੂਪ ਸਿੰਘ ਮੰਡੇਰ ਨੇ 'ਦੋਵੇਂ ਲੁੱਟਣ ਪੰਜਾਬ ਨੂੰ', ਸਰਬਜੀਤ ਉੱਪਲ ਨੇ 'ਮਾਏਂ ਨੀ', ਜਰਨੈਲ ਤੱਗੜ ਨੇ ਨਸ਼ੇ ਦੇ ਵਿਉਪਾਰ ਤੇ ਚਿੱਟੇ ਨਾਲ ਸਬੰਧਿਤ 'ਟੀਕੇ ਲਾ ਲਾ ਮਰਦੇ', ਸ਼ਿਵ ਕੁਮਾਰ ਸ਼ਰਮਾ ਨੇ 'ਘਰਵਾਲੀ ਦਾ', ਸੁਖਵਿੰਦਰ ਸਿੰਘ ਤੂਰ ਨੇ 'ਮੈਥੋਂ ਬੇਕਾਬੂ ਹੋ ਗਏ', ਸੁਰ ਵਿੱਚ ਗਾ ਕੇ ਹਾਜ਼ਰੀ ਲਵਾਈ। ਇਸ ਮੌਕੇ ਗੁਰਦੀਪ ਕੌਰ, ਐਨਥੋਨੀ ਸ਼ਰਮਾ, ਰਾਜਾ ਗਾਲਬ, ਸ਼ਮਿੰਦਰ, ਅਵਤਾਰ ਸਿੰਘ, ਆਸਿਫ ਮਲਿਕ, ਸੁਖਦਰਸ਼ਨ ਜੱਸਲ, ਜੋਗਾ ਸਿੰਘ ਸਹੋਤਾ, ਸੁਰਿੰਦਰ ਚੀਮਾ, ਸਿਮਰ ਚੀਮਾ, ਰਛਪਾਲ ਚੀਮਾ, ਗੁਰਵੀਨ ਚੱਠਾ ਤੇ ਸਭਾ ਦੇ ਖਜਾਨਚੀ ਮੰਗਲ ਚੱਠਾ ਹਾਜਿਰ ਸਨ। ਅਖਿਰ ਵਿੱਚ ਪ੍ਰਧਾਨ ਬਲਜਿੰਦਰ ਸੰਘਾ ਨੇ ਆਏ ਹੋਏ ਹਾਜ਼ਰੀਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਹੋਰ ਜਾਣਕਾਰੀ ਲਈ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਨੂੰ 403-680-3212 ਅਤੇ ਜਨਰਲ ਸਕੱਤਰ ਰਣਜੀਤ ਸਿੰਘ ਨੂੰ 403-714-6848 ਤੇ ਸੰਪਰਕ ਕੀਤਾ ਜਾ ਸਕਦਾ ਹੈ।





# ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਇੱਕ ਹੋਰ ਸਫਲ ਬੁੱਕ ਮੇਲਾ!







ਕੈਲਗਰੀ: 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ' ਵਲੋਂ 'ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ' ਦੇ ਸਹਿਯੋਗ ਨਾਲ 7ਵਾਂ ਇੱਕ ਰੋਜ਼ਾ ਬੁੱਕ ਮੇਲਾ 20 ਅਕਤੂਬਰ ਸ਼ਨੀਵਾਰ ਨੂੰ ਗਰੀਨ ਪਲਾਜ਼ਾ ਵਿੱਚ ਬਾਹਰ ਬਰਾਂਡੇ ਵਿੱਚ ਲਗਾਇਆ ਗਿਆ। ਪਿਛਲ਼ੇ ਕੁਝ ਸਾਲਾਂ ਤੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ' ਦੇ ਸੰਚਾਲਕ ਮਾਸਟਰ ਭਜਨ ਸਿੰਘ ਵਲੋਂ ਵੱਖ-ਵੱਖ ਮੌਕਿਆਂ ਤੇ ਅਜਿਹੇ ਮੇਲੇ ਲਗਾ ਕੇ ਜਿਥੇ ਪਾਠਕਾਂ ਨੂੰ ਵਾਜਬ ਕੀਮਤ ਤੇ ਕਿਤਾਬਾਂ ਮੁਹੱਈਆ ਕਰਾਈਆਂ ਜਾਂਦੀਆਂ ਹਨ, ਉਥੇ ਉਨ੍ਹਾਂ ਦੇ ਅਜਿਹੇ ਯਤਨਾਂ ਨਾਲ ਕੈਲਗਰੀ ਵਿੱਚ ਪੰਜਾਬੀ ਸਾਹਿਤ ਪ੍ਰੇਮੀਆਂ ਦੀ ਗਿਣਤੀ ਵੀ ਵਧ ਰਹੀ ਹੈ। ਇਸ ਮੌਕੇ ਮਾਸਟਰ ਭਜਨ ਸਿੰਘ ਵਲੋਂ ਬੁੱਕ ਮੇਲੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਜਿਥੇ ਪੁਰਾਣੇ ਪਾਠਕਾਂ ਨੇ ਹੋਰ ਨਵੀਆਂ ਕਿਤਾਬਾਂ ਖਰੀਦਣ ਲਈ ਉਤਸ਼ਾਹ ਦਿਖਾਇਆ, ਉਥੇ ਬਹੁਤ ਸਾਰੇ ਨਵੇਂ ਪਾਠਕ ਵੀ ਕਿਤਾਬਾਂ ਲੈਣ ਪਹੁੰਚੇ। ਜੋ ਕਿ ਚੰਗਾ ਰੁਝਾਨ ਹੈ। ਯਾਦ ਰਹੇ ਇਸ ਬੁੱਕ ਮੇਲੇ ਵਿੱਚ ਵਿਗਿਆਨਕ, ਤਰਕਸ਼ੀਲ, ਅਗਾਂਹਵਧੂ, ਸਾਹਿਤਕ, ਰਾਜਨੀਤਕ, ਮਾਰਕਸਵਾਦੀ, ਹਿਸਟਰੀ, ਜੀਵਨ, ਸਿਹਤ ਆਦਿ ਵਿਸ਼ਿਆਂ ਨਾਲ ਸਬੰਧਤ ਕਿਤਾਬਾਂ ਪੰਜਾਬੀ, ਅੰਗਰੇਜੀ, ਹਿੰਦੀ, ਉਰਦੂ ਵਿੱਚ ਮੁਹੱਈਆ ਕਰਾਈਆਂ ਜਾਂਦੀਆਂ ਹਨ। ਜੇ ਕੋਈ ਪਾਠਕ ਆਪਣੀ ਰੁਚੀ ਵਾਲੀ ਕੋਈ ਖਾਸ ਕਿਤਾਬ ਦੀ ਚਾਹੇ ਤਾਂ ਆਰਡਰ ਕਰਕੇ ਵੀ ਮੰਗਵਾ ਸਕਦਾ ਹੈ। ਇਸ ਬੁੱਕ ਮੇਲੇ ਨੂੰ ਕਾਮਯਾਬ ਕਰਨ ਲਈ 'ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ' ਦੇ ਵਲੰਟੀਅਰਾਂ ਅਤੇ ਮੀਡੀਆ ਦਾ ਹਮੇਸ਼ਾਂ ਸਹਿਯੋਗ ਰਹਿੰਦਾ ਹੈ। ਇਸ ਬੁੱਕ ਮੇਲੇ ਦਾ ਉਦਘਾਟਨ ਪੰਜਾਬੀ ਸਾਹਿਤ ਪ੍ਰੇਮੀ ਮਲਕੀਤ ਸਿੰਘ ਵਲੋਂ ਕੀਤਾ ਗਿਆ। ਮਲਕੀਤ ਸਿੰਘ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਕਿਹਾ ਕਿ ਕਿਤਾਬਾਂ ਸਾਡੀਆਂ ਸਭ ਤੋਂ ਵਧੀਆ ਦੋਸਤ ਹਨ, ਜਿਨ੍ਹਾਂ ਦਾ ਨਾ ਸਿਰਫ ਅਸੀਂ ਕਿਸੇ ਵਕਤ ਵੀ ਸਾਥ ਮਾਣ ਸਕਦੇ ਹਾਂ, ਸਗੋਂ ਬਹੁਤ ਕੁਝ ਸਿੱਖ ਵੀ ਸਕਦੇ ਹਾਂ। ਉਨ੍ਹਾਂ ਸਭ ਨੂੰ ਆਪਣੇ ਘਰਾਂ ਵਿੱਚ ਮਿੰਨੀ ਲਾਇਬ੍ਰੇਰੀ ਬਣਾਉਣ ਦਾ ਸੁਝਾਅ ਵੀ ਦਿੱਤਾ। ਬੁੱਕ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਬਹੁਤ ਜਲਦੀ ਪੰਜਾਬ ਦੀ ਫੇਰੀ ਤੇ ਜਾ ਰਹੇ ਹਨ, ਜੇ ਕੋਈ ਪਾਠਕ ਕੋਈ ਖਾਸ ਬੁੱਕ ਮੰਗਵਾਉਣਾ ਚਾਹੇ ਤਾਂ ਉਨ੍ਹਾਂ ਨੂੰ 403-455-4220 ਤੇ ਫੋਨ ਕਰਕੇ ਆਰਡਰ ਕਰ ਸਕਦਾ ਹੈ। ਇਸ ਮੌਕੇ ਕਮਲਪ੍ਰੀਤ ਪੰਧੇਰ ਨੇ ਸਰੋਤਿਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਜੇ ਤੁਸੀਂ ਸੰਸਾਰ ਨਹੀਂ ਦੇਖਿਆ ਜਾਂ ਵੱਡੇ ਵਿਅਕਤੀਆਂ ਦਾ ਸਾਥ ਨਹੀਂ ਮਾਣਿਆ ਤਾਂ ਉਨ੍ਹਾਂ ਦੀਆਂ ਕਿਤਾਬਾਂ ਰਾਹੀਂ ਅਜਿਹੀਆਂ ਮਹਾਨ ਸਖਸ਼ੀਅਤਾਂ ਦਾ ਸਾਥ ਘਰ ਬੈਠੇ ਆਨੰਦ ਮਾਣ ਸਕਦੇ ਹੋ।



FOR ALL YOUR REAL ESTATE NEEDS
MLS MULTIPLE LISTING SERVICE
Contact Long time trusted name in the community
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange Decoration Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1) Self Employed Taxi Business
Corporate Tax Returns (T2) GST/Payrolls/ROE WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

REAL CORE REALTY
FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates



SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖ਼ਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5



ਲੈਕ:ਮਹਿੰਦਰ ਸਿੰਘ ਮੋਹੀ
416 659 1232

# ਕੱਚੇ ਰਾਹਾਂ ਤੋਂ ਪੱਕੇ ਰਾਹਾਂ ਵਲ ਦਾ ਸਫ਼ਰ



ਕੰਪਨੀ ਦੇ ਦਫਤਰ ਵਿੱਚੋਂ ਸੁਪਰਵਾਈਜ਼ਰ ਹਥ ਵਿੱਚ ਪੇਪਰ ਫੜੀ ਸਾਡੀ ਪ੍ਰੈਸ ਵਲ ਤੇਜ਼ੀ ਨਾਲ ਆ ਰਿਹਾ ਸੀ। ਇਹ ਰੈਗੂਲਰ ਕੰਮ ਤੋਂ ਪਿਛੋਂ ਓਵਰਟਾਈਮ ਲਗਣ ਦਾ ਇਸ਼ਾਰਾ ਸੀ। ਲਗਭਗ ਸਾਰੇ ਵਰਕਰਜ਼ ਹੀ ਗਿਆਨਾ ਦੇ ਇਸ ਨੇਕ ਦਿਲ ਸੁਪਰਵਾਈਜ਼ਰ ਨੂੰ ਪਸੰਦ ਕਰਦੇ ਸਨ। ਬੇਲੋੜਾ ਕਿਸੇ ਨੂੰ ਤੰਗ ਪ੍ਰੇਸ਼ਾਨ ਕਰਨਾ ਉਸ ਦੇ ਸੁਭਾਅ ਵਿੱਚ ਨਹੀਂ ਸੀ। ਗੂੜ੍ਹੇ ਕਾਲੇ ਰੰਗ ਦੇ ਅੰਦਰ ਇਕ ਸੋਹਣੇ ਦਿਲ ਦਾ ਵਾਸਾ ਸੀ। ਮੈਂ ਸਾਦਤ ਨੂੰ ਇਸ਼ਾਰੇ ਨਾਲ ਪੁਛਿਆ 'ਕਿਓ ਲਾਉਣੇ ਆ ਤਿੰਨ ਘੰਟੇ ਹੋਰ'। ਉਹ ਮੁਸਕਰਾ ਪਿਆ। ਕੰਪਨੀ ਕੋਲ ਸੱਤੇ ਦਿਨ ਅਠ ਘੰਟੇ ਕੰਮ ਸੀ' ਵੀਕ ਡੇਜ ਤੇ ਵੀ 2-3 ਘੰਟੇ ਓਵਰਟਾਈਮ ਵਖਰਾ ਮਿਲਦਾ ਰਹਿੰਦਾ ਸੀ। "ਮੈਂ ਸੁਪਰਵਾਈਜ਼ਰ ਨੂੰ ਜੁਆਬ ਦੇ ਕੇ ਨਰਾਜ਼ ਨਹੀਂ ਕਰਨਾ ਚਾਹੁੰਦਾ। ਮੈਂ ਤਾਂ ਇਥੇ ਪੱਕਾ ਹੋਣਾ ਹੈ। ਮੇਰੀ ਵਾਈਫ ਵੀ ਕੰਮ ਨਹੀਂ ਕਰ ਰਹੀ, ਉਸਦੇ ਬੱਚਾ ਹੋਣ ਵਾਲਾ ਹੈ', ਉਹ ਆਪਣੇ ਸੁਭਾਅ ਅਨੁਸਾਰ ਘਰ ਦੀਆਂ ਨਿੱਜੀ ਗੱਲਾਂ ਸਾਂਝੀਆਂ ਕਰਨ ਲੱਗ ਪਿਆ।

"ਕਾਹਦਾ ਹਿਸਾਬ ਕਰੀ ਜਾਂਦੇ ਹੋ, ਸਰ? ਡਾਲਰਾਂ ਨਾਲ ਜੇਬ ਭਰੀ ਪਈ ਆ ਅਜ ਤਾਂ'! ਓਵਰਟਾਈਮ ਸ਼ੁਰੂ ਹੁੰਦਿਆਂ ਮੈਨੂੰ ਤੇ ਸਰਪੰਚ ਨੂੰ ਇਕੱਠੇ ਹੋਏ ਡਾਲਰਾਂ ਦੀ ਗਿਣਤੀ ਕਰਦੇ ਵੇਖ ਕੇ ਸਾਦਿਕ ਨੇ ਹੱਸਦੇ ਹੋਏ ਪੁੱਛ ਲਿਆ।" ਐਵੇਂ ਨਾ ਹਰ ਵੇਲੇ ਦੰਦੀਆਂ ਕੱਢੀ ਜਾਇਆ ਕਰ! "ਸੋਹੀ ਨੇ ਗੁੱਸੇ ਨਾਲ ਟੋਕਦਿਆਂ ਕਿਹਾ 'ਜਿਥੇ ਹੁਣ ਤੂੰ ਕੰਮ ਕਰਦਾ ਇਥੇ ਸਾਡਾ ਮਿੱਤਰ 'ਕੀਤਾ' ਕੰਮ ਕਰਦਾ ਹੁੰਦਾ ਸੀ। ਕੁਝ ਹਫਤੇ ਪਹਿਲਾਂ ਅਚਾਨਕ ਬਹੁਤ ਜ਼ਿਆਦਾ ਬਿਮਾਰ ਹੋ ਗਿਆ' ਨਾਲ ਖੜ੍ਹੇ ਬੂਟੇ ਨੇ ਸਾਦਿਕ ਨੂੰ ਸਮਝਾਇਆ। ਸੌਰੀ, ਮੈਨੂੰ ਪਤਾ ਨਹੀਸੀ, ਕੀ ਹੋ ਗਿਆ ਉਹਨੂੰ? ਉਹ ਫਿਕਰਮੰਦ ਹੋ ਕੇ ਪੁੱਛਣ ਲੱਗਾ। "ਬਹੁਤ ਭੈੜਾ ਰੋਗ ਲਗ ਗਿਆ ਸੀ ਕੀਤੇ ਨੂੰ" ਬੂਟੇ ਨੇ ਉਦਾਸ ਹੁੰਦਿਆ ਆਪਣੀ ਗਲ ਨੂੰ ਜਾਰੀ ਰੱਖਦਿਆਂ ਕਿਹਾ। ਇਕ ਦਮ ਸਾਰਾ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਆ ਗਿਆ। ਦੋ ਮਹੀਨੇ ਪਹਿਲਾਂ ਅਸੀਂ ਰੋਜ਼ ਦੀ ਤਰ੍ਹਾਂ ਚਾਰੇ ਜਾਣੇ ਕੰਮ ਕਰ ਰਹੇ ਸਾਂ। ਅਚਾਨਕ 'ਕੀਤੇ ਦਾ ਸਰੀਰ ਕੰਬਣ ਲੱਗਾ ਜਿਵੇਂ ਉਸਨੂੰ ਬਿਜਲੀ ਦਾ ਝਟਕਾ ਲੱਗਿਆ ਹੋਵੇ ਤੇ ਉਹ ਬੌਂਦਲ ਗਿਆ। ਜੂਪੇ ਨੇ ਉਸਨੂੰ ਇਕ ਦਮ ਜੱਫੀ ਪਾ ਲਈ ਤੇ ਡਿੱਗਣ ਤੋਂ ਬਚਾਅ ਲਿਆ। ਮੈਂ ਤੇ ਫੌਜੀ ਵੀ ਦੌੜ ਕੇ ਉਸ ਕੋਲ ਗਏ ਉਸਨੂੰ ਨੇੜੇ ਹੀ ਬਿਠਾ ਕੇ ਮੈਂ ਸੁਪਰਵਾਈਜ਼ਰ ਨੂੰ ਬੁਲਾ ਲਿਆਂਦਾ। ਕੀਤੇ ਦਾ ਚਿਹਰਾ ਪੀਲਾ ਪੈ ਗਿਆ ਸੀ। ਹਸਪਤਾਲ ਲਿਜਾਣ ਤੇ ਡਾਕਟਰਾਂ ਨੇ ਟੈਸਟ ਕਰਕੇ ਪਰਿਵਾਰ ਨੂੰ ਦਸ ਦਿੱਤਾ ਕਿ ਉਸਨੂੰ ਫੂਡ ਪਾਈਪ ਦਾ ਕੈਂਸਰ ਹੈ ਜੋ ਤੀਜੀ ਸਟੇਜ ਤੇ ਪਹੁੰਚ ਚੁੱਕਿਆ ਹੈ। ਸਿਰਫ 45 ਸਾਲ ਦੀ ਉਮਰ, ਸਕੂਲ ਜਾਂਦੇ ਤਿੰਨ ਬੱਚੇ, ਮਹੀਨਾ ਪਹਿਲਾਂ ਹੀ ਲਿਆ ਘਰ ਤੇ ਵਾਈਫ ਦੀ ਏਜੰਸੀ ਦੀ ਕੱਚੀ ਜੌਬ, ਇਹਨਾਂ ਸੋਚਾਂ ਤੇ ਇਸ ਖਤਰਨਾਕ ਬਿਮਾਰੀ ਨੇ ਸਾਰਿਆਂ ਨੂੰ ਹਲਾ ਕੇ ਰਖ ਦਿੱਤਾ। ਫੈਸਲਾ ਹੋਇਆ ਕੇ ਕੰਪਨੀ ਵਿੱਚ ਕੰਮ ਕਰਨ ਵਾਲਿਆਂ ਤੋ ਸਹਾਇਤਾ ਫੰਡ ਇਕੱਠਾ ਕਰਕੇ ਮੁਸੀਬਤ ਵਿਚ ਫਸੇ ਪਰਿਵਾਰ ਦੀ ਵਧ ਤੋ ਵਧ ਆਰਥਿਕ ਸਹਾਇਤਾ ਕੀਤੀ ਜਾਵੇ। ਸਾਦਿਕ ਨੇ ਇਕ ਦਮ ਆਪਣਾ ਪਰਸ ਜੇਬ ਵਿਚੋਂ ਬਾਹਰ ਕੱਢਿਆ। ਉਸ ਵਿੱਚ ਭਾਨ ਦੇ ਇਕ ਜਾਂ ਦੋ ਡਾਲਰ ਦੇ ਸਿੱਕੇ ਸਨ ਜੋ ਉਸਨੇ ਸਾਰੇ ਮੇਜ ਤੇ ਢੇਰੀ ਕਰ ਦਿੱਤੇ। ਗਿਣਤੀ ਕਰ ਕੇ ਕਹਿਣ ਲੱਗਾ ਮੇਰੇ ਕੋਲ ਅੱਜ ਇਹ ਤੇਰਾਂ ਡਾਲਰ ਹੀ ਹਨ। ਕੰਮ ਦਾ ਪਹਿਲਾਂ ਚੈੱਕ ਮਿਲਣ ਤੇ ਹੋਰ ਵੀ ਦੇਵੇਗਾ।' ਬਸ ਦੇ ਕਿਰਾਏ ਲਈ ਤਾਂ ਰੱਖ ਲੈ' ਕੋਲ ਖੜ੍ਹੇ ਤਾਰ ਨੇ ਸਲਾਹ ਦੇਣੀ ਚਾਹੀ। 'ਨਹੀਂ, ਮੈਨੂੰ ਰਾਈਡ ਮਿਲ ਜਾਣੀ ਹੈ' ਸਾਦਿਕ ਦੇ ਮੂੰਹੋਂ ਮਸਾਂ ਹੀ ਨਿਕਲ ਸਕਿਆ। ਉਹ ਭਾਵੇਂ ਕੀਤੇ ਨੂੰ ਜਾਣਦਾ ਵੀ ਨਹੀਂ ਸੀ ਪਰ ਉਸਦੀ ਬਿਮਾਰੀ ਬਾਰੇ ਜਾਣਕੇ ਉਹ ਮਨੁੱਖੀ ਹਮਦਰਦੀ ਵਿੱਚ ਪੂਰੀ ਤਰ੍ਹਾਂ ਗੜੁੱਚ ਹੋ ਗਿਆ ਸੀ। ਹਮੇਸ਼ਾ ਕੰਮ ਤੇ ਗੱਲਬਾਤ ਵਿੱਚ ਲਾਪ੍ਰਵਾਹ ਦਿਸਣ ਵਾਲਾ ਸਾਦਿਕ ਇਕ ਵੱਖਰੇ ਰੂਪ ਵਿੱਚ ਦਿਖਾਈ ਦਿੱਤਾ। ਚਾਰੇ ਪਾਸੇ ਉਦਾਸੀ ਭਰੀ ਚੁੱਪ ਛਾ ਗਈ। ਮੈਨੂੰ ਹੁਣ ਤੱਕ ਕੰਪਨੀ ਵਿਚੋਂ ਸਹਾਇਤਾ ਲਈ ਇਕੱਠੇ ਹੋਏ ਤੇਰਾ ਹਜ਼ਾਰ ਡਾਲਰ ਦੇ ਮੁਕਾਬਲੇ ਸਾਦਿਕ ਵਲੋਂ ਦਿੱਤੇ ਤੇਰਾਂ ਡਾਲਰ ਵੱਡਮੁੱਲੇ ਜਾਪਣ ਲੱਗੇ।

ਕਾਰਾਂ ਦੇ ਪਾਰਟਸ ਬਣਾਉਣ ਵਾਲੀ ਗੋਰਿਆਂ ਦੀ ਇਹ ਵੱਡੀ ਕੰਪਨੀ, ਏਜੰਸੀ ਰਾਹੀਂ ਆਉਣ ਵਾਲੇ ਨਵੇਂ ਆਏ ਪਰਵਾਸੀਆਂ ਦੀ ਪਹਿਲੀ ਪਸੰਦ ਬਣ ਚੁੱਕੀ ਸੀ। ਫੋਰਕਲਿਫਟ ਚਲਾਉਣ ਵਾਲਾ ਜੱਸਾ ਵੀ ਤਿਆਰ ਹੋ ਚੁੱਕੇ ਪਾਰਟਸ ਨੂੰ ਲੈ ਕੇ ਜਾਣ ਲਈ ਵਾਰ ਵਾਰ ਸਾਡੀ ਪ੍ਰੈਸ ਤੇ ਆਉਂਦਾ ਰਹਿੰਦਾ। ਉਹ ਵੀ ਸਾਦਿਕ ਤੇ ਉਸਦੀਆਂ ਨਾ ਮੁੱਕਣ ਵਾਲੀਆਂ ਗੱਲਾਂ ਦਾ ਮੁਰੀਦ ਬਣ ਗਿਆ ਸੀ। 'ਕਿਵੇਂ ਲਗਦਾ ਫੌਜੀਆ, ਸਾਦਿਕ ਕੰਪਨੀ ਦੀ ਰੰਗਰੂਟੀ ਪਾਸ ਕਰਕੇ ਪੱਕਾ ਹੋ ਜਾਊ ਜਾਂ ਨਹੀਂ। ਇਕ ਦਿਨ ਜੱਸੇ ਨੇ ਫੌਜੀ ਰਾਹੀਂ ਸਾਦਿਕ ਨੂੰ ਛੇੜਿਆ! 'ਨਹੀਂ, ਕਦੇ ਵੀ ਨਹੀ, 'ਪਿਛਲੇ ਸਮਿਆਂ ਵਿੱਚ ਆਪਣੀ ਫੌਜ ਵਾਲੀ ਰੰਗਰੂਟੀ ਨੂੰ ਵਧੀਆ ਢੰਗ ਨਾਲ ਪਾਸ ਕਰ ਚੁੱਕਾ ਫੌਜੀ,ਆਪ ਹੁਣ ਇਸ ਕੰਪਨੀ ਦੀ ਰੰਗਰੂਟੀ ਨੂੰ ਵੀ ਪਾਸ ਕਰਕੇ ਪੱਕਾ ਹੋਣ ਦਾ ਪੂਰਾ ਵਿਸ਼ਵਾਸ ਕਰੀ ਬੈਠਾ ਸੀ। ਕੀ ਗਲ ਫੌਜੀਆ ਕਿਓ ਨੀ ਪਾਸ ਕਰੂ? 'ਜੂਪੈ ਨੇ ਹਸਦਿਆਂ ਪੁੱਛਿਆ।' ਇਹ ਤਾਂ ਕਿਸੇ ਡਿਸਿਪਲਨ ਨੂੰ ਹੀ ਨਹੀਂ ਮੰਨਦਾ, ਸਾਰਾ ਦਿਨ ਬਕ ਬਕ ਕਰੀ ਜਾਦਾ ਰਹਿੰਦਾ, ਫੌਜੀ ਅਕਿਆ ਪਿਆ ਸੀ।' ਇਹ ਸਾਰੇ ਤਾਂ ਆਪਾਂ ਨੂੰ ਲੜਾਉਂਦੇ ਨੇ, ਆਪਾਂ ਦੋਵੇਂ ਅੱਲਾ ਦੀ ਰਹਿਮਤ ਨਾਲ ਪੱਕੇ ਹੋਵਾਂਗੇ', ਸਾਦਿਕ ਨੇ ਫੌਜੀ ਨੂੰ ਵਡਿਆਉਣ ਦੀ ਕੋਸ਼ਿਸ਼ ਕੀਤੀ। 'ਪਰ ਮੇਰੀ ਇਕ ਗਲ ਮੰਨਣੀ ਪਵੇਗੀ, ਪੱਕਾ ਹੋਣ ਤੇ ਆਹ ਜਿਹੜੀਆਂ ਜੁਲਫਾ ਜਹੀਆਂ ਸਾਰੇ ਮੱਥੇ ਤੇ ਅੱਖਾਂ ਤੱਕ ਖਿਲਾਰੀ ਰੱਖਦਾ ਇਹ ਸਾਫ ਹੋਣੀਆਂ ਚਾਹੀਦੀਆਂ ਨੇ?' ਸਾਰੇ ਹੱਸ ਹੱਸ ਦੂਹਰੇ ਹੋਣ ਲੱਗ ਪਏ। ਅਖੀਰ ਜੂਪੇ ਵਲੋਂ ਸਾਦਿਕ ਦੇ ਵਧਾਏ ਹੋਏ ਵਾਲਾਂ ਨੂੰ ਕਟਵਾਉਣ ਦੀ ਜ਼ਿੰਮੇਵਾਰੀ ਲੈ ਲਈ ਤੇ ਫੌਜੀ ਨੇ ਸਾਦਿਕ ਨੂੰ ਕੰਪਨੀ ਦੀ ਰੰਗਰੂਟੀ ਪਾਸ ਕਰਨ ਦਾ ਸਰਟੀਫਿਕੇਟ ਦੇ ਦਿੱਤਾ। ਇਸੇ ਤਰ੍ਹਾਂ ਕੰਮ ਕਰਦਿਆਂ ਤੇ ਹਾਸੇ ਮਜ਼ਾਕ ਕਰਦਿਆਂ ਟਾਈਮ ਉੱਡਦਾ ਜਾਦਾ। ਹਫਤਾ ਸ਼ੁਰੂ ਹੁੰਦਾ ਤੇ ਪਤਾ ਹੀ ਨਾ ਲਗਦਾ ਕਦੋਂ ਮੁੱਕ ਜਾਂਦਾ। ਕੰਪਨੀ ਵਿਚ ਸੈਂਕੜੇ ਬੰਦੇ ਕੰਮ ਕਰਦੇ ਸਨ। ਕੰਪਨੀ ਦੀ ਵੱਡੀ ਬਿਲਡਿੰਗ ਦੂਰ ਤੱਕ ਫੈਲੀ ਹੋਈ ਸੀ। ਪਾਰਟਸ ਦੀ ਗਿਣਤੀ ਤੇ ਕੁਆਲਟੀ ਠੀਕ ਰਹਿਣ ਕਰਕੇ ਆਪਸੀ ਗੱਲਬਾਤ ਤੇ ਕਦੇ ਕਦੇ ਉਚੀ ਹੋ ਜਾਂਦੇ ਹਾਸੇ ਨੂੰ ਕੋਈ ਲੀਡ ਹੈਂਡ ਵੀ ਨਾਂ ਟੋਕਦਾ। ਸਗੋਂ ਪੰਜਾਬੀ ਲੀਡ ਹੈਡ ਅਮਨੇ ਨੂੰ ਤਾਂ ਸਾਦਿਕ ਨਾਲ ਗੱਲਾਂ ਕਰਨ ਦਾ ਚਸਕਾ ਜਿਹਾ ਹੋ ਗਿਆ ਸੀ ਤੇ ਹੋਰ ਕੰਮਾਂ ਤੋਂ ਵਿਹਲਾ ਹੋ ਕੇ ਸਾਦਿਕ ਕੋਲ ਖੜ੍ਹ ਦਿਲ ਲੱਗੀਆਂ ਕਰਨ ਆ ਜਾਦਾਂ ਤੇ ਉਸਨੂੰ ਕੈਨੇਡਾ ਵਿੱਚ ਕਾਮਯਾਬ ਹੋਣ ਦੀਆਂ ਯੁਗਤਾਂ ਸਮਝਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ। ਇਸੇ ਤਰ੍ਹਾਂ ਚਲਦਿਆਂ ਸਾਦਿਕ ਤੇ ਬਾਕੀਆਂ ਨੂੰ ਏਜੰਸੀ ਰਾਹੀਂ ਕੰਮ ਕਰਦਿਆਂ ਅਠ ਮਹੀਨੇ ਲੰਘ ਗਏ।

ਹਫਤੇ ਦਾ ਪਹਿਲਾ ਦਿਨ ਸੀ। ਕੰਮ ਸ਼ੁਰੂ ਹੁੰਦਿਆਂ ਹੀ ਸੁਪਰਵਾਈਜ਼ਰ ਸਾਦਿਕ, ਫੌਜੀ, ਤਾਰ ਤੇ ਚੀਨੇ ਨੂੰ, ਦਫਤਰ ਬੁਲਾ ਕੇ ਲੈ ਗਿਆ। ਇਸਨੇ ਹਰ ਇਕ ਦੇ ਮਨ ਵਿੱਚ ਹਲਚਲ ਪੈਦਾ ਕਰ ਦਿੱਤੀ। 'ਕੋਈ ਗੜਬੜ ਲੱਗਦੀ ਆ'। ਸਰਪੰਚ ਨੇ ਉੱਚੀ ਅਵਾਜ਼ ਵਿੱਚ ਕਿਹਾ ਤੇ ਨਾਲ ਹੀ ਕੈਨੇਡਾ 'ਚ ਆਮ ਪ੍ਰਚਲਤ ਮੁਹਾਵਰਾ ਕਿ ਜੌਬ ਗਈ, ਸਮਝੋ ਗੱਲ ਕੱਟਿਆ ਗਿਆ ਦਾ ਇਸ਼ਾਰਾ ਕਰ ਗਿਆ।' ਵਿਚਾਰੇ ਏਜੰਸੀ ਵਾਲਿਆਂ ਦੀ ਵੀ ਕਾਹਦੀ ਜੌਬ ਆ, ਪਤਾ ਨਹੀਂ ਕਦੋ ਜੁਆਬ ਦੇ ਦੇਣ', ਕਹਿ ਕੇ ਬਲਵੀਰ ਕੈਨੇਡਾ 'ਚ ਕਿਰਤੀ ਲੋਕਾਂ ਦੀ ਖਾਸਕਰ ਏਜੰਸੀ ਰਾਹੀਂ ਕੰਮ ਕਰਨ ਵਾਲਿਆਂ ਦੀ ਬੇਬਸੀ ਬਿਆਨ ਕਰ ਗਿਆ। ਦਫਤਰ ਸਾਡੇ ਕੰਮ ਦੇ ਸਥਾਨ ਦੇ ਬਿਲਕੁਲ ਸਾਹਮਣੇ ਸੀ ਤੇ ਚਲਦੇ ਕੰਮ ਵੇਲੇ ਇਥੇ ਆਉਣ ਜਾਣ ਵਾਲੇ ਸਾਡੀ ਨਿਗਾਹ ਹੇਠ ਰਹਿੰਦੇ। ਉਂਜ ਵੀ ਲਗਾਤਾਰ ਲਗਭਗ ਇਕੋ ਜਿਹਾ ਕੰਮ ਕਰਦੇ ਹਥ ਤੇ ਵਾਹਾਂ ਰੋਬੋਟ ਵਾਂਗ ਆਪੇ ਚਲਦੇ ਰਹਿੰਦੇ ਤੇ ਮਨ ਇਧਰ ਉਧਰ ਦੀਆਂ ਉਡਾਰੀਆਂ ਲਾਈ ਜਾਂਦਾ। ਸਾਡੇ ਸਾਰਿਆਂ ਦੀਆਂ ਅਟਕਲਾਂ ਦੇ ਉਲਟ ਦਫਤਰ ਵਿਚੋਂ ਨਿਕਲਦਿਆਂ ਹੀ ਸਾਦਿਕ ਨੇ ਖੁਸ਼ੀ ਵਿੱਚ ਦੋਵੇਂ ਬਾਹਾਂ ਜੇਤੂ ਅੰਦਾਜ਼ ਵਿੱਚ ਉਪਰ ਉੱਠਾ ਦਿੱਤੀਆਂ। ਖੁਸ਼ਕ ਸੁਭਾਅ ਵਾਲਾ ਫੌਜੀ ਵੀ ਖਿੜ੍ਹਿਆ ਪਿਆ ਸੀ। ਤਾਰ ਵੀ ਖੁਸ਼ੀ ਨੂੰ ਲਕੋਣ ਦੀ ਕੋਸ਼ਿਸ਼ ਵਿੱਚ ਅਸਫਲ ਹੋ ਰਿਹਾ ਸੀ ਤੇ ਪਿੱਛੇ ਆ ਰਿਹਾ ਚੀਨਾ ਵੀ ਦੋ ਉਂਗਲਾ ਨਾਲ 'ਵੀ' ਦਾ ਨਿਸ਼ਾਨ ਬਣਾ ਰਿਹਾ ਸੀ।

ਜ਼ਰੂਰ ਕੋਈ ਚੰਗੀ ਖਬਰ ਸੀ। ਸਾਡੇ ਪੁੱਛਣ ਤੋਂ ਪਹਿਲਾਂ ਹੀ ਸਾਦਿਕ ਨੇ ਸੁਪਰਵਾਈਜ਼ਰ ਵਲੋਂ ਚਾਰਾਂ ਨੂੰ ਪੱਕੇ ਕਰਨ ਲਈ ਮੈਨੇਜਰ ਕੋਲ ਨਾਉਂ ਭੇਜਣ ਬਾਰੇ ਦਸ ਦਿੱਤਾ। 'ਸਰ ਪੱਕੇ ਹੋਣ ਦੇ ਫਾਰਮ ਕਦੋਂ ਭਰਾਏ ਜਾਣਗੇ', ਬੇਸਬਰੀ ਨਾਲ ਅਗਲੇ ਦਿਨ ਸਾਦਿਕ ਮੈਨੂੰ ਪੁੱਛਣ ਲੱਗਾ। ਦੋ ਜਾਂ ਤਿੰਨ ਹਫਤੇ ਦੇ ਵਿੱਚ ਤੁਹਾਨੂੰ ਬੁਲਾ ਕੇ ਕੰਪਨੀ ਦੇ ਰੂਲਜ਼ ਸਮਝਾਏ ਜਾਣਗੇ ਤੇ ਤੁਹਾਡੀ ਉਜਰਤ 'ਚ ਵਾਧੇ ਬਾਰੇ ਤੇ ਬੈਨੀਫਿਟਸ ਬਾਰੇ ਸਪਸ਼ਟ ਕੀਤਾ ਜਾਵੇਗਾ। "ਤੁਸੀਂ ਰੈਸਟੋਰੈਂਟ ਬੁੱਕ ਕਰਵਾਕੇ ਪਾਰਟੀ ਦਾ ਪ੍ਰਬੰਧ ਕਰੋ" ਕਹਿ ਕੇ ਜੂਪੇ ਨੇ ਵੀ ਉਹਨਾਂ ਦੇ ਪੱਕੇ ਹੋਣ ਦੀ ਗਵਾਹੀ ਪਾ ਦਿੱਤੀ ਜੋ ਆਪ ਸਾਲ ਪਹਿਲਾਂ ਹੀ ਇਸੇ ਗੇੜ 'ਚੋਂ ਨਿਕਲ ਕੇ ਪੱਕਾ ਹੋਇਆ ਸੀ। ਹੁਣ ਤੱਕ ਚੁਪ ਰਿਹਾ ਫੌਜੀ ਵੀ ਅੱਜ ਖਿੜ ਗਿਆ ਤੇ ਐਲਾਨ ਕਰ ਗਿਆ 'ਪਾਰਟੀ ਸਿਰੇ ਦੀ ਹੋਵੇਗੀ ਤੇ ਮੈ ਕੱਲਾ ਹੀ ਸਾਰਾ ਖਰਚਾ ਕਰਾਂਗਾ" ਸਾਡੀ ਪ੍ਰੈਸ ਤੇ ਕੰਮ ਦੀ ਰਫਤਾਰ ਤੇ ਪਾਰਟਸ ਦੀ ਗਿਣਤੀ ਹੋਰ ਵੀ ਵਧਣ ਲਗ ਗਈ।

ਇਕ ਦਿਨ ਮੈਂ ਸਾਦਿਕ ਨੂੰ, ਜੋ ਵਾਸ਼ਰੂਮ ਜਾਣ ਆਉਣ ਵੇਲੇ ਬਹੁਤ ਤੇਜ਼ ਤੁਰਨ ਲੱਗ ਪਿਆ ਸੀ, ਟੋਕਦਿਆ ਕਿਹਾ 'ਸਾਦਿਕ ਥੋੜ੍ਹਾ ਹੋਲੀ ਤੁਰਿਆ ਕਰ। ਪੈਰ ਸਲਿੱਪ ਹੋ ਗਿਆ ਤਾ ਇਥੇ ਸਟ ਬਹੁਤ ਲੱਗਦੀ ਹੈ। ਹੁਣ ਤੂੰ 'ਸਾਹੇ ਵਧਾ' ਹੈ। "ਉਹ ਕੀ ਹੁੰਦਾ?" ਸਾਦਿਕ ਨੇ ਹੈਰਾਨੀ ਨਾਲ ਪੁੱਛਿਆ। "ਆਜਾ ਮੈ ਦਸਦਾ", ਜੂਪੇ ਨੇ ਵਾਹ ਤੋਂ ਫੜ ਕੇ ਸਾਦਿਕ ਨੂੰ ਆਪਣੇ ਨਾਲ ਕੰਮ ਕਰਨ ਲਾ ਲਿਆ ਤੇ ਨਾਲ ਹੀ ਸਮਝਾਉਣ ਲੱਗਾ 'ਵਿਆਹ ਦੇ ਦਿਨ ਪੱਕੇ ਹੋਣ ਤੇ ਮੁੰਡੇ ਕੁੜੀ ਨੂੰ ਇਸ ਡਰ ਕਰਕੇ ਬਹੁਤਾ ਬਾਹਰ ਨਹੀਂ ਜਾਣ ਦਿੰਦੇ ਕਿ ਕੋਈ ਸਟ ਫੇਟ ਨਾਂ ਲਗ ਜਾਵੇ'। 'ਲੈ ਇਹ ਰਿਵਾਜ਼ ਤਾਂ ਆਪਣਾ ਸਾਂਝਾ ਹੈ। ਮੇਰੇ ਵਿਆਹ ਤੋਂ ਪਹਿਲਾਂ ਮੇਰੀ ਅੰਮੀ ਵੀ ਮੈਨੂੰ ਬਾਹਰ ਜਾਣ ਤੋਂ ਬਹੁਤ ਘੂਰਦੀ ਸੀ', ਕਹਿ ਕੇ ਉਹ ਆਪਣੇ ਸੁਪਨਿਆਂ ਵਿੱਚ ਗੁਆਚ ਗਿਆ। ਹੁਣ ਉਹ ਹੋਰ ਵੀ ਬੇਸਬਰੀ ਨਾਲ ਖੁਸ਼ੀ ਭਰੇ ਦਿਨ ਦੀ ਉਡੀਕ ਕਰਨ ਲੱਗਾ। ਉਸਦਾ ਪਰਿਵਾਰ ਵੱਡਾ ਹੋ ਰਿਹਾ ਸੀ ਉਹ ਆਪਣੇ ਦੋ ਸਾਲਿਆ ਨਾਲ ਰਹਿ ਰਿਹਾ ਸੀ ਤੇ ਹਰ ਨਵੇਂ ਆਏ ਪਰਵਾਸੀ ਵਾਂਗ ਮਿਹਨਤ ਕਰਕੇ ਆਪਣਾ ਘਰ ਲੈਣ ਦੇ ਸੁਪਨੇ ਲੈਂਦਾ ਸੀ। ਉਸਨੂੰ ਇਹ ਵੱਡੀ ਕੰਪਨੀ ਹੀ ਉਸਦੀ ਮੰਜ਼ਲ ਤੇ ਪਹੁੰਚਾਉਣ ਦੇ ਸਮਰੱਥ ਲੱਗਦੀ ਸੀ।

ਸ਼ੁਕਰਵਾਰ ਨੂੰ ਮੈਂ ਕੰਮ ਤੇ ਆਇਆ ਹੀ ਸੀ ਕਿ ਸਰਪੰਚ ਪੁੱਛਣ ਲੱਗਾ, 'ਕਿਸੇ ਗਲ ਦਾ ਪਤਾ ਲਗਿਆ?' ਮੇਰੇ ਕੁੱਛ ਕਹਿਣ ਤੋਂ ਪਹਿਲਾਂ ਹੀ ਦਸਣ ਲੱਗਾ। 'ਸਵੇਰੇ ਦੀ ਸ਼ਿਫਟ ਵਿੱਚ ਕੰਮ ਕਰਦੇ ਧਾਮੀ ਨੇ ਫੋਨ ਤੇ ਮੈਨੂੰ ਦੱਸਿਆ ਕਿ ਕੰਮ ਘਟ ਜਾਣ ਕਾਰਨ ਉਹਨਾਂ ਨਾਲ ਕੰਮ ਕਰਦੇ ਸਾਰੇ ਏਜੰਸੀ ਵਾਲੇ ਘਰ ਨੂੰ ਭੇਜ ਦਿੱਤੇ ਹਨ ਤੇ ਸਤ ਪੱਕੇ ਕਾਮੇ ਸੋਮਵਾਰ ਨੂੰ ਸਵੇਰੇ ਦੀ ਸ਼ਿਫਟ ਵਿਚੋਂ ਤਬਦੀਲ ਹੋ ਕੇ ਸ਼ਾਮ ਦੀ ਸ਼ਿਫਟ ਵਿੱਚ ਆ ਰਹੇ ਹਨ। 'ਮੈ ਪ੍ਰੇਸ਼ਾਨ ਹੋ ਉਠਿਆ। ਇਸਦਾ ਮਤਲਬ ਸਤ ਪੱਕੇ ਕਾਮੇ ਆਉਣ ਤੇ ਸਾਡੇ ਨਾਲ ਕੰਮ ਕਰਦੇ ਏਜੰਸੀ ਵਾਲੇ ਘਰ ਭੇਜ ਦਿੱਤੇ ਜਾਣਗੇ। ਇਕ ਦਮ ਇਹ ਖਬਰ ਸਾਰੀ ਕੰਪਨੀ ਵਿੱਚ ਫੈਲ ਗਈ। ਅੱਜ ਸਾਡੀ ਪ੍ਰੈਸ ਤੇ ਕੋਈ ਵੀ ਇਕ ਦੂਜੇ ਨਾਲ ਨਾ ਬੋਲਿਆ। ਕੁੱਝ ਸਮੇਂ ਪਿਛੋਂ ਸਾਦਿਕ ਕੰਮ ਰੋਕ ਕੇ ਮੇਰੇ ਵਲ ਵੇਖ ਕੇ ਫੁੱਟ ਪਿਆ, 'ਸਰ ਤੁਸੀਂ ਤਾਂ ਕਹਿੰਦੇ ਸੀ ਮੈ ਸਾਹੇ ਵਧਾ ਹਾਂ! ਇਹ ਕੀ ਹੋ ਗਿਆ?' ਉਹ ਰੋਣ ਹਾਕਾ ਹੋਇਆ ਪਿਆ ਸੀ। ਮੈਨੂੰ ਕੋਈ ਜੁਆਬ ਨਾਂ ਸੁਝਿਆ। ਮੈਂ ਫੌਜੀ ਵਲ ਦੇਖਿਆ। ਉਹ ਬਹੁਤ ਗੁੱਸੇ ਵਿੱਚ ਸੀ। ਅਸੀਂ ਨਾ ਚਾਹੁੰਦੇ ਹੋਏ ਵੀ ਮਸ਼ੀਨਾਂ ਚਲਾਉਂਦੇ ਰਹੇ।ਕੰਮ ਖਤਮ ਹੋਣ ਤੋ ਕੁਝ ਸਮਾਂ ਪਹਿਲਾਂ ਸੁਪਰਵਾਈਜ਼ਰ ਨੇ ਚਾਰਾਂ ਨੂੰ ਦਫਤਰ ਬੁਲਾ ਲਿਆ। ਕੰਪਨੀ 'ਚ ਚਾਰੇ ਪਾਸੇ ਉਦਾਸੀ ਸੀ। ਸਿਰਫ ਚਲਦੀਆਂ ਮਸ਼ੀਨਾਂ ਦੀ ਠਾਹ ਠਾਹ ਦੀ ਅਵਾਜ਼ ਹੋਰ ਉਚੀ ਹੋ ਗਈ ਲੱਗਦੀ ਸੀ।

ਮੇਰੀ ਸੋਚ ਉਡਾਰੀ ਮੈਨੂੰ ਆਪਣੇ ਅਧਿਆਪਨ ਕਿੱਤੇ ਦੇ ਸ਼ੁਰੂਆਤੀ ਦੌਰ ਵਿੱਚ ਲੈ ਗਈ। ਬੀ ਐਡ ਕਰਦਿਆਂ ਹੀ ਵੀਹ ਇੱਕੀ ਸਾਲ ਦੀ ਉਮਰੇ ਮੈਨੂੰ ਰੁਜ਼ਗਾਰ ਦਫਤਰ ਰਾਹੀਂ ਛੇ ਮਹੀਨੇ ਦੇ ਅਧਾਰ ਤੇ ਰਸੂਲਪੁਰ ਹਾਈ ਸਕੂਲ ਵਿੱਚ ਕੱਚੇ ਅਧਿਆਪਕ ਦੀ ਨੌਕਰੀ ਮਿਲ ਗਈ। ਇਹ ਸਕੂਲ ਲੁਧਿਆਣੇ ਜ਼ਿਲੇ ਦੇ ਬਾਰਡਰ 'ਤੇ ਸੀ। ਉਹਨਾਂ ਸਮਿਆਂ ਵਿੱਚ ਦੂਰ ਦੁਰਾਡੇ ਵਾਲੇ ਅਜਿਹੇ ਅਦਾਰੇ ਕੱਚੇ ਅਧਿਆਪਕਾਂ ਦੀ ਪਹਿਲੀ ਪਸੰਦ ਹੁੰਦੇ ਸਨ ਜਿਥੇ ਰੈਗੂਲਰ ਅਧਿਆਪਕਾਂ ਦੁਆਰਾ ਬਦਲੀ ਕਰਵਾਉਣ ਦਾ ਖਤਰਾ ਘਟ ਹੁੰਦਾ ਸੀ। ਇਥੇ ਅਸੀਂ ਚਾਰ ਅਧਿਆਪਕ ਖਾਲੀ ਅਸਾਮੀਆਂ ਤੇ ਰੁਜ਼ਗਾਰ ਦਫਤਰ ਰਾਹੀਂ ਕੰਮ ਕਰ ਰਹੇ ਸਾਂ। ਬਦਲੀਆਂ ਦੀ ਰੁੱਤ ਆ ਗਈ ਤੇ ਦੋ ਪੱਕੇ ਅਧਿਆਪਕ ਹਾਜ਼ਰ ਹੋਣ ਤੇ ਘਟ ਠਹਿਰ ਵਾਲੀਆਂ ਦੋ ਕੱਚੀਆਂ ਲੇਡੀਜ਼ ਨੂੰ ਹੈਡਮਾਸਟਰ ਨੇ ਘਰੇ ਤੋਰ ਦਿੱਤਾ। ਇਸ ਤੋਂ ਦੋ ਮਹੀਨੇ ਪਿਛੋਂ ਇਕ ਦਿਨ ਮੈਂ ਦਸਵੀਂ ਕਲਾਸ ਦਾ ਪੀਰੀਅਡ ਲਗਾਉਣ ਕਲਾਸ ਵਿਚ ਗਿਆ ਹੀ ਸੀ ਕਿ ਸਾਹਮਣੇ ਵਾਲੀ ਗਰਾਉਂਡ ਵਿੱਚੋਂ ਅਣਜਾਣ ਵਿਅਕਤੀ ਨੂੰ ਸਕੂਲ ਦੇ ਦਫਤਰ ਵਲ ਆਉਦਾ ਵੇਖਿਆ। ਉਸਦੇ ਹੱਥ ਵਿੱਚ ਛੋਟੇ ਬੈਗ ਤੇ ਸਾਫ ਸੁਥਰੇ ਪਹਿਰਾਵੇ ਨੇ ਮੈਨੂੰ ਇਕ ਦਮ ਸਪਸ਼ਟ ਕਰ ਦਿੱਤਾ ਕਿ ਉਹ ਕੌਣ ਹੈ? ਹੁਣ ਮੇਰੇ ਜਾ ਹਰੀ ਸਿੰਘ ਵਿੱਚੋਂ ਇਕ ਦੀ ਘਰੇ ਜਾਣ ਦੀ ਵਾਰੀ ਸੀ। ਹੈਡਮਾਸਟਰ ਬਹੁਤ ਹੀ ਸੂਝਵਾਨ ਤੇ ਇਮਾਨਦਾਰ ਵਿਅਕਤੀ ਸੀ। ਅਸੀਂ ਦੋਵੇਂ ਬੇਹੱਦ ਮਿਹਨਤ ਨਾਲ ਦਿਲ ਲਾ ਕੇ ਪੜ੍ਹਾ ਰਹੇ ਸਾਂ ਤੇ ਸਾਡੀ ਸਕੂਲ ਵਿੱਚ ਹਾਜ਼ਰੀ ਵੀ ਇੱਕੋ ਦਿਨ ਦੀ ਸੀ। ਹਰੀ ਸਿੰਘ ਤੇ ਹੈਡਮਾਸਟਰ ਇਕੋ ਪਿੰਡ ਤੋਂ ਸਨ। ਸਾਨੂੰ ਦੋਵਾਂ ਨੂੰ ਦਫਤਰ ਵਿੱਚ ਬੁਲਾ ਕੇ ਸਥਿਤੀ ਸਪਸ਼ਟ ਕਰਦਿਆਂ ਦੱਸਿਆ ਗਿਆ ਤੇ ਕਲਰਕ ਤੋਂ ਤਰੱਕੀ ਹੋਣ ਤੇ ਇਸ ਅਧਿਆਪਕ ਦੀ ਪੱਕੀ ਨਿਯੁਕਤੀ ਆਪਣੇ ਸਕੂਲ ਵਿੱਚ ਹੋਈ ਹੈ। ਸਾਡੇ ਦੋਵਾਂ ਵਿੱਚੋਂ ਇੱਕ ਨੂੰ ਫਾਰਗ ਹੋਣਾ ਪੈਣਾ ਹੈ ਤੇ ਆਪਸ ਵਿੱਚ ਫੈਸਲਾ ਕਰਨ ਦਾ ਸੁਝਾਅ ਦਿੱਤਾ ਗਿਆ। ਇੰਨੀ ਮੁਸ਼ਕਲ ਨਾਲ ਮਿਲੀ ਸਰਕਾਰੀ ਨੌਕਰੀ ਛੱਡ ਕੇ ਘਰੇ ਕੌਣ ਜਾਵੇ। ਉਹਨਾਂ ਵੇਲਿਆਂ ਵਿਚ ਅੱਜ ਦੀ ਤਰ੍ਹਾਂ ਅਜਿਹੇ ਮੌਕਿਆਂ 'ਤੇ ਸਿਆਸੀ ਦਖਲਅੰਦਾਜ਼ੀ ਨਾ ਦੇ ਬਰਾਬਰ ਸੀ। ਸਾਰੇ ਸਟਾਫ ਦੀ ਮੀਟਿੰਗ ਬੁਲਾ ਲਈ ਗਈ। ਕੋਈ ਫੈਸਲਾ ਨਾ ਹੁੰਦਾ ਦੇਖ ਹਰਬੰਸ ਸਿੰਘ ਨੇ ਅਖੀਰ ਵਿੱਚ ਮਖੌਲ ਵਾਗੂੰ ਸੁਝਾਅ ਦਿੱਤਾ "ਹੈਡਮਾਸਟਰ ਸਾਹਿਬ ਟਾਸ ਪਾ ਦਿਉ!! ਹੋਰ ਕੋਈ ਹਲ ਨੀ", ਇਕ ਵਾਰੀ ਤਾਂ ਸਾਰਾ ਸਟਾਫ ਹਸ ਪਿਆ। ਪਰ ਸਕੂਲ ਮੁਖੀ ਨੂੰ ਇਹ ਰਾਇ ਜਚ ਗਈ। ਦੋ ਪਰਚੀਆਂ ਤੇ ਸਕੂਲ ਕਲਰਕ ਨੇ ਮੇਰਾ ਤੇ ਹਰੀ ਸਿੰਘ ਦਾ ਨਾਂ ਲਿਖ ਲਿਆ। ਫੈਸਲਾ ਹੋਇਆ ਕਿ ਜਿਸਦੀ ਪਰਚੀ ਨਿਕਲ ਗਈ ਉਹ ਘਰੇ ਜਾਵੇਗਾ। ਆਮ ਤੌਰ 'ਤੇ ਲਾਟਰੀ ਨਿਕਲਣ ਵਾਲਾ ਇਨਾਮ ਜਿੱਤਿਆ ਕਰਦਾ ਪਰ ਅੱਜ ਇਥੇ ਆਪਦੇ ਨਾਂ ਦੀ ਪਰਚੀ ਨਿਕਲਣ ਤੇ ਹਰੀ ਸਿੰਘ ਹਾਰ ਗਿਆ ਤੇ ਮੈਂ ਬਚ ਗਿਆ। ਸਿਰਫ ਇਕ ਹਫਤਾ ਲੰਘਿਆ ਸੀ ਕਿ ਇਕ ਹੋਰ ਅਧਿਆਪਕ ਦੀ ਕਿਸੇ ਸ਼ਿਕਾਇਤ ਦੇ ਅਧਾਰ 'ਤੇ ਇਸੇ ਸਕੂਲ ਵਿਚ ਬਦਲੀ ਹੋ ਗਈ। ਅਗਲੇ ਦਿਨ ਮੇਰਾ ਸਾਈਕਲ ਨਹਿਰ ਦੀ ਪਟੜੀ ਤੇ ਪਾਣੀ ਦੇ ਵਹਿਣ ਦੇ ਉਲਟ ਦਿਸ਼ਾ ਵਲ, ਪਿੰਡ ਨੂੰ ਜਾ ਰਿਹਾ ਸੀ। ਮੈਂ ਹੋਲੀ-ਹੋਲੀ ਸਾਈਕਲ ਦੇ ਪੈਡਲ ਮਾਰ ਰਿਹਾ ਸੀ ਤੇ ਦਿਲ ਨੂੰ ਧਰਵਾਸ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਅੱਖਾਂ ਵਿੱਚ ਸਿਰਜੇ ਸੁਪਨੇ ਪੂਰੇ ਕਰਨ ਲਈ ਅਜੇ ਲੰਮੀਆਂ ਵਾਟਾਂ ਤਹਿ ਕਰਨੀਆਂ ਪੈਣੀਆਂ ਨੇ। ਨਹਿਰ ਦਾ ਸਫਰ ਮੁੱਕ ਜਾਣ ਤੇ ਮੈਂ ਸੁਧਾਰ ਕਾਲਜ ਦੇ ਸਾਹਮਣੇ ਲੰਘਦਿਆਂ ਐਮ. ਏ. ਦੀਆਂ ਕਲਾਸਾਂ ਸ਼ੁਰੂ ਹੋਣ ਦਾ ਇਸ਼ਤਿਹਾਰ ਪੜ੍ਹ ਕੇ ਤੁਰੰਤ ਪੋਲੀਟੀਕਲ ਸਾਇੰਸ ਦੀ ਕਲਾਸ ਦਾ ਦਾਖਲਾ ਫਾਰਮ ਲੈਣ ਤੇ ਕਾਲਜ ਵਿਦਿਆਰਥੀ ਬਣਨ ਦਾ ਫੈਸਲਾ ਕਰ ਲਿਆ। ਅੱਜ ਕੱਚੇ ਪੱਕੇ ਦਾ ਇਤਿਹਾਸ ਫਿਰ ਹਜ਼ਾਰਾਂ ਕਿਲੋਮੀਟਰ ਦੂਰ ਕੈਨੇਡਾ ਵਿੱਚ ਮੇਰੇ ਸਾਹਮਣੇ ਦੁਹਰਾਇਆ ਜਾ ਰਿਹਾ ਸੀ। ਮੈਨੂੰ ਕੰਪਨੀ ਦੇ ਚਾਰੇ ਕੱਚੇ ਕਾਮੇ ਰਸੂਲਪੁਰ ਸਕੂਲ ਦੇ ਚਾਰ ਕੱਚੇ ਅਧਿਆਪਕਾਂ ਵਾਂਗ ਲੱਗੇ । ਮੈਂ ਆਪਣੇ ਆਪ ਨੂੰ ਇਸ ਸਾਰੇ ਘਟਨਾਕ੍ਰਮ ਦਾ ਇਕ ਪਾਤਰ ਮਹਿਸੂਸ ਕਰ ਰਿਹਾ ਸੀ, ਜਿਸ ਨੂੰ ਕੱਚਾ ਹੋਣ ਦੇ ਕਾਰਨ ਇਕ ਵਾਰ ਫਿਰ ਸਕੂਲ ਤੋਂ ਘਰੇ ਭੇਜਿਆ ਜਾ ਰਿਹਾ ਸੀ। ਇਨ੍ਹਾਂ ਸੁਪਨਿਆਂ ਵਿੱਚ ਗੁਆਚੇ ਨੂੰ ਪਤਾ ਹੀ ਨਾ ਲੱਗਾ ਕਦੋਂ ਸ਼ਿਫਟ ਖਤਮ ਹੋ ਗਈ ਤੇ ਰਾਤ ਦੀ ਸ਼ਿਫਟ ਵਾਲੇ ਕਾਮੇ ਸਾਡੇ ਪਿੱਛੇ ਆ ਖੜ੍ਹੇ ਹੋਏ। ਮੈਂ ਕੱਪੜੇ ਬਦਲਣ ਲਈ ਲਾਕਰ ਰੂਮ ਵਲ ਚਲ ਪਿਆ। ਫੌਜੀ, ਤਾਰ, ਚੀਨਾ ਤੇ ਸਾਦਿਕ ਦਫਤਰ ਦੇ ਬਾਹਰ ਖੜ੍ਹੇ ਸਨ। ਫੌਜੀ ਨੇ ਸਾਦਿਕ ਤੇ ਤਾਰ ਦਾ ਹਥ ਘੁੱਟ ਕੇ ਫੜਿਆ ਹੋਇਆ ਸੀ। ਤਾਰ ਵੀ ਚੀਨੇ ਦੀ ਬਾਂਹ ਖਿੱਚੀ ਖੜ੍ਹਾ ਸੀ। ਪ੍ਰਬੰਧਕਾਂ ਤੇ ਮਾਲਕਾਂ ਵੱਲੋਂ ਹਮੇਸ਼ਾ ਵਧ ਮੁਨਾਫੇ ਵਿੱਚ ਰਹਿਣ ਦੀ ਕੋਸ਼ਿਸ਼ ਕਰਕੇ ਸੁਪਰਵਾਈਜ਼ਰ ਵਲੋਂ ਸਿਖਲਾਈ ਪ੍ਰਾਪਤ ਏਜੰਸੀ ਵਾਲਿਆਂ ਨੂੰ ਘਰ ਜਾਣ ਦਾ ਹੁਕਮ ਸੁਣਾਉਣ ਲਈ ਮਜਬੂਰ ਹੋਣਾ ਪਿਆ ਸੀ। 'ਦਿਲ ਨੀ ਛੱਡਣਾ! ਇਥੇ ਨਹੀਂ ਤਾ ਹੋਰ ਥਾਂ ਸਹੀ! ਕੈਨੇਡਾ ਬਹੁਤ ਵੱਡਾ ਹੈ! 'ਮੈ ਫੌਜੀ ਵਲੋਂ ਸਾਰਿਆਂ ਨੂੰ ਦਿਲਾਸਾ ਦਿੰਦੇ ਸੁਣਿਆ ਤੇ ਨਾਲ ਹੀ ਉਸਨੇ ਚੀਨੇ ਦਾ ਹਥ ਪੂਰੇ ਜ਼ੋਰ ਨਾਲ ਘੁੱਟ ਲਿਆ, ਜਿਸਨੇ ਉਸ ਦੇ ਬੁਲਾ ਤੇ ਵੀ ਮੁਸਕਰਾਹਟ ਲੈ ਆਂਦੀ, ਜਿਵੇਂ ਉਹ ਫੌਜੀ ਦੀ ਗੱਲ ਸਮਝ ਗਿਆ ਹੋਵੇ। ਲੱਗਦਾ ਸੀ ਜਿਵੇਂ ਉਹਨਾਂ ਨੇ ਆਪਣੇ ਮੋਢਿਆਂ ਤੋਂ ਆਪਣੇ ਪਿਛਲੇ ਦੇਸ਼ਾਂ ਦੇ ਲੇਬਲ ਲਾਹ ਦਿੱਤੇ ਹੋਣ ਤੇ ਉਹਨਾਂ ਵਿੱਚ ਸਮੁੱਚੇ ਕਿਰਤੀ ਲੋਕਾਂ ਖਾਸਕਰ ਏਜੰਸੀ ਰਾਹੀਂ ਕੰਮ ਕਰਨ ਵਾਲਿਆਂ ਦੀ ਇਕੋ ਜਿਹੀ ਹਾਲਤ ਬਾਰੇ ਜਮਾਤੀ ਸੂਝ ਆ ਗਈ ਹੋਵੇ। ਹੁਣ ਉਹ ਚੀਨੀ, ਭਾਰਤੀ, ਪਾਕਿਸਤਾਨੀ ਦੇ ਤੌਰ 'ਤੇ ਨਹੀਂ ਸੋਚ ਰਹੇ ਸਨ। ਉਹਨਾਂ ਦੇ ਹੱਥਾਂ ਦੀ ਪਕੜ ਹੋਰ ਵੀ ਮਜ਼ਬੂਤ ਹੋ ਗਈ ਲੱਗਦੀ ਸੀ।

# ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਕੁੜੀਆਂ ਨੇ ਲੰਬੇ ਸੰਘਰਸ਼ ਤੋਂ ਬਾਅਦ ਆਖ਼ਰਕਾਰ 'ਪਿੰਜਰਾ ਤੋੜ' ਹੀ ਦਿੱਤਾ

## ਕੁੜੀਆਂ 'ਪਿੰਜਰੇ' ਵਿੱਚ ਨਹੀਂ ਆਪਣੇ ਦਮ 'ਤੇ ਮਹਿਫ਼ੂਜ਼ ਹੋਣਗੀਆਂ - ਨਜ਼ਰੀਆ



ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਕੁੜੀਆਂ ਨੇ ਲੰਬੇ ਸੰਘਰਸ਼ ਤੋਂ ਬਾਅਦ ਆਖ਼ਰਕਾਰ 'ਪਿੰਜਰਾ ਤੋੜ' ਹੀ ਦਿੱਤਾ। ਯੂਨੀਵਰਸਿਟੀ ਤੇ ਸੰਘਰਸ਼ ਕਰ ਰਹੇ ਵਿਦਿਆਰਥੀਆਂ ਵਿਚਾਲੇ ਹੋਏ ਲਿਖਤੀ ਸਮਝੌਤੇ ਮੁਤਾਬਕ ਹੁਣ ਕੁੜੀਆਂ 8 ਦੀ ਥਾਂ 9 ਵਜੇ ਤੱਕ ਹੋਸਟਲ ਆ ਸਕਣਗੀਆਂ। ਇਸ ਤੋਂ ਇਲਾਵਾ 9 ਤੋਂ 10 ਵਜੇ ਵਿਚਾਲੇ ਆਉਣ ਵਾਲੀਆਂ ਕੁੜੀਆਂ ਹੋਸਟਲ ਵਿਚ ਆ ਕੇ ਰਜਿਸਟਰ ਵਿਚ ਆਪਣੀ ਹਾਜ਼ਰੀ ਦਰਜ ਕਰਨਗੀਆਂ।

ਅਰਜ਼ੀ ਦੇਣ ਦੀ ਬਜਾਇ ਕੁੜੀਆਂ ਰਜਿਸਟਰ ਵਿਚ ਖੁਦ ਹੀ ਆਪਣਾ ਸਹੀ ਟਾਈਮ ਤੇ ਕਾਰਨ ਦਰਜ ਕਰਨਗੀਆਂ। ਉਨ੍ਹਾਂ ਤੋਂ ਕੋਈ ਵੀ ਲੇਟ ਐਂਟਰੀ ਫੀਸ ਚਾਰਜ ਨਹੀਂ ਕੀਤੀ ਜਾਵੇਗੀ। ਲਾਇਬ੍ਰੇਰੀ ਜਾਣ ਲਈ ਕੁੜੀਆਂ ਨੂੰ ਬੱਸ ਲਾਈ ਜਾਵੇਗੀ ਜੋਂ ਉਨ੍ਹਾਂ ਨੂੰ 11 ਵਜੇ ਹੋਸਟਲ ਵੀ ਛੱਡੇਗੀ। ਇੱਕ ਪਾਸੇ ਲਿੰਗ ਨਾਬਰਾਬਰੀ ਨੂੰ ਨਾਬਰਦਾਸ਼ਤ ਯੋਗ ਕਿਹਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਇਸ ਦਾ ਵਿਰੋਧ ਲੜਕੀਆਂ ਦੀ ਸੁਰੱਖਿਆ ਦਾ ਹਵਾਲਾ ਦੇ ਕੇ ਕੀਤਾ ਜਾ ਰਿਹਾ ਹੈ।

**ਲਗਾਤਾਰ ਉੱਠਦਾ ਸੁਆਲ**

ਇਸ ਦੌਰਾਨ ਲੜਕੀਆਂ ਨੇ ਰਾਤ ਨੂੰ ਅੱਠ ਵਜੇ ਤੋਂ ਬਾਅਦ ਬਾਹਰ ਕੀ ਕਰਨਾ ਹੈ? ਇਹ ਸੁਆਲ ਲਗਾਤਾਰ ਪੁੱਛਿਆ ਜਾ ਰਿਹਾ ਸੀ। ਜਦੋਂ ਵੀ ਸਮਾਜ ਦੇ ਬਣਾਏ ਹੋਏ ਨੇਮਾਂ ਨੂੰ ਬਦਲਣ ਦੀ ਗੱਲ ਆਈ ਹੈ ਤਾਂ ਇਹੋ ਸੁਆਲ ਆਉਂਦਾ ਰਿਹਾ ਹੈ। ਜਦੋਂ 1840 ਵਿੱਚ ਜੋਤਿਬਾ ਫੂਲੇ ਨੇ ਦਲਿਤ ਜਾਤੀਆਂ ਅਤੇ ਲੜਕੀਆਂ ਲਈ ਸਕੂਲ ਖੋਲ੍ਹਿਆ ਅਤੇ ਆਪਣੀ ਪਤਨੀ ਸਵਿੱਤਰੀ ਬਾਈ ਫੂਲੇ ਨੂੰ ਪੜ੍ਹਾ ਕੇ ਅਧਿਆਪਕ ਵਜੋਂ ਤਿਆਰ ਕੀਤਾ ਅਤੇ ਲੜਕੀਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਉਸ ਸਮੇਂ ਵੀ ਔਰਤਾਂ ਦੀ ਪੜ੍ਹਾਈ ਦਾ ਵਿਰੋਧ ਕਰਨ ਵਾਲਿਆਂ ਨੇ ਸਭ ਤੋਂ ਪਹਿਲਾਂ ਇਹ ਅਫ਼ਵਾਹ ਫੈਲਾਈ ਸੀ ਕਿ ਜੋ ਵੀ ਸਕੂਲ ਪੜ੍ਹਨ ਜਾਏਗਾ ਉਸ ਦੀਆਂ ਸੱਤ ਪੀੜ੍ਹੀਆਂ ਤਬਾਹ ਹੋ ਜਾਣਗੀਆਂ।

ਸਵਿੱਤਰੀਬਾਈ ਫੂਲੇ ਜਦ ਸਕੂਲ ਪੜ੍ਹਾਉਣ ਜਾਂਦੀ ਤਾਂ ਉੱਚ ਜਾਤਾਂ ਦੇ ਮਰਦਾਂ ਵੱਲੋਂ ਉਨ੍ਹਾਂ ਨਾਲ ਛੇੜਖ਼ਾਨੀ ਤੋਂ (ਮੌਜੂਦਾ ਦੌਰ ਵਿੱਚ ਇਸ ਨੂੰ ਕਾਮੁਕ ਵਧੀਕੀ ਕਿਹਾ ਜਾਵੇਗਾ) ਤੋਂ ਲੈ ਕੇ ਪੱਥਰ ਤੱਕ ਸੁੱਟੇ ਗਏ ਪਰ ਆਪਣੇ ਕਰਮ ਪ੍ਰਤੀ ਦ੍ਰਿੜ੍ਹ ਸਵਿੱਤਰੀਬਾਈ ਫੂਲੇ ਦੇ ਵਿਚਾਰ ਦੀ ਜਿੱਤ ਹੋਈ।

ਉਨ੍ਹਾਂ ਨੇ ਵਿਧਵਾਵਾਂ ਦੇ ਪੁਨਰ-ਵਿਆਹ ਦੀ ਮੰਗ ਉਠਾਈ। ਉੱਚ ਵਰਗ ਵਿੱਚ ਵਿਧਵਾ ਔਰਤਾਂ ਦੇ ਵਾਲ ਕੱਟ ਦਿੱਤੇ ਜਾਂਦੇ ਸਨ ਤਾਂ ਉਨ੍ਹਾਂ ਨੇ ਇਸ ਦੇ ਖ਼ਿਲਾਫ਼ ਲੰਬਾ ਸੰਘਰਸ਼ ਕੀਤਾ।

**ਔਰਤਾਂ ਨੂੰ ਕੀਤਾ ਬਦਨਾਮ**

ਉਨ੍ਹਾਂ ਨੇ ਵਾਲ ਮੁੰਨਣ ਵਾਲੇ ਤਬਕੇ ਨੂੰ ਜਥੇਬੰਦ ਕੀਤਾ, ਨਤੀਜੇ ਵਜੋਂ ਉਨ੍ਹਾਂ ਨੇ ਵਿਧਵਾ ਔਰਤਾਂ ਦੇ ਵਾਲ ਕੱਟਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਿਨ੍ਹਾਂ ਸਤੀ ਪ੍ਰਥਾ ਦੇ ਖ਼ਿਲਾਫ਼ ਔਰਤਾਂ ਨੇ ਲੰਬਾਂ ਸੰਘਰਸ਼ ਕੀਤਾ।

ਅੰਗਰੇਜ਼ਾਂ ਵੱਲੋਂ ਗ਼ੈਰ-ਕਾਨੂੰਨੀ ਕਰਾਰ ਦਿੱਤੇ ਜਾਣ ਦੇ ਬਾਵਜੂਦ ਸਤੀ ਪ੍ਰਥਾ ਸਮਾਜ ਵਿੱਚੋਂ ਖ਼ਤਮ ਨਹੀਂ ਹੋਈ। 1987 ਵਿੱਚ ਰੂਪਕੰਵਰ ਕੇਸ ਦੇ ਸਬੰਧ ਵਿੱਚ ਇਸ ਪ੍ਰਥਾ ਦੇ ਖ਼ਿਲਾਫ਼ ਔਰਤਾਂ ਦੀ ਵੱਡੇ ਪੱਧਰ 'ਤੇ ਲਾਮਬੰਦੀ ਹੋਈ। ਉਸ ਸਮੇਂ ਰਾਜਸਥਾਨ ਵਿੱਚ ਇਸ ਪ੍ਰਥਾ ਦੀ ਮਹਿਮਾ ਗਾਈ ਜਾਂਦੀ ਸੀ।

ਸੰਘਰਸ਼ ਦੌਰਾਨ ਸਰਗਰਮ ਔਰਤਾਂ ਨੂੰ ਬਾਜ਼ਾਰੂ, ਚਰਿੱਤਰਹੀਣ ਅਤੇ ਪੱਛਮੀ ਸੱਭਿਅਤਾ ਤੋਂ ਪ੍ਰਭਾਵਿਤ ਕਹਿ ਕੇ ਬਦਨਾਮ ਕੀਤਾ ਗਿਆ ਪਰ ਅੰਤ ਵਿੱਚ ਔਰਤਾਂ ਦੇ ਸਤੀ ਪ੍ਰਥਾ ਦੇ ਖ਼ਿਲਾਫ਼ ਲੰਬੇ ਸੰਘਰਸ਼ ਸਾਹਮਣੇ ਗੋਡੇ ਟੇਕਦੇ ਹੋਏ ਸਰਕਾਰ ਨੇ 1988 ਵਿੱਚ ਸਤੀ ਪ੍ਰਥਾ ਦੇ ਖ਼ਿਲਾਫ਼ ਕਾਨੂੰਨ ਬਣਾ ਕੇ ਇਸ ਉੱਤੇ ਰੋਕ ਲਗਾਈ।




ਇਸੇ ਤਰ੍ਹਾਂ ਹਿੰਦੂ ਕੋਡ ਬਿੱਲ ਦੇ ਆਉਣ ਤੋਂ ਬਹੁਤ ਪਹਿਲਾਂ 1943 ਵਿੱਚ ਤਿਭਾਗਾ ਦੇ ਅੰਦੋਲਨ ਤੋਂ ਬਾਅਦ ਔਰਤਾਂ ਨੇ ਮੰਗ ਰੱਖੀ ਕਿ ਜੋ ਫ਼ਸਲ ਹੁੰਦੀ ਹੈ ਉਸ ਵਿੱਚੋਂ ਅੱਧਾ ਹਿੱਸਾ ਸਾਨੂੰ ਦਿੱਤਾ ਜਾਵੇ ਯਾਨਿ ਕਿ ਪੈਦਾਵਾਰ ਵਿੱਚੋਂ ਅੱਧ ਦੀ ਮਾਲਕੀ।

ਉਸ ਸਮੇਂ ਵੀ ਵਿਰੋਧ ਹੋਇਆ ਪਰ ਔਰਤਾਂ ਦੀ ਜਿੱਤ ਹੋਈ। ਇਸੇ ਤਰ੍ਹਾਂ ਜਥੇਬੰਦੀਆਂ ਵਿੱਚ ਵੀ ਪਿੰਡਾਂ ਵਿੱਚ ਮਰਦ ਰਾਤ ਨੂੰ ਔਰਤਾਂ ਦੇ ਮੀਟਿੰਗਾਂ ਵਿੱਚ ਆਉਣ ਦਾ ਵਿਰੋਧ ਕਰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਜੋ ਮੀਟਿੰਗ ਵਿੱਚ ਤੈਅ ਹੋਵੇਗਾ ਅਸੀਂ ਆ ਕੇ ਖੁਦ ਔਰਤਾਂ ਨੂੰ ਦੱਸ ਦੇਵਾਂਗੇ।

**ਇਹ ਵੀ ਪੜ੍ਹੋ:**

ਪਰ ਔਰਤਾਂ ਨੇ ਇਸ ਦਾ ਵਿਰੋਧ ਕੀਤਾ ਕਿ ਜਦੋਂ ਅਸੀਂ ਸੰਘਰਸ਼ ਵਿੱਚ ਬਰਾਬਰ ਖੜ੍ਹੀਆਂ ਹਾਂ, ਬਰਾਬਰ ਪੁਲਿਸ ਤਸ਼ੱਦਦ ਵੀ ਸਹਾਰਦੀਆਂ ਹਾਂ ਫਿਰ ਮੀਟਿੰਗਾਂ ਵਿੱਚ ਅਸੀਂ ਕਿਉਂ ਨਹੀਂ ਜਾ ਸਕਦੀਆਂ? ਇਸ ਤਰ੍ਹਾਂ ਸੰਘਰਸ਼ ਦੁਆਰਾ ਹੀ ਔਰਤਾਂ ਨੇ ਵੱਖ-ਵੱਖ ਖੇਤਰਾਂ ਵਿੱਚ ਆਪਣੀ ਜਗ੍ਹਾ ਬਣਾਈ ਹੈ।

**ਕੁੜੀਆਂ ਤਾਂ ਦਿਨ-ਦਿਹਾੜੇ ਸੁਰੱਖਿਅਤ ਨਹੀਂ**

ਅੱਜ ਜੇ ਲੜਕੀਆਂ ਦੀ ਇਹ ਮੰਗ ਹੈ ਤਾਂ ਜ਼ਾਹਿਰ ਹੈ ਕਿ ਪਿਛਾਂਹ-ਖਿੱਚੂ ਤਾਕਤਾਂ ਲਈ ਇਹ ਅਚੰਭੇ ਵਾਲੀ ਗੱਲ ਹੈ। ਅੱਜ ਜੇ ਇਹ ਦਾਅਵੇ ਕੀਤੇ ਜਾ ਰਹੇ ਹਨ ਕਿ 21ਵੀਂ ਸਦੀ ਦੀ ਨਾਰੀ ਆਈ ਹੈ ਉਸ ਦੀ ਮਹਿਮਾ ਗਾਈ ਜਾ ਰਹੀ ਹੈ ਤਾਂ ਜ਼ਾਹਿਰ ਹੈ 21ਵੀਂ ਸਦੀ ਦੀ ਨਾਰੀ ਇਹ ਮੰਗ ਵੀ ਉਠਾਏਗੀ।

ਜਿੱਥੋਂ ਤੱਕ ਸੁਰੱਖਿਆ ਦਾ ਸਵਾਲ ਹੈ, ਲੜਕੀਆਂ ਤਾਂ ਦਿਨ-ਦਿਹਾੜੇ ਹੀ ਸੁਰੱਖਿਅਤ ਨਹੀਂ, ਘਰਾਂ ਅੰਦਰ, ਕੁੱਖਾਂ ਅੰਦਰ, ਅਦਾਰਿਆਂ ਅੰਦਰ ਕਿਤੇ ਵੀ ਨਹੀਂ, ਫੇਰ ਇਹ ਕਿਹੋ ਜਿਹੀ ਸੁਰੱਖਿਆ ਹੈ ਜੋ ਤਾਲੇ ਲਾ ਕੇ ਕੀਤੀ ਜਾ ਰਹੀ ਹੈ।

ਇਸ ਲਈ ਇਹ ਉਸੇ ਤਰ੍ਹਾਂ ਹੈ ਜਿਵੇਂ ਬਹੁਤ ਸਾਰੇ ਪੜ੍ਹੇ ਲਿਖੇ ਲੋਕ ਵੀ ਇਕਤਰਫ਼ਾ ਦਲੀਲ ਦਿੰਦੇ ਹਨ ਕਿ ਕੁੜੀਆਂ ਛੋਟੇ ਅਤੇ ਭੜਕੀਲੇ ਕੱਪੜੇ ਪਾਉਂਦੀਆਂ ਹਨ ਤਾਂ ਬਲਾਤਕਾਰ ਹੁੰਦੇ ਹਨ। ਪਰ ਛੋਟੀਆਂ ਬੱਚੀਆਂ ਨਾਲ ਹੋ ਰਹੇ ਬਲਾਤਕਾਰ ਇਸ ਵਿਚਾਰ ਦਾ ਮੂੰਹ ਚਿੜ੍ਹਾ ਰਹੇ ਹਨ।

ਰਾਤ ਨੂੰ ਵਿਚਰਨ ਵੇਲੇ ਇਕੱਲੀ ਔਰਤ ਅਸੁਰੱਖਿਅਤ ਮਹਿਸੂਸ ਕਰਦੀ ਹੈ ਪਰ ਜੇ ਬਹੁਗਿਣਤੀ ਔਰਤਾਂ ਰਾਤ ਨੂੰ ਜਨਤਕ ਥਾਵਾਂ ਉੱਪਰ ਵਿਚਰਨਗੀਆਂ ਤਾਂ ਵੱਧ ਮਹਿਫ਼ੂਜ ਮਹਿਸੂਸ ਰਹਿਣਗੀਆਂ।

ਇਸ ਲਈ ਯੂਨੀਵਰਸਿਟੀ ਪ੍ਰਸ਼ਾਸ਼ਨ ਯੂਨੀਵਰਸਿਟੀ ਵਿੱਚ ਲੜਕੀਆਂ ਦੀ ਸੁਰੱਖਿਆ ਦਾ ਪ੍ਰਬੰਧ ਕਰੇ ਜਾਂ ਇਹ ਮੰਨ ਲਿਆ ਜਾਵੇ ਕਿ ਯੂਨੀਵਰਸਿਟੀ ਨੂੰ ਯਕੀਨ ਹੈ ਕਿ ਉਹ ਬਿਹਤਰ ਨਾਗਰਿਕ ਪੈਦਾ ਨਹੀਂ ਕਰ ਰਹੀ।

ਜੋ ਕਿ ਆਪਣੇ ਨਾਲ ਵਾਲੇ ਨਰ-ਮਾਦਾ ਵਿਚਲੇ ਵਖਰੇਵੇਂ/ਬਰਾਬਰੀ/ਸਹਿਮਤੀ/ਅਸਹਿਮਤੀ ਨੂੰ ਨਹੀਂ ਸਮਝ ਸਕਦੇ। ਜੇ ਯੂਨੀਵਰਸਿਟੀ ਉਸੇ ਤਰ੍ਹਾਂ ਦੀ ਸੋਚ ਵਾਲੇ ਮਨੁੱਖ ਪੈਦਾ ਕਰ ਰਹੀ ਹੈ ਜਿਸ ਤਰ੍ਹਾਂ ਦੇ ਲੁਟੇਰੀ ਜਮਾਤ ਪੈਦਾ ਕਰਨੇ ਚਾਹੁੰਦੀ ਹੈ ਤਾਂ ਯੂਨੀਵਰਸਿਟੀ ਲੁਟੇਰੀ ਜਮਾਤ ਦੇ ਇੱਕ ਸੰਦ ਵਜੋਂ ਹੀ ਕੰਮ ਕਰਦੀ ਜਾਪਦੀ ਹੈ।



ਮੁੱਢਲੇ ਦੌਰ ਵਿੱਚ ਨਿੱਜੀ ਜਾਇਦਾਦ ਅਤੇ ਕੰਮ ਦੀ ਵੰਡ ਨੇ ਔਰਤਾਂ ਨੂੰ ਪੈਦਾਵਾਰ ਨਾਲ ਜੁੜੇ ਸਾਰੇ ਖੇਤਰਾਂ ਵਿੱਚੋਂ ਉਸ ਦੀ ਸਿੱਧੀ ਸ਼ਮੂਲੀਅਤ ਨੂੰ ਖ਼ਤਮ ਕਰ ਦਿੱਤਾ।

ਇਸ ਕਰਕੇ ਔਰਤ ਪੈਦਾਵਾਰੀ ਸਾਧਨਾਂ ਦੀ ਕਿਤੇ ਵੀ ਮਾਲਕ ਨਹੀਂ ਰਹੀ ਤਾਂ ਹੀ ਔਰਤ ਨੂੰ ਜਾਇਦਾਦ ਸਮਝਿਆ ਜਾਂਦਾ ਹੈ।

**ਮਾਂ-ਪਿਊ ਦੀ ਜਾਇਦਾਦ**

ਯੂਨੀਵਰਸਿਟੀ ਦੁਆਰਾ ਲੜਕੀਆਂ ਦੇ ਲਿੰਗ ਵਿਤਕਰੇ ਸੰਬੰਧੀ ਹੋਸਟਲ ਦੀ ਸਮਾਂਬੰਦੀ ਖ਼ਤਮ ਕਰਨ ਦੀ ਮੰਗ ਵਿੱਚ ਮਾਪਿਆਂ ਦੀ ਰਾਇ ਇਸ ਕਰਕੇ ਲਈ ਜਾ ਰਹੀ ਸੀ ਕਿਉਂਕਿ ਯੂਨੀਵਰਸਿਟੀ ਪ੍ਰਸ਼ਾਸਨ ਵੀ ਲੜਕੀਆਂ ਨੂੰ ਇੱਕ ਮਨੁੱਖ ਸਮਝਣ ਦੀ ਬਜਾਇ ਮਾਂ ਪਿਉ ਦੀ ਨਿੱਜੀ ਜਾਇਦਾਦ ਹੀ ਸਮਝਦਾ ਹੈ।

ਕੁੜੀਆਂ ਨੇ ਰਾਤ ਨੂੰ ਅੱਠ ਵਜੇ ਤੋਂ ਬਾਅਦ ਕੀ ਕਰਨਾ ਹੈ? ਇਸ ਮਸਲੇ ਨੂੰ ਦੂਜੇ ਕਿਵੇਂ ਤੈਅ ਕਰ ਸਕਦੇ ਹਨ। ਲੜਕੀਆਂ ਬਿਹਤਰ ਤਰੀਕੇ ਨਾਲ ਜਾਣਦੀਆਂ ਹਨ ਕਿ ਉਨ੍ਹਾਂ ਨੇ ਕੀ ਕਰਨਾ ਹੈ।

ਜੇ ਇੱਥੋਂ ਦੇ ਹਾਕਮ, ਸੰਸਥਾਵਾਂ ਸਭ ਇਹ ਦਾਅਵਾ ਕਰਦੇ ਹਨ ਕਿ ਸਭ ਨਾਗਰਿਕ ਬਰਾਬਰ ਹਨ ਤਾਂ ਬਰਾਬਰ ਦੀ ਨਾਗਰਿਕਤਾ ਵਿੱਚ ਇਹ ਫ਼ਰਕ ਕਿਉਂ? ਮਸਲਾ ਬਰਾਬਰੀ ਦੇ ਹੱਕ ਨੂੰ ਲਾਗੂ ਕਰਨ ਦਾ ਹੈ।

ਯੂਨੀਵਰਸਿਟੀ ਉਨ੍ਹਾਂ ਦੇ ਇਸ ਹੱਕ ਨੂੰ ਪਿਤਰੀ ਸੋਚ ਦੀ ਐਨਕ ਵਿੱਚੋਂ ਦੇਖ ਰਹੀ ਹੈ ਜੋ ਕਿ ਸਰਾਸਰ ਧੱਕਾ ਹੈ। ਜਿਨ੍ਹਾਂ ਲੜਕੀਆਂ ਨੇ ਸਮਾਜ ਨਾਲ ਸੰਘਰਸ਼ ਕਰਕੇ ਅਗਾਂਹ ਕਦਮ ਪੁੱਟੇ ਹਨ ਉਨ੍ਹਾਂ ਨੇ ਆਪਣੇ ਖੇਤਰ ਵਿੱਚ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਇਹ ਮੌਕੇ ਵਿਅਕਤੀਗਤ ਨਾ ਹੋ ਕੇ ਸਮੂਹਿਕ ਪੱਧਰ ਤੇ ਦਿੱਤੇ ਜਾਣੇ ਚਾਹੀਦੇ ਹਨ।

ਰਾਤ ਨੂੰ ਬਾਹਰ ਜਾਣ ਵਾਲੀਆਂ ਲੜਕੀਆਂ ਪ੍ਰਤੀ ਜੋ ਵਿਚਾਰ ਉਨ੍ਹਾਂ ਨੂੰ ਗੁਨਾਹਗਾਰ ਵਾਗੂੰ ਦੇਖ ਰਿਹਾ ਹੈ ਉਹ ਵਿਚਾਰ ਸਾਡੀ ਲਿਸ਼ਕਦੀ ਅਤੇ ਚਮਕਾਂ ਮਾਰਦੀ ਸੱਭਿਅਤਾ ਦੀ ਚਾਦਰ ਹੇਠ ਸੜ੍ਹਾਂਦ ਮਾਰਦੇ ਜਗੀਰੂ ਅਤੇ ਪਿੱਤਰਸੱਤੀ ਸਮਾਜ ਦੇ ਦਰਸ਼ਨ ਕਰਵਾਉਂਦਾ ਹੈ।

ਸਾਮਰਾਜੀ ਤਾਕਤਾਂ ਅੱਜ ਔਰਤਾਂ ਦੀ ਆਜ਼ਾਦੀ ਨੂੰ ਬਹੁਤ ਛੋਟੇ ਤੇ ਸੀਮਤ ਅਰਥਾਂ ਤੱਕ ਪ੍ਰਭਾਸ਼ਿਤ ਕਰ ਰਹੀ ਹੈ ਉਸ ਨੂੰ ਸਿਰਫ਼ ਇਕ ਦੇਹੀ ਤੱਕ ਸੀਮਤ ਕਰ ਰਹੀ ਹੈ। ਆਜ਼ਾਦੀ ਸਿਰਫ਼ ਮਰਦਾਂ ਵਾਂਗ ਪੱਬਾਂ-ਕਲੱਬਾਂ ਵਿੱਚ ਜਾਣਾ, ਸ਼ਰਾਬ ਪੀਣੀ ਅਤੇ ਸਿਗਰਟਨੋਸ਼ੀ ਤੱਕ ਸੀਮਤ ਕਰਕੇ ਨਹੀਂ ਦੇਖੀ ਜਾ ਸਕਦੀ।

ਬਰਾਬਰੀ ਦਾ ਮਤਲਬ ਸਮੁੱਚੀ ਬਰਾਬਰੀ ਹੈ। ਲੜਕੀਆਂ ਨੇ ਅਜੇ ਸਮਾਜ ਦੇ ਬਹੁਤ ਸਾਰੇ ਖੇਤਰ ਹਨ ਜਿੱਥੇ ਉਨ੍ਹਾਂ ਨੇ ਆਪਣੇ ਜੌਹਰ ਦਿਖਾਉਣੇ ਹਨ। ਇਹ ਤਾਂ ਹੀ ਹੋ ਸਕਦਾ ਜੇ ਉਨ੍ਹਾਂ ਨੂੰ ਇਹ ਮੌਕੇ ਮਿਲਦੇ ਰਹਿਣ।

ਯੂਨੀਵਰਸਿਟੀ ਪ੍ਰਸ਼ਾਸ਼ਨ ਨੂੰ ਚਾਹੀਦਾ ਹੈ ਕਿ ਉੱਚ ਅਦਾਰਾ ਹੋਣ ਦੀ ਜ਼ਿੰਮੇਵਾਰੀ ਲੈਂਦਿਆਂ ਸਮਾਜ ਨੂੰ ਨਵੀਂ ਦਿਸ਼ਾ ਦੇਣ ਵਿੱਚ ਆਪਣਾ ਰੋਲ ਨਿਭਾਏ।

ਜੇ ਕੋਈ ਚੀਜ਼ ਸਮਾਜ ਵਿੱਚ ਨਵੀਂ ਹੁੰਦੀ ਹੈ ਤਾਂ ਉਸਦੇ ਜੋਖ਼ਮ ਅਤੇ ਫਾਇਦੇ ਨਾਲ-ਨਾਲ ਚੱਲਦੇ ਹਨ। ਜੋਖਮਾਂ ਨਾਲ ਲੜਦੀਆਂ ਲੜਕੀਆਂ ਹੋਰ ਬਹਾਦਰੀ ਨਾਲ ਆਪਣੀ ਹੋਣੀ ਨੂੰ ਤੈਅ ਕਰ ਸਕਦੀਆਂ ਹਨ।

ਅਸਲ ਵਿੱਚ ਸਮਾਜ ਦੇ ਅਸਾਵੇਂ ਵਿਕਾਸ ਵਿੱਚ ਦਿੱਖ ਦੇ ਪੱਧਰ ਉੱਪਰ ਔਰਤਾਂ ਆਜ਼ਾਦ ਹਨ ਪਰ ਇਹ ਆਜ਼ਾਦੀ ਦਿਮਾਗਾਂ ਦਾ ਹਿੱਸਾ ਨਹੀਂ ਬਣੀ। ਦਿਮਾਗਾਂ ਵਿੱਚ ਉਹੀ ਜਗੀਰੂ ਅਤੇ ਪਿੱਤਰੀ ਵਿਚਾਰ ਸੜ੍ਹਾਂਦ ਮਾਰਦੇ ਹਨ।

ਇਸ ਲਈ ਇੱਥੇ ਔਰਤਾਂ ਪ੍ਰਤੀ ਇਹ ਸੋਚ ਖ਼ਤਮ ਕਰਨ ਲਈ ਅਜਿਹੇ ਸੰਘਰਸ਼ਾਂ ਦੇ ਨਾਲ-ਨਾਲ ਸਮਾਜ ਦੀ ਢਾਂਚਾਗਤ ਤਬਦੀਲੀ ਦੀ ਲੋੜ ਮਹਿਸੂਸ ਕੀਤਾ ਜਾ ਰਹੀ ਹੈ।

ਇਸ ਢਾਂਚਾਗਤ ਤਬਦੀਲੀ ਦੀ ਲੜਾਈ ਵਿੱਚ ਔਰਤਾਂ ਦੀ ਘਾਟ ਰੜਕਦੀ ਹੈ ਅਤੇ ਅਜਿਹੇ ਕੀਤੀ ਸੰਘਰਸ਼ ਦਾ ਰਾਹ ਸਮਾਜ ਦੀ ਢਾਂਚਾਗਤ ਤਬਦੀਲੀ ਵੱਧ ਸੇਧਿਤ ਹੋਣਾ ਬਹੁਤ ਜ਼ਰੂਰੀ ਹੈ।

ਅਮਨਦੀਪ ਕੌਰ
(ਲੇਖਕ ਇਸਤਰੀ ਜਾਗ੍ਰਿਤੀ ਮੰਚ ਪੰਜਾਬ ਦੀ ਜਨਰਲ ਸਕੱਤਰ ਹੈ।)





# ਵੋਟ ਬਨਾਮ ਨੋਟ: ਗਰੀਬ ਮੁਲਕ ਦੇ ਅਮੀਰ ਨੇਤਾ

**ਸਵਜੀਤ**

“ਜੇਕਰ ਤੁਸੀਂ ਕਰੋੜਪਤੀ ਹੋ ਤਾਂ ਤੁਹਾਡੇ ਲਈ ਭਾਰਤ ਵਿੱਚ ਚੋਣਾਂ ਜਿੱਤਣ ਦੇ ਮੌਕੇ ਕਿਸੇ ਆਮ ਆਦਮੀ ਨਾਲ਼ੋਂ ਦਸ ਗੁਣਾ ਵੱਧ ਹੁੰਦੇ ਹਨ।” ਇੱਕ ਗੈਰ-ਸਰਕਾਰੀ ਸੰਸਥਾ ਦੀ ਜਾਰੀ ਰਿਪੋਰਟ ਵਿੱਚ ਲਿਖਿਆ ਇਹ ਬਿਆਨ ਆਪਣੇ ਆਪ ਵਿੱਚ ਸਾਡੇ ਸਮਿਆਂ ਦਾ ਸਭ ਤੋਂ ਵੱਡਾ ਸੱਚ ਸਮੋਈ ਬੈਠਾ ਹੈ। ਸਰਮਾਏਦਾਰਾ ਵੋਟ-ਪ੍ਰਬੰਧ ਵਿੱਚ ਚੋਣਾਂ ਵੋਟਾਂ ਦੇ ਸਿਰ ’ਤੇ ਨਹੀਂ ਨੋਟਾਂ ਦੇ ਸਿਰ ’ਤੇ ਜਿੱਤੀਆਂ ਜਾਂਦੀਆਂ ਹਨ। ਫਿਰ ਚਾਹੇ ਇਹ ਨੋਟ ਚੋਣਾਂ ਵਿੱਚ ਹਿੱਸਾ ਲੈ ਰਹੇ ਉਮੀਦਵਾਰਾਂ ਦੇ ਹੋਣ ਜਾਂ ਉਹਨਾਂ ਦੀਆਂ ਸਿਆਸੀ ਪਾਰਟੀਆਂ ਦੇ, ਜਿੱਤ ਦਾ ਸਿਹਰਾ ਉਸੇ ਦੇ ਸਿਰ ਬੱਝਦਾ ਹੈ ਜਿਸ ਦੇ ਗਲ਼ੇ ਵਿੱਚ ਸਭ ਤੋਂ ਜ਼ਿਆਦਾ ਵੱਡੇ ਨੋਟਾਂ ਵਾਲ਼ੇ ਹਾਰ ਹੁੰਦੇ ਹਨ।



ਪੱਛਮੀ ਵਿਕਸਤ ਸਰਮਾਏਦਾਰ ਦੇਸ਼ ਅਤੇ ਖਾਸਕਰ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਚੋਣਾਂ ਮੌਕੇ ਵੋਟਾਂ ਤੋਂ ਪਹਿਲਾਂ ਹੀ ਪਾਰਟੀਆਂ ਅਤੇ ਉਮੀਦਵਾਰਾਂ ਦੁਆਰਾ ਜੁਟਾਏ ਗਏ ਫੰਡਾਂ ਦੇ ਆਧਾਰ ’ਤੇ ਹੀ ਜੇਤੂ ਉਮੀਦਵਾਰ ਬਾਰੇ ਬੇਹੱਦ ਸਟੀਕ ਅੰਦਾਜ਼ੇ ਲਗਾਏ ਜਾਂਦੇ ਰਹੇ ਹਨ। ਸਾਡੇ ਆਪਣੇ ਦੇਸ਼ ਵਿੱਚ ਵੀ ਹਾਲਾਤ ਕੋਈ ਵੱਖਰੇ ਨਹੀਂ ਹਨ। ਭਾਰਤ ਜਿਹੇ ਗਰੀਬ ਦੇਸ਼ ਦੇ ਕਾਨੂੰਨਘਾੜਿਆਂ ਦੀ ਵੱਡੀ ਗਿਣਤੀ ਬੇਹੱਦ ਅਮੀਰ ਹੈ ਅਤੇ ਉਹਨਾਂ ਦੀਆਂ ਪਾਰਟੀਆਂ ਵੀ ਅਮੀਰੀ ਪੱਖੋਂ ਕੋਈ ਘੱਟ ਨਹੀਂ ਹਨ। ਕੁਝ ਅੰਕੜਿਆਂ ’ਤੇ ਨਜ਼ਰ ਮਾਰਦੇ ਹਾਂ:

ਇੱਕ ਗੈਰ-ਸਰਕਾਰੀ ਸੰਸਥਾ ਏ. ਡੀ. ਆਰ. ਮੁਤਾਬਿਕ 2015-16 ਵਿੱਚ ਭਾਰਤੀ ਜਨਤਾ ਪਾਰਟੀ ਦੀ ਸਾਰੇ ਸਰੋਤਾਂ ਤੋਂ ਕੁੱਲ ਆਮਦਨ 570.86 ਕਰੋੜ ਰੁਪਏ ਸੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਕੁੱਲ ਆਮਦਨ 261.56 ਕਰੋੜ ਸੀ, ਜਿਸ ਵਿੱਚੋਂ ਭਾਜਪਾ ਦੇ 460.78 ਕਰੋੜ ਰੁਪਏ ਅਤੇ ਕਾਂਗਰਸ ਦੇ 186.04 ਕਰੋੜ ਰੁਪਏ “ਗੁਪਤ ਸਰੋਤਾਂ” ਤੋਂ ਆਏ ਸਨ, ਜਿਹਨਾਂ ਦਾ ਕੋਈ ਨਾਮ ਜਾਂ ਹੋਰ ਵੇਰਵਾ ਉਪਲਬਧ ਹੀ ਨਹੀਂ ਹੈ। ਇਸਦਾ ਅਰਥ ਇਹ ਹੋਇਆ ਕਿ ਇਸ ਸਾਲ ਦੌਰਾਨ ਭਾਜਪਾ ਦੀ ਕੁੱਲ ਆਮਦਨ ਦਾ 81% ਅਤੇ ਕਾਂਗਰਸ ਦੀ ਕੁੱਲ ਆਮਦਨ ਦਾ 71% “ਗੁਪਤ-ਦਾਨ” ਵਜੋਂ ਆਇਆ ਹੈ। 2015-16 ਵਿੱਚ ਦੇਸ਼ ਦੀਆਂ ਸੱਤ ਵੱਡੀਆਂ ਸਿਆਸੀ ਪਾਰਟੀਆਂ ਦੀ ਕੁੱਲ ਆਮਦਨ 1033.18 ਕਰੋੜ ਰੁਪਏ (10,33,18,00,000 ਰੁਪਏ) ਸੀ ਜਿਸ ਵਿੱਚੋਂ ਕੁੱਲ ਆਮਦਨ ਦਾ 26.98 ਫੀਸਦ ਹਿੱਸਾ ਯਾਨੀ ਕਿ 278.73 ਕਰੋੜ ਰੁਪਏ ਚੋਣਾਂ ਅਤੇ ਹੋਰ ਖਰਚਿਆਂ ਤੋਂ ਬਾਅਦ ਵੀ ਬਚੀ ਹੋਈ ਹੈ। ਵੱਖ ਵੱਖ ਪਾਰਟੀਆਂ ਦੁਆਰਾ ਚੋਣ ਕਮਿਸ਼ਨ ਨੂੰ ਦਿੱਤੇ ਗਏ ਆਮਦਨ ਅਤੇ ਖਰਚ ਦੇ ਵੇਰਵਿਆਂ ਦੇ ਵਿਸ਼ਲੇਸ਼ਣ ਤੋਂ ਬਾਅਦ ਇਹ ਤੱਥ ਸਾਹਮਣੇ ਆਏ ਹਨ।

ਦਿੱਲੀ ਦੀ ਇੱਕ ਗੈਰ-ਸਰਕਾਰੀ ਸੰਸਥਾ ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਸ (ਏ.ਡੀ.ਆਰ) ਨੇ ਆਪਣੀ ਨਵੀਂ ਰਿਪੋਰਟ ਵਿੱਚ ਕੁੱਝ ਜਾਣਕਾਰੀ ਭਰਪੂਰ ਤੱਥ ਜ਼ਾਹਿਰ ਕੀਤੇ ਹਨ। ਇਸ ਰਿਪੋਰਟ ਅਨੁਸਾਰ 2004 ਤੋਂ ਲੈ ਕੇ ਹੁਣ ਤੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਨੂੰ ਕਾਰਪੋਰੇਟ ਘਰਾਣਿਆਂ ਅਤੇ ਅਦਾਰਿਆਂ ਤੋਂ ਮਿਲਣ ਵਾਲ਼ੇ ਫੰਡਾਂ ਵਿੱਚ 613% ਤੱਕ ਦਾ ਵਾਧਾ ਦਰਜ ਕੀਤਾ ਜਾ ਚੁੱਕਿਆ ਹੈ। ਜਿਸ ਵਿੱਚੋਂ ਭਾਜਪਾ ਦਾ ਹਿੱਸਾ ਸਭ ਤੋਂ ਜ਼ਿਆਦਾ 77.72% ਹੈ, ਜਿਹੜਾ 1413 ਕਰੋੜ ਰੁਪਏ ਬਣਦਾ ਹੈ, ਜਦਕਿ ਕਾਂਗਰਸ ਦੇ ਹਿੱਸੇ 405 ਕਰੋੜ ਰੁਪਏ ਆਏ ਹਨ। ਇਹਨਾਂ ਸਾਲਾਂ ਦੌਰਾਨ 10 ਸਾਲਾਂ ਤੱਕ ਸੱਤ੍ਹਾ ਦੇ ਕਾਬਜ਼ ਰਹਿਣ ਦੇ ਬਾਵਜੂਦ ਕਾਂਗਰਸ ਫੰਡਾਂ ਦੇ ਮਾਮਲੇ ਵਿੱਚ ਭਾਜਪਾ ਤੋਂ ਬੁਰੀ ਤਰ੍ਹਾਂ ਪਛੜ ਗਈ ਜਿਸਦੇ ਨਤੀਜੇ 2014 ਵਿੱਚ ਭਾਜਪਾਂ ਦੇ ਸੱਤ੍ਹਾ ਵਿੱਚ ਆਉਣ ਦੇ ਰੂਪ ਵਿੱਚ ਸਾਹਮਣੇ ਆਏ (ਭਾਵੇਂ ਕਿ ਇਹ ਇੱਕੋ-ਇੱਕ ਕਾਰਨ ਨਹੀਂ ਸੀ)। ਇਹਨਾਂ ਦਸਾਂ ਸਾਲਾਂ ਵਿੱਚ ਕਾਂਗਰਸ ਨੂੰ ਕਾਰਪੋਰੇਟ ਤੋਂ 232 ਕਰੋੜ ਰੁਪਏ ਹਾਸਿਲ ਹੋਏ ਜਦਕਿ ਭਾਜਪਾ ਨੂੰ 422 ਕਰੋੜ ਫੰਡ ਵਜੋਂ ਮਿਲ਼ੇ।


ਇਸ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ 2014 ਵਿੱਚ ਸੱਤ੍ਹਾ ਸੰਭਾਲਣ ਤੋਂ ਬਾਅਦ ਭਾਜਪਾ ਨੇ ਕਾਰਪੋਰੇਟ ਘਰਾਣਿਆਂ ਤੋਂ ਫੰਡਾਂ ਦੇ ਰੂਪ ਵਿੱਚ 991 ਕਰੋੜ ਰੁਪਏ ਜੁਟਾ ਲਏ ਹਨ ਅਤੇ ਕਾਂਗਰਸ ਨੂੰ 173 ਕਰੋੜ ਰੁਪਏ ਦੀ ਆਮਦਨ ਹੋਈ ਹੈ। ਅਤੇ 2016-17 ਵਿੱਚ ਦੇਸ਼ ਦੀਆਂ ਸੱਤ੍ਹਾ ਵੱਡੀਆਂ ਪਾਰਟੀਆਂ ਦੀ ਕੁੱਲ ਆਮਦਨ ਵਿੱਚ ਭਾਜਪਾ ਦਾ ਹਿੱਸਾ 66.34% ਰਿਹਾ। ਇਹਨਾਂ ਸਿਆਸੀ ਪਾਰਟੀਆਂ ਦੇ ਇਹਨਾਂ ਫੰਡਾਂ ਦਾ ਖਾਸਾ ਸਮਝਣ ਲਈ ਜੇਕਰ ਅਸੀਂ ਗੁਪਤ-ਦਾਨ ਦੇ ਰੂਪ ਵਿੱਚ ਹਾਸਿਲ ਕੀਤੇ ਵੱਡੇ ਹਿੱਸੇ ਨੂੰ ਛੱਡ ਵੀ ਦੇਈਏ ਅਤੇ ਉਸ 20-25% ਹਿੱਸੇ ਬਾਰੇ ਗੱਲ ਕਰੀਏ ਜਿਸਦੇ ਸਰੋਤ ਦੀ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ ਤਾਂ ਅਸੀਂ ਦੇਖਦੇ ਹਾਂ ਕਿ 2012-13 ਅਤੇ 2015-16 ਦੌਰਾਨ ਦੇਸ਼ ਦੇ ਵੱਡੇ ਕਾਰਪੋਰੇਟ ਘਰਾਣਿਆਂ ਨੇ ਸਿਆਸੀ ਪਾਰਟੀਆਂ ਨੂੰ ਕੁੱਲ 956.77 ਕਰੋੜ ਰੁਪਏ ਦਾਨ ਕੀਤੇ ਜਿਹੜਾ ਕਿ ਕੁੱਲ ਮਾਲੂਮ ਆਮਦਨ ਦਾ 89% ਹਿੱਸਾ ਬਣਦਾ ਹੈ। ਇਸ ਵਿੱਚੋਂ ਭਾਜਪਾ ਨੂੰ 2987 ਕਾਰਪੋਰੇਟ “ਦਾਨੀਆਂ” ਨੇ 705.81 ਕਰੋੜ ਰੁਪਏ “ਦਾਨ ਦਿੱਤੇ”।

“ਗਰੀਬ ਲੋਕਾਂ” ਦੀਆਂ ਇਹਨਾਂ ਅਮੀਰ ਪਾਰਟੀਆਂ ਦੇ ਨਾਲ਼ ਨਾਲ਼ ਅਮੀਰ ਵਿਧਾਇਕ ਅਤੇ ਪਾਰਲੀਮੈਂਟ ਮੈਂਬਰਾਂ ਬਾਰੇ ਵੀ ਕਈ ਅੰਕੜੇ ਸਾਹਮਣੇ ਆਏ ਹਨ। ‘ਸੈਂਟਰਲ ਬੋਰਡ ਆਫ਼ ਡਾਇਰੈਕਟ ਟੈਕਸ’ (ਸੀਬੀਡੀਟੀ) ਨੇ ਹੁਣੇ ਪਿੱਛੇ ਜਿਹੇ ਸੁਪਰੀਮ ਕੋਰਟ ਵਿੱਚ ਦਿੱਤੇ ਬਿਆਨ ਵਿੱਚ ਦੱਸਿਆ ਹੈ ਕਿ ਦੇਸ਼ ਦੇ 7 ਲੋਕ ਸਭਾ ਮੈਂਬਰ ਅਤੇ 98 ਵਿਧਾਇਕਾਂ ਦੀ ਜਾਇਦਾਦ ਵਿੱਚ ਬੇਹੱਦ ਤੇਜੀ ਨਾਲ਼ ਵਾਧਾ ਹੋਇਆ ਹੈ ਅਤੇ ਇਹਨਾਂ ਵਿੱਚ ਗੜਬੜੀਆਂ ਪਾਈਆਂ ਗਈਆਂ ਹਨ। ਸੀਬੀਡੀਟੀ ਨੇ ਦੱਸਿਆ ਕਿ ਇਹਨਾਂ ਲੋਕ ਸਭਾ ਮੈਂਬਰਾਂ ਅਤੇ ਵਿਧਾਇਕਾਂ ਦੇ ਚੋਣ ਹਲਫਨਾਮਿਆਂ ਵਿੱਚ ਦਿੱਤੀ ਜਾਣਕਾਰੀ ਆਮਦਨ ਕਰ ਅਦਾਇਗੀਆਂ ਵਿਚਲੀ ਜਾਣਕਾਰੀ ਨਾਲ਼ ਮੇਲ਼ ਨਹੀਂ ਖਾਂਦੀ। ਸੁਪਰੀਮ ਕੋਰਟ ਵਿੱਚ ਏ.ਡੀ.ਆਰ ਨੇ ਜਾਣਕਾਰੀ ਸਾਂਝੀ ਕਰਦਿਆਂ 4 ਅਜਿਹੇ ਲੀਡਰਾਂ ਦੀ ਉਦਾਹਰਣ ਦਿੱਤੀ ਜਿਹਨਾਂ ਦੀ ਜਾਇਦਾਦ ਵਿੱਚ 1200% ਦਾ ਵਾਧਾ ਦਰਜ ਕੀਤਾ ਗਿਆ ਹੈ, 22 ਲੀਡਰ ਅਜਿਹੇ ਹਨ ਜਿਹਨਾਂ ਦੀ ਜਾਇਦਾਦ 500% ਤੱਕ ਵਧ ਗਈ ਹੈ। ਕੇਰਲਾ ਦੇ ਇੱਕ ਨੇਤਾ ਜੀ ਦੀ ਜਾਇਦਾਦ ਵਿੱਚ 1700% ਤੱਕ ਦਾ ਵਾਧਾ ਹੋਇਆ ਹੈ ਅਤੇ ਇੱਕ ਲੋਕ ਸਭਾ ਮੈਂਬਰ ਦੀ ਜਾਇਦਾਦ 2100% ਤੱਕ ਵਧ ਗਈ ਹੈ!

ਕਰਨਾਟਕ ਵਿੱਚ ਕੁੱਝ ਮਹੀਨੇ ਪਹਿਲਾਂ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਏ.ਡੀ.ਆਰ ਦੁਆਰਾ ਕੀਤੇ ਅਧਿਐਨ ਤੋਂ ਵੀ ਇਸ ਰੁਝਾਨ ਦੀ ਪੁਸ਼ਟੀ ਹੁੰਦੀ ਹੈ। ਸਿਰਫ ਕਰਨਾਟਕ ਵਿੱਚ ਹੀ ਨਹੀਂ ਦੇਸ਼ ਦੇ ਸਾਰੇ ਸੂਬਿਆਂ ਵਿੱਚ ਵੀ ਇਹੀ ਰੁਝਾਨ ਕਾਇਮ ਹਨ। ਪੈਸੇ ਦੀ ਤਾਕਤ ਨਾਲ਼ ਕੁਰਸੀਆਂ ਹਥਿਆਉਣਾ ਅਤੇ ਫਿਰ ਕੁਰਸੀਆਂ ਦੀ ਤਾਕਤ ਨਾਲ਼ ਹੋਰ ਪੈਸਾ ਲੁੱਟਣਾ ਸਾਡੇ ਦੇਸ਼ ਦੀ ਵੋਟ-ਸਿਆਸਤ ਦੀ ਨੰਗੀ ਚਿੱਟੀ ਸੱਚਾਈ ਹੈ। ਕਰਨਾਟਕ ਵਿੱਚ ਦੂਜੀ ਵਾਰ ਚੋਣ ਲੜ ਰਹੇ 184 ਵਿਧਾਇਕਾਂ ਦੀ ਕੁੱਲ ਔਸਤ ਆਮਦਨ 26.92 ਕਰੋੜ ਤੋਂ ਵਧ ਕੇ 44.24 ਕਰੋੜ ਰੁਪਏ ਹੋ ਗਈ ਹੈ। ਮਤਲਬ ਕਿ 2013 ਤੋਂ 2018 ਤੱਕ ਪੰਜ ਸਾਲਾਂ ਵਿੱਚ ਸਿੱਧਾ 64% ਵਾਧਾ। ਇਹਨਾਂ ਚੋਂ ਪੰਜ ਕਾਂਗਰਸੀ ਵਿਧਾਇਕਾਂ ਦੀ ਜਾਇਦਾਦ ਵਿੱਚ ਇਹਨਾਂ ਪੰਜ ਸਾਲਾਂ ਦੌਰਾਨ 100 ਕਰੋੜ ਤੋਂ ਵੀ ਵੱਧ ਦਾ ਇਜਾਫਾ ਹੋਇਆ ਹੈ। ਕਰਨਾਟਕ ਦੇ ਚੋਣ ਪਿੜ ਵਿੱਚ ਕੁੱਲ 2560 ਉਮੀਦਵਾਰਾਂ ਵਿੱਚੋਂ 883 ਕਰੋੜਪਤੀ ਸਨ, ਜਿਹਨਾਂ ਵਿੱਚੋ ਜ਼ਿਆਦਾਤਰ ਭਾਜਪਾ ਨਾਲ਼ ਸਬੰਧਿਤ ਸਨ। ਭਾਜਪਾ ਦੇ ਕੁੱਲ ਉਮੀਦਵਾਰਾਂ ਚੋਂ 93% ਉਮੀਦਵਾਰ ਕਰੋੜਪਤੀ ਸਨ ਜਦਕਿ ਕਾਂਗਰਸ ਦੇ ਸਾਰੇ ਹੀ ਉਮੀਦਵਾਰ (ਕੁੱਲ 207) ਕਰੋੜਪਤੀ ਸਨ। ਕਰਨਾਟਕ ਦੇ ਸਾਰੇ ਉਮੀਦਵਾਰਾਂ ਦੀ ਕੁੱਲ ਔਸਤ ਜਾਇਦਾਦ 7.54 ਕਰੋੜ ਰੁਪਏ ਬਣਦੀ ਹੈ।

ਗਰੀਬ ਮੁਲਕ ਦੇ ਇਹਨਾਂ ਕਰੋੜਪਤੀ ਲੀਡਰਾਂ ਤੋਂ ਅਤੇ ਕਾਰਪੋਰੇਟ ਅਦਾਰਿਆਂ ਦੁਆਰਾ ਦਿੱਤੇ ਕਰੋੜਾਂ-ਅਰਬਾਂ ਦੇ ਫੰਡਾਂ ਦੇ ਅਹਿਸਾਨ ਥੱਲੇ ਦੱਬੀਆਂ ਇਹਨਾਂ ਦੀਆਂ ਸਿਆਸੀ ਪਾਰਟੀਆਂ ਤੋਂ ਆਮ ਲੋਕਾਂ ਦੀ ਤੇ ਗਰੀਬਾਂ ਦੀ ਬਿਹਤਰੀ ਦੀ ਉਮੀਦ ਵੀ ਕੋਈ “ਭੋਲ਼ਾ ਪੰਛੀ” ਹੀ ਕਰ ਸਕਦਾ ਹੈ।

ਲਲਕਾਰ’ਚ ਧੰਨਵਾਦ ਸਹਿਤ












# HOMELIFE SILVERCITY
REALTY INC.,BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

**TEAM OF OVER 450 REALTORS**

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
# 905.913.8500
www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500



Address:
11775 Bramalea Rd. Brampton










# Commercial Land for sale in Calgary

Car wash For Sale In great Location in Calgary (under Construction)
14000 Sq FT Plaza for sale ,building is under construction, Cap rate will be 6.5 % with A class tenants.
8000 Sq Ft Plaza for sale , building is under construction ,cap rate will be 6.5 % with A class tenants. 3800 Sq Ft Plaza for sale , building is under construction, cap rate will be 6.5% with A class tenants. 1.8 Acres Land for a Conference Hall for sale in Great location in Calgary with approved plans , development permits and services in, asking $2.5 Million.
Condo Bays for sale in NE Calgary starting from $500 sq ft .
Pizza Restaurants and Subway franchises for sale in Calgary.
New sites For gas stations available.

GURPRIT SIDHU
Executive Vice President, B.Eng. MICP
LIANG Commercial Real Estate
Century 21 Bravo Realty 3009 23 Street NE, Calgary
# 1 Commercial Canada - For Century 21 2014
Cell :403-831-5000 Office:403 539-9980 Fax:403-476-5368
Email: gurpritsidhu@liangcommercial.ca | www.liangcommercial.ca











